# ਵਤਨ

[www.watanpunjabi.ca](http://www.watanpunjabi.ca)

**ਅਕਤੂਬਰ 2010-ਜਨਵਰੀ 2011**

**ਸੰਪਾਦਕ: ਸੁਖਵੰਤ ਹੁੰਦਲ, ਸਾਧੂ ਬਿਨਿੰਗ**

**ਸਹਿਯੋਗੀ: ਹਰਪ੍ਰੀਤ ਸੇਖਾ, ਪਾਲ ਬਿਨਿੰਗ**

**ਫ਼ੈਜ਼ ਅਹਿਮਦ ਫ਼ੈਜ਼ ਦੇ ਜਨਮ ਦੀ ਸੌਂਵੀਂ ਵਰ੍ਹੇਗੰਢ ਨੂੰ ਸਮਰਪਤ**



**(1911 – 1984)**

**ਹਮ ਦੇਖੇਂਗੇ ਲਾਜ਼ਿਮ ਹੈ ਕਿ ਹਮ ਵੀ ਦੇਖੇਂਗੇ**
**ਵੁਹ ਦਿਨ ਕਿ ਜਿਸ ਕਾ ਵਾਅਦਾ ਹੈ..**
**...**
**ਜਬ ਅਰਜ਼-ਏ-ਖੁਦਾ ਕੇ ਕਾਅਬੇ ਸੇ**
**ਸਭ ਬੁੱਤ ਉਠਵਾਏਂ ਜਾਏਂਗੇ**
**ਹਮ ਅਹਿਲ-ਏ-ਸ਼ਫ਼ਾ ਮਰਦੂਦ-ਏ-ਹਰਮ**
**ਮਸਨਦ ਪੇ ਬਿਠਾਏਂ ਜਾਏਂਗੇ**
**ਸਭ ਤਾਜ ਉਛਾਲੇ ਜਾਏਂਗੇ**
**ਸਭ ਤਖ਼ਤ ਗਿਰਾਏਂ ਜਾਏਂਗੇ**
**ਹਮ ਦੇਖੇਂਗੇ.....**

## ਇਸ ਅੰਕ ਵਿੱਚ


| | | |
|---|---|---|
| **ਸੰਪਾਦਕੀ** | | 3 |
| **ਫ਼ੈਜ਼ ਬਾਰੇ ਵਿਸ਼ੇਸ਼** | | |
| ਫ਼ੈਜ਼ ਅਹਿਮਦ ਦੀ ਚੋਣਵੀਂ ਸ਼ਾਇਰੀ | | 5 |
| ਕੁੱਝ ਆਪਣੇ ਬਾਰੇ - ਫ਼ੈਜ਼ ਅਹਿਮਦ ਫ਼ੈਜ਼ | | 12 |
| ਲੈਨਿਨ ਪੀਸ ਪਰਾਈਜ਼ ਲੈਣ ਸਮੇਂ ਦਿੱਤਾ ਭਾਸ਼ਣ | ਫ਼ੈਜ਼ ਅਹਿਮਦ ਫ਼ੈਜ਼ | 20 |
| ਦਸਤ-ਏ-ਸਬਾ ਦੀ ਭੂਮਿਕਾ | ਫ਼ੈਜ਼ ਅਹਿਮਦ ਫ਼ੈਜ਼ | 21 |
| **ਲੇਖ** | | |
| ਲਾਲ ਝੰਡੇ ਦਾ ਸ਼ਾਇਰ: ਹਬੀਬ ਜਾਲਿਬ | ਸੁਖਦੇਵ ਸਿੱਧੂ | 23 |
| **ਕਹਾਣੀ** | | |
| ਬੁਲਬੁਲਿਆਂ ਦੀ ਕਾਸ਼ਤ | ਕੇਸਰਾ ਰਾਮ | 34 |
| **ਲੜੀਵਾਰ ਨਾਵਲ** | | |
| ਧਰਤੀ ਧਨ ਨਾ ਆਪਣਾ | ਜਗਦੀਸ਼ ਚੰਦਰ | 56 |
| **ਪੁਸਤਕ ਪਹਿਚਾਣ** | ਸੁਖਵੰਤ ਹੁੰਦਲ/ਹਰਪ੍ਰੀਤ ਸੇਖਾ | 68 |
| **ਪ੍ਰਤੀਕਰਮ** | ਹਰਕੰਵਲਜੀਤ ਸਾਹਿਲ | 69 |


---

### ਸੰਪਰਕ


| | | |
|---|---|---|
| **ਸੁਖਵੰਤ ਹੁੰਦਲ** | sukhwanthundal123@gmail.com | **604-595-5767** |
| **ਸਾਧੂ ਬਿਨਿੰਗ** | sadhu.binning@gmail.com | **604-437-9014** |
| **ਹਰਪ੍ਰੀਤ ਸੇਖਾ** | hsekha@hotmail.com | **604-599-4986** |
| **ਪਾਲ ਬਿਨਿੰਗ** | paulbinning67@gmail.com | **778-889-8255** |

**ਚਿੱਠੀ/ਪੱਤਰ ਭੇਜਣ ਦਾ ਪਤਾ:** 13286 - 55 A Ave., Surrey, BC, Canada, V3X 3B3


---


### ਕਾਪੀਰਾਇਟ ਨੋਟਿਸ

ਜਿਹੜੀ ਲਿਖਤ ਦੇ ਅੰਤ ਵਿੱਚ ਇਹ ਨੋਟਿਸ ਦਿੱਤਾ ਗਿਆ ਹੈ ਕਿ "ਇਸ ਲਿਖਤ ਦੇ ਕਾਪੀਰਾਈਟ ਲੇਖਕ ਦੇ ਹਨ", ਉਸ ਲਿਖਤ ਨੂੰ **ਕਿਸੇ ਹੋਰ ਜਗਹ ਛਾਪਣ ਤੋਂ ਪਹਿਲਾਂ ਲੇਖਕ ਕੋਲੋਂ ਇਜਾਜ਼ਤ ਲੈਣਾ ਜ਼ਰੂਰੀ ਹੈ।**

ਅਜਿਹੇ ਨੋਟਿਸ ਤੋਂ ਬਿਨਾਂ ਛਪੀਆਂ ਲਿਖਤਾਂ ਨੂੰ ਦੂਸਰੀਆਂ ਪ੍ਰਕਾਸ਼ਨਾਵਾਂ ਵਿੱਚ ਛਾਪਿਆ ਜਾ ਸਕਦਾ ਹੈ, ਪਰ ਛਾਪਣ ਸਮੇਂ ਵਤਨ ਦਾ ਹਵਾਲਾ ਦੇਣਾ ਜ਼ਰੂਰੀ ਹੈ।

– ਅਦਾਰਾ ਵਤਨ

---

ਵਤਨ ਵਿਚ ਛਪੀਆਂ ਰਚਨਾਵਾਂ ਨਾਲ ਵਤਨ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ, ਵਿਚਾਰ ਲੇਖਕਾਂ ਦੇ ਨਿੱਜੀ ਹਨ। ਵਤਨ ਦੇ ਪਹਿਲਾਂ ਰਹਿ ਚੁੱਕੇ ਅਤੇ ਮੌਜੂਦਾ ਅਹੁਦੇਦਾਰ ਆਨਰੇਰੀ ਹਨ।

Opinions expressed are of the individual writers and may not necessarily reflect the policies of Watan.
All officeholders and members of Watan, past and present, have been and are honorary associates.


---


### ਕੀਮਤ

ਔਨਲਾਈਨ www.watanpunjabi.ca ਮੁਫਤ।
ਪ੍ਰਿੰਟਿਡ ਕਾਪੀ ਇੱਕ ਅੰਕ: 5 ਡਾਲਰ
ਸਾਲਾਨਾ ਚੰਦਾ ਡਾਕ ਰਾਹੀਂ (ਸਿਰਫ ਉੱਤਰੀ ਅਮਰੀਕਾ ਲਈ): 25 ਡਾਲਰ
ਆਪਣੇ ਚੈੱਕ ਸੁਖਵੰਤ ਹੁੰਦਲ ਜਾਂ ਹਰਪ੍ਰੀਤ ਸਾਰਾ ਦੇ ਨਾਂ ਬਣਾਉ।

## ਸੰਪਾਦਕੀ

ਵਤਨ ਦਾ ਇਹ ਅੰਕ ਪੰਜਾਬ ਦੇ ਜੰਮਪਲ ਉਰਦੂ ਦੇ ਬਿਹਤਰੀਨ ਸ਼ਾਇਰ ਫ਼ੈਜ਼ ਅਹਿਮਦ ਫ਼ੈਜ਼ ਦੇ ਜਨਮ ਦੀ ਸੌਂਵੀਂ ਵਰ੍ਹੇਗੰਢ ਨੂੰ ਸਮਰਪਤ ਹੈ।

ਫ਼ੈਜ਼ ਦਾ ਜਨਮ 13 ਫਰਵਰੀ 1911 ਨੂੰ ਅਣਵੰਡੇ ਪੰਜਾਬ ਦੇ ਸ਼ਹਿਰ ਸਿਆਲਕੋਟ ਵਿੱਚ ਹੋਇਆ ਅਤੇ ਉਹਨਾਂ ਦੀ ਮੌਤ ਨਵੰਬਰ 1984 ਨੂੰ ਲਾਹੌਰ ਵਿਖੇ ਹੋਈ। ਚਾਰ ਦਹਾਕਿਆਂ ਦੇ ਅਰਸੇ ਵਿੱਚ ਫੈਲੇ ਆਪਣੇ ਸਾਹਿਤਕ ਸਫਰ ਦੌਰਾਨ ਫ਼ੈਜ਼ ਨੇ ਕਵਿਤਾਵਾਂ ਦੀਆਂ ਅੱਠ ਕਿਤਾਬਾਂ ਲਿਖੀਆਂ। ਉਹਨਾਂ ਦੀ ਪਹਿਲੀ ਕਿਤਾਬ "ਨਕਸ਼-ਏ-ਫ਼ਰਿਆਦੀ" 1941 ਵਿੱਚ ਛਪੀ ਅਤੇ ਉਹਨਾਂ ਦੀ ਜ਼ਿੰਦਗੀ ਦੌਰਾਨ ਛਪਣ ਵਾਲੀ ਉਹਨਾਂ ਦੀ ਆਖਰੀ ਕਿਤਾਬ "ਮੇਰੇ ਦਿਲ ਮੇਰੇ ਮੁਸਾਫ਼ਿਰ" ਸੰਨ 1981 ਵਿੱਚ ਛਪੀ। "ਗ਼ੁਬਾਰ-ਏ-ਅਯਾਮ" ਉਹਨਾਂ ਦੀ ਮੌਤ ਤੋਂ ਬਾਅਦ ਛਾਪੀ ਗਈ।

ਦੂਸਰੇ ਨੌਜਵਾਨਾਂ ਵਾਂਗ ਫ਼ੈਜ਼ ਨੇ ਵੀ ਆਪਣਾ ਸਾਹਿਤਕ ਸਫਰ ਪਿਆਰ ਦੀ ਸ਼ਾਇਰੀ ਤੋਂ ਸ਼ੁਰੂ ਕੀਤਾ। ਪਰ ਛੇਤੀ ਹੀ ਆਮ ਲੋਕਾਂ ਦੇ ਦੁੱਖ ਦਰਦ ਉਹਨਾਂ ਦੀ ਸ਼ਾਇਰੀ ਦਾ ਹਿੱਸਾ ਬਣ ਗਏ। ਆਪਣੀ ਕਾਲਜ ਦੀ ਪੜ੍ਹਾਈ ਮੁਕਾ ਕੇ ਉਹ ਸੰਨ 1935 ਵਿੱਚ ਅੰਮ੍ਰਿਤਸਰ ਦੇ ਐਮ. ਓ. ਏ. ਕਾਲਜ ਵਿੱਚ ਅੰਗਰੇਜ਼ੀ ਦੇ ਪ੍ਰੋਫੈਸਰ ਆ ਲੱਗੇ ਅਤੇ 1940 ਤੱਕ ਇਸ ਅਹੁਦੇ 'ਤੇ ਰਹੇ। ਇਸ ਸਮੇਂ ਉਹਨਾਂ ਦੇ ਦੋਸਤ, ਸਾਹਿਬਜ਼ਾਦਾ ਮਹਿਮੂਦ-ਜ਼ਫ਼ਰ ਨੇ ਫ਼ੈਜ਼ ਨੂੰ ਮਾਰਕਸਵਾਦੀ ਸਾਹਿਤ ਪੜ੍ਹਨ ਵੱਲ ਪ੍ਰੇਰਿਆ। ਇਸ ਦੇ ਨਾਲ ਹੀ ਫ਼ੈਜ਼ 1936 ਵਿੱਚ ਸ਼ੁਰੂ ਹੋਈ ਇੰਡੀਅਨ ਪ੍ਰੋਗਰੈਸਿਵ ਰਾਈਟਰਜ਼ ਐਸੋਸੀਏਸ਼ਨ ਦੇ ਵੀ ਮੈਂਬਰ ਬਣ ਗਏ। ਮਾਰਕਸਵਾਦੀ ਸਾਹਿਤ ਨਾਲ ਜਾਣ-ਪਛਾਣ ਅਤੇ ਅਗਾਂਹਵਧੂ ਲੇਖਕਾਂ ਦੀ ਲਹਿਰ ਵਿੱਚ ਸ਼ਮੂਲੀਅਤ ਨੇ ਫ਼ੈਜ਼ ਲਈ ਦੁਨੀਆਂ ਨੂੰ ਦੇਖਣ ਲਈ ਨਵੀਂਆਂ ਖਿੜਕੀਆਂ ਖੋਲ੍ਹ ਦਿੱਤੀਆਂ। ਇਸ ਨਵੇਂ ਪ੍ਰਾਪਤ ਨਜ਼ਰੀਏ ਨਾਲ ਜਦੋਂ ਫ਼ੈਜ਼ ਨੇ ਆਪਣੇ ਆਲੇ ਦੁਆਲੇ ਦੇਖਿਆ ਤਾਂ ਉਹਨਾਂ ਨੂੰ ਆਮ ਲੋਕਾਂ ਦੇ ਦੁੱਖ ਸਾਫ ਦਿਖਾਈ ਦੇਣ ਲੱਗੇ ਅਤੇ ਉਨ੍ਹਾਂ ਦਾ ਸੰਵੇਦਨਸ਼ੀਲ ਮਨ ਲੋਕਾਂ ਦੀ ਪੀੜ ਨੂੰ ਮਹਿਸੂਸ ਕਰਨ ਲੱਗਾ। ਨਤੀਜੇ ਵਜੋਂ ਆਪਣੀ ਪਹਿਲੀ ਕਿਤਾਬ "ਨਕਸ਼-ਏ-ਫਰਿਆਦੀ" ਦੇ ਦੂਸਰੇ ਹਿੱਸੇ ਵਿੱਚ ਫ਼ੈਜ਼ ਨੇ ਆਪਣੀ ਮਸ਼ਹੂਰ ਨਜ਼ਮ *ਮੁਝਸੇ ਪਹਿਲੀ ਸੀ ਮੁਹੱਬਤ ਮੇਰੇ ਮਹਿਬੂਬ ਨਾ ਮਾਂਗ* ਲਿਖ ਕੇ ਇਹ ਐਲਾਨ ਕੀਤਾ ਕਿ ਸ਼ਾਇਰ ਲਈ ਆਮ ਲੋਕਾਂ ਦੇ ਦੁੱਖਾਂ, ਮਸਲਿਆਂ ਅਤੇ ਉਹਨਾਂ ਦੀ ਜ਼ਿੰਦਗੀ ਦੀ ਬੇਵਸੀ ਵੱਲ ਧਿਆਨ ਦੇਣਾ ਵੀ ਜ਼ਰੂਰੀ ਹੈ। ਫ਼ੈਜ਼ ਸਾਰੀ ਉਮਰ ਇਸ ਧਾਰਨਾ ਨਾਲ ਵਚਨਬੱਧ ਰਹੇ ਅਤੇ ਪਿਆਰ ਬਾਰੇ ਲਿਖਣ ਦੇ ਨਾਲ ਨਾਲ ਉਹ ਸਮਾਜ ਵਿੱਚ ਇਨਸਾਨ ਹੱਥੋਂ ਇਨਸਾਨ ਦੇ ਹੋ ਰਹੇ ਸ਼ੋਸ਼ਣ ਬਾਰੇ ਵੀ ਲਿਖਦੇ ਰਹੇ। ਤਾਂ ਹੀ ਉਹਨਾਂ ਨੂੰ "ਪਿਆਰ ਅਤੇ ਇਨਕਲਾਬ" ਦੇ ਸ਼ਾਇਰ ਵਜੋਂ ਜਾਣਿਆ ਜਾਂਦਾ ਹੈ। ਪਿਆਰ ਅਤੇ ਇਨਕਲਾਬ ਦੀ ਗੱਲ ਕਰਦਿਆਂ ਉਹ ਆਪਣੀ ਸ਼ਾਇਰੀ ਵਿੱਚ ਸਮਾਜਕ ਇਨਸਾਫ, ਮਨੁੱਖੀ ਬਰਾਬਰਤਾ, ਮਨੁੱਖੀ ਅਜ਼ਾਦੀ ਅਤੇ ਲੋਕਸੱਤਾ ਦੀ ਬਹਾਲੀ ਅਤੇ ਜ਼ੁਲਮ ਵਿਰੁੱਧ ਸੰਘਰਸ਼ ਅਤੇ ਇਸ ਸੰਘਰਸ਼ ਵਿੱਚ ਲੋਕਾਂ ਦੀ ਜਿੱਤ ਦੇ ਵਿਸ਼ਵਾਸ ਦੀ ਗੱਲ ਕਰਦੇ ਹਨ।

1947 ਤੋਂ ਬਾਅਦ ਉਹ ਲਾਹੌਰ ਵਿੱਚ ਪਾਕਿਸਤਾਨ ਟਾਇਮਜ਼ ਦੇ ਸੰਪਾਦਕ ਬਣ ਗਏ ਅਤੇ ਮਜ਼ਦੂਰ ਲਹਿਰ ਦੇ ਮਸਲਿਆਂ ਵਿੱਚ ਦਿਲਚਸਪੀ ਲੈਣ ਲੱਗੇ ਅਤੇ ਪਾਕਿਸਤਾਨ ਦੀ ਟਰੇਡ ਯੂਨੀਅਨ ਫੈਡਰੇਸ਼ਨ ਦੇ ਵਾਈਸ ਪ੍ਰੈਜ਼ੀਡੈਂਟ ਬਣ ਗਏ। ਪਾਕਿਸਤਾਨ ਵਿੱਚ ਪ੍ਰੋਗਰੈਸਿਵ ਲਹਿਰ ਦਾ ਹਿੱਸਾ ਹੁੰਦਿਆਂ ਉਹ ਪਾਕਿਸਤਾਨ ਦੇ ਹਾਕਮਾਂ ਵੱਲੋਂ ਲੋਕਾਂ ਦੇ ਲਿਖਣ ਬੋਲਣ ਦੀ ਅਜ਼ਾਦੀ ਅਤੇ ਮੁਢਲੇ ਹੱਕਾਂ ਉੱਪਰ ਲਾਈਆਂ ਜਾਂਦੀਆਂ ਪਾਬੰਦੀਆਂ ਵਿਰੁੱਧ ਲਿਖਦੇ ਰਹੇ। ਪਾਕਿਸਤਾਨ ਦੇ ਕੱਟੜ ਮੌਲਾਣਿਆਂ ਦੀ ਸਲਾਹ ਅਤੇ ਸਮਰਥਨ ਨਾਲ ਪਾਕਿਸਤਾਨੀ ਹਾਕਮਾਂ ਵੱਲੋਂ ਪਾਕਿਸਤਾਨ ਦੇ ਲੋਕਾਂ ਉੱਪਰ ਠੋਸੇ ਜਾ ਰਹੇ ਧਾਰਮਿਕ ਕੱਟੜਵਾਦ ਦੇ ਉਹ ਹਮੇਸ਼ਾਂ ਵਿਰੋਧੀ ਰਹੇ। ਪਾਕਿਸਤਾਨ ਵਿੱਚ ਇਕ ਕੱਟੜ ਧਾਰਮਿਕ ਰਾਜ ਸਥਾਪਤ ਕਰਨ ਦੇ ਚਾਹਵਾਨ ਹੁਕਮਰਾਨਾਂ ਨੂੰ ਫ਼ੈਜ਼ ਦੇ ਲਿਬਰਲ, ਪ੍ਰੋਗਰੈਸਿਵ ਅਤੇ ਸਮਾਜਵਾਦੀ ਵਿਚਾਰ ਪਸੰਦ ਨਹੀਂ ਸਨ। ਇਸ ਹੀ ਕਾਰਨ ਉਹਨਾਂ ਦਾ ਕਾਫੀ ਸਮਾਂ ਜਾਂ ਤਾਂ ਪਾਕਿਸਤਾਨ ਦੀਆਂ ਜੇਲ੍ਹਾਂ ਵਿੱਚ ਜਾਂ ਆਪ ਸਹੇੜੀ ਜਲਾਵਤਨੀ ਵਿੱਚ ਲੰਘਿਆ।

ਉਹਨਾਂ ਦੀ ਸ਼ਾਇਰੀ ਦੇ ਸਰੋਕਾਰ ਸਿਰਫ ਪਾਕਿਸਤਾਨ ਤੱਕ ਹੀ ਸੀਮਤ ਨਹੀਂ ਸਨ। ਉਹ ਅੰਤਰਰਾਸ਼ਟਰੀ ਪੱਧਰ 'ਤੇ ਸਾਮਰਾਜੀ ਤਾਕਤਾਂ ਵਲੋਂ ਆਪਣੇ ਹਿਤਾਂ ਲਈ ਤੀਜੀ ਦੁਨੀਆਂ ਦੇ ਦੇਸ਼ਾਂ ਵਿੱਚ ਕੀਤੀ ਜਾਂਦੀ ਦਖਲਅੰਦਾਜ਼ੀ ਦੇ ਸਖਤ ਵਿਰੋਧੀ ਸਨ ਅਤੇ ਸੰਸਾਰ ਭਰ ਵਿੱਚ ਸਾਮਰਾਜਵਾਦ ਵਿਰੁੱਧ ਚੱਲ ਰਹੇ ਸੰਘਰਸ਼ਾਂ ਦੇ ਸਮਰਥਕ ਸਨ। ਉਦਾਹਰਨ ਲਈ, ਉਹਨਾਂ ਨੇ ਅਫਰੀਕਾ ਦੀ ਅਜ਼ਾਦੀ ਲਹਿਰ, ਵੀਅਤਨਾਮੀ ਲੋਕਾਂ ਵਲੋਂ ਅਮਰੀਕਨ ਫੌਜ਼ਾਂ ਵਿਰੁੱਧ ਲੜੀ ਜਾ ਰਹੀ ਜੰਗ ਅਤੇ ਫ਼ਲਸਤੀਨੀ ਲੋਕਾਂ ਦੀ ਜੱਦੋਜਹਿਦ ਦੇ ਹੱਕ ਵਿੱਚ ਅਤੇ ਬਰਤਾਨੀਆ ਅਤੇ ਅਮਰੀਕਾ ਵਲੋਂ ਇਰਾਨ ਵਿੱਚ ਪ੍ਰਧਾਨ ਮੰਤਰੀ ਮੁਹੰਮਦ ਮੌਸਾਦੀ ਦੀ ਲੋਕਾਂ ਵਲੋਂ ਚੁਣੀ ਹੋਈ ਸਰਕਾਰ ਦਾ ਤਖ਼ਤਾ ਪਲਟ ਕੇ ਸ਼ਾਹ ਨੂੰ ਗੱਦੀ ਉੱਤੇ ਬਿਠਾਉਣ ਦੇ ਵਿਰੋਧ ਵਿੱਚ ਲਿਖਿਆ। ਇਸ ਤਰ੍ਹਾਂ ਉਹ ਸਹੀ ਅਰਥਾਂ ਵਿੱਚ ਦੁਨੀਆ ਭਰ ਦੇ ਦੱਬੇ ਕੁਚਲੇ ਲੋਕਾਂ ਦੀ ਅਵਾਜ਼ ਸਨ।

ਫ਼ੈਜ਼ ਦੀ ਕਵਿਤਾ ਦੇ ਪਾਰਖੂਆਂ ਨੇ ਉਹਨਾਂ ਦੀ ਸ਼ਾਇਰੀ ਨੂੰ ਪਾਬਲੋ ਨਰੂਦਾ, ਨਾਜਿਮ ਹਿਕਮਤ ਵਰਗੇ ਕਵੀਆਂ ਦੀ ਕਤਾਰ ਵਿੱਚ ਰੱਖਿਆ ਹੈ। ਐਡਵਰਡ ਸੈਦ ਦੇ ਸ਼ਬਦਾਂ ਵਿੱਚ:

> ਫ਼ੈਜ਼ ਬਾਰੇ ਸਮਝਣ ਵਾਲੀ ਮਹੱਤਵਪੂਰਨ ਗੱਲ ਇਹ ਹੈ ਕਿ ...ਗਾਰਸੀਆ ਮਾਰਕਿਜ਼ ਵਾਂਗ ਉਸ ਨੂੰ ਦੋਹਾਂ ਤਰ੍ਹਾਂ ਦੇ ਲੋਕਾਂ -ਸਾਹਿਤਕ ਵਸ਼ਿਸ਼ਟ ਵਰਗ ਅਤੇ ਆਮ ਲੋਕਾਂ - ਵੱਲੋਂ ਪੜ੍ਹਿਆ ਅਤੇ ਸੁਣਿਆ ਜਾਂਦਾ ਸੀ। ਉਸ ਦੀ ਮਹੱਤਵਪੂਰਨ ਪ੍ਰਾਪਤੀ - ਅਸਲ ਵਿੱਚ ਇਹ ਕਿਸੇ ਵੀ ਜ਼ਬਾਨ ਵਿੱਚ ਵਿਲੱਖਣ ਹੈ - ਰੈਟਰਿਕ ਅਤੇ ਰਵਾਨੀ ਦਾ ਸੁਰਮੇਲ ਪੈਦਾ ਕਰਨਾ ਹੈ; ਉਹ ਆਪਣੇ ਪਾਠਕਾਂ ਸਾਹਮਣੇ ਕਲਾਸੀਕਲ ਰੂਪਾਂ (*ਕਸੀਦਾ*, *ਗ਼ਜ਼ਲ*, *ਮਸਨਵੀ*, *ਕਿਤਾਅ*) ਦੀ ਵਰਤੋਂ ਕਰਦਿਆਂ ਉਹਨਾਂ ਤੋਂ ਤੋੜ-ਵਿਛੋੜਾ ਕਰਨ ਦੀ ਥਾਂ ਉਹਨਾਂ ਦੀ ਕਾਇਆ ਪਲਟ ਦਿੰਦਾ ਹੈ। ਤੁਸੀਂ ਪੁਰਾਣੇ ਅਤੇ ਨਵੇਂ ਨੂੰ ਇਕੱਠਿਆਂ ਸੁਣ ਸਕਦੇ ਹੋ। ਉਸ ਦੀ ਸ਼ੁੱਧਤਾ ਅਤੇ ਸੁਨਿਸ਼ਚਿਤਤਾ ਹੈਰਾਨਕੁੰਨ ਸੀ, ਅਤੇ ਇਸ ਲਈ ਤੁਸੀਂ ਇਕ ਅਜਿਹੇ ਕਵੀ ਦੀ ਕਲਪਨਾ ਕਰ ਸਕਦੇ ਹੋ ਜਿਸ ਦੀ ਕਵਿਤਾ ਵਿੱਚ ਯੀਟਸ ਦੇ ਇੰਦਰਿਆਵੀ ਅਨੁਭਵ ਅਤੇ ਨਰੂਦਾ ਦੀ ਤਾਕਤ ਦਾ ਸੁਮੇਲ ਸੀ। ਮੇਰੇ ਖਿਆਲ ਵਿੱਚ ਉਹ ਇਸ (ਵੀਹਵੀਂ) ਸਦੀ ਦੇ ਮਹਾਨ ਕਵੀਆਂ ਵਿੱਚੋਂ ਇਕ ਸੀ ਅਤੇ ਉਸ ਨੂੰ ਏਸ਼ੀਆ ਅਤੇ ਅਫਰੀਕਾ ਦੇ ਬਹੁਤ ਵੱਡੇ ਹਿੱਸਿਆਂ ਵਿੱਚ ਇਸ ਪੱਧਰ ਦਾ ਸਨਮਾਨ ਪ੍ਰਾਪਤ ਹੋਇਆ ਸੀ। (Shahid Ali, 1991 ਵਿੱਚੋਂ)


ਸੰਨ 1962 ਵਿੱਚ ਫ਼ੈਜ਼ ਨੂੰ ਉਹਨਾਂ ਦੀ ਸ਼ਾਇਰੀ ਕਰਕੇ ਲੈਨਿਨ ਪੀਸ ਪਰਾਈਜ਼ ਦਿੱਤਾ ਗਿਆ। ਉਸ ਸਮੇਂ ਇਹ ਇਨਾਮ ਪ੍ਰਾਪਤ ਕਰਨ ਵਾਲੇ ਉਹ ਪਹਿਲੇ ਏਸ਼ੀਅਨ ਕਵੀ ਸਨ। ਇਹ ਇਨਾਮ ਲੈਣ ਸਮੇਂ ਦਿੱਤੇ ਆਪਣੇ ਭਾਸ਼ਨ ਵਿੱਚ ਉਹਨਾਂ ਕਿਹਾ ਕਿ ਦੁਨੀਆ ਵਿੱਚ ਅਮਨ ਦੀ ਸਥਾਪਤੀ ਅਤੇ ਹਰ ਮਨੁੱਖ ਦੀਆਂ ਲੋੜਾਂ ਦੀ ਪੂਰਤੀ ਤਾਂ ਹੀ ਸੰਭਵ ਹੈ, ਜੇ "ਕੁਦਰਤ ਦੀਆਂ ਸੀਮਤ ਹੱਦਾਂ, ਪੈਦਾਵਾਰ ਦੇ ਅਸੀਮਤ ਤਰੀਕੇ ਕੁਝ ਮੁਨਾਫਾਖੋਰਾਂ ਜਾਂ ਨਿੱਜੀ ਹਿੱਤਾਂ ਵਾਲੇ ਲੋਕਾਂ ਦੀ ਹਿਰਸ ਪੂਰੀ ਕਰਨ ਵੱਲ ਨਾ ਸਗੋਂ ਸਾਰੇ ਲੋਕਾਂ ਦੀ ਭਲਾਈ ਵਲ ਸੇਧਤ ਹੋਣ ਅਤੇ ਮਨੁੱਖ ਦੀ ਵਿਗਿਆਨਕ ਅਤੇ ਸਨਅਤੀ ਯੋਗਤਾ ਨੂੰ ਢਾਹੂ ਕੰਮਾਂ ਨਾਲੋਂ ਉਸਾਰੂ ਕੰਮਾਂ ਵਲ ਲਾਇਆ ਜਾਵੇ। ਇਹ ਸਭ ਕੁਝ ਸਿਰਫ ਅਜਿਹੇ ਸਮਾਜਿਕ ਢਾਂਚੇ ਵਿਚ ਸੰਭਵ ਹੋ ਸਕਦਾ ਹੈ ਜਿਹੜਾ ਇਨਸਾਫ, ਬਰਾਬਰਤਾ, ਆਜ਼ਾਦੀ, ਅਤੇ ਸਰਬੱਤ ਦੇ ਭਲੇ 'ਤੇ ਉਸਰਿਆਂ ਹੋਵੇ ਨਾ ਕਿ ਲਾਲਚ, ਸ਼ੋਸ਼ਣ ਅਤੇ ਇਜਾਰਾਦਾਰੀ ਹਿੱਤਾਂ 'ਤੇ।"

ਫ਼ੈਜ਼ ਦੇ ਜੀਵਨ ਕਾਲ ਦੌਰਾਨ ਉਨ੍ਹਾਂ ਦੀ ਸ਼ਾਇਰੀ ਸਮਾਜਕ ਇਨਸਾਫ ਅਤੇ ਬਰਾਬਰੀ ਲਈ ਲੜ ਰਹੇ ਲੋਕਾਂ ਲਈ ਪ੍ਰੇਰਨਾ ਸ੍ਰੋਤ ਰਹੀ ਹੈ। ਉਹਨਾਂ ਦੀ ਮੌਤ ਤੋਂ ਬਾਅਦ ਵੀ, ਉਹਨਾਂ ਦੀ ਸ਼ਾਇਰੀ ਸੱਚ ਅਤੇ ਨਿਆਂ ਲਈ ਚਲਦੀਆਂ ਲੋਕ ਲਹਿਰਾਂ ਦਾ ਪ੍ਰੇਰਨਾ ਸ੍ਰੋਤ ਬਣੀ ਰਹੇਗੀ ਅਤੇ ਲੋਕਾਂ ਨੂੰ ਇਹ ਯਕੀਨ ਦਿਵਾਉਂਦੀ ਰਹੇਗੀ ਕਿ ਨੇਕੀ ਅਤੇ ਬਦੀ ਦੀ ਲੜਾਈ ਵਿੱਚ ਜਿੱਤ ਅਖੀਰ ਵਿੱਚ ਨੇਕੀ ਦੀ ਹੀ ਹੁੰਦੀ ਹੈ। ਵਤਨ ਦਾ ਇਹ ਅੰਕ ਉਹਨਾਂ ਦੇ ਜਨਮ ਦੀ ਸੌਵੀਂ ਵਰ੍ਹੇਗੰਢ ਨੂੰ ਸਪਰਪਤ ਕਰਦਿਆਂ ਸਾਨੂੰ ਅਤਿਅੰਤ ਖੁਸ਼ੀ ਅਤੇ ਮਾਣ ਮਹਿਸੂਸ ਹੋ ਰਿਹਾ ਹੈ।

– ਸੁਖਵੰਤ ਹੁੰਦਲ

**ਹਵਾਲੇ:**

Ali, Agha Shahid(1991). The Rebel's Silhouette: Selected Poems Faiz Ahmad Faiz Peregrine Smith Books



# ਫ਼ੈਜ਼ ਅਹਿਮਦ ਫ਼ੈਜ਼ ਦੀ ਚੋਣਵੀਂ ਸ਼ਾਇਰੀ

(ਫ਼ੈਜ਼ ਦੀਆਂ ਇਹ ਨਜ਼ਮਾਂ ਦਾ ਉਤਾਰਾ ਕਰਨ ਲਈ ਅਸੀਂ ਸੁਰਜੀਤ ਕਲਸੀ ਵਲੋਂ ਸੰਪਾਦਿਤ ਅਤੇ ਮਹਿੰਦਰ ਸਿੰਘ ਵੱਲੋਂ ਗੁਰਮੁਖੀ ਵਿੱਚ ਲਿੱਪੀਅੰਤਰ ਕੀਤੀ ਕਿਤਾਬ "*ਫ਼ੈਜ਼ ਅਹਿਮਦ ਫ਼ੈਜ਼ ਦਾ ਕਾਵਿਸਾਗਰ*" ਅਤੇ ਅਮਰ ਦੇਹਲਵੀ ਵੱਲੋਂ ਸੰਪਾਦਿਤ ਅਤੇ ਦੇਵਨਾਗਰੀ ਵਿੱਚ ਲਿੱਪੀਅੰਤਰ ਕੀਤੀ ਕਿਤਾਬ "*ਫ਼ੈਜ਼ ਕੀ ਸ਼ਾਇਰੀ: ਉਰਦੂ-ਹਿੰਦੀ ਮੇਂ ਏਕ ਸਾਥ*" ਦੀ ਵਰਤੋਂ ਕੀਤੀ ਹੈ। ਇਸ ਲਈ ਅਸੀਂ ਇਹਨਾਂ ਸੰਪਾਦਕਾਂ ਦੇ ਤਹਿਦਿਲੋਂ ਸ਼ੁਕਰਗੁਜ਼ਾਰ ਹਾਂ। – ਸੰਪਾਦਕ)

## ਆਜ ਕੀ ਰਾਤ

ਆਜ ਕੀ ਰਾਤ ਸਾਜ਼-ਏ-ਦਰਦ ਨਾ ਛੇੜ
ਦੁਖ ਸੇ ਭਰਪੂਰ ਦਿਨ ਤਮਾਮ ਹੂਏ
ਔਰ ਕਲ ਕੀ ਖ਼ਬਰ ਕਿਸੇ ਮਾਲੂਮ?
ਦੋਸ਼-ਓ-ਫ਼ਰਦਾ (1) ਕੀ ਮਿਟ ਚੁਕੀ ਹੈਂ ਹਦੂਦ (2)
ਹੋ ਨਾ ਸਹਰ (3) ਕਿਸੇ ਮਾਲੂਮ?
ਜ਼ਿੰਦਗੀ ਹੇਚ (4)! ਲੇਕਿਨ ਆਜ ਕੀ ਰਾਤ
ਏਜ਼ਦੀਅਤ (5) ਹੈ ਮੁਮਕਿਨ ਆਜ ਕੀ ਰਾਤ
ਆਜ ਕੀ ਰਾਤ ਸਾਜ਼-ਏ-ਦਰਦ ਨਾ ਛੇੜ
ਅਬ ਨਾ ਦੁਹਰਾ ਫ਼ਸਾਨਾ-ਹਾ-ਏ-ਅਲਮ (6)
ਅਪਨੀ ਕਿਸਮਤ ਪਿ: ਸੋਗਵਾਰ ਨਾ ਹੋ
ਫ਼ਿਕਰ-ਏ-ਫ਼ਰਦਾ (7) ਉਤਾਰ ਦੇ ਦਿਲ ਸੇ
ਉਮਰ-ਏ-ਰਫ਼ਤਾ (8) ਪਿ: ਅਸ਼ਕਬਾਰ (9) ਨਾ ਹੋ
ਅਹਿਦ-ਏ-ਗਮ ਕੀ ਹਿਕਾਇਤੇਂ ਮੱਤ ਪੂਛ
ਹੋ ਚੁਕੀ ਸਬ ਸ਼ਿਕਾਇਤੇਂ ਮੱਤ ਪੂਛ
ਆਜ ਕੀ ਰਾਤ ਸਾਜ਼-ਏ-ਦਰਦ ਨਾ ਛੇੜ

---

1. ਆਪਣੇ ਪਰਾਏ 2. ਹੱਦਾਂ 3. ਸਵੇਰ 4. ਕੁਝ ਵੀ ਨਹੀਂ 5. ਸਦੀਵਤਾ 6. ਕਹਾਣੀਆਂ 7. ਗ਼ਮ 8. ਬੀਤੀ ਉਮਰ 9. ਅੱਥਰੂ ਕੇਰਨਾ

•

## ਤਨਹਾਈ

ਫਿਰ ਕੋਈ ਆਇਆ ਦਿਲ-ਏ-ਜ਼ਾਰ (1), ਨਹੀਂ ਕੋਈ ਨਹੀਂ
ਰਾਹਰਬ (2) ਹੋਗਾ, ਕਹੀਂ ਔਰ ਚਲਾ ਜਾਏਗਾ

ਢਲ ਚੁਕੀ ਰਾਤ, ਬਿਖਰਨੇ ਲਗਾ ਤਾਰੋਂ ਕਾ ਗ਼ੁਬਾਰ
ਲੜਖੜਾਨੇ ਲਗੇ ਐਵਾਨੋਂ (3) ਮੇਂ ਖ਼ਵਾਬੀਦਾ (4) ਚਿਰਾਗ
ਸੋ ਗਈ ਰਾਸਤਾ ਤਕ ਕੇ ਹਰ ਏਕ ਰਾਹਗੁਜ਼ਰ
ਅਜਨਬੀ ਖ਼ਾਕ ਨੇ ਧੁੰਦਲਾ ਦੀਏ ਕਦਮੋਂ ਕੇ ਸੁਰਾਗ਼
ਗੁਲ ਕਰੋ ਸ਼ਮਏਂ, ਬੜ੍ਹਾ ਦੋ ਮੈ-ਓ-ਮੀਨਾ-ਓ-ਅਯਾਗ (5)

ਆਪਣੇ ਬੇਖ਼ਵਾਬ ਕਿਵਾੜੋਂ ਕੋ ਮੁਕੱਫਲ (6) ਕਰ ਲੋ
ਅਬ ਯਹਾਂ ਕੋਈ ਨਹੀਂ, ਕੋਈ ਨਹੀਂ ਆਏਗਾ....

---

1. ਉਦਾਸ ਦਿਲ 2. ਮੁਲਾਕਾਤੀ, ਪ੍ਰਾਹੁਣਾ 3. ਘਰਾਂ ਵਿੱਚ4. ਸੁੱਤੇ ਹੋਏ 5. ਸ਼ਰਾਬ, ਸੁਰਾਹੀ ਤੇ ਪਿਆਲਾ 6. ਜੰਦਰੇ ਮਾਰ ਲਉ

•

## ਚੰਦ ਰੋਜ਼ ਔਰ ਮੇਰੀ ਜਾਨ

ਚੰਦ ਰੋਜ਼ ਔਰ, ਮੇਰੀ ਜਾਨ! ਫ਼ਕਤ ਚੰਦ ਹੀ ਰੋਜ਼
ਜ਼ੁਲਮ ਕੀ ਛਾਂਵ ਮੇਂ ਦਮ ਲੇਨੇ ਪਿ: ਮਜ਼ਬੂਰ ਹੈਂ ਹਮ
ਔਰ ਕੁਛ ਦੇਰ ਸਿਤਮ ਸਹਿ ਲੇਂ ਤੜਪ ਲੇਂ ਰੋ ਲੇਂ
ਆਪਣੇ ਅਜਦਾਦ(1) ਕੀ ਮੀਰਾਸ(2) ਹੈਂ ਮਾਅਜ਼ੂਰ(3) ਹੈਂ ਹਮ
ਜਿਸਮ ਪਰ ਕੈਦ ਹੈ, ਜਜ਼ਬਾਤ ਪਿ: ਜੰਜ਼ੀਰੇ ਹੈਂ
ਫ਼ਿਕਰ(4) ਮਹਿਬੂਸ(5) ਹੈਂ ਗੁਫ਼ਤਾਰ(6) ਪਿ: ਤਾਅਜ਼ੀਰੇਂ(7) ਹੈਂ
ਅਪਨੀ ਹਿੰਮਤ ਹੈ ਕਿ ਹਮ ਫਿਰ ਭੀ ਜੀਏ ਜਾਤੇ ਹੈਂ
ਜ਼ਿੰਦਗੀ ਕਿਆ ਕਿਸੀ ਮੁਫ਼ਲਿਸ(8) ਕੀ ਕਬਾ(9) ਹੈਂ ਜਿਸਮੇਂ
ਹਰ ਘੜੀ ਦਰਦ ਕੇ ਪੈਵੰਦ ਲਗੇ ਜਾਤੇ ਹੈਂ
ਲੇਕਿਨ ਅਬ ਜ਼ੁਲਮ ਕੀ ਮਿਆਦ ਕੇ ਦਿਨ ਥੋੜ੍ਹੇ ਹੈਂ
ਇਕ ਜ਼ਰਾ ਸਬਰ, ਕਿ ਫਰਿਆਦ ਕੇ ਦਿਨ ਥੋੜ੍ਹੇ ਹੈਂ
ਅਰਸਾ-ਏ-ਦਹਰ(10) ਕੀ ਝੁਲਸੀ ਹੂਈ ਵੀਰਾਨੀ ਮੇਂ
ਹਮਕੋ ਰਹਿਨਾ ਹੈ ਪੇ ਯੂੰ ਤੋ ਨਹੀਂ ਰਹਿਨਾ ਹੈ
ਅਜਨਬੀ ਹਾਥੋਂ ਕਾ ਬੇਨਾਮ ਗਿਰਾਂਬਾਰ(11) ਸਿਤਮ
ਆਜ ਸਹਿਨਾ ਹੈ ਪਰ ਯੂੰ ਹੀ ਤੋ ਨਹੀਂ ਸਹਿਨਾ ਹੈ
ਯਿਹ ਤੇਰੇ ਹੁਸਨ ਸੇ ਲਿਪਟੀ ਹੁਈ ਆਲਾਮ(12) ਕੀ ਗਰਦ
ਅਪਨੀ ਦੋ ਰੋਜ਼ਾ ਜਵਾਨੀ ਕੀ ਸ਼ਿਕਸਤੋਂ ਕਾ ਸ਼ੁਮਾਰ(13)
ਚਾਂਦਨੀ ਰਾਤੋਂ ਕਾ ਬੇਕਾਰ ਦਹਿਕਤਾ ਹੂਆ ਦਰਦ
ਦਿਲ ਕੀ ਬੇਸੂਦ ਤੜਪ, ਜਿਸਮ ਕੀ ਮਾਯੂਸ ਪੁਕਾਰ
ਚੰਦ ਰੋਜ਼ ਔਰ ਮੇਰੀ ਜਾਨ! ਫ਼ਕਤ ਚੰਦ ਹੀ ਰੋਜ਼

---

1. ਪੁਰਖਿਆਂ 2. ਵਿਰਾਸਤ 3. ਅਪਾਹਜ 4. ਸੋਚ 5. ਕੈਦੀ 6. ਬੋਲਣ 'ਤੇ 7. ਸਜ਼ਾਵਾਂ, ਬੰਦਿਸ਼ਾਂ 8. ਗਰੀਬ 9. ਪੁਸ਼ਾਕ 10. ਪੁਰਾਣੇ ਸਮੇਂ ਤੋਂ 11. ਭਾਰੀ 12. ਦੁਖ ਤਕਲੀਫਾਂ 13. ਗਿਣਤੀ

•

## ਬੋਲ

ਬੋਲ ਕਿ ਲਬ ਆਜ਼ਾਦ ਹੈਂ ਤੇਰੇ
ਬੋਲ ਜ਼ਬਾਂ(ਨ) ਅਬ ਤੱਕ ਤੇਰੀ ਹੈ
ਤੇਰਾ ਸੁਤਵਾਂ ਜਿਸਮ ਹੈ ਤੇਰਾ
ਬੋਲ ਕਿ ਜਾਂ(ਨ) ਅਬ ਤੱਕ ਤੇਰੀ ਹੈ
ਦੇਖ ਕਿ ਆਹਨਗਰ (1) ਕੀ ਦੁਕਾਂ(ਨ) ਮੇਂ
ਤੁੰਦ (2) ਹੈਂ ਸ਼ੋਅਲੇ ਸੁਰਖ਼ ਹੈ ਆਹਨ(3)
ਖੁਲਨੇ ਲਗੇ ਕੁਫ਼ਲੋਂ (4) ਕੇ ਦਹਾਨੇ
ਫੈਲਾ ਹਰ ਜ਼ੰਜ਼ੀਰ ਕਾ ਦਾਮਨ
ਬੋਲ ਯਿਹ ਥੋੜ੍ਹਾ ਵਕਤ ਬਹੁਤ ਹੈ
ਜਿਸਮ-ਓ-ਜਬਾਂ(ਨ) ਕੀ ਮੌਤ ਸੇ ਪਹਿਲੇ
ਬੋਲ ਕਿ ਸੱਚ ਜ਼ਿੰਦਾ ਹੈ ਅਬ ਤੱਕ
ਬੋਲ ਜੋ ਕੁਛ ਕਹਿਣਾ ਹੈ ਕਹਿ ਲੇ

---

1. ਲੁਹਾਰ 2. ਤੇਜ਼ 3. ਲੋਹਾ 4. ਜੰਦਰੇ

•

## ਮੌਜ਼ੂ-ਏ-ਸੁਖ਼ਨ (1)

ਗੁਲ(2) ਹੂਈ ਜਾਤੀ ਹੈ ਅਫ਼ਸੁਰਦਾ ਸੁਲਗਤੀ ਹੂਈ ਸ਼ਾਮ
ਧੁਲ ਕੇ ਨਿਕਲੇਗੀ ਅਭੀ ਚਸ਼ਮਾ-ਏ-ਮਹਿਤਾਬ(3) ਸੇ ਰਾਤ
ਔਰ ਮੁਸ਼ਤਾਕ ਨਿਗਾਹੋਂ ਕੀ ਸੁਨੀ ਜਾਏਗੀ
ਔਰ ਉਨ ਹਾਥੋਂ ਸੇ ਮਸ(4) ਹੋਂਗੇ ਯਿਹ ਤੇਰੇ ਹਾਥ

ਉਨ ਕਾ ਆਂਚਲ ਹੈ, ਕਿ ਰੁਖ਼ਸਾਰ, ਕਿ ਪੈਰਾਹਨ(5) ਹੈ
ਕੁਛ ਤੋ ਹੈ ਜਿਸ ਸੇ ਹੂਈ ਜਾਤੀ ਹੈ ਚਿਲਮਨ ਰੰਗੀਂ(ਨ)
ਜਾਨੇ ਉਸ ਜ਼ੁਲਫ਼ ਕੀ ਮੌਹੂਮ(6) ਘਨੀ ਛਾਓਂ ਮੇਂ
ਟਮਟਮਾਤਾ ਹੈ ਵੁਹ ਆਵੇਜ਼ਾ(7) ਅਭੀ ਤਕ ਕਿ ਨਹੀਂ

ਆਜ ਫਿਰ ਹੁਸਨ-ਏ-ਦਿਲ-ਆਰਾ(8) ਕੀ ਵੁਹੀ ਧਜ ਹੋਗੀ
ਵੁਹੀ ਖ਼ਵਾਬੀਦਾ(9) ਸੀ ਆਂਖੇਂ, ਵੁਹੀ ਕਾਜਲ ਕੀ ਲਕੀਰ
ਰੰਗ-ਏ-ਰੁਖ਼ਸਾਰ ਪਿ: ਹਲਕਾ ਸਾ ਵੁਹ ਗ਼ਾਜ਼ੇ ਕਾ ਗ਼ੁਬਾਰ
ਸੰਦਲੀ ਹਾਥ ਪਿ: ਧੁੰਦਲੀ ਸੀ ਹਿਨਾ ਕੀ ਤਸਵੀਰ

ਅਪਨੇ ਅਫ਼ਕਾਰ(10) ਕੀ ਅਸ਼ਆਰ ਕੀ ਦੁਨੀਆ ਹੈ ਯਹੀ
ਜਾਨ-ਏ-ਮਜ਼ਮੂਨ(11) ਹੈ ਯਹੀ, ਸ਼ਾਹਦ-ਏ-ਮਾਅਨੀ(12) ਹੈ ਯਹੀ

ਆਜ ਤਕ ਸੁਰਖ਼-ਓ-ਸਿਆਹ(13) ਸਦੀਓਂ ਕੇ ਸਾਏ ਕੇ ਤਲੇ
ਆਦਮ-ਓ-ਹੱਵਾ ਕੀ ਔਲਾਦ ਪਿ: ਕਿਆ ਗੁਜ਼ਰੀ ਹੈ?
ਮੌਤ ਔਰ ਜ਼ੀਸਤ(14) ਕੀ ਰੋਜ਼ਾਨਾ ਸਫ਼-ਆਰਾਈ(15) ਮੇਂ
ਹਮ ਪਿ: ਕਿਆ ਗੁਜ਼ਰੇਗੀ, ਅਜਦਾਦ(16) ਪਿ: ਕਿਆ ਗੁਜ਼ਰੀ ਹੈ?

ਇਨ ਦਮਕਤੇ ਹੂਏ ਸ਼ਹਿਰੋਂ ਕੀ ਫਿਰਾਵਾ(17) ਮਖ਼ਲੂਕ(18)
ਕਿਉਂ ਫ਼ਕਤ ਮਰਨੇ ਕੀ ਹਸਰਤ ਮੇਂ ਜੀਆ ਕਰਤੀ ਹੈ?
ਯਿਹ ਹੁਸੀਂ(ਨ) ਖੇਤ, ਫਟਾ ਪੜਤਾ ਹੈ ਜੋਬਨ ਜਿਨ ਕਾ!
ਕਿਸ ਲੀਏ ਇਨ ਮੇਂ ਫ਼ਕਤ ਭੂਕ ਉਗਾ ਕਰਤੀ ਹੈ

ਯਿਹ ਹਰ ਇਕ ਸਿਮਤ(19) ਪੁਰ ਅਸਰਾਰ(20) ਕੜੀ ਦੀਵਾਰੇਂ
ਜਲ ਬੁਝੇ ਜਿਨ ਮੇਂ ਹਜ਼ਾਰੋਂ ਕੀ ਜਵਾਨੀ ਕੇ ਚਿਰਾਗ
ਯਿਹ ਹਰ ਗਾਮ ਪਿ: ਉਨ ਖਵਾਬੋਂ ਕੀ ਮਕਤਲ ਗ਼ਾਹੇਂ(21)
ਜਿਨ ਕੇ ਪਰਤੋ(22) ਸੇ ਚਿਰਾਗਾਂ ਹੈਂ ਹਜ਼ਾਰੋਂ ਕੇ ਦਿਮਾਗ਼

ਯਿਹ ਭੀ ਹੈ, ਐਸੇ ਕਈ ਔਰ ਭੀ ਮਜ਼ਮੂੰ ਹੋਂਗੇ
ਲੇਕਿਨ ਉਸ ਸ਼ੋਖ਼ ਕੇ ਆਹਿਸਤਾ ਸੇ ਖੁਲਤੇ ਹੂਏ ਹੋਂਟ
ਹਾਏ ਉਸ ਜਿਸਮ ਕੇ ਕਮਬਖ਼ਤ ਦਿਲਆਵੇਜ਼(23) ਖ਼ਤੂਤ(24)
ਆਪ ਹੀ ਕਹੀਏ ਕਹੀਂ ਐਸੇ ਭੀ ਅਫਸੂੰ(25) ਹੋਂਗੇ

ਅਪਨਾ ਮੌਜ਼ੂ-ਏ-ਸੁਖਨ ਇਨ ਕੇ ਸਿਵਾ ਔਰ ਨਹੀਂ
ਤਬਆ-ਏ-ਸ਼ਾਇਰ(26) ਕਾ ਵਤਨ ਇਨ ਕੇ ਸਿਵਾ ਔਰ ਨਹੀਂ।

---

1. ਗੱਲ ਦਾ ਵਿਸ਼ਾ 2. ਬੁਝ ਰਹੀ ਹੈ 3. ਚੰਦ ਦਾ ਚਸ਼ਮਾ 4. ਛੋਹਣਗੇ 5. ਲਿਬਾਸ 6. ਅਸਪਸ਼ਟ 7. ਕੰਨ ਦਾ ਕਾਂਟਾ 8. ਦਿਲ ਟੁੰਬਣ ਵਾਲੀ ਸੁੰਦਰਤਾ 9. ਨਿੰਦਰਾਈਆਂ 10. ਸੋਚਾਂ 11. ਲਿਖਤ ਦਾ ਵਿਸ਼ਾ 12. ਮੂਲ ਮੁੱਦਾ 13. ਲਾਲ ਕਲੀਆਂ 14. ਜ਼ਿੰਦਗੀ ਤੇ ਮੌਤ 15. ਟੱਕਰ 16. ਪੁਰਖਿਆਂ 17. ਫੈਲੀ ਹੋਈ 18. ਖ਼ਲਕਤ 19. ਪਾਸੇ 20. ਭੇਤ ਭਰੀਆਂ 21. ਕਤਲਗਾਹਾਂ 22. ਰੌਸ਼ਨੀ 23. ਦਿਲਕਸ਼ 24. ਸਰੀਰ ਦੀ ਬਣਤਰ (ਲਕੀਰਾਂ) 25. ਜਾਦੂ 26. ਕਵੀ ਦੀ ਸੋਚ

•

## ਸੋਚ

ਕਿਉਂ ਮੇਰਾ ਦਿਲ ਸ਼ਾਦ (1) ਨਹੀਂ ਹੈ
ਕਿਉਂ ਖ਼ਾਮੋਸ਼ ਰਹਾ ਕਰਤਾ ਹੂੰ
ਛੋੜੋ ਮੇਰੀ ਰਾਮ ਕਹਾਨੀ
ਮੈਂ ਜੈਸਾ ਭੀ ਹੂੰ ਅੱਛਾ ਹੂੰ

ਮੇਰਾ ਦਿਲ ਗ਼ਮਗੀਂ(ਨ) ਹੈ ਤੋ ਕਿਆ
ਗ਼ਮਗੀਨ ਯਿਹ ਦੁਨੀਆ ਹੈ ਸਾਰੀ
ਯਿਹ ਦੁਖ ਤੇਰਾ ਹੈ ਨਾ ਮੇਰਾ
ਹਮ ਸਬ ਕੀ ਜਾਗੀਰ ਹੈ ਪਿਆਰੀ

ਤੂ ਗਰ ਮੇਰੀ ਭੀ ਹੋ ਜਾਏ
ਦੁਨੀਆ ਕੇ ਗ਼ਮ ਯੂੰ ਹੀ ਰਹੇਂਗੇ
ਪਾਪ ਕੇ ਫੰਦੇ, ਜ਼ੁਲਮ ਕੇ ਬੰਧਨ
ਅਪਨੇ ਕਹੇ ਸੇ ਕਟ ਨਾ ਸਕੇਂਗੇ

ਗ਼ਮ ਹਰ ਹਾਲਤ ਮੇਂ ਮੁਹਲਕ(2) ਹੈ
ਅਪਨਾ ਹੋ ਯਾ ਔਰ ਕਿਸੀ ਕਾ
ਰੋਨਾ, ਧੋਨਾ, ਜੀ ਕੋ ਜਲਾਨਾ
ਯੂੰ ਭੀ ਹਮਾਰਾ, ਯੂੰ ਭੀ ਹਮਾਰਾ

ਕਿਉਂ ਨਾ ਜਹਾਂ ਕਾ ਗ਼ਮ ਅਪਨਾ ਲੇਂ
ਬਾਅਦ ਮੇਂ ਸਬ ਤਦਬੀਰੇਂ ਸੋਚੇਂ
ਬਾਅਦ ਮੇਂ ਸੁਖ ਕੇ ਸਪਨੇ ਦੇਖੇਂ
ਸਪਨੋਂ ਕੀ ਤਾਅਬੀਰੇਂ ਸੋਚੇਂ

ਬੇਫ਼ਿਕਰੇ, ਧਨ ਦੌਲਤ ਵਾਲੇ
ਯਿਹ ਆਖ਼ਿਰ ਕਿਉਂ ਖ਼ੁਸ਼ ਰਹਿਤੇ ਹੈਂ
ਇਨ ਕਾ ਸੁਖ ਆਪਸ ਮੇਂ ਬਾਂਟੇਂ
ਯਿਹ ਭੀ ਆਖ਼ਿਰ ਹਮ ਜੈਸੇ ਹੈਂ

ਹਮ ਨੇ ਮਾਨਾ ਜੰਗ ਕੜੀ ਹੈ
ਸਰ ਫੂਟੇਂਗੇ, ਖ਼ੂਨ ਬਹੇਗਾ
ਖ਼ੂਨ ਮੇਂ ਗ਼ਮ ਭੀ ਬਹਿ ਜਾਏਗਾ
ਹਮ ਨਾ ਰਹੇ, ਗ਼ਮ ਭੀ ਨਾ ਰਹੇਗਾ।

---

1. ਖ਼ੁਸ਼ 2. ਮਾਰ ਦੇਣ ਵਾਲਾ

•

## ਮੁਝ ਸੇ ਪਹਿਲੀ-ਸੀ ਮੁਹੱਬਤ ਮੇਰੀ ਮਹਿਬੂਬ ਨਾ ਮਾਂਗ

ਮੁਝ ਸੇ ਪਹਿਲੀ-ਸੀ ਮੁਹੱਬਤ ਮੇਰੀ ਮਹਿਬੂਬ ਨਾ ਮਾਂਗ
ਮੈਂ ਨੇ ਸਮਝਾ ਥਾ ਕਿ ਤੂ ਹੈ ਤੋ ਦਰਖ਼ਸ਼ਾਂ (1) ਹੈ ਹਯਾਤ (2)
ਤੇਰਾ ਗ਼ਮ ਹੈ ਤੋ ਗ਼ਮ-ਏ-ਦਹਰ (3) ਕਾ ਝਗੜਾ ਕਿਆ ਹੈ
ਤੇਰੀ ਸੂਰਤ ਸੇ ਹੈ ਆਲਮ ਮੇਂ ਬਹਾਰੋਂ ਕੋ ਸਬਾਤ (4)
ਤੇਰੀ ਆਖੋਂ ਕੇ ਸਿਵਾ ਦੁਨੀਆ ਮੇਂ ਰੱਖਾ ਕਿਆ ਹੈ?
ਤੂ ਜੋ ਮਿਲ ਜਾਏ ਤੋ ਤਕਦੀਰ ਨਗੂੰ (5) ਹੋ ਜਾਏ
ਯੂੰ ਨਾ ਥਾ, ਮੈਂ ਨੇ ਫ਼ਕਤ (6) ਚਾਹਾ ਥਾ ਯੂੰ ਹੋ ਜਾਏ
ਔਰ ਵੀ ਦੁਖ ਹੈਂ ਜ਼ਮਾਨੇ ਮੇਂ ਮੁਹੱਬਤ ਕੇ ਸਿਵਾ
ਰਾਹਤੇਂ ਔਰ ਭੀ ਹੈਂ ਵਸਲ (7) ਕੀ ਰਾਹਤ ਕੇ ਸਿਵਾ
ਅਨਗਿਨਤ ਸਦੀਓਂ ਕੇ ਤਾਰੀਕ (8) ਬਹੀਮਾਨਾ (9) ਤਲਿਸਮ (10)

ਰੇਸ਼ਮ-ਓ-ਅਤਲਸ -(11)-ਓ-ਕਮਖ਼ਵਾਬ ਮੇਂ ਬੁਨਵਾਏ ਹੂਏ
ਜਾ-ਬ-ਜਾ ਬਿਕਤੇ ਹੂਏ ਕੂਚਾ-ਓ-ਬਾਜ਼ਾਰ ਮੇਂ ਜਿਸਮ
ਖ਼ਾਕ ਮੇ ਲਿਥੜੇ ਹੂਏ ਖ਼ੂਨ ਮੇਂ ਨਹਿਲਾਏ ਹੂਏ
ਜਿਸਮ ਨਿਕਲੇ ਹੂਏ ਇਮਰਾਜ (12) ਕੇ ਤੰਨੂਰੋਂ (13) ਸੇ
ਪੀਪ ਬਹਿਤੀ ਹੂਈ ਗਲਤੇ ਹੋਏ ਨਾਸੂਰੋਂ ਸੇ
ਲੌਟ ਜਾਤੀ ਹੈ ਉਧਰ ਕੋ ਭੀ ਨਜ਼ਰ ਕਿਆ ਕੀਜੇ
ਅਬ ਭੀ ਦਿਲਕਸ਼ ਤੇਰਾ ਹੁਸਨ ਮਗਰ ਕਿਆ ਕੀਜੇ
ਔਰ ਵੀ ਦੁੱਖ ਹੈਂ ਜ਼ਮਾਨੇ ਮੇਂ ਮੁਹੱਬਤ ਕੇ ਸਿਵਾ
ਰਾਹਤੇਂ ਔਰ ਭੀ ਹੈਂ ਵਸਲ ਕੀ ਰਾਹਤ ਕੇ ਸਿਵਾ
ਮੁਝ ਸੇ ਪਹਿਲੀ-ਸੀ ਮੁਹੱਬਤ ਮੇਰੀ ਮਹਿਬੂਬ ਨਾ ਮਾਂਗ।

---

1. ਖੜੀ ਹੋਈ 2. ਜ਼ਿੰਦਗੀ 3. ਦੁਨੀਆਦਾਰੀ ਦਾ 4. ਹੋਂਦ 5. ਝੁਕ ਜਾਏ 6. ਕੇਵਲ 7. ਮਿਲਣ 8. ਹਨੇਰੇ 9. ਪਸ਼ੂਆਂ ਵਰਗੇ 10. ਜਾਦੂ 11. ਕੀਮਤੀ ਰੇਸ਼ਮ ਦਾ ਕੱਪੜਾ 12. ਬੀਮਾਰੀਆਂ 13. ਤੰਦੂਰ

•

## ਸੁਬਹ-ਏ-ਆਜ਼ਾਦੀ

(ਅਗਸਤ 1947)

ਯਿਹ ਦਾਗ-ਦਾਗ ਉਜਾਲਾ ਯੇ ਸ਼ਬਗਜ਼ੀਦਾ (1) ਸਹਰ
ਵੁਹ ਇੰਤਜ਼ਾਰ ਥਾ ਜਿਸ ਕਾ ਯੇ ਵੋ ਸਹਰ ਤੋ ਨਹੀਂ
ਯਿਹ ਵੁਹ ਸਹਿਰ ਤੋ ਨਹੀਂ ਜਿਸਕੀ ਆਰਜ਼ੂ ਲੇ ਕਰ
ਚਲੇ ਥੇ ਯਾਰ ਕੇ ਮਿਲ ਜਾਏਗੀ ਕਹੀਂ ਨਾ ਕਹੀਂ
ਫ਼ਲਕ ਕੇ ਦਸ਼ਤ (2) ਮੇਂ ਤਾਰੋਂ ਕੀ ਆਖਰੀ ਮੰਜ਼ਿਲ
ਕਹੀਂ ਤੋਂ ਹੋਗਾ ਸ਼ਬ-ਏ-ਸੁਸਤ ਮੌਜ ਕਾ ਸਾਹਿਲ (3)
ਕਹੀ ਤੋਂ ਜਾ ਕੇ ਰੁਕੇਗਾ ਸਫ਼ੀਨਾ-ਏ-ਗਮ-ਏ-ਦਿਲ (4)

ਜਵਾਂ(ਨ) ਲਹੂ ਕੀ ਪੁਰ ਅਸਰਾਰ (5) ਸ਼ਾਹਰਾਹੋਂ (6) ਸੇ
ਚਲੇ ਜੋ ਯਾਰ ਤੋ ਦਾਮਨ ਪੇ ਕਿਤਨੇ ਹਾਥ ਪੜੇ
ਦਯਾਰ-ਏ-ਹੁਸਨ (7) ਕੀ ਬੇਸਬਰ ਖਵਾਬਗਾਹੋਂ (8) ਸੇ
ਪੁਕਾਰਤੀ ਰਹੀ ਬਾਹੇਂ ਬਦਨ ਬੁਲਾਤੇ ਰਹੇ
ਬਹੁਤ ਅਜ਼ੀਜ਼ ਥੀ ਲੇਕਿਨ ਰੁਖ਼-ਏ-ਸਹਿਰ (9) ਕੀ ਲਗਨ
ਬਹੁਤ ਕਰੀਂ(ਨ) ਥਾ ਹੁਸੀਨਾਨ-ਏ-ਨੂਰ ਕਾ ਦਾਮਨ
ਸੁਬਕ ਸੁਬਕ (10) ਥੀ ਤਮੰਨਾ, ਦਬੀ ਦਬੀ ਥੀ ਥਕਨ

ਸੁਨਾ ਹੈ ਹੋ ਭੀ ਚੁਕਾ ਹੈ ਫ਼ਿਰਾਕ -ਏ-ਜ਼ੁਲਮਤ-ਓ-ਨੂਰ (11)
ਸੁਣਾ ਹੈ ਹੋ ਭੀ ਚੁਕਾ ਹੈ ਵਸਾਲ-ਏ-ਮੰਜ਼ਲ-ਓ-ਗਾਮ (12)

ਬਦਲ ਚੁਕਾ ਹੈ ਬਹੁਤ ਅਹਿਲ-ਏ-ਦਰਦ ਕਾ ਦਸਤੂਰ
ਨਿਸ਼ਾਤ-ਏ-ਵਸਲ ਹਲਾਲ(13)-ਵ-ਅਜ਼ਾਬ-ਏ-ਹਿਜ਼ਰ-ਓ-ਹਰਾਮ(14)

ਜਿਗਰ ਕੀ ਆਗ, ਨਜ਼ਰ ਕੀ ਉਮੰਗ, ਦਿਲ ਕੀ ਜਲਨ
ਕਿਸੀ ਪੇ ਚਾਰਾ-ਏ-ਹਿਜ਼ਰਾਂ (15) ਕਾ ਕੁਛ ਅਸਰ ਹੀ ਨਹੀਂ

ਕਹਾਂ ਸੇ ਆਈ ਨਿਗਾਰ-ਏ-ਸਬਾ (16) ਕਿਧਰ ਕੋ ਗਈ
ਅਭੀ ਚਿਰਾਗ਼-ਏ-ਸਰ-ਏ-ਰਾਹ (17) ਕੋ ਕੁਛ ਖ਼ਬਰ ਹੀ ਨਹੀਂ

ਅਭੀ ਗਿਰਾਨੀ-ਏ-ਸ਼ਬ (18) ਮੇ ਕਮੀ ਨਹੀਂ ਆਈ
ਨਜਾਤ-ਏ-ਦੀਦਾ-ਓ-ਦਿਲ (19) ਕੀ ਘੜੀ ਨਹੀਂ ਆਈ
ਚਲੇ ਚਲੋ ਕਿ ਵੋ ਮੰਜ਼ਿਲ ਅਭੀ ਨਹੀਂ ਆਈ

---

1. ਰਾਤ ਦੀ ਡੰਗੀ ਹੋਈ 2. ਆਕਾਸ਼ ਦੇ ਜੰਗਲ ਵਿੱਚ 3. ਸੁਸਤ ਚਾਲ ਵਾਲੀ ਰਾਤ ਦਾ ਕਿਨਾਰਾ 4. ਦਿਲ ਦੇ ਗ਼ਮ ਦੀ ਕਿਸ਼ਤੀ 5. ਭੇਤ ਭਰੇ 6. ਸ਼ਾਹੀ ਰਸਤੇ 7. ਸੁੰਦਰਤਾ ਦੀ ਨਗਰੀ 8. ਬੇਚੈਨ ਰੈਣ ਬਸੇਰਿਆਂ ਤੋਂ 9. ਸਵੇਰ ਦੇਖਣ ਦੀ ਇੱਛਾ 10. ਕਾਹਲੀ ਕਾਹਲੀ 11. ਹਨੇਰ ਤੇ ਚਾਨਣ ਦੀ ਅਲਹਿਦਗੀ 12. ਮੰਜ਼ਲ ਤੇ ਰਸਤੇ ਦਾ ਮਿਲਾਪ 13. ਮਿਲਾਪ ਦਾ ਅਨੰਦ ਜਾਇਜ਼ 14. ਵਿਛੜੇ ਦਾ ਦਰਦ ਨਾਜ਼ਾਇਜ਼ 15. ਵਿਛੋੜੇ ਦਾ ਇਲਾਜ 16. ਸਵੇਰ ਦੀ ਹਵਾ ਦੀ ਸ਼ਾਨ 17. ਰਸਤੇ 'ਤੇ ਜਲਦਾ ਦੀਵਾ18. ਰਾਤ ਦਾ ਬੋਝ 19. ਦੇਖਣ ਤੇ ਮਹਿਸੂਸ ਕਰਨ ਦੀ ਆਜ਼ਾਦੀ

•

## ਤੁਮ ਆਏ ਹੋ....

ਤੁਮ ਆਏ ਹੋ ਨਾ ਸ਼ਬ-ਏ-ਇੰਤਜ਼ਾਰ(1) ਗੁਜ਼ਰੀ ਹੈ
ਤਲਾਸ਼ ਮੇਂ ਹੈ ਸਹਰ(2) ਬਾਰ-ਬਾਰ ਗੁਜ਼ਰੀ ਹੈ

ਜਨੂੰ (3) ਮੇਂ ਜਿਤਨੀ ਭੀ ਗੁਜ਼ਰੀ ਬ-ਕਾਰ (4) ਗੁਜ਼ਰੀ ਹੈ
ਅਗਰਚਿ (5) ਦਿਲ ਪਿ: ਖ਼ਰਾਬੀ ਹਜ਼ਾਰ ਗੁਜ਼ਰੀ ਹੈ

ਹੂਈ ਹੈ ਹਜ਼ਰਤ-ਏ-ਨਾਸਿਹ(6) ਸੇ ਗੁਫਤਗੂ(7) ਜਿਸ ਸ਼ਬ(8)
ਵੁਹ ਸ਼ਬ ਜ਼ਰੂਰ ਸਰ-ਏ-ਕੂ-ਏ-ਯਾਰ(9) ਗੁਜ਼ਰੀ ਹੈ

ਵੁਹ ਬਾਤ ਸਾਰੇ ਫਸਾਨੇ ਮੇਂ ਜਿਸ ਕਾ ਜ਼ਿਕਰ ਨਾ ਥਾ
ਵਹੁ ਬਾਤ ਉਨ ਕੋ ਬਹੁਤ ਨਾਗਵਾਰ ਗੁਜ਼ਰੀ ਹੈ

ਨਾ ਗੁਲ ਖਿਲੇ ਹੈਂ ਨਾ ਉਨ ਸੇ ਮਿਲੇਂ ਨਾ ਮੈਅ(10) ਪੀ ਹੈ
ਅਜੀਬ ਰੰਗ ਮੇਂ ਅਬ ਕੇ ਬਹਾਰ ਗੁਜ਼ਰੀ ਹੈ

ਚਮਨ ਪਿ: ਗ਼ਾਰਤ-ਏ-ਗੁਲਚੀਂ(11) ਸੇ ਜਾਨੇ ਕਿਆ ਗੁਜ਼ਰੀ
ਕਫ਼ਸ(12) ਸੇ ਆਜ ਸਬਾ(13) ਬੇਕਰਾਰ ਗੁਜ਼ਰੀ ਹੈ

---

1. ਇੰਤਜ਼ਾਰ ਦੀ ਰਾਤ 2. ਸਵੇਰ 3. ਪਾਗਲਪਨ 4. ਕੰਮ ਵਿੱਚ 5. ਜਦੋਂ ਕਿ 6. ਉਪਦੇਸ਼ਕ 7. ਗੱਲਬਾਤ 8. ਰਾਤ 9. ਯਾਰ ਦੀ ਗਲੀ ਵਿੱਚ 10. ਸ਼ਰਾਬ 11. ਫੁੱਲ ਤੋੜਨ ਵਾਲੇ ਵੱਲੋਂ ਕੀਤੀ ਤਬਾਹੀ ਨਾਲ 12. ਪਿੰਜਰਾ 13. ਹਵਾ

•

## ਤਰਾਨਾ

ਦਰਬਾਰ-ਏ-ਵਤਨ ਮੇਂ ਜਬ ਇਕ ਦਿਨ ਸਬ ਜਾਣੇ ਵਾਲੇ ਜਾਏਂਗੇ
ਕੁਛ ਅਪਨੀ ਸਜ਼ਾ ਕੋ ਪਹੁੰਚੇਂਗੇ, ਕੁਛ ਅਪਨੀ ਜਜ਼ਾ(1) ਲੇ ਜਾਏਂਗੇ
ਐ ਖ਼ਾਕ ਨਸ਼ੀਨੋ ਉਠ ਬੈਠੋ, ਵੁਹ ਵਕਤ ਕਰੀਬ ਆ ਪਹੁੰਚਾ ਹੈ
ਜਬ ਤਖ਼ਤ ਗਿਰਾਏ ਜਾਏਂਗੇ, ਜਬ ਤਾਜ ਉਛਾਲੇ ਜਾਏਂਗੇ
ਅਬ ਟੂਟ ਗਿਰੇਂਗੀ ਜ਼ੰਜੀਰੇਂ, ਅਬ ਜ਼ਿੰਦਾਨੋਂ(2) ਕੀ ਖ਼ੈਰ ਨਹੀਂ
ਜੋ ਦਰਿਆ ਝੂਮ ਕੇ ਉਠੇ ਹੈਂ, ਤਿਨਕੋ ਸੇ ਨਾ ਟਾਲੇ ਜਾਏਂਗੇ
ਕਟਤੇ ਭੀ ਚਲੋ, ਬੜ੍ਹਤੇ ਭੀ ਚਲੋ, ਬਾਜ਼ੂ ਭੀ ਬਹੁਤ ਹੈਂ, ਸਰ ਭੀ ਬਹੁਤ
ਚਲਤੇ ਭੀ ਚਲੋ, ਕਿ ਅਬ ਡੇਰੇ ਮੰਜ਼ਲ ਪਿ: ਹੀ ਡਾਲੇ ਜਾਏਂਗੇ
ਐ ਜ਼ੁਲਮ ਕੇ ਮਾਤੋ(3) ਲਬ ਖੋਲ੍ਹੋ, ਚੁੱਪ ਰਹਿਨੇ ਵਾਲੇ ਚੁੱਪ ਕਬ ਤਕ
ਕੁਛ ਹਸ਼ਰ(4) ਤੋ ਇਨ ਸੇ ਉਠੇਗਾ, ਕੁਛ ਦੂਰ ਤੋਂ ਨਾਲੇ(5) ਜਾਏਂਗੇ

---

1. ਨੇਕੀ ਦਾ ਸਿਲਾ 2. ਜੇਲ੍ਹ ਖਾਨਿਆਂ 3. ਜ਼ੁਲਮ ਦੇ ਮਾਰੇ 4. ਸ਼ੋਰ 5. ਰੋਣਾ

•

## ਨਿਸਾਰ ਮੈਂ ਤੇਰੀ ਗਲੀਓਂ ਕੇ

ਨਿਸਾਰ ਮੈਂ ਤੇਰੀ ਗਲੀਓਂ ਕੇ ਐ-ਵਤਨ ਕਿ ਜਹਾਂ
ਚਲੀ ਹੈ ਰਸਮ ਕਿ ਕੋਈ ਨਾ ਸਿਰ ਉਠਾ ਕੇ ਚਲੇ
ਜੋ ਕੋਈ ਚਾਹਨੇ ਵਾਲਾ ਤਵਾਫ਼(1) ਕੋ ਨਿਕਲੇ

ਨਜ਼ਰ ਚੁਰਾ ਕੇ ਚਲੇ ਜਿਸਮ-ਓ-ਜਾਂ ਬਚਾ ਕੇ ਚਲੇ

ਹੈ ਅਹਿਲ-ਏ-ਦਿਲ (2) ਕੇ ਲੀਏ ਅਬ ਯਿਹ ਨਜ਼ਮ-ਏ-ਬਸਤ-ਓ-ਕੁਸ਼ਾਦ (3)
ਕਿ ਸੰਗ-ਓ-ਖਿਸ਼ਤ (4) ਮੁਕੱਈਅਦ (5) ਹੈ ਔਰ ਸਗ ਆਜ਼ਾਦ

ਬਹੁਤ ਹੈ ਜ਼ੁਲਮ ਕੇ ਦਸਤ-ਏ-ਬਹਾਨਾ-ਜੂ (6) ਕੇ ਲੀਏ
ਜੋ ਚੰਦ ਅਹਿਲ-ਏ-ਜਨੂੰ (7) ਤੇਰੇ ਨਾਮ ਲੇਵਾ ਹੈਂ
ਬਨੇ ਹੈਂ ਅਹਿਲ-ਏ-ਹਵਸ (8) ਮੁਦਈ(9) ਭੀ ਮੁਨਸਿਫ਼(10) ਭੀ
ਕਿਸੇ ਵਕੀਲ ਕਰੇਂ ਕਿਸ ਸੇ ਮੁਨਸਫੀ(11) ਚਾਹੇਂ

ਮਗਰ ਗੁਜ਼ਾਰਨੇ ਵਾਲੋਂ ਕੇ ਦਿਨ ਗੁਜ਼ਰਤੇ ਹੈਂ
ਤੇਰੇ ਫ਼ਿਰਾਕ (12) ਮੇਂ ਯੂੰ ਸੁਬਹ-ਓ-ਸ਼ਾਮ ਕਰਤੇ ਹੈਂ

ਬੁਝਾ ਜੋ ਰੌਜ਼ਨ -ਏ-ਜ਼ਿੰਦਾ (13) ਤੋ ਦਿਲ ਯਿਹ ਸਮਝਾ ਹੈ
ਕਿ ਤੇਰੀ ਮਾਂਗ ਸਿਤਾਰੋਂ ਸੇ ਭਰ ਗਈ ਹੋਗੀ
ਚਮਕ ਉਠੇ ਹੈਂ ਸਲਾਸਲ (14) ਤੋ ਹਮਨੇ ਜਾਨਾ ਹੈ
ਕਿ ਅਬ ਸਹਰ ਤੇਰੇ ਰੁਖ਼ ਪਿ: ਬਿਖਰ ਗਈ ਹੋਗੀ
ਗ਼ਰਜ਼ ਤਸੱਵਰ-ਏ-ਸ਼ਾਮ-ਓ-ਸਹਰ ਮੇਂ ਜੀਤੇ ਹੈਂ
ਗ੍ਰਿਫ਼ਤ-ਏ-ਸਾਇਆ-ਏ-ਦੀਵਾਰ-ਓ-ਦਰ ਮੇਂ ਜੀਤੇ ਹੈਂ

ਯੂੰ ਹੀ ਹਮੇਸ਼ਾਂ ਉਲਝਤੀ ਰਹੀ ਹੈ ਜ਼ੁਲਮ ਸੇ ਖ਼ਲਕ
ਨਾ ਉਨਕੀ ਰਸਮ ਨਈ ਹੈ, ਨਾ ਅਪਨੀ ਰੀਤ ਨਈ
ਯੂੰ ਹੀ ਹਮੇਸ਼ਾਂ ਖਿਲਾਏ ਹੈਂ ਹਮ ਨੇ ਆਗ ਮੇਂ ਫੂਲ
ਨਾ ਉਨ ਕੀ ਹਾਰ ਨਈ ਹੈ ਨਾ ਆਪਣੀ ਜੀਤ ਨਈ
ਇਸੀ ਸਬੱਬ ਸੇ ਫ਼ਲਕ ਕਾ ਗਿਲਾ ਨਹੀਂ ਕਰਤੇ
ਤੇਰੇ ਫ਼ਿਰਾਕ ਮੇਂ ਹਮ ਦਿਲ ਬੁਰਾ ਨਹੀਂ ਕਰਤੇ

ਗਰ ਆਜ ਤੁਝਸੇ ਜੁਦਾ ਹੈਂ ਤੋ ਕਲ ਬਹਮ(15) ਹੋਂਗੇ
ਯਿਹ ਰਾਤ ਭਰ ਕੀ ਜੁਦਾਈ ਤੋ ਕੋਈ ਬਾਤ ਨਹੀਂ
ਗਰ ਆਜ ਔਜ(16) ਪਿ: ਹੈ ਤਾਲਿਹ-ਰਕੀਬ(17) ਤੋ ਕਿਆ
ਯਿਹ ਚਾਰ ਦਿਨ ਕੀ ਖ਼ੁਦਾਈ ਤੋ ਕੋਈ ਬਾਤ ਨਹੀਂ
ਜੋ ਤੁਝਸੇ ਅਹਿਦ-ਏ-ਵਫ਼ਾ ਉਸਤਵਾਰ (18) ਰਖਤੇ ਹੈਂ
ਇਲਾਜ-ਏ-ਗਰਦਸ਼-ਏ ਲੈਲ-ਓ-ਨਿਹਾਰ (19) ਰਖਤੇ ਹੈਂ

---

1. ਪਰਕਰਮਾ 2. ਦਿਲ ਵਾਲਿਆਂ 3. ਆਜ਼ਾਦੀ ਬੰਦਸ਼ ਦੇ ਨਿਯਮ
4. ਇੱਟਾਂ-ਪੱਥਰ 5. ਕੈਦੀ 6. ਬਹਾਨੇਬਾਜ਼ ਹੱਥਾਂ ਲਈ 7. ਦੀਵਾਨੇ
8. ਲਾਲਚੀ 9. ਨਿਆਂ ਮੰਗਣ ਵਾਲੇ 10. ਨਿਆਂ ਕਰਨ ਵਾਲੇ 11. ਨਿਆਂ, ਇਨਸਾਫ 12. ਵਿਯੋਗ 13. ਕੈਦਖ਼ਾਨੇ ਦਾ ਰੋਸ਼ਨਦਾਨ 14. ਸਿਲਸਿਲੇ
15. ਇਕੱਠੇ 16. ਉਚਾਈ 'ਤੇ 17. ਦੁਸ਼ਮਣ ਦੀ ਤਕਦੀਰ 18. ਵਫ਼ਾ ਦੇ ਇਕਰਾਰ ਨੂੰ ਪਾਇਦਾਰ 19. ਰਾਤ ਦਿਨ ਦੇ ਚੱਕਰ ਦਾ ਇਲਾਜ

•

## ਸ਼ੀਸ਼ੋਂ ਕਾ ਮਸੀਹਾ ਕੋਈ ਨਹੀਂ

ਮੋਤੀ ਹੋ ਕਿ ਸ਼ੀਸ਼ਾ, ਜਾਮ(1) ਕਿ ਦੁਰ(2)
ਜੋ ਟੂਟ ਗਿਆ, ਸੋ ਟੂਟ ਗਿਆ
ਕਬ ਅਸ਼ਕੋਂ ਸੇ ਜੁੜ ਸਕਤਾ ਹੈ
ਜੋ ਟੂਟ ਗਿਆ, ਸੋ ਛੁਟ ਗਿਆ

ਤੁਮ ਨਾਹਕ(3) ਟੁਕੜੇ ਚੁਨ ਚੁਨ ਕਰ
ਦਾਮਨ ਮੇਂ ਛਿਪਾਏਂ ਬੈਠੇ ਹੋ
ਸ਼ੀਸ਼ੋਂ ਕਾ ਮਸੀਹਾ ਕੋਈ ਨਹੀਂ
ਕਿਆ ਆਸ ਲਗਾਏ ਬੈਠੇ ਹੋ

ਸ਼ਾਇਦ ਕਿ ਇਨਹੀ ਟੁਕੜੋਂ ਮੇਂ ਕਹੀਂ
ਵੁਹ ਸਾਗ਼ਰ-ਏ-ਦਿਲ(4) ਜਿਸ ਮੇਂ ਕਭੀ
ਸਦ ਨਾਜ਼(5) ਸੇ ਉਤਰਾ ਕਰਤੀ ਥੀ
ਸਹਿਬਾ(6)-ਏ-ਗ਼ਮ-ਏ-ਜਾਨਾਂ(7) ਕੀ ਪਰੀ

ਫਿਰ ਦੁਨੀਆ ਵਾਲੋਂ ਨੇ ਤੁਮ ਸੇ
ਯਿਹ ਸਾਗ਼ਰ (8) ਲੇ ਕਰ ਤੋੜ ਦੀਆ
ਜੋ ਮੈ (9) ਥੀ ਬਹਾ ਦੀ ਮਿੱਟੀ ਮੇਂ
ਮਹਿਮਾਨ ਕਾ ਸ਼ਹਿਪਰ(10) ਤੋੜ ਦੀਆਂ

ਯਿਹ ਰੰਗੀਂ(ਨ) ਰੇਜ਼ੇ ਹੈਂ ਸ਼ਾਇਦ
ਉਨ ਸ਼ੋਖ਼ ਬਿਲੌਰੀ ਸਪਨੋਂ ਕੇ
ਤੁਮ ਮਸਤ ਜਵਾਨੀ ਮੇਂ ਜਿਨ ਸੇ
ਖ਼ਿਲਵਤ (11) ਸਜਾਇਆ ਕਰਤੇ ਥੇ

ਨਾਦਾਰੀ (12) ਦਫ਼ਤਰ, ਭੂਕ ਔਰ ਗ਼ਮ
ਇਨ ਸਪਨੋਂ ਸੇ ਟਕਰਾਤੇ ਰਹੇ
ਬੇਰਹਿਮ ਥਾ ਚੌਮੁਖ ਪਥਰਾਓ
ਯਿਹ ਕਾਂਚ ਕੇ ਢਾਂਚੇ ਕਿਆ ਕਰਤੇ

ਯਾ ਸ਼ਾਇਦ ਇਨ ਜ਼ੱਰੇ ਮੇਂ ਕਹੀਂ
ਮੋਤੀ ਹੈ ਤੁਮਹਾਰੀ ਇੱਜ਼ਤ ਕਾ
ਵੁਹ ਜਿਸ ਸੇ ਤੁਮਹਾਰੇ ਅਜਜ਼ (13) ਪਿ: ਭੀ
ਸ਼ਮਸ਼ਾਦਕਦੋਂ(14) ਨੇ ਰਸ਼ਕ ਕਿਆ

ਇਸ ਮਾਲ ਕੀ ਧੁਨ ਮੇਂ ਫਿਰਤੇ ਥੇ
ਤਾਜਰ ਭੀ ਬਹੁਤ, ਰਾਹਜ਼ਨ ਭੀ ਕਈ
ਹੈ ਚੋਰ ਨਗਰ ਯਾਂ ਮੁਫ਼ਲਿਸ ਕੀ
ਗਰ ਜਾਨ ਬਚੀ ਤੋ ਆਨ ਗਈ

ਯਿਹ ਸਾਗ਼ਰ, ਸ਼ੀਸ਼ੇ, ਲਾਲ-ਓ-ਗੌਹਰ (15)
ਸਾਲਮ ਹੋ ਤੋ ਕੀਮਤ ਪਾਤੇ ਹੈਂ
ਯੂੰ ਟੁਕੜੇ ਟੁਕੜੇ ਹੋਂ, ਤੋਂ ਫ਼ਕਤ
ਚੁਭਤੇ ਹੈਂ, ਲਹੂ ਰੁਲਵਾਤੇ ਹੈਂ

ਤੁਮ ਨਾਹਕ ਸ਼ੀਸ਼ੇ ਚੁਨ ਚੁਨ ਕਰ!
ਦਾਮਨ ਮੇਂ ਛੁਪਾਏ ਬੈਠੇ ਹੋ
ਸ਼ੀਸ਼ੋਂ ਕਾ ਮਸੀਹਾ ਕੋਈ ਨਹੀਂ
ਕਿਆ ਆਸ ਲਗਾਏ ਬੈਠੇ ਹੋ

ਯਾਦੋਂ ਦੇ ਗਰੇਬਾਨੋਂ ਕੇ ਰਫ਼ੂ
ਪਰ ਦਿਲ ਦੀ ਗੁਜ਼ਰ ਕਬ ਹੋਤੀ ਹੈ
ਇਕ ਬਖ਼ੀਆ ਉਧੇੜਾ, ਏਕ ਸੀਆ
ਯੂੰ ਉਮਰ ਬਸਰ ਕਬ ਹੋਤੀ ਹੈ

ਇਸ ਕਾਰਗਾਹ-ਏ-ਹਸਤੀ (16) ਮੇਂ ਜਹਾਂ
ਯਿਹ ਸਾਗ਼ਰ, ਸ਼ੀਸ਼ੇ ਢਲਤੇ ਹੈਂ
ਹਰ ਸ਼ੈ ਕਾ ਬਦਲ ਮਿਲ ਸਕਤਾ ਹੈ
ਸਬ ਦਾਮਨ ਪੁਰ ਹੋ ਸਕਤੇ ਹੈਂ

ਜੋ ਹਾਥ ਬੜ੍ਹੇ ਯਾਵਰ (17) ਹੈ ਯਹਾਂ
ਜੋ ਆਂਖ ਉਠੇ ਵੁਹ ਬਖ਼ਤਾਵਰ
ਯਾਂ ਧਨ ਦੌਲਤ ਕਾ ਅੰਤ ਨਹੀਂ
ਹੋ ਘਾਤ ਮੇਂ ਡਾਕੂ ਲਾਖ, ਮਗਰ

ਕਬ ਲੂਟ ਝਪਟ ਸੇ ਹਸਤੀ ਕੀ
ਦੋਕਾਨੇਂ ਖ਼ਾਲੀ ਹੋਤੀ ਹੈਂ
ਯਾਂ ਪਰਬਤ ਪਰਬਤ ਹੀਰੇ ਹੈਂ
ਯਾਂ ਸਾਗ਼ਰ ਸਾਗ਼ਰ ਮੋਤੀ ਹੈਂ

ਕੁਛ ਲੋਗ ਹੈਂ ਜੋ ਇਸ ਦੌਲਤ ਪਰ
ਪਰਦੇ ਲਟਕਾਤੇ ਫਿਰਤੇ ਹੈਂ
ਹਰ ਪਰਬਤ ਕੋ, ਹਰ ਸਾਗਰ ਕੋ
ਨੀਲਾਮ ਚੜ੍ਹਾਤੇ ਫਿਰਤੇ ਹੈਂ

ਕੁਛ ਵੁਹ ਭੀ ਹੈਂ ਜੋ ਲੜ ਭਿੜ ਕਰ
ਯਿਹ ਪਰਦੇ ਨੋਚ ਗਿਰਾਤੇ ਹੈਂ
ਹਸਤੀ ਕੇ ਉਠਾਈਗੀਰੋਂ ਕੀ
ਹਰ ਚਾਲ ਉਲਝਾਏ ਜਾਤੇ ਹੈਂ

ਇਨ ਦੋਨੋਂ ਮੇਂ ਰਣ ਪੜਤਾ ਹੈ
ਨਿੱਤ ਬਸਤੀ ਬਸਤੀ ਨਗਰ ਨਗਰ
ਹਰ ਬਸਤੇ ਘਰ ਕੀ ਸੀਨੇ ਮੇਂ
ਹਰ ਚਲਤੀ ਰਾਹ ਕੇ ਮਾਥੇ ਪਰ

ਯਿਹ ਕਾਲਕ ਭਰਤੇ ਫਿਰਤੇ ਹੈਂ
ਵੁਹ ਜੋਤ ਜਗਾਤੇ ਫਿਰਤੇ ਹੈਂ
ਯਿਹ ਆਗ ਲਗਾਤੇ ਫਿਰਤੇ ਹੈਂ
ਵੁਹ ਆਗ ਬੁਝਾਤੇ ਰਹਿਤੇ ਹੈਂ

ਸਬ ਸਾਗ਼ਰ, ਸ਼ੀਸ਼ੇ, ਲਾਲ-ਓ-ਗੌਹਰ
ਇਸ ਬਾਜ਼ੀ ਮੇਂ ਬਦ ਜਾਤੇ ਹੈਂ
ਉਠੋ ਸਬ ਖ਼ਾਲੀ ਹਾਥੋਂ ਕੋ
ਇਸ ਰਣ ਸੇ ਬੁਲਾਵੇ ਆਤੇ ਹੈਂ

---

1. ਸ਼ਰਾਬ ਵਾਲਾ ਪਿਆਲਾ 2. ਹੀਰਾ 3. ਬੇਅਰਥ 4. ਦਿਲ ਦਾ ਸ਼ੀਸ਼ਾ 5. ਸੈਂਕੜੇ ਨਖ਼ਰੇ 6. ਲਾਲ ਸ਼ਰਾਬ 7. ਮਹਿਬੂਬਾ ਦੇ ਗ਼ਮ ਦੀ ਪਰੀ 8. ਪਿਆਲਾ 9. ਸ਼ਰਾਬ 10. ਪੰਛੀ ਦਾ ਸਭ ਤੋਂ ਵੱਡਾ ਪਰ 11. ਤਨਹਾਈ 12. ਗਰੀਬੀ 13. ਤਰਲੇ 14. ਉੱਚੇ ਕੱਦ ਵਾਲੇ 15. ਹੀਰੇ ਮੋਤੀ 16. ਜ਼ਿੰਦਗੀ ਦੇ ਕਾਰਖ਼ਾਨੇ ਵਿੱਚ 17. ਤਾਕਤਵਰ

•

## ਜ਼ਿੰਦਾ ਕੀ ਏਕ ਸ਼ਾਮ

ਸ਼ਾਮ ਕੇ ਪੇਚ-ਓ-ਖ਼ਮ(1) ਸਿਤਾਰੋਂ ਸੇ
ਜ਼ੀਨਾ ਜ਼ੀਨਾ(2) ਉਤਰ ਰਹੀ ਹੈ ਰਾਤ
ਯੂੰ ਸਬਾ ਪਾਸ ਸੇ ਗੁਜ਼ਰਤੀ ਹੈ
ਜੈਸੇ ਕਹਿ ਦੀ ਕਿਸੀ ਨੇ ਪਿਆਰ ਕੀ ਬਾਤ
ਸਿਹਨ-ਏ-ਜ਼ਿੰਦਾਂ(3) ਬੇਵਤਨ ਅਸ਼ਜਾਰ (4)
ਸਰ-ਨਗੂੰ (5) ਮਹਿਵ (6) ਹੈਂ ਬਨਾਨੇ ਮੇਂ
ਦਾਮਨ-ਏ-ਆਸਮਾਂ (7) ਪਿ: ਨਕਸ਼-ਓ-ਨਿਗਾਰ
ਸ਼ਾਨਾ-ਏ-ਬਾਮ(8) ਪਰ ਦਮਕਤਾ ਹੈ!
ਮਿਹਰਬਾਂ(ਨ) ਚਾਂਦਨੀ ਕਾ ਦਸਤ-ਏ-ਜਮੀਲ(9)
ਖ਼ਾਕ ਮੇਂ ਘੁਲ ਗਈ ਹੈ ਆਬ-ਏ-ਨਜੂਮ (10)
ਨੂਰ ਮੇਂ ਘੁਲ ਗਿਆ ਹੈ ਅਰਸ਼(11) ਕਾ ਨੀਲ
ਸਬਜ਼(12) ਗੋਸ਼ੋਂ ਮੇਂ ਨੀਲਗੂੰ (13) ਸਾਏ
ਲਹਿਲਹਾਤੇ ਹੈਂ ਜਿਸ ਤਰਹ ਦਿਲ ਮੇਂ
ਮੌਜ-ਏ-ਦਰਦ-ਏ-ਫ਼ਿਰਾਕ-ਏ-ਯਾਰ (14) ਆਏ
ਦਿਲ ਸੇ ਪੈਹਮ(15) ਖ਼ਿਆਲ ਕਹਿਤਾ ਹੈ
ਇਤਨੀ ਸ਼ੀਰੀ ਹੈ ਜ਼ਿੰਦਗੀ ਇਸ ਪਲ
ਜ਼ੁਲਮ ਕਾ ਜ਼ਹਿਰ ਘੋਲਨੇ ਵਾਲੇ
ਕਾਮਰਾਂ(16) ਹੋ ਸਕੇਂਗੇ ਆਜ ਨਾ ਕੱਲ੍ਹ
ਜਲਵਾਗਾਹ-ਏ-ਵਸਾਲ (17) ਕੀ ਸ਼ਮਏਂ
ਵੁਹ ਬੁਝਾ ਭੀ ਚੁਕੇ ਅਗਰ ਤੋ ਕਿਆ
ਚਾਂਦ ਕੋ ਗੁਲ ਕਰੇਂ ਤੋਂ ਹਮ ਜਾਨੇ

---

1. ਵਲੇਵੇਂਦਾਰ 2. ਪੌੜੀ ਪੌੜੀ ਕਰਦੇ 3. ਜੇਲ੍ਹ ਦਾ ਵਿਹੜਾ 4. ਦਰੱਖ਼ਤ 5. ਸਿਰ ਝੁਕਾਈ 6. ਮਸਤ 7. ਆਸਮਾਨ ਦੇ ਪੱਲੂ ਤੇ 8. ਬਨੇਰੇ ਤੇ 9. ਖ਼ੂਬਸੂਰਤ ਹੱਥ 10. ਤਾਰਿਆਂ ਦਾ ਪਾਣੀ 11. ਆਕਾਸ਼ 12. ਹਰੇ ਕੋਨੇ 13. ਨੀਲੱਤਣ ਵਾਲੇ 14. ਯਾਰ ਦੇ ਵਿਛੋੜੇ ਦੇ ਦਰਦ ਦੀ ਲਹਿਰ 15. ਲਗਾਤਾਰ 16. ਕਾਮਯਾਬ 17. ਮਿਲਾਪ ਵਾਲੀ, ਸ਼ਾਨ ਵਾਲੀ ਥਾਂ

•

## ਯਾਦ

ਦਸ਼ਤ-ਏ-ਤਨਹਾਈ(1) ਮੇਂ ਐ ਜਾਨ-ਏ-ਜਹਾਂ ਲਰਜ਼ਾਂ(2) ਹੈ
ਤੇਰੀ ਆਵਾਜ਼ ਕੇ ਸਾਏ, ਤੇਰੇ ਹੋਟੋਂ ਕੇ ਸਰਾਬ (3)
ਦਸ਼ਤੇ-ਏ-ਤਨਹਾਈ ਮੇਂ ਦੂਰੀ ਕੇ ਖ਼ਸ-ਓ-ਖ਼ਾਕ (4) ਤਲੇ
ਖਿਲ ਰਹੇ ਹੈਂ ਤੇਰੇ ਪਹਿਲੂ ਕੇ ਸਮਨ(5) ਔਰ ਗੁਲਾਬ

ਉੱਠ ਰਹੀ ਹੈ ਕਹੀਂ ਕੁਰਬਤ (6) ਸੇ ਤੇਰੀ ਸਾਂਸ ਕੀ ਆਂਚ
ਅਪਨੀ ਖੁਸ਼ਬੂ ਮੇਂ ਸੁਲਗਤੀ ਹੁਈ ਮੱਧਮ-ਮੱਧਮ
ਦੂਰ, ਉਫ਼ਕ(7) ਪਾਰ, ਚਮਕਤੀ ਹੁਈ ਕਤਰਾ-ਕਤਰਾ
ਗਿਰ ਰਹੀ ਤੇਰੀ ਦਿਲਦਾਰ ਨਜ਼ਰ ਕੀ ਸ਼ਬਨਮ(8)

ਇਸ ਕਦਰ ਪਿਆਰ ਸੇ ਐ ਜਾਨ-ਏ-ਜਹਾਂ(9) ਰੱਖਾ ਹੈ
ਦਿਲ ਕੇ ਰੁਖ਼ਸਾਰ ਪਿ: ਇਸ ਵਕਤ ਤੇਰੀ ਯਾਦ ਨੇ ਹਾਥ

ਯੂੰ ਗੁਮਾਂ(10) ਹੋਤਾ ਹੈ ਗਰਚਿ ਹੈ ਅਭੀ ਸੁਬਹ-ਏ-ਫ਼ਿਰਾਕ(11)
ਢਲ ਗਿਆ ਹਿਜਰ(12) ਕਾ ਦਿਨ ਆ ਵੀ ਗਈ ਵਸਲ(13) ਕੀ ਰਾਤ

---

1. ਏਕਾਂਤ ਦੇ ਜੰਗਲ ਵਿੱਚ 2. ਕੰਬਦੇ 3. ਨਜ਼ਰ ਦੇ ਭੁਲੇਖੇ, ਮ੍ਰਿਗ ਤ੍ਰਿਸ਼ਨਾ 4. ਮਿੱਟੀ ਘੱਟੇ ਹੇਠ 5. ਚਮੇਲੀ 6. ਨੇੜਤਾ 7. ਖਿਤਿਜ 8. ਤ੍ਰੇਲ 9. ਜਾਨੋਂ ਕੀ ਜਾਨ, ਪ੍ਰਿਆ 10. ਇਸ ਤਰ੍ਹਾਂ ਲੱਗਦਾ ਹੈ 11. ਵਿਛੋੜੇ ਦੀ ਸਵੇਰ 12. ਵਿਯੋਗ 13. ਮਿਲਣ

•

## ਸਬ ਕਤਲ ਹੋ ਕੇ ਤੇਰੇ ਮੁਕਾਬਲ ਸੇ ਆਏ ਹੈਂ

ਸਬ ਕਤਲ ਹੋ ਕੇ ਤੇਰੇ ਮੁਕਾਬਲ (1) ਸੇ ਆਏ ਹੈਂ
ਹਮ ਲੋਗ ਸੁਰਖ਼ਰੂ ਹੈਂ ਕਿ ਮੰਜ਼ਿਲ ਸੇ ਆਏ ਹੈਂ

ਸ਼ਮਅ-ਏ-ਨਜ਼ਰ ਖਿਆਲ ਕੇ ਅੰਜੁਮ(2) ਜਿਗਰ ਕੇ ਦਾਗ਼
ਜਿਤਨੇ ਚਿਰਾਗ਼ ਹੈਂ ਤੇਰੀ ਮਹਿਫਲ ਸੇ ਆਏ ਹੈਂ

ਉਠ ਕਰ ਤੋ ਆ ਗਏ ਹੈਂ ਤੇਰੀ ਬਜ਼ਮ(3) ਸੇ ਮਗਰ
ਕੁਛ ਦਿਲ ਹੀ ਜਾਣਤਾ ਹੈ ਕਿ ਕਿਸ ਦਿਲ ਸੇ ਆਏ ਹੈਂ।

ਹਰ ਇਕ ਕਦਮ ਅਜਲ (4) ਥਾ ਹਰ ਇਕ ਗਾਮ(5) ਜ਼ਿੰਦਗੀ
ਹਮ ਘੂਮ ਫਿਰਕੇ ਕੂਚਾ-ਏ-ਕਾਤਿਲ (6) ਸੇ ਆਏ ਹੈਂ

ਬਾਦ-ਏ-ਖਿਜ਼ਾਂ(7) ਕਾ ਸ਼ੁਕਰ ਕਰੋ "ਫ਼ੈਜ਼" ਜਿਸਕੇ ਹਾਥ
ਨਾਮੇ(8) ਕਿਸੀ ਬਹਾਰ-ਏ-ਸ਼ਮਾਇਲ(9) ਸੇ ਆਏ ਹੈਂ

1. ਸਾਹਮਣੇ ਤੋਂ 2. ਤਾਰੇ 3. ਸਭਾ 4. ਮੌਤ 5. ਕਦਮ 6. ਕਾਤਿਲ ਦੀ ਗਲੀ 7. ਪੱਤਝੜ ਦੀ ਹਵਾ8. ਖੱਤ 9. ਬਹਾਰ ਵਰਗੀ ਖੂਬਸੂਰਤ

•

## ਹਮ ਜੋ ਤਾਰੀਕ (1) ਰਾਹੋਂ ਮੇਂ ਮਾਰੇ ਗਏ

ਤੇਰੇ ਹੋਟੋਂ ਕੇ ਫੂਲੋਂ ਕੀ ਚਾਹਤ ਮੇਂ ਹਮ
ਦਾਰ (2) ਕੀ ਖੁਸ਼ਕ ਟਹਿਣੀ ਪਿ: ਵਾਰੇ ਗਏ
ਤੇਰੇ ਹਾਥੋਂ ਕੀ ਸ਼ਮਓਂ ਕੀ ਹਸਰਤ ਮੇਂ ਹਮ
ਨੀਮ-ਤਾਰੀਕ (3) ਰਾਹੋਂ ਮੇਂ ਮਾਰੇ ਗਏ

ਸੂਲੀਆਂ ਪਰ ਹਮਾਰੇ ਲਬੋਂ ਸੇ ਪਰੇ
ਤੇਰੇ ਹੋਟੋਂ ਕੀ ਲਾਲੀ ਲਪਕਤੀ ਰਹੀ
ਤੇਰੀ ਜ਼ੁਲਫੋਂ ਕੀ ਮਸਤੀ ਬਰਸਤੀ ਰਹੀ
ਤੇਰੇ ਹਾਥੋਂ ਕੀ ਚਾਂਦੀ ਦਮਕਤੀ ਰਹੀ

ਜਬ ਘੁਲੀ ਤੇਰੀ ਰਾਹੋਂ ਮੇਂ ਸ਼ਾਮ-ਏ-ਸਿਤਮ (4)
ਹਮ ਚਲੇ ਆਏ, ਲਾਏ ਜਹਾਂ ਤਕ ਕਦਮ
ਲਬ ਪਿ: ਹਰਫ਼-ਏ-ਗ਼ਜ਼ਲ (5), ਦਿਲ ਮੇ ਕੰਦੀਲ-ਏ-ਗਮ (6)
ਅਪਨਾ ਗ਼ਮ ਰਹੇ ਇਸ ਗਵਾਹੀ ਪਿ: ਹਮ
ਹਮ ਜੋ ਤਾਰੀਕ ਰਾਹੋਂ ਪਿ: ਮਾਰੇ ਗਏ।

ਨਾ-ਰਸਾਈ (7) ਅਗਰ ਅਪਨੀ ਤਕਦੀਰ ਥੀ
ਤੇਰੀ ਉਲਫ਼ਤ ਤੋ ਅਪਨੀ ਹੀ ਤਦਬੀਰ ਥੀ
ਕਿਸ ਕੋ ਸ਼ਿਕਵਾ ਹੈ ਗਰ(8) ਸ਼ੌਕ ਕੇ ਸਿਲਸਿਲੇ
ਹਿਜਰ ਕੀ ਕਤਲਗਾਹੋਂ (9) ਸੇ ਸਬ ਜਾ ਮਿਲੇ
ਕਤਲਗਾਹੋਂ ਸੇ ਚੁਨ ਕਰ ਹਮਾਰੇ ਅਲਮ (10)
ਔਰ ਨਿਕਲੇਂਗੇ ਉਸ਼ਾਕ (11) ਕੇ ਕਾਫ਼ਿਲੇ
ਜਿਨਕੀ ਰਾਹ-ਏ-ਤਲਬ (12) ਸੇ ਹਮਾਰੇ ਕਦਮ
ਮੁਖ਼ਤਸਰ (13) ਕਰ ਚਲੇ ਦਰਦ ਕੇ ਫ਼ਾਸਲੇ
ਕਰ ਚਲੇ ਜਿਨ ਕੀ ਖ਼ਾਤਿਰ ਜਹਾਂਗੀਰ (14) ਹਮ
ਜਾਂ(ਨ) ਗੰਵਾ ਕਰ ਤਿਰੀ ਦਿਲਬਰੀ ਕਾ ਭਰਮ
ਹਮ ਜੋ ਤਾਰੀਕ ਰਾਹੋਂ ਮੇਂ ਮਾਰੇ ਗਏ।

1. ਹਨ੍ਹੇਰੀ 2. ਸੂਲੀ 3. ਅੰਨ੍ਹੀਆਂ ਹਨ੍ਹੇਰੀਆਂ 4. ਸਿਤਮ ਦੀ ਸ਼ਾਮ
5. ਗ਼ਜ਼ਲ ਦੇ ਬੋਲ 6. ਗਮ ਦੀ ਰੌਸ਼ਨੀ 7. ਅਪਹੁੰਚ 8. ਜੇ 9. ਕਤਲ ਹੋਣ ਵਾਲੀ ਥਾਂ 10. ਝੰਡੇ 11. ਪ੍ਰੇਮੀ 12. ਇੱਛਾ ਜਾਂ ਚਾਹ ਦੀ ਰਾਹ 13. ਸੰਖੇਪ 14. ਵਿਸ਼ਵ-ਵਿਆਪੀ

•

## ਦਰੀਚਾ (1)

ਗੜੀ ਹੈਂ ਕਿਤਨੀ ਸਲੀਬੇਂ(2) ਮੇਰੇ ਦਰੀਚੇ ਮੇਂ
ਹਰ ਏਕ ਅਪਨੇ ਮਸੀਹਾ ਕੇ ਖ਼ੂੰ ਕਾ ਰੰਗ ਲੀਏ
ਹਰ ਏਕ ਵਸਲ-ਏ-ਖ਼ੁਦਾਵੰਦ (3) ਕੀ ਉਮੰਗ ਲੀਏ

ਕਿਸੀ ਪਿ: ਕਰਤੇ ਹੈਂ ਅਬਰ-ਏ-ਬਹਾਰ (4) ਕੋ ਕੁਰਬਾਂ
ਕਿਸੀ ਪਿ: ਕਤਲ ਮਾਹ (5) ਤਾਬਨਾਕ (6) ਕਰਤੇ ਹੈਂ
ਕਿਸੀ ਪਿ: ਹੋਤੀ ਹੈ ਸਰਮਸਤ (7) ਸ਼ਾਖ਼ਸਾਰ(8)-ਏ- ਦੋ ਨੀਮ (9)
ਕਿਸੀ ਪਿ: ਬਾਦ-ਏ-ਸਬਾ (10) ਕੋ ਹਲਾਕ (11) ਕਰਤੇ ਹੈਂ

ਹਰ ਆਏ ਦਿਨ ਯਿਹ ਖ਼ੁਦਾਵੰਦਗਾਨ-ਏ-ਮੇਹਰ-ਓ-ਜਮਾਲ (12)
ਲਹੂ ਮੇਂ ਗਰਕ (13) ਗ਼ਮਕਦੇ (14) ਮੇਂ ਆਤੇ ਹੈਂ
ਔਰ ਆਏ ਦਿਨ ਮਿਰੀ ਨਜ਼ਰੋਂ ਕੇ ਸਾਮਨੇ ਇਨ ਕੇ
ਸ਼ਹੀਦ ਜਿਸਮ ਸਲਾਮਤ (15) ਉਠਾਏ ਜਾਤੇ ਹੈਂ

1. ਖਿੜਕੀ 2. ਸੂਲੀ 3. ਖ਼ੁਦਾ, ਭਗਵਾਨ ਦੇ ਮਿਲਣ 4. ਬਹਾਰ ਦਾ ਬੱਦਲ
5. ਚੰਦ 6. ਚਮਕਦਾ ਹੋਇਆ 7. ਨਸ਼ੇ ਵਿੱਚ 8. ਟਾਹਣੀਆਂ 9. ਅੱਧੇ ਅੱਧੇ ਟੁਕੜੇ ਕਰਨਾ 10. ਹਵਾ 11. ਕਤਲ 12. ਰੂਪ ਅਤੇ ਮਿਹਰਬਾਨੀ ਦੇ ਮਾਲਕ 13. ਡੁੱਬੇ ਹੋਏ 14. ਗ਼ਮ ਦਾ ਘਰ 15. ਸੁਰੱਖਿਅਤ

•

## ਪਾ-ਬ-ਜੋਲਾਂ ਚਲੋ

ਚਸ਼ਮ-ਏ-ਨਮ (1) ਜਾਨ-ਏ-ਸ਼ੋਰੀਦਾ (2) ਕਾਫ਼ੀ ਨਹੀਂ
ਤੁਹਮਤ-ਏ-ਇਸ਼ਕ (3), ਪੋਸ਼ੀਦਾ (4) ਕਾਫ਼ੀ ਨਹੀਂ
ਆਜ ਬਾਜ਼ਾਰ ਮੇਂ ਪਾ-ਬ-ਜੋਲਾਂ (5) ਚਲੋ
ਦਸਤ-ਏ-ਇਫ਼ਸ਼ਾਂ (6) ਚਲੋ, ਮਸਤ-ਓ-ਰਕਸਾਂ (7) ਚਲੋ
ਖ਼ਾਕ-ਬਰ-ਸਰ (8) ਚਲੋ, ਖ਼ੂੰ-ਬ-ਦਾਮਾਂ (9) ਚਲੋ
ਰਾਗ ਤਕਤਾ ਹੈ ਸਬ ਸ਼ਹਿਰ-ਏ-ਜਾਨਾਂ (10) ਚਲੋ

ਹਾਕਮ-ਏ-ਸ਼ਹਿਰ ਭੀ, ਮਜਮਾ-ਏ-ਆਮ ਭੀ
ਤੀਰ-ਏ-ਇਲਜ਼ਾਮ ਭੀ, ਸੰਗ-ਏ-ਦੁਸ਼ਨਾਮ (11) ਭੀ
ਸੁਬਹ-ਏ-ਨਾਸ਼ਾਦ (12) ਭੀ, ਰੋਜ਼-ਏ-ਨਾਕਾਮ (13) ਭੀ

1. ਗਿੱਲੀ ਅੱਖ 2. ਪਰੇਸ਼ਾਨ ਜਾਨ 3. ਇਸ਼ਕ ਦਾ ਇਲਜ਼ਾਮ
4. ਗੁਪਤ 5. ਪੈਰੀਂ ਬੇੜੀਆਂ ਪਾ ਕੇ 6. ਖੁਲ੍ਹੇ ਹੱਥੀਂ 7. ਮਸਤ ਤੇ ਨਚਦੇ ਹੋਏ 8. ਸਿਰ ਵਿੱਚ ਮਿੱਟੀ 9. ਖ਼ੂਨ ਲਿਬੜੇ ਕੱਪੜਿਆਂ ਨਾਲ 10. ਮਾਸ਼ੂਕ ਦਾ ਸ਼ਹਿਰ 11. ਗਾਲ੍ਹਾਂ ਦੇ ਪੱਥਰ 12. ਗ਼ਮ ਦੀ ਸਵੇਰ 13. ਨਿਰਾਸ਼ਾ ਦਾ ਦਿਨ

•

## ਕਬ ਠਹਿਰੇਗਾ ਦਰਦ-ਏ-ਦਿਲ..

ਕਬ ਠਹਿਰੇਗਾ ਦਰਦ-ਏ-ਦਿਲ, ਕਬ ਰਾਤ ਬਸਰ(1) ਹੋਗੀ
ਸੁਣਤੇ ਥੇ ਵੁਹ ਆਏਂਗੇ, ਸੁਣਤੇ ਥੇ ਸਹਰ(2) ਹੋਗੀ।

ਕਬ ਜਾਨ ਲਹੂ ਹੋਗੀ, ਕਬ ਅਸ਼ਕ-ਗੁਹਰ(3) ਹੋਗਾ
ਕਿਸ ਦਿਨ ਤੇਰੀ ਸੁਨਵਾਈ(4) ਏ ਦੀਦਾ-ਏ-ਤਰ (5) ਹੋਗੀ

ਕਬ ਮਹਿਕੇਗੀ ਫ਼ਸਲ-ਏ-ਗੁੱਲ (6) ਕਬ ਬਹਿਕੇਗਾ ਮੈਖਾਨਾ (7)
ਕਬ ਸੁਬਹ ਸੁਖਨ(8) ਹੋਗੀ ਕਬ ਸ਼ਾਮ -ਏ-ਨਜ਼ਰ ਹਗੀ

ਵਾਇਜ਼ (9) ਹੈ ਨਾ ਜਾਹਿਦ (10) ਹੈ ਨਾਸੇਹੇ (11) ਹੈ ਨਾ ਕਾਤਿਲ ਹੈ
ਅਬ ਸ਼ਹਿਰੋਂ ਮੇ ਯਾਰੋਂ ਕੀ ਕਿਸ ਤਰਹ ਬਸਰ ਹੋਗੀ

ਕਬ ਤੱਕ ਤੇਰੀ ਰਾਹ ਦੇਖੇਂ ਏ ਕਾਮਤ-ਏ-ਜਾਨਾਨਾ (12)
ਕਬ ਹਸ਼ਰ ਮੁਅਇਯਨ (13) ਹੈ ਤੁਝਕੋ ਤੋ ਖ਼ਬਰ ਹੋਗੀ।

———

1. ਗੁਜ਼ਰੇਗੀ 2. ਸਵੇਰ 3. ਹੰਝੂ ਮੋਤੀ ਹੋਏਗਾ 4. ਸੁਣਵਾਈ 5. ਭੀਗੀ ਆਂਖੇਂ 6. ਬਹਾਰ ਦਾ ਮੌਸਮ 7. ਸ਼ਰਾਬਖਾਨਾ 8. ਸ਼ਾਇਰੀ ਦੀ ਸਵੇਰ 9.ਦੀਦਾਰ ਦੀ ਸ਼ਾਮ 10. ਮੁੱਲਾ 11. ਉਪਦੇਸ਼ਕ 12. ਪਰਲੋ ਦਾ ਦਿਨ 13. ਨਿਸ਼ਚਿਤ ਪਰਲੋ

•

## ਗੀਤ

ਚਲੋ ਫਿਰ ਸੇ ਮੁਸਕਰਾਏਂ, ਚਲੋ ਫਿਰ ਸੇ ਦਿਲ ਜਲਾਏਂ
ਜੋ ਗੁਜ਼ਰ ਗਈ ਹੈਂ ਰਾਤੇਂ, ਉਨਹੇਂ ਫਿਰ ਜਗਾ ਕੇ ਲਾਏਂ
ਜੋ ਬਿਸਰ ਗਈ ਹੈਂ ਬਾਤੇਂ, ਉਨਹੇ ਯਾਦ ਮੇਂ ਬੁਲਾਏਂ
ਚਲੋ ਫਿਰ ਸੇ ਦਿਲ ਲਗਾਏਂ ਚਲੋ ਫਿਰ ਸੇ ਮੁਸਕਰਾਏਂ
ਕਿਸੀ ਸ਼ਾਹਨਸ਼ੀ ਪਿ: ਝਲਕੀ ਵੁਹ ਧਨਕ ਕਿਸੀ ਕਬਾ (1) ਕੀ
ਕਿਸੀ ਰਗ ਮੇਂ ਕਸਮਸਾਈ ਵੁਹ ਕਸਕ ਕਿਸੀ ਅਦਾ ਕੀ
ਕੋਈ ਹਰਫ਼-ਏ-ਬੇ-ਮੁਰੱਵਤ ਕਿਸੀ ਕੁੰਜ-ਏ-ਲਬ (2) ਸੇ ਫੂਟਾ
ਵੁਹ ਛਨਕ ਕੇ ਸ਼ੀਸ਼ਾ-ਏ-ਦਿਲ ਤਹਿ-ਏ-ਬਾਮ (3) ਫਿਰ ਸੇ ਟੂਟਾ
ਯਿਹ ਮਿਲਨ ਕੀ ਨਾ-ਮਿਲਨ ਕੀ ਯਿਹ ਲਗਨ ਕੀ ਔਰ ਜਲਨ ਕੀ
ਜੋ ਸਹੀ ਹੈਂ ਵਾਰਦਾਤੇਂ ਜੋ ਗੁਜ਼ਰ ਗਈ ਹੈਂ ਰਾਤੇਂ
ਜੋ ਬਿਸਰ ਗਈ ਹੈਂ ਬਾਤੇ ਕੋਈ ਉਨ ਕੀ ਧੁਨ ਬਨਾਏਂ
ਕੋਈ ਉਨ ਕਾ ਗੀਤ ਗਾਏਂ ਚਲੋ ਫਿਰ ਸੇ ਮੁਸਕਰਾਏਂ
ਚਲੋ ਫਿਰ ਸੇ ਦਿਲ ਜਲਾਏਂ

———

1. ਲਿਬਾਸ 2. ਬੁੱਲ੍ਹਾਂ ਦੇ ਕੋਨੇ ਤੋਂ 3. ਛੱਤ ਹੇਠ

•

## ਦੁਆ

ਆਈਏ, ਹਾਥ ਉਠਾਏਂ ਹਮ ਭੀ
ਹਮ ਜਿਨ੍ਹੇਂ ਰਸਮ-ਏ-ਦੁਆ ਯਾਦ ਨਹੀਂ
ਹਮ ਜਿਨ੍ਹੇਂ ਸੋਜ਼-ਏ-ਮੋਹੱਬਤ (1) ਕੇ ਸਿਵਾ
ਕੋਈ ਬੁੱਤ ਕੋਈ ਖੁਦਾ ਯਾਦ ਨਹੀਂ

ਆਈਏ ਅਰਜ਼ ਗੁਜ਼ਾਰੇਂ ਕਿ ਨਿਗਾਰ-ਏ-ਹਸਤੀ (2)
ਜ਼ਹਿਰ-ਏ-ਇਮਰੋਜ (3 ਮੇਂ ਸ਼ੀਰੀਨੀਏ(4)- ਫ਼ਰਦਾ(5) ਭਰ ਦੇ
ਵੋ ਜਿਨ੍ਹੇਂ ਤਾਬ (6) -ਏ- ਗਰਾਂਬਾਰੀ (7)-ਏ-ਅਯਾਮ (8) ਨਹੀਂ
ਉਨਕੀ ਪਲਕੋਂ ਪਿ: ਸ਼ਬ-ਓ-ਰੋਜ਼(9) ਕੋ ਹਲਕਾ ਕਰ ਦੇ

ਜਿਨ ਕੀ ਆਖੋਂ ਕੋ ਰੁਖ-ਏ-ਸੁਬਹ(10) ਕਾ ਯਾਰਾ(11) ਭੀ ਨਹੀਂ
ਉਨ ਕੀ ਰਾਤੋਂ ਮੇਂ ਕੋਈ ਸ਼ਮਾ ਮੁਨੱਬਰ(12) ਕਰ ਦੇ
ਜਿਨਕੇ ਕਦਮੋਂ ਕੋ ਕਿਸੀ ਰਹ ਕਾ ਸਹਾਰਾ ਭੀ ਨਹੀਂ
ਉਨਕੀ ਨਜ਼ਰੋਂ ਪਿ: ਕੋਈ ਰਾਹ ਉਜਾਗਰ ਕਰ ਦੇ

ਜਿਨ ਕਾ ਦੀਂ(13) ਪੈਰਵੀ-ਏ-ਕਿਜਬ-ਓ-ਰਿਆ(14) ਹੈ ਉਨ ਕੋ
ਹਿੰਮਤ-ਏ-ਕੁਫ਼ਰ(15) ਮਿਲੇ, ਜੁਰਅਤ-ਏ-ਤਹਿਕੀਕ(16) ਮਿਲੇ
ਜਿਨ ਕੇ ਸਰ ਮੁਨਤਜ਼ਿਰ-ਏ-ਤੇਗ-ਏ-ਜਫ਼ਾ (17) ਹੈਂ ਉਨ ਕੋ
ਦਸਤ-ਏ-ਕਾਤਿਲ(18) ਕੋ ਝਟਕ ਦੇਨੇ ਕੀ ਤੌਫ਼ੀਕ ਮਿਲੇ।

———

1. ਪਿਆਰ ਦੀ ਅੱਗ 2. ਜ਼ਿੰਦਗੀ ਦੀ ਪ੍ਰੇਮਿਕਾ 3. ਅੱਜ ਦਾ ਜ਼ਹਿਰ
4. ਮਿਠਾਸ 5. ਆਉਣ ਵਾਲਾ ਕੱਲ੍ਹ 6. ਸ਼ਕਤੀ 7. ਬੋਝ ਭਾਵ ਮੁਸੀਬਤ
8. ਬੀਤ ਰਿਹਾ ਦਿਨ 9. ਰਾਤ ਦਿਨ 10. ਸਵੇਰ ਦਾ ਚਿਹਰਾ 11.ਤਾਕਤ
12. ਰੌਸ਼ਨ 13. ਧਰਮ 14. ਧੋਖਾ, ਝੂਠ 15. ਨਾ ਮੰਨਣ ਦਾ ਹੌਂਸਲਾ 16. ਖੋਜ ਦੀ ਹਿੰਮਤ
17. ਜ਼ੁਲਮ ਦੀ ਤਲਵਾਰ 18. ਕਾਤਿਲ ਦਾ ਹੱਥ

•

## ਹਮ ਦੇਖੇਂਗੇ

ਹਮ ਦੇਖੇਂਗੇ ਲਾਜ਼ਿਮ ਹੈ ਕਿ ਹਮ ਵੀ ਦੇਖੇਂਗੇ
ਵੁਹ ਦਿਨ ਕਿ ਜਿਸ ਕਾ ਵਾਅਦਾ ਹੈ,
ਜੋ ਲੋਹ-ਏ-ਅਜ਼ਲ ਮੇਂ ਲਿੱਖਾ ਹੈ

ਜਬ ਜ਼ੁਲਮ-ਓ-ਸਿਤਮ ਕੇ ਕੋਹ-ਏ-ਗਰਾਂ (1)
ਰੂੰਈਂ ਕੀ ਤਰ੍ਹਾਂ ਉੜ ਜਾਏਂਗੇ
ਹਮ ਮਹਿਕੂਮੋਂ (2) ਕੇ ਪਾਓਂ ਤਲੇ
ਯੇ ਧਰਤੀ ਧੜ ਧੜ ਧੜਕੇਗੀ
ਔਰ ਅਹਿਲ-ਏ-ਹਾਕਮ ਕੇ ਸਰ ਉਪਰ
ਜਬ ਬਿਜਲੀ ਕੜ ਕੜ ਕੜਕੇਗੀ

ਜਬ ਅਰਜ਼-ਏ-ਖੁਦਾ ਕੇ ਕਾਅਬਾ (3) ਸੇ
ਸਭ ਬੁੱਤ ਉਠਵਾਏਂ ਜਾਏਂਗੇ
ਹਮ ਅਹਿਲ-ਏ-ਸ਼ਫ਼ਾ ਮਰਦੂਦ-ਏ-ਹਰਮ (4)
ਮਸਨਦ (5) ਪੇ ਬਿਠਾਏਂ ਜਾਏਂਗੇ
ਸਭ ਤਾਜ ਉਛਾਲੇ ਜਾਏਂਗੇ
ਸਭ ਤਖਤ ਗਿਰਾਏਂ ਜਾਏਂਗੇ

ਬਸ ਨਾਮ ਰਹੇਗਾ ਅੱਲਾ ਕਾ
ਜੋ ਗਾਇਬ ਵੀ ਹੈ ਹਾਜ਼ਰ ਵੀ
ਜੋ ਨਾਜ਼ਰ (6) ਵੀ ਹੈ ਮੰਜ਼ਰ (7) ਵੀ
ਉੱਠੇਗਾ ਅਨਲਹੱਕ (8) ਕਾ ਨਾਹਰਾ
ਜੋ ਮੈਂ ਵੀ ਹੂੰ ਤੁਮ ਵੀ ਹੋ
ਔਰ ਰਾਜ ਕਰੇਗੀ ਖਲਕ-ਏ-ਖੁਦਾ
ਜੋ ਮੈਂ ਵੀ ਹੂੰ ਔਰ ਤੁਮ ਵੀ ਹੋ

ਹਮ ਦੇਖੇਂਗੇ ਲਾਜ਼ਿਮ ਹੈ ਕਿ ਹਮ ਵੀ ਦੇਖੇਂਗੇ...

———

1. ਜ਼ੁਲਮ ਸਿਤਮ ਦੇ ਭਾਰੇ ਪਹਾੜ 2. ਪਰਜ਼ਾ 3. ਰੱਬ ਦਾ ਘਰ
4. ਸਰਾਪੇ ਹੋਏ ਨਿਥਾਵੇਂ 5. ਤਖ਼ਤ, ਢੋਅ ਲਾ ਕੇ ਬੈਠਣ ਵਾਲੀ ਥਾਂ
6. ਦੇਖਣ ਵਾਲਾ 7. ਦਿਖਾਈ ਦੇਣ ਵਾਲਾ 8. ਮੈਂ ਰੱਬ ਹਾਂ

# ਕੁੱਝ ਆਪਣੇ ਬਾਰੇ

## ਫੈਜ਼ ਅਹਿਮਦ ਫੈਜ਼

### ਅਨੁਵਾਦ: ਸੁਖਵੰਤ ਹੁੰਦਲ



(ਆਪਣੀ ਮੌਤ ਤੋਂ ਅੱਠ ਮਹੀਨੇ ਪਹਿਲਾਂ 7 ਮਾਰਚ 1984 ਨੂੰ ਫੈਜ਼ ਅਹਿਮਦ ਫੈਜ਼ ਨੂੰ ਇਸਲਾਮਾਬਾਦ ਵਿੱਚ ਏਸ਼ੀਆ ਸਟੱਡੀ ਗਰੁੱਪ ਸਾਹਮਣੇ ਬੋਲਣ ਲਈ ਸੱਦਿਆ ਗਿਆ ਸੀ। ਉਸ ਮੀਟਿੰਗ ਵਿੱਚ ਫੈਜ਼ ਨੇ ਆਪਣੀ ਜ਼ਿੰਦਗੀ ਦੇ ਸਫਰ ਬਾਰੇ ਜੋ ਸ਼ਬਦ ਕਹੇ, ਉਹ ਪਾਠਕਾਂ ਲਈ ਹਾਜ਼ਰ ਹਨ। ਇਹ ਗੱਲਬਾਤ ਸ਼ੀਮਾ ਮਜੀਦ ਵੱਲੋਂ ਸੰਪਾਦਤ ਕੀਤੀ ਕਿਤਾਬ, *"ਕਲਚਰ ਐਂਡ ਆਈਡੈਂਟਟੀ: ਸਿਲੈਕਟਡ ਰਾਈਟਿੰਗਜ਼ ਆਫ ਫੈਜ਼"* ਵਿੱਚ ਅੰਗਰੇਜ਼ੀ ਵਿੱਚ ਦਿੱਤੀ ਗੱਲਬਾਤ ਦਾ ਪੰਜਾਬੀ ਅਨੁਵਾਦ ਹੈ।)

ਮੈਨੂੰ ਸੱਦਣ ਲਈ ਧੰਨਵਾਦ। ਮੈਂ ਪਾਸ਼ਾ ਨੂੰ ਪੁੱਛਿਆ ਸੀ ਕਿ ਉਹ ਕੀ ਚਾਹੁੰਦਾ ਹੈ, ਕਿ ਮੈਂ ਕਿਸ ਬਾਰੇ ਗੱਲ ਕਰਾਂ। ਉਹ ਕਹਿੰਦਾ, "ਆਪਣੇ ਬਾਰੇ ਅਤੇ ਜੋ ਕੁਝ ਤੁਸੀਂ ਕਰਦੇ ਰਹੇ ਹੋ"। ਇਹ ਇਕ ਤਰ੍ਹਾਂ ਛੁਟਕਾਰੇ ਵਾਲੀ ਗੱਲ ਸੀ, ਇਸ ਦਾ ਮਤਲਬ ਸੀ ਕਿ ਮੈਨੂੰ ਭਾਸ਼ਣ ਤਿਆਰ ਨਹੀਂ ਕਰਨਾ ਪੈਣਾ ਸੀ। ਇਸ ਦੇ ਨਾਲ ਹੀ ਮੈਨੂੰ ਇਹ ਦੋ ਕਾਰਨਾਂ ਕਰਕੇ ਔਖਾ ਵੀ ਲੱਗਾ। ਇਕ ਤਾਂ ਇਹ ਗੱਲ ਹੈ ਕਿ ਮੈਂ ਕਈ ਸਾਲ ਪਹਿਲਾਂ ਉਸ ਉਮਰ 'ਤੇ ਅੱਪੜ ਗਿਆ ਹਾਂ, ਜਿਸ ਨੂੰ ਡੈਜ਼ਰਾਇਲੀ 'ਗਾਲੜੀ ਬੁਢਾਪੇ' ਦੀ ਉਮਰ ਕਹਿੰਦਾ ਹੈ ਅਤੇ ਦੂਸਰੀ ਗੱਲ ਇਹ ਹੈ ਕਿ ਇਕ ਲੰਮੇ ਸਮੇਂ ਤੋਂ ਸਮੇਂ ਦੇ ਬੇਖਬਰ ਰਉਂ ਵਿੱਚੋਂ ਗੁਜ਼ਰ ਰਿਹਾ ਹਾਂ, ਮੈਨੂੰ ਪੱਕਾ ਪਤਾ ਨਹੀਂ ਕਿ ਮੈਂ ਇਕ ਲੰਮੀ ਕਹਾਣੀ ਨੂੰ ਛੋਟੀ ਕਿਵੇਂ ਕਰਾਂ।

ਮੈਂ ਇਕ ਅਜਿਹੇ ਸ਼ਰੀਫ ਇਨਸਾਨ ਦੇ ਘਰ ਪੈਦਾ ਹੋਇਆ ਜੋ ਉੱਨੀਵੀਂ ਸਦੀ ਦਾ ਇਕ ਹਿੰਮਤੀ (ਐਡਵੈਂਚਰਰ) ਇਨਸਾਨ ਸੀ, ਜਿਸ ਦੀ ਜ਼ਿੰਦਗੀ ਮੇਰੇ ਮੁਕਾਬਲੇ ਬਹੁਤ ਜ਼ਿਆਦਾ ਰੰਗੀਨ ਸੀ। ਉਸ ਦਾ ਜਨਮ ਸਿਆਲਕੋਟ ਜ਼ਿਲੇ ਦੇ ਇਕ ਛੋਟੇ ਜਿਹੇ ਪਿੰਡ ਵਿੱਚ ਇਕ ਬੇਜ਼ਮੀਨੇ ਕਿਸਾਨ ਦੇ ਘਰ ਹੋਇਆ ਸੀ। ਉਸ ਵੱਲੋਂ ਸਾਨੂੰ ਦੱਸੀ ਗਈ ਕਹਾਣੀ ਅਨੁਸਾਰ (ਜਿਸ ਦੀ ਪਿੰਡ ਦੇ ਹੋਰ ਲੋਕਾਂ ਨੇ ਵੀ ਪੁਸ਼ਟੀ ਕੀਤੀ ਹੈ) ਉਸ ਦਾ ਪਿਤਾ ਇਕ ਬੇਜ਼ਮੀਨਾ ਕਿਸਾਨ ਸੀ, ਇਸ ਲਈ ਉਹ ਉਹਨਾਂ ਲੋਕਾਂ ਦੇ ਘਰ ਪਸ਼ੂ ਚਾਰਨ ਦਾ ਕੰਮ ਕਰਦਾ ਸੀ ਜਿਹਨਾਂ ਲੋਕਾਂ ਕੋਲ ਕੁਝ ਜ਼ਮੀਨ ਸੀ। ਉਹਨੇ ਦੱਸਿਆ, "ਮੈਂ ਪਸ਼ੂ ਪਿੰਡ ਤੋਂ ਬਾਹਰ ਲਿਜਾਇਆ ਕਰਦਾ ਸੀ, ਅਤੇ ਪਿੰਡ ਤੋਂ ਥੋੜ੍ਹੀ ਦੂਰ ਇਕ ਸਕੂਲ ਸੀ। ਮੈਂ ਪਸ਼ੂਆਂ ਨੂੰ ਚਰਦੇ ਛੱਡ ਕੇ ਸਕੂਲ ਜਾਇਆ ਕਰਦਾ ਸੀ।" ਇਸ ਤਰ੍ਹਾਂ ਉਸ ਨੇ ਆਪਣਾ ਪ੍ਰਾਇਮਰੀ ਸਕੂਲ ਪਾਸ ਕਰ ਲਿਆ। ਫਿਰ ਉਹਨੇ ਦੱਸਿਆ, "ਸਾਡੇ ਪਿੰਡ ਵਿੱਚ ਉਸ ਤੋਂ ਅੱਗੇ ਪੜ੍ਹਾਈ ਨਹੀਂ ਸੀ, ਇਸ ਲਈ ਮੈਂ ਲਾਹੌਰ ਨੂੰ ਦੌੜ ਗਿਆ।" ਉੱਥੇ ਉਹ ਇਕ ਮਸਜਦ ਵਿੱਚ ਰਿਹਾ ਅਤੇ ਉਹਨੇ ਦੱਸਿਆ ਕਿ "ਮੈਂ ਸ਼ਾਮ ਨੂੰ ਰੇਲਵੇ ਸਟੇਸ਼ਨ 'ਤੇ ਜਾ ਕੇ ਕੁਲੀ ਦਾ ਕੰਮ ਕਰਦਾ ਹੁੰਦਾ ਸੀ। ਦਿਨ ਵੇਲੇ ਮੈਂ ਪੜ੍ਹਦਾ ਹੁੰਦਾ ਸੀ।" ਸਾਡੇ ਦਿਨਾਂ ਵਿੱਚ ਹਰ ਮਸਜਦ ਲੋੜਵੰਦ ਵਿਦਿਆਰਥੀ ਲਈ ਘਰ ਵਾਂਗ ਹੁੰਦੀ ਸੀ, ਅਤੇ ਖਾਣਾ ਇਲਾਕੇ ਦੇ ਲੋਕਾਂ ਵਲੋਂ ਦਿੱਤਾ ਜਾਂਦਾ ਸੀ ਅਤੇ ਵਿਦਿਆ ਮਸਜਦ ਦੇ ਮੌਲਵੀ ਜਾਂ ਕਿਸੇ ਹੋਰ ਵਲੋਂ ਦਿੱਤੀ ਜਾਂਦੀ ਸੀ।" (ਬਦਕਿਸਮਤੀ ਨਾਲ ਇਹ ਰਿਵਾਜ਼ ਹੁਣ ਨਹੀਂ ਰਿਹਾ)। ਅਤੇ ਇਸ ਤਰ੍ਹਾਂ ਉਸ ਨੇ ਮੁਫਤ ਵਿਦਿਆ ਪ੍ਰਾਪਤ ਕੀਤੀ।

ਜਦੋਂ ਉਹ ਮਸਜਦ ਵਿੱਚ ਰਹਿ ਰਿਹਾ ਸੀ ਤਾਂ ਪੰਜਾਬ ਦੀ ਸਰਕਾਰ ਦਾ ਸਲਾਹਕਾਰ ਇਕ ਅਫਗਾਨ ਰਈਸ ਉਸ ਮਸਜਦ ਵਿੱਚ ਨਮਾਜ ਪੜ੍ਹਨ ਲਈ ਆਉਂਦਾ ਹੁੰਦਾ ਸੀ। ਉਸ ਨੇ ਇਸ ਨੌਜਵਾਨ ਮੁੰਡੇ ਨੂੰ ਦੇਖਿਆ ਅਤੇ ਅਸਲ ਵਿੱਚ ਉਹ ਮੁੰਡਾ ਉਸ ਨੂੰ ਚੰਗਾ ਲੱਗਾ ਅਤੇ ਉਹ ਕਹਿਣ ਲੱਗਾ, "ਦੇਖ, ਸਾਨੂੰ ਅਫਗਾਨਿਸਤਾਨ ਲਈ ਇਕ ਅੰਗਰੇਜ਼ੀ ਦੋਭਾਸ਼ੀਏ ਦੀ ਲੋੜ ਹੈ"। ਇਹ ਅਫਗਾਨਿਸਤਾਨ ਦੇ ਰਾਜੇ ਦੇ ਦਾਦੇ ਦਾ ਸਮਾਂ ਸੀ, ਨਾਦਿਰ ਸ਼ਾਹ ਤੋਂ ਪਹਿਲਾਂ, ਕਿਉਂਕਿ ਉਦੋਂ ਹਰ ਇਕ ਜਾਂ ਦੋ ਜਾਂ ਤਿੰਨ ਸਾਲਾਂ ਬਾਅਦ ਇਕ ਸ਼ਾਹੀ ਖਾਨਦਾਨ ਨੂੰ ਗੱਦੀਓਂ ਲਾਹ ਦਿੱਤਾ ਜਾਂਦਾ ਸੀ ਅਤੇ ਦੂਸਰਾ ਸ਼ਾਹੀ ਖਾਨਦਾਨ ਤਾਕਤ ਵਿੱਚ ਆ ਜਾਂਦਾ ਸੀ। ਜਿਸ ਸ਼ਾਹੀ ਖਾਨਦਾਨ ਨੂੰ 1924-1925 ਵਿੱਚ ਗੱਦੀਓਂ ਲਾਹਿਆ ਗਿਆ ਸੀ, ਉਹ ਅਮਾਨਉੱਲਾ ਖਾਨ ਦਾ ਖਾਨਦਾਨ ਸੀ, ਉਸ ਵੇਲੇ ਉਸ ਦਾ ਦਾਦਾ ਬਾਦਸ਼ਾਹ ਸੀ। ਜਿਵੇਂ ਵੀ ਸੀ, ਇਸ ਬਾਦਸ਼ਾਹ ਨੂੰ ਇਕ ਅੰਗਰੇਜ਼ੀ ਦੇ ਦੋਭਾਸ਼ੀਏ ਦੀ ਲੋੜ ਸੀ,

ਕਿਉਂਕਿ ਇਹ ਉਹ ਸਮਾਂ ਸੀ ਜਦੋਂ ਅੰਗਰੇਜ਼ਾਂ ਅਤੇ ਅਫਗਾਨੀਆਂ ਵਿਚਕਾਰ ਡੂਰੈਂਡ ਸੰਧੀ ਬਾਰੇ ਗੱਲਬਾਤ ਹੋ ਰਹੀ ਸੀ। ਇਸ ਲਈ ਇਸ ਅਫ਼ਗਾਨ ਸਫ਼ੀਰ ਨੇ ਕਿਹਾ "ਕੀ ਤੂੰ ਅਫਗਾਨਿਸਤਾਨ ਜਾਣਾ ਚਾਹੁੰਦਾ ਹੈਂ?" ਮੇਰੇ ਪਿਤਾ ਨੇ ਜੁਆਬ ਦਿੱਤਾ, "ਕਿਉਂ ਨਹੀਂ? ਮੇਰੇ ਕੋਲ ਕਰਨ ਲਈ ਹੋਰ ਕੁੱਝ ਨਹੀਂ ਹੈ।" ਬਾਦਸ਼ਾਹ ਨੇ ਪਹਿਲਾਂ ਉਹਨੂੰ ਇਕ ਦੁਭਾਸ਼ੀਏ ਵਜੋਂ ਕੰਮ 'ਤੇ ਰੱਖ ਲਿਆ ਅਤੇ ਬਾਅਦ ਵਿੱਚ ਉਸ ਨੇ ਅੰਗਰੇਜ਼ਾਂ ਨਾਲ ਗੱਲਬਾਤ ਕੀਤੀ। ਬਾਅਦ ਵਿੱਚ ਉਹ ਉਸ ਦਾ ਚੀਫ ਸੈਕਟਰੀ ਅਤੇ ਫਿਰ ਮਨਿਸਟਰ ਬਣ ਗਿਆ ਅਤੇ ਇਸ ਤਰ੍ਹਾਂ ਚਲਦਾ ਰਿਹਾ। ਉਸ ਦੇ ਸਮੇਂ ਦੌਰਾਨ ਕਈ ਕਬੀਲਿਆਂ ਨੂੰ ਜਿੱਤਿਆ ਗਿਆ। ਅਤੇ ਜਦੋਂ ਵੀ ਕਿਸੇ ਕਬੀਲੇ ਦੇ ਇਲਾਕੇ ਨੂੰ ਜਿੱਤਿਆ ਜਾਂਦਾ ਸੀ, ਤਾਂ ਹਾਰੇ ਹੋਏ ਕਬੀਲੇ ਦੀਆਂ ਸ਼ਹਿਜ਼ਾਦੀਆਂ ਨੂੰ ਦਰਬਾਰੀਆਂ ਵਿਚਕਾਰ ਵੰਡ ਦਿੱਤਾ ਜਾਂਦਾ ਸੀ। ਇਸ ਤਰ੍ਹਾਂ ਮੇਰੇ ਪਿਤਾ ਨੂੰ ਮੇਰੀਆਂ ਮਤਰੇਈਆਂ ਮਾਵਾਂ ਦਾ ਹਿੱਸਾ ਮਿਲਿਆ (ਮੈਨੂੰ ਪਤਾ ਨਹੀਂ ਕਿੰਨੀਆਂ - ਤਿੰਨ ਜਾਂ ਚਾਰ)।

ਬਾਦਸ਼ਾਹ ਦੀ ਸੇਵਾ ਵਿੱਚ 15 ਸਾਲ ਕੰਮ ਕਰਨ ਤੋਂ ਬਾਅਦ ਮੇਰਾ ਬਾਪ ਤੰਗ ਆ ਗਿਆ ਕਿਉਂਕਿ ਉਹ ਇਕ ਬਾਹਰਲਾ ਆਦਮੀ ਸੀ ਅਤੇ ਕੁਦਰਤੀ ਹੀ ਦਰਬਾਰ ਦੇ ਸਾਰੇ ਮਨਿਸਟਰ ਅਤੇ ਰਈਸ ਸਾਮੰਤੀ ਸਨ। ਇਸ ਲਈ ਉਹ ਆਪਣੇ ਹਿੱਸੇ 'ਤੇ ਹੱਕ ਜਮਾਉਣ ਵਾਲੇ ਇਸ ਆਦਮੀ ਤੋਂ ਔਖੇ ਸਨ। ਉਹ ਦੱਸਦਾ ਹੁੰਦਾ ਸੀ ਕਿ ਉਸ ਉੱਤੇ ਵਾਰ ਵਾਰ ਅੰਗਰੇਜ਼ਾਂ ਦਾ ਜਸੂਸ ਹੋਣ ਦਾ ਇਲਜ਼ਾਮ ਲਾਇਆ ਗਿਆ, ਅਤੇ ਹਰ ਵਾਰ ਜਦੋਂ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ, ਤਾਂ ਇਹ ਪਤਾ ਲੱਗਦਾ ਰਿਹਾ ਕਿ ਲਾਏ ਗਏ ਦੋਸ਼ ਝੂਠੇ ਸਨ ਅਤੇ ਫਿਰ ਉਸ ਨੂੰ ਤਰੱਕੀ ਦੇ ਦਿੱਤੀ ਜਾਂਦੀ ਸੀ। ਉਸ ਨੇ ਸੋਚਿਆ ਕਿ "ਸ਼ਾਇਦ ਇਕ ਦਿਨ ਉਹ ਉਸ ਨੂੰ ਮੌਤ ਦੀ ਸਜ਼ਾ ਜ਼ਰੂਰ ਦੇ ਦੇਣਗੇ"। ਇਸ ਲਈ ਉਹ ਮੰਗਤੇ ਦਾ ਭੇਸ ਬਣਾ ਕੇ ਉੱਥੋਂ ਬਚ ਕੇ ਨਿਕਲ ਗਿਆ, ਲਾਹੌਰ ਆਇਆ ਅਤੇ ਉੱਥੇ ਉਸ ਨੂੰ ਝੱਟ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਸ ਉੱਤੇ ਅਫਗਾਨਿਸਤਾਨ ਦਾ ਜਸੂਸ ਹੋਣ ਦਾ ਮੁਕੱਦਮਾ ਚਲਾਇਆ ਗਿਆ।

ਦਰਬਾਰ ਵਿੱਚ ਉਸ ਵਰਗੀ ਹੀ ਇਕ ਅੰਗਰੇਜ਼ ਔਰਤ ਹੁੰਦੀ ਸੀ ਜਿਹੜੀ ਉੱਥੇ ਇਕ ਡਾਕਟਰ ਵਜੋਂ ਕੰਮ ਕਰਦੀ ਸੀ। ਉਸ ਦਾ ਨਾਂ ਡਾਕਟਰ ਹੈਮਿਲਟਨ ਸੀ। ਉਹ ਦੋਵੇਂ ਦੋਸਤ ਬਣ ਗਏ। ਜਿਹੜੀਆਂ ਬਖ਼ਸ਼ੀਸ਼ਾਂ ਉਸ ਨੂੰ ਬਾਦਸ਼ਾਹ ਕੋਲੋਂ ਮਿਲਿਆਂ ਸਨ, ਉਹਨਾਂ ਵਿੱਚੋਂ ਕੁਝ ਹਿੱਸਾ ਲੈ ਕੇ ਇਸ ਔਰਤ ਨੇ ਲੰਡਨ ਵਿੱਚ ਇਨਵੈਸਟ ਕਰ ਦਿੱਤਾ ਸੀ। ਸੋ ਜਦੋਂ ਉਸ ਨੂੰ ਬਾਹਰ ਕੱਢ ਦਿੱਤਾ ਗਿਆ ਤਾਂ ਇਸ ਔਰਤ ਨੇ ਉਸ ਨੂੰ ਇੰਗਲੈਂਡ ਤੋਂ ਲਿਖਿਆ, "ਲੰਡਨ ਆ ਜਾ"। ਫਿਰ ਉਹ ਲੰਡਨ ਆ ਗਿਆ ਅਤੇ ਕੈਂਬਰਿਜ ਯੂਨੀਵਰਸਿਟੀ ਵਿੱਚ ਦਾਖਲ ਹੋ ਗਿਆ। ਜਦੋਂ ਬਾਦਸ਼ਾਹ ਨੂੰ ਪਤਾ ਲੱਗਾ ਕਿ ਉਹ ਬਚ ਕੇ ਨਿਕਲ ਗਿਆ ਹੈ ਤਾਂ ਉਸ ਨੇ ਕਿਹਾ, "ਹੁਣ ਜਦੋਂ ਤੂੰ ਲੰਡਨ ਵਿੱਚ ਹੈਂ, ਤਾਂ ਤੂੰ ਮੇਰਾ ਅੰਬੈਸਡਰ ਕਿਉਂ ਨਹੀਂ ਬਣ ਜਾਂਦਾ?" ਇਸ ਤਰ੍ਹਾਂ ਉਹ ਕੈਂਬਰਿਜ ਵਿੱਚ ਇਕ ਵਿਦਿਆਰਥੀ ਸੀ ਅਤੇ ਫਿਰ ਉਹ ਬਾਰ ਦਾ ਮੈਂਬਰ ਬਣ ਗਿਆ ਅਤੇ ਆਪਣੀ ਕਾਨੂੰਨ ਦੀ ਡਿਗਰੀ ਮੁਕੰਮਲ ਕਰ ਲਈ ਅਤੇ ਇਸ ਦੇ ਨਾਲ ਹੀ ਉਹ ਅੰਬੈਸਡਰ ਵੀ ਸੀ। ਫਾਰਸੀ ਵਿੱਚ ਇਕ ਕਹਾਵਤ ਹੈ ਕਿ ਜਦੋਂ ਕੋਈ ਆਪਣੇ ਬਾਪ ਬਾਰੇ ਸ਼ੇਖੀ ਮਾਰਨੀ ਚਾਹੁੰਦਾ ਹੈ ਤਾਂ ਉਹ ਕਹਿੰਦਾ ਹੈ, "ਮੇਰਾ ਬਾਪ ਇਕ ਬਾਦਸ਼ਾਹ ਸੀ।" ਅਤੇ ਬਾਦਸ਼ਾਹ ਲਈ ਇਕ ਹੋਰ ਸ਼ਬਦ ਹੈ ਸੁਲਤਾਨ। ਮੇਰੇ ਬਾਪ ਦਾ ਨਾਂ ਸੁਲਤਾਨ ਸੀ, ਇਸ ਲਈ ਮੈਂ ਕਹਿ ਸਕਦਾ ਹਾਂ ਕਿ ਮੇਰਾ ਬਾਪ ਸੁਲਤਾਨ ਸੀ!

ਕਾਨੂੰਨ ਦੀ ਡਿਗਰੀ ਲੈਣ ਤੋਂ ਬਾਅਦ, ਅਫਗਾਨਿਸਤਾਨ ਵਾਪਸ ਜਾਣ ਦੀ ਥਾਂ ਮੇਰਾ ਬਾਪ ਵਾਪਸ ਆਪਣੇ ਕਸਬੇ, ਬਲਕਿ ਆਪਣੇ ਜ਼ਿਲੇ ਸਿਆਲਕੋਟ ਵਿੱਚ ਆ ਗਿਆ। ਜਦੋਂ ਬਾਦਸ਼ਾਹ ਨੂੰ ਪਤਾ ਲੱਗਾ ਕਿ ਉਹ ਚਲਾ ਗਿਆ ਹੈ ਤਾਂ ਉਸ ਨੇ ਉਹਦੇ ਪਰਿਵਾਰ ਨੂੰ ਸਿਆਲਕੋਟ ਭੇਜ ਦਿੱਤਾ - ਮੇਰੀਆਂ ਮਤਰੇਈਆਂ ਭੈਣਾਂ ਨੂੰ ਅਤੇ ਸ਼ਾਇਦ ਮੇਰੀ ਇਕ ਜਾਂ ਦੋ ਮਤਰੇਈਆਂ ਮਾਂਵਾਂ ਨੂੰ ਵੀ। ਉਸ ਦੇ ਬਾਰੇ ਇਕ ਨਾਵਲ ਹੈ ਜਿਸ ਦਾ ਨਾਂ "ਡਾਟਰ ਸਮਥਿੰਗ" ਹੈ। **(1)** ਹੁਣ ਇਹ ਛਪਿਆ ਹੋਇਆ ਨਹੀਂ ਮਿਲਦਾ ਪਰ ਸ਼ਾਇਦ ਤੁਹਾਨੂੰ ਇਹ ਕਿਸੇ ਪੁਰਾਣੀ ਲਾਇਬ੍ਰੇਰੀ ਵਿੱਚ ਲੱਭ ਪਵੇ। ਇਹ ਉਸ ਅੰਗਰੇਜ਼ ਔਰਤ ਨੇ ਲਿਖਿਆ ਹੈ। ਉਹ ਵਾਪਸ ਆ ਗਿਆ ਅਤੇ ਉਸ ਨੇ ਵਕਾਲਤ ਸ਼ੁਰੂ ਕਰ ਦਿੱਤੀ। ਜਦੋਂ ਮੇਰੀ ਮਤਰੇਈ ਮਾਂ ਦੀ ਮੌਤ ਹੋ ਗਈ ਤਾਂ ਉਸ ਨੇ ਨੇੜਲੇ ਪਿੰਡ ਤੋਂ ਮੇਰੀ ਮਾਂ ਨਾਲ ਵਿਆਹ ਕਰਵਾ ਲਿਆ। ਇਸ ਤਰ੍ਹਾਂ ਮੇਰੀ ਮਾਂ ਅਤੇ ਮਤਰੇਈਆਂ ਭੈਣਾਂ ਤਕਰੀਬਨ ਇਕ ਹੀ ਉਮਰ ਦੀਆਂ ਸਨ; ਵੱਡੀ ਭੈਣ ਮਾਂ ਤੋਂ ਵੱਡੀ ਸੀ।

ਅਸੀਂ ਸਿਆਲਕੋਟ ਵਿੱਚ ਸਕੂਲ ਗਏ। ਮੈਂ ਆਪਣੀ ਸ਼ੁਰੂ ਦੀ ਪੜ੍ਹਾਈ ਇਕ ਮਸਜਦ ਵਿੱਚ ਕੀਤੀ, ਆਪਣੇ ਇਲਾਕੇ ਦੀ ਇਕ ਮਸਜਦ ਵਿੱਚ। ਸ਼ਹਿਰ ਵਿੱਚ ਦੋ ਸਕੂਲ ਸਨ, ਇਕ ਸਕੌਟ ਮਿਸ਼ਨ ਦਾ ਸੀ ਅਤੇ ਦੂਸਰਾ ਅਮਰੀਕਨ ਮਿਸ਼ਨ ਦਾ। ਮੈਂ ਸਕੌਟ ਮਿਸ਼ਨ ਦੇ ਸਕੂਲ ਵਿੱਚ ਗਿਆ ਕਿਉਂਕਿ ਇਹ ਘਰ ਦੇ ਨੇੜੇ ਸੀ। ਬਾਅਦ ਵਿੱਚ ਅਮਰੀਕਨ ਮਿਸ਼ਨ ਬੰਦ ਹੋ ਗਿਆ। ਇਹ ਸਮਾਂ - ਪਹਿਲੀ ਸੰਸਾਰ ਜੰਗ ਦੇ ਖਾਤਮੇ ਦਾ ਅਤੇ 1920ਵਿਆਂ ਦੇ ਸ਼ੁਰੂ ਦਾ - ਹਿੰਦੁਸਤਾਨ ਵਿੱਚ ਬਹੁਤ ਉਥਲ ਪੁਥਲ ਦਾ ਸਮਾਂ ਸੀ। ਤਿੰਨਾਂ ਭਾਈਚਾਰਿਆਂ ਨਾਲ ਸੰਬੰਧਤ ਕਈ ਕੌਮੀ ਲਹਿਰਾਂ ਚੱਲ ਰਹੀਆਂ ਸਨ। ਕਾਂਗਰਸ ਦੀ ਲੀਡਰਸ਼ਿੱਪ ਵਿੱਚ ਹਿੰਦੂ ਅਤੇ ਮੁਸਲਮਾਨ ਦੋਵੇਂ ਸਨ, ਪਰ ਇਸ ਦੀਆਂ ਹੇਠਲੀਆਂ ਸਫਾਂ ਵਿੱਚ ਜ਼ਿਆਦਾਤਰ ਹਿੰਦੂ ਸਨ। ਮੁਸਲਮਾਨਾਂ ਦੀ ਖ਼ਿਲਾਫ਼ਤ ਲਹਿਰ ਸੀ, ਮੁਸਲਮਾਨ ਰੁਮਾਂਟਿਕ ਲੋਕ ਸਨ। ਇਹ ਪਹਿਲੀ ਸੰਸਾਰ ਜੰਗ ਦੇ ਖਾਤਮੇ ਤੋਂ ਬਾਅਦ ਦਾ ਸਮਾਂ ਸੀ ਅਤੇ ਤੁਰਕ ਹਰਾ ਦਿੱਤੇ ਗਏ ਸਨ ਅਤੇ ਓਟੋਮੈਨ ਸਲਤਨਤ ਖਿੰਡਰ ਚੁੱਕੀ ਸੀ ਅਤੇ ਤੁਰਕ ਬਰਤਾਨਵੀ ਅਤੇ ਯੂਨਾਨੀ ਦੋਵੇਂ ਹਮਲਾਂਵਰਾਂ ਨਾਲ ਲੜ ਰਹੇ ਸਨ। ਹਿੰਦੁਸਤਾਨ ਦੇ ਮੁਸਲਮਾਨਾਂ ਨੇ ਖ਼ਲੀਫ਼ੇ ਨੂੰ ਦੇਖਣ ਲਈ ਲਹਿਰ ਸ਼ੁਰੂ ਕਰ ਦਿੱਤੀ, ਜਿਸ ਨੂੰ ਉਹਨਾਂ ਨੇ ਕਦੇ ਨਹੀਂ ਦੇਖਿਆ ਸੀ ਅਤੇ ਨਾ ਹੀ ਉਹ ਉਸ ਨੂੰ ਜਾਣਦੇ ਸਨ। ਉਹ ਕਿਤੇ ਤੁਰਕੀ ਵਿੱਚ ਸੀ। ਪਰ ਉਹ ਉਸ ਨੂੰ ਬਚਾ ਨਾ ਸਕੇ ਕਿਉਂਕਿ ਉਸਨੂੰ ਅਜੋਕੇ ਤੁਰਕੀ ਦੇ ਬਾਨੀ ਕਮਾਲ ਅਤਾਤੁਰਕ ਨੇ ਗੱਦੀਉਂ ਲਾਹ ਦਿੱਤਾ ਸੀ। ਸਿੱਖਾਂ ਨੇ ਗੁਰਦਵਾਰਿਆਂ ਦਾ ਪ੍ਰਬੰਧ ਆਪਣੇ ਹੱਥਾਂ ਵਿੱਚ ਲੈਣ ਲਈ ਅਕਾਲੀ ਲਹਿਰ ਸ਼ੁਰੂ ਕਰ ਦਿੱਤੀ ਸੀ। ਇਸ ਤਰ੍ਹਾਂ 6-7 ਸਾਲਾਂ ਦੇ ਇਸ ਥੋੜ੍ਹੇ ਜਿਹੇ ਅਰਸੇ ਦੌਰਾਨ ਮੁਸਲਮਾਨਾਂ, ਹਿੰਦੂਆਂ ਅਤੇ ਸਿੱਖਾਂ ਨੇ ਅੰਗਰੇਜ਼ਾਂ ਦੇ ਵਿਰੁੱਧ ਸਾਂਝਾ ਜਹਾਦ ਛੇੜਿਆ ਹੋਇਆ ਸੀ ਅਤੇ ਸਾਰੇ ਦੇਸ਼ ਵਿੱਚ ਇਕ ਵੱਡੀ ਤਰਥੱਲੀ ਮਚੀ ਹੋਈ ਸੀ। ਸਾਡੇ ਛੋਟੇ ਜਿਹੇ ਸ਼ਹਿਰ ਵਿੱਚ ਜਦੋਂ ਵੀ ਵੱਡੇ ਨੇਤਾ, ਮਹਾਤਮਾ ਗਾਂਧੀ, ਨਹਿਰੂ ਦਾ ਪਿਤਾ, ਸਿੱਖਾਂ ਦੇ ਲੀਡਰ ਆਉਂਦੇ ਸਨ ਤਾਂ ਸਾਰੇ ਸ਼ਹਿਰ ਨੂੰ ਸਜਾਇਆ ਜਾਂਦਾ ਸੀ, ਫੁੱਲਾਂ ਦੇ ਗੇਟ ਬਣਾਏ ਜਾਂਦੇ ਸਨ ਅਤੇ ਸਾਰਾ ਸ਼ਹਿਰ ਉਹਨਾਂ ਦਾ ਸਵਾਗਤ ਕਰਨ ਬਾਹਰ ਆਉਂਦਾ ਸੀ। ਇਹਨਾਂ ਘਟਨਾਵਾਂ ਭਰਪੂਰ ਸਾਲਾਂ ਵਿੱਚ ਇਕ ਵਿਅਕਤੀ ਦਾ ਇਸ ਤਰ੍ਹਾਂ ਸਿਆਸਤ ਦੇ ਬੁੱਲਿਆਂ ਨਾਲ ਵਾਹ ਪੈਂਦਾ ਸੀ, ਉਹ ਇਸ ਤਰ੍ਹਾਂ ਸਿਆਸਤ ਨੂੰ ਗ੍ਰਹਿਣ ਕਰਦਾ ਸੀ।

ਇਸ ਹੀ ਵੇਲੇ ਅਕਤੂਬਰ ਇਨਕਲਾਬ ਹੋ ਚੁੱਕਾ ਸੀ। ਇਸ ਦੀ ਖਬਰ ਸਿਆਲਕੋਟ ਤੱਕ ਪਹੁੰਚ ਚੁੱਕੀ ਸੀ। ਮੈਂ ਲੋਕਾਂ ਨੂੰ ਗੱਲਾਂ ਕਰਦਿਆਂ ਸੁਣਿਆ ਸੀ, "ਦੇਖੋ, ਅਸੀਂ ਸੁਣਿਆ ਹੈ ਕਿ ਰੂਸ ਨਾਂ ਦੇ ਇਕ ਮੁਲਕ ਵਿੱਚ ਲੈਨਿਨ ਨਾਂ ਦੇ ਇਕ ਵਿਅਕਤੀ ਨੇ ਬਾਦਸ਼ਾਹ ਦਾ ਤਖਤਾ ਪਲਟ ਦਿੱਤਾ ਹੈ ਅਤੇ ਉਸ ਨੇ ਸਾਰੇ ਲੋਕਾਂ ਦੀ ਦੌਲਤ ਮਜ਼ਦੂਰਾਂ ਵਿੱਚ ਵੰਡ ਦਿੱਤੀ ਹੈ। ਮੰਨ ਲਉ ਕਿ ਤੁਸੀਂ ਇਕ ਬੈਂਕਰ ਨੂੰ ਲੁੱਟ ਕੇ ਉਸ ਦੀ ਦੌਲਤ ਵੰਡ ਦਿੰਦੇ ਹੋ, ਇਹ ਬੜੇ ਮਜ਼ੇ ਦੀ ਗੱਲ ਹੋਵੇਗੀ!"



ਸੋ ਸਾਡੇ ਸਕੂਲ ਦੇ ਪਹਿਲੇ ਸਾਲਾਂ ਦੌਰਾਨ ਇਹ ਕੁਝ ਵਾਪਰ ਰਿਹਾ ਸੀ। ਸਕੂਲ ਵਿੱਚ ਮੈਂ ਸ਼ਾਇਰੀ ਵੱਲ ਦੋ ਤਰ੍ਹਾਂ ਖਿੱਚਿਆ ਗਿਆ। ਪਹਿਲੀ ਗੱਲ ਤਾਂ ਇਹ ਸੀ ਕਿ ਸਾਡੇ ਘਰ ਦੇ ਨੇੜੇ ਇਕ ਨੌਜਵਾਨ ਦੀ ਇਕ ਛੋਟੀ ਜਿਹੀ ਕਿਤਾਬਾਂ ਦੀ ਦੁਕਾਨ ਸੀ। ਇਹ ਨੌਜਵਾਨ ਕਿਤਾਬਾਂ ਕਿਰਾਏ 'ਤੇ ਦਿੰਦਾ ਸੀ – ਇਕ ਕਿਤਾਬ ਇਕ ਹਫਤੇ ਲਈ ਦੋ ਪੈਸਿਆਂ ਦੀ ਮਿਲਦੀ ਸੀ। ਉਸ ਕੋਲ ਜਿੰਨੀਆਂ ਵੀ ਕਿਤਾਬਾਂ ਸਨ, ਮੈਂ ਉਹ ਸਾਰੀਆਂ ਕਿਰਾਏ 'ਤੇ ਲੈ ਕੇ ਪੜ੍ਹੀਆਂ। ਮੇਰਾ ਸਾਰਾ ਜ਼ੇਬ-ਖਰਚਾ ਇਹਨਾਂ ਕਿਤਾਬਾਂ ਨੂੰ ਪੜ੍ਹਨ ਉੱਤੇ ਖਰਚ ਹੋ ਜਾਂਦਾ ਸੀ। ਹਾਈ ਸਕੂਲ ਪਹੁੰਚਣ ਤੋਂ ਪਹਿਲਾਂ ਮੈਂ ਸਾਰੀਆਂ ਕਲਾਸਿਕ ਕਿਤਾਬਾਂ ਪੜ੍ਹ ਚੁੱਕਾ ਸੀ। ਦੂਜੀ ਗੱਲ ਇਹ ਸੀ, ਕਿ ਇਸ ਸ਼ਹਿਰ ਵਿੱਚ ਇਕ ਮਹਾਨ ਕਵੀ ਦਾ ਪਹਿਲਾਂ ਹੀ ਬਹੁਤ ਵੱਡਾ ਨਾਂ ਸੀ; ਇਕਬਾਲ ਇਸ ਸ਼ਹਿਰ ਵਿੱਚ ਪੈਦਾ ਹੋਇਆ ਸੀ ਅਤੇ ਇਸ ਲਈ ਆਮ ਲੋਕਾਂ ਵੱਲੋਂ ਉਸ ਦੀਆਂ ਕਵਿਤਾਵਾਂ ਬੋਲੀਆਂ ਅਤੇ ਗਾਈਆਂ ਜਾਂਦੀਆਂ ਸਨ। ਤੀਜੀ ਗੱਲ ਇਹ ਸੀ, ਸਾਡੇ ਘਰ ਦੇ ਨੇੜੇ ਇਕ ਵੱਡੀ ਸਾਰੀ ਹਵੇਲੀ ਸੀ, ਜਿਸ ਵਿੱਚ ਦਿਨ ਦੇ ਵਕਤ ਇਕ ਪ੍ਰਾਇਮਰੀ ਸਕੂਲ ਚਲਾਇਆ ਜਾਂਦਾ ਸੀ ਜਿਸ ਵਿੱਚ ਮੈਂ ਪੜ੍ਹਦਾ ਸੀ, ਪਰ ਮਹੀਨੇ ਵਿੱਚ ਇਕ ਸ਼ਾਮ ਨੂੰ ਇੱਥੇ ਇਕ ਮੁਸ਼ਾਇਰਾ ਕਰਵਾਇਆ ਜਾਂਦਾ ਸੀ। ਜਦੋਂ ਮੈਂ ਸਕੂਲ ਦੇ ਆਖਰੀ ਵਰ੍ਹੇ ਵਿੱਚ ਸੀ ਤਾਂ ਸਾਡੇ ਹੈੱਡਮਾਸਟਰ ਨੇ ਕਿਹਾ, "ਮੈਂ ਇਕ ਮੁਕਾਬਲਾ ਕਰਾਉਣ ਜਾ ਰਿਹਾ ਹਾਂ। ਅਸੀਂ ਇਸ ਲਾਈਨ ਤੋਂ ਪੰਜ ਜਾਂ ਛੇ ਦੋਹੇ ਜੋੜਾਂਗੇ ਅਤੇ ਅਸੀਂ ਇਹ ਦੋਹੇ ਸ਼ਹਿਰ ਦੇ ਵੱਡੇ ਵਿਦਵਾਨ ਨੂੰ ਭੇਜਾਂਗੇ (ਜਿਹੜਾ ਮਹਾਨ ਕਵੀ ਇਕਬਾਲ ਦਾ ਅਧਿਆਪਕ ਸੀ) ਅਤੇ ਉਹ ਫੈਸਲਾ ਕਰੇਗਾ ਕਿ ਇਨਾਮ ਕੌਣ ਜਿੱਤੇਗਾ।" ਮੈਂ ਉਹ ਇਨਾਮ ਜਿੱਤ ਗਿਆ। ਇਨਾਮ ਇਕ ਰੁਪਈਆ ਸੀ ਜਿਹੜਾ ਉਹਨਾਂ ਦਿਨਾਂ ਵਿੱਚ ਬਹੁਤ ਵੱਡੀ ਰਕਮ ਹੁੰਦਾ ਸੀ।

ਸਿਆਲਕੋਟ ਵਿੱਚ ਆਪਣੇ ਦੋ ਸਾਲ ਖਤਮ ਕਰਨ ਤੋਂ ਬਾਅਦ, ਮੈਂ ਲਾਹੌਰ ਦੇ ਗੌਰਮਿੰਟ ਕਾਲਜ ਚਲਾ ਗਿਆ। ਸਿਆਲਕੋਟ ਵਰਗੇ ਇਕ ਛੋਟੇ ਜਿਹੇ ਸ਼ਹਿਰ ਵਿੱਚੋਂ ਲਾਹੌਰ ਆਉਣਾ ਇਕ ਬਾਹਰਲੇ ਮੁਲਕ ਵਿੱਚ ਜਾਣ ਵਰਗੀ ਗੱਲ ਸੀ। ਕਿਉਂਕਿ ਉਸ ਸਮੇਂ ਸ਼ਹਿਰ (ਸਿਆਲਕੋਟ) ਵਿੱਚ ਟੂਟੀਆਂ ਦਾ ਪਾਣੀ ਨਹੀਂ ਸੀ, ਉੱਥੇ ਕੋਈ ਬਿਜਲੀ ਨਹੀਂ ਸੀ। ਘਰਾਂ ਵਿੱਚ ਪਾਣੀ ਕਹਾਰਾਂ ਵਲੋਂ ਲਿਆਇਆ ਜਾਂਦਾ ਸੀ ਅਤੇ ਜਦੋਂ ਉਹ ਨਹੀਂ ਆਉਂਦੇ ਸਨ ਤਾਂ ਤੁਹਾਨੂੰ ਪਾਣੀ ਖੂਹ ਵਿੱਚੋਂ ਕੱਢਣਾ ਪੈਂਦਾ ਸੀ। ਹਰ ਇਲਾਕੇ ਦਾ ਆਪਣਾ ਖੂਹ ਹੁੰਦਾ ਸੀ ਅਤੇ ਕਈ ਵੱਡੇ ਘਰਾਂ ਵਿੱਚ ਆਪਣੇ ਆਪਣੇ ਖੂਹ ਹੁੰਦੇ ਸਨ। ਬਿਜਲੀ ਨਹੀਂ ਸੀ; ਅਸੀਂ ਮਿੱਟੀ ਦੇ ਤੇਲ ਦੀਆਂ ਲੈਂਪਾਂ ਦੀ ਰੌਸ਼ਨੀ ਵਿੱਚ ਪੜ੍ਹਦੇ ਸੀ ਜਿਹੜੀਆਂ ਕਿ ਬਹੁਤ ਦਿਲਚਸਪ ਹੁੰਦੀਆਂ ਸਨ, ਬਹੁਤ ਹੀ ਚਿੱਤਰਮਈ ਲੈਂਪਾਂ। ਸਿਆਲਕੋਟ ਵਿੱਚ ਕਾਰਾਂ ਨਹੀਂ ਸਨ। ਏਥੋਂ ਤੱਕ ਜ਼ਿਲੇ ਦਾ ਮੁਖੀ, ਡਿਪਟੀ ਕਮਿਸ਼ਨਰ, ਬੱਘੀ ਵਿੱਚ ਆਉਂਦਾ ਹੁੰਦਾ ਸੀ। ਅਤੇ ਉਸ ਕੋਲ ਇਕ ਬੱਘੀ ਸੀ ਜਦੋਂ ਕਿ ਮੇਰੇ ਬਾਪ ਕੋਲ ਦੋ ਬੱਘੀਆਂ ਸਨ।

ਮੈਂ ਲਾਹੌਰ ਆ ਗਿਆ; ਇੱਥੇ ਪਹਿਲੀ ਵਾਰ ਅਸੀਂ ਕਾਰਾਂ ਦੇਖੀਆਂ ਅਤੇ ਪਹਿਲੀ ਵਾਰ ਲੋਕਾਂ ਨੂੰ ਉਹਨਾਂ ਸੁੰਦਰ ਪਹਿਰਾਵਿਆਂ ਵਿੱਚ ਦੇਖਿਆ ਅਤੇ ਨੌਜਵਾਨ ਕੁੜੀਆਂ ਨੂੰ ਪਰਦੇ ਤੋਂ ਬਿਨਾਂ ਜਾਂਦਿਆਂ ਦੇਖਿਆ। ਸਾਡੇ ਸਿਆਲਕੋਟ ਦੇ ਕਾਲਜ ਤੋਂ ਉਲਟ ਇਸ ਕਾਲਜ ਵਿੱਚ ਅੱਧੇ ਟੀਚਰ ਅੰਗਰੇਜ਼ ਸਨ, ਅਤੇ ਹਰ ਚੀਜ਼ ਇਸ ਦੁਨੀਆਂ ਤੋਂ ਅਗਾਂਹ ਦੀ ਸੀ। ਕਾਲਜ ਵਿੱਚ ਮੈਂ ਸਭ ਤੋਂ ਪਹਿਲਾਂ ਜਿਹੜਾ ਇਮਤਿਹਾਨ ਦਿੱਤਾ ਉਹ ਅੰਗਰੇਜ਼ੀ ਦਾ ਸੀ। ਮੇਰੇ ਅੰਗਰੇਜ਼ੀ ਦੇ ਟੀਚਰ ਦਾ ਨਾਂ ਲੈਂਗਹੌਰਨ ਸੀ ਜਿਹੜਾ ਬਹੁਤ ਹੀ ਗੁੱਸੇਖੋਰ ਸੀ, ਪਰ ਸੀ ਬਹੁਤ ਵਧੀਆ ਟੀਚਰ। ਆਪਣੇ ਪਹਿਲੇ ਅੰਗਰੇਜ਼ੀ ਦੇ ਪੇਪਰ ਵਿੱਚ ਮੇਰੇ 150 ਵਿੱਚੋਂ ਸਿਰਫ 63 ਨੰਬਰ ਆਏ। ਬਸ ਫਿਰ ਹਰ ਇਕ ਨੇ ਸਿਰ ਝੁਕਾ ਲਿਆ ਅਤੇ ਮੈਂ ਇਕ ਦਮ ਮਸ਼ਹੂਰ ਹੋ ਗਿਆ। ਹੋਰ ਵੱਡੇ ਸਕਾਲਰ, ਮੁਸਲਮਾਨ ਸਕਾਲਰ, ਜਿਹੜੇ ਬਾਅਦ ਵਿੱਚ ਪਾਕਿਸਤਾਨ ਦੇ ਸਿਵਲ ਦੇ ਉੱਚ ਅਧਿਕਾਰੀ ਬਣੇ ਕਹਿਣ ਲੱਗੇ, "ਦੇਖ, ਇੰਡੀਅਨ ਸਿਵਲ ਸਰਵਿਸ ਦੇ ਇਮਤਿਹਾਨ ਲਈ ਤਿਆਰੀ ਸ਼ੁਰੂ ਕਰ ਦੇ।" ਮੈਂ ਕਿਹਾ "ਠੀਕ ਹੈ"। ਪਰ ਉਸ ਵੇਲੇ ਇੰਡੀਅਨ ਸਿਵਲ ਸਰਵਿਸ ਲਈ ਤਿਆਰੀ ਕਰਨ ਦੀ ਥਾਂ, ਮੈਂ ਹੌਲੀ ਹੌਲੀ ਸ਼ਾਇਰ ਬਣਨਾ ਸ਼ੁਰੂ ਕਰ ਦਿੱਤਾ। ਇਸ ਦਾ ਫੈਸਲਾ ਦੋ ਤਿੰਨ ਚੀਜ਼ਾਂ ਨੇ ਕਰ ਦਿੱਤਾ। ਸਭ ਤੋਂ ਪਹਿਲਾਂ, ਮੁਸੀਬਤ ਇਹ ਬਣੀ ਕਿ ਮੇਰੀ ਪਹਿਲੀ ਡਿਗਰੀ ਮੁੱਕਣ ਤੋਂ ਪਹਿਲਾਂ ਮੇਰੇ ਬਾਪ ਦੀ ਮੌਤ ਹੋ ਗਈ ਅਤੇ ਮੈਨੂੰ ਅਚਾਨਕ ਪਤਾ ਲੱਗਾ ਕਿ ਸ਼ਹਿਰ ਦੇ ਰਈਸ ਅਤੇ ਧਨੀ ਆਦਮੀਆਂ ਤੋਂ ਅਸੀਂ ਮੰਗਤੇ ਬਣ ਗਏ ਹਾਂ। ਉਹ ਕੁਝ ਜਾਇਦਾਦ ਛੱਡ ਗਿਆ ਸੀ – ਕੁੱਝ ਜ਼ਮੀਨ – ਪਰ ਉਸ ਦੇ ਕਰਜ਼ੇ ਜ਼ਮੀਨ ਨਾਲੋਂ ਵੱਡੇ ਸਨ। ਇਹ ਇਕ ਗੱਲ ਸੀ ਜਿਸ ਨੇ ਮੇਰੇ ਅਤੇ ਮੇਰੇ ਪਰਿਵਾਰ ਉੱਤੇ ਬਹੁਤ ਵੱਡਾ ਅਸਰ ਪਾਇਆ। ਦੂਜੀ ਗੱਲ ਇਹ ਹੋਈ, ਅਚਾਨਕ ਵੱਡਾ ਮੰਦਵਾੜਾ (ਗਰੇਟ ਡਿਪ੍ਰੈਸ਼ਨ) ਆ ਗਿਆ। ਨਤੀਜੇ ਵਜੋਂ ਖੇਤੀਬਾੜੀ ਦੀਆਂ ਵਸਤਾਂ ਦੀਆਂ ਕੀਮਤਾਂ ਇਕਦਮ ਹੇਠਾਂ ਆ ਡਿੱਗੀਆਂ। ਪੇਂਡੂ ਇਲਾਕੇ ਬਹੁਤ ਹੀ ਗਰੀਬ ਹੋ ਗਏ ਅਤੇ ਜਿਹੜੀ ਥੋੜ੍ਹੀ ਬਹੁਤ ਆਮਦਨ ਸਾਨੂੰ ਜ਼ਮੀਨ ਤੋਂ ਆਉਂਦੀ ਸੀ ਉਹ ਬੰਦ ਹੋ ਗਈ। ਵੱਡੇ ਮੰਦਵਾੜੇ ਨੇ ਨਿੱਜੀ ਅਤੇ ਸਿਆਸੀ ਤੌਰ 'ਤੇ ਬਹੁਤ ਵੱਡਾ ਅਸਰ ਪਾਇਆ, ਸਿਰਫ ਮੇਰੇ 'ਤੇ ਹੀ ਨਹੀਂ, ਸਗੋਂ ਸਾਰੇ ਭਾਈਚਾਰਿਆਂ 'ਤੇ ਖਾਸ ਕਰਕੇ ਮੁਸਲਮਾਨਾਂ 'ਤੇ। ਉਹ ਮੁੱਖ ਤੌਰ 'ਤੇ ਖੇਤੀਬਾੜੀ ਕਰਨ ਵਾਲਾ ਭਾਈਚਾਰਾ ਸੀ, ਅਤੇ ਉਹ ਆਪਣੇ ਗੁਜ਼ਾਰੇ ਲਈ ਮੁੱਖ ਤੌਰ ਉੱਤੇ ਜੋ ਕੁੱਝ ਜ਼ਮੀਨ ਤੋਂ ਆਉਂਦਾ ਸੀ ਉਹਦੇ ਉੱਤੇ ਨਿਰਭਰ ਸਨ ਅਤੇ ਜ਼ਮੀਨ ਵਿੱਚੋਂ ਮੁਸ਼ਕਿਲ ਨਾਲ ਹੀ ਕੁਝ ਆਉਂਦਾ ਸੀ। ਇਸ ਦੇ ਨਾਲ ਹੀ ਕੋਈ ਰੁਜ਼ਗਾਰ ਨਹੀਂ ਸੀ ਕਿਉਂਕਿ ਉੱਥੇ ਕੋਈ ਇੰਡਸਟਰੀ ਨਹੀਂ ਸੀ। ਜਿਹੜੀਆਂ ਵੀ ਇੰਡਸਟਰੀਆਂ ਸਨ, ਉਹ ਗੈਰ-ਮੁਸਲਿਮ ਲੋਕਾਂ ਕੋਲ ਸਨ।

ਰੁਜ਼ਗਾਰ ਦਾ ਤੀਸਰਾ ਰਸਤਾ ਸਰਕਾਰੀ ਨੌਕਰੀ ਸੀ। ਅਤੇ ਉੱਥੇ ਵੀ ਮੁਸਲਮਾਨਾਂ ਨੂੰ, ਜਿਹੜੇ ਕਿ ਪੜ੍ਹਾਈ ਵਿੱਚ ਪਿੱਛੇ ਸਨ, ਕੋਈ ਨੌਕਰੀਆਂ ਨਹੀਂ ਮਿਲ ਸਕਦੀਆਂ ਸਨ। ਇਸ ਲਈ ਸਿਆਸੀ ਅਤੇ ਨਿੱਜੀ ਤੌਰ 'ਤੇ ਇਹ ਪਰਿਵਾਰ ਲਈ ਬਹੁਤ ਮੁਸ਼ਕਿਲਾਂ ਭਰਿਆ ਸਮਾਂ ਸੀ। ਇਹਨਾਂ

ਸਾਰੀਆਂ ਗੱਲਾਂ ਦੇ ਉੱਪਰ ਦੀ ਇਕ ਗੱਲ ਹੋਰ ਸੀ ਜਿਸ ਨੇ ਇਸ ਕਰੜੀ ਅਜਮਾਇਸ਼ ਨੂੰ ਸ਼ਾਇਰੀ ਰਾਹੀਂ ਪ੍ਰਗਟ ਕਰਨ ਲਈ ਉਕਸਾਇਆ ਅਤੇ ਪ੍ਰੇਰਿਆ, ਉਹ ਸੀ ਕਿ ਮੈਨੂੰ ਪਿਆਰ ਹੋ ਗਿਆ ਸੀ ਜਿਵੇਂ ਕਿ ਇਸ ਉਮਰ – 17 ਜਾਂ 18 ਸਾਲ – ਵਿੱਚ ਸਾਰਿਆਂ ਨੂੰ ਹੁੰਦਾ ਹੀ ਹੈ। ਮੈਨੂੰ ਆਪਣੇ ਨਾਲ ਖੇਡਣ ਵਾਲੀ ਇਕ ਕੁੜੀ, ਇਕ ਅਫਗਾਨੀ ਕੁੜੀ, ਨਾਲ ਪਿਆਰ ਹੋ ਗਿਆ। ਉਸ ਦਾ ਪਰਿਵਾਰ ਉਸ ਸਮੇਂ ਹੀ ਅਫਗਾਨਿਸਤਾਨ ਤੋਂ ਆਇਆ ਸੀ ਜਿਸ ਸਮੇਂ ਮੇਰਾ ਬਾਪ ਆਇਆ ਸੀ। ਜਦੋਂ ਅਸੀਂ ਅਜੇ ਛੋਟੇ ਸੀ, ਉਸ ਸਮੇਂ ਉਸ ਦਾ ਪਰਿਵਾਰ ਸਿਆਲਕੋਟ ਤੋਂ ਚਲਾ ਗਿਆ ਸੀ ਅਤੇ ਉਹ 12 ਜਾਂ 13 ਸਾਲ ਦੀ ਉਮਰ ਵਿੱਚ ਪਰਦੇ ਵਿੱਚ ਚਲੀ ਗਈ ਸੀ ਅਤੇ ਮੈਂ ਉਸ ਨੂੰ ਬਚਪਨ ਤੋਂ ਬਾਅਦ ਨਹੀਂ ਦੇਖਿਆ ਸੀ। ਉਹ ਫੈਸਲਾਬਾਦ ਦੇ ਨੇੜੇ ਇਕ ਪਿੰਡ ਵਿੱਚ ਜਾ ਵਸੇ ਸਨ ਅਤੇ ਮੇਰੀ ਭੈਣ ਦੀ ਉਸ ਸ਼ਹਿਰ ਵਿੱਚ ਸ਼ਾਦੀ ਹੋ ਗਈ ਸੀ। ਸੋ ਇਕ ਦਿਨ ਮੈਂ ਇਸ ਪਰਿਵਾਰ ਨੂੰ ਮਿਲਣ ਇਸ ਪਿੰਡ ਗਿਆ ਅਤੇ ਉੱਥੇ ਇਕ ਸਵੇਰੇ ਜਦੋਂ ਮੈਂ ਉੱਠਿਆ, ਮੈਂ ਇਕ ਬਹੁਤ ਸੁਹਣੀ ਕੁੜੀ ਨੂੰ ਤੋਤੇ ਨੂੰ ਚੋਗਾ ਪਾਉਂਦੀ ਹੋਈ ਦੇਖਿਆ। ਉਸ ਨੇ ਮੇਰੇ ਵੱਲ ਦੇਖਿਆ ਅਤੇ ਮੈਂ ਉਸ ਵੱਲ ਅਤੇ ਸਾਨੂੰ ਇਕਦਮ ਪਿਆਰ ਹੋ ਗਿਆ; ਇੰਝ ਕਹੋ ਕਿ ਮੈਨੂੰ ਪਿਆਰ ਹੋ ਗਿਆ। ਜਿਵੇਂ ਕਿ ਰਿਵਾਜ਼ ਸੀ, ਅਸੀਂ ਲੁਕ ਕੇ ਇਕ ਦੂਸਰੇ ਦੇ ਹੱਥ ਫੜੇ, ਪਰ ਅਸੀਂ ਸਿਰਫ ਇੱਥੋਂ ਤੱਕ ਹੀ ਜਾ ਸਕਦੇ ਸੀ। ਪਰ ਦੂਸਰੇ ਦਿਨ ਉਸ ਦਾ ਇਕ ਅਮੀਰ ਜਗੀਰਦਾਰ ਨਾਲ ਵਿਆਹ ਹੋ ਗਿਆ। ਉਹ ਉੱਥੇ ਪਹਿਲੀ ਵਾਰ ਇਕ ਕੁੜੀ ਦੇ ਰੂਪ ਵਿੱਚ ਗਈ। ਜਦੋਂ ਉਹ ਮੁੜ ਕੇ ਆਈ, ਮੈਂ ਉਸ ਨੂੰ ਫਿਰ ਕਦੇ ਨਹੀਂ ਮਿਲਿਆ। ਸੋ ਉਸ ਤੋਂ ਬਾਅਦ ਅਸੀਂ ਹਮੇਸ਼ਾਂ ਦੁਖੀ ਰਹੇ – ਅੱਠ ਸਾਲਾਂ ਲਈ। ਇਸ ਸਮੇਂ ਮੈਂ ਆਪਣੀ ਪੜ੍ਹਾਈ ਕਰ ਰਿਹਾ ਸੀ, ਅਤੇ ਮੇਰੇ ਖਿਆਲ ਵਿੱਚ ਤੀਜੇ ਮੁਸ਼ਾਇਰੇ ਵਿੱਚ ਸ਼ਾਇਰੀ ਪੜ੍ਹਨ ਤੋਂ ਬਾਅਦ ਮੈਨੂੰ ਇਕ ਲੇਖਕ ਜਾਂ ਸ਼ਾਇਰ ਮੰਨ ਲਿਆ ਗਿਆ। ਫਿਰ ਲਾਹੌਰ ਸ਼ਹਿਰ ਵਿੱਚ, ਮਹਾਨ ਲੇਖਕਾਂ ਨੇ, ਮੇਰੇ ਤੋਂ ਸੀਨੀਅਰ ਲੇਖਕਾਂ ਨੇ, ਜਿਹੜੇ ਮੇਰੇ ਟੀਚਰ ਸਨ, ਮੈਨੂੰ ਇਕ ਸ਼ਗਿਰਦ ਵੱਜੋਂ ਅਪਣਾ ਲਿਆ ਅਤੇ ਇਸ ਤਰ੍ਹਾਂ ਮੈਂ ਸ਼ਾਇਰ ਬਣ ਗਿਆ।

ਇਹ ਉੱਪ-ਮਹਾਂਦੀਪ ਵਿੱਚ ਪਹਿਲੀ ਦਹਿਸ਼ਤਵਾਦੀ ਲਹਿਰ ਦਾ ਸਮਾਂ ਸੀ। ਇਹ ਦਹਿਸ਼ਤਵਾਦੀ ਸਾਡੇ ਕਾਲਜ ਵਿੱਚ ਵੀ ਪਹੁੰਚ ਗਏ ਅਤੇ ਉਹਨਾਂ ਵਿੱਚੋਂ ਇਕ ਮੈਂਬਰ ਮੇਰਾ ਜਿਗਰੀ ਯਾਰ ਸੀ, ਜਿਹੜਾ ਬਾਅਦ ਵਿੱਚ ਬਹੁਤ ਵੱਡਾ ਸੰਗੀਤਕਾਰ ਬਣਿਆ, ਖਵਾਜਾ ਖ਼ੁਰਸ਼ੀਦ ਅਨਵਰ। ਉਹ ਕਾਲਜ ਦੀ ਲੈਬਾਰਟਰੀ ਵਿੱਚੋਂ ਬੰਬ ਬਣਾਉਣ ਲਈ ਤੇਜ਼ਾਬ ਚੁਰਾਉਂਦਾਂ ਗ੍ਰਿਫਤਾਰ ਹੋ ਗਿਆ ਸੀ ਅਤੇ ਉਸ ਨੂੰ ਤਿੰਨ ਸਾਲਾਂ ਦੀ ਸਜ਼ਾ ਸੁਣਾਈ ਗਈ ਸੀ, ਜਿਹਦੇ ਵਿੱਚੋਂ ਉਹਨੇ ਕੁਝ ਸਜ਼ਾ ਕੱਟੀ ਸੀ। ਫਿਰ ਉਹਨਾਂ ਨੇ ਉਹਨੂੰ ਛੱਡ ਦਿੱਤਾ ਕਿਉਂਕਿ ਉਹਦਾ ਬਾਪ ਇਕ ਵੱਡਾ ਆਦਮੀ ਸੀ। ਮੈਨੂੰ ਇਹਨਾਂ ਗੱਲਾਂ ਬਾਰੇ ਉਹਦੇ ਰਾਹੀਂ ਪਤਾ ਲੱਗਾ। ਉਹ ਆਪਣਾ ਗੈਰ-ਕਾਨੂੰਨੀ ਲਿਟਰੇਚਰ ਹੋਸਟਲ ਵਿੱਚ ਮੇਰੇ ਕਮਰੇ ਵਿੱਚ ਛੱਡ ਜਾਇਆ ਕਰਦਾ ਸੀ। ਕਈ ਵਾਰੀ ਜਦੋਂ ਮੈਂ ਇਹਨੂੰ ਪੜ੍ਹਦਾ ਸੀ ਤਾਂ ਮੈਂ ਬਹੁਤ ਡਰ ਜਾਂਦਾ ਸੀ ਕਿਉਂਕਿ ਮੇਰੇ ਬਾਪ ਨੂੰ ਖਿਤਾਬ ਮਿਲੇ ਹੋਏ ਸਨ ਜੋ ਇਹ ਦਰਸਾਉਂਦੇ ਸਨ ਕਿ ਉਹ ਬਰਤਾਨਵੀ ਸਾਮਰਾਜ ਦੀ ਖੈਰ ਮੰਗਣ ਵਾਲੇ ਲੋਕਾਂ ਵਿੱਚੋਂ ਸੀ। ਇਸ ਤਰ੍ਹਾਂ ਮੈਨੂੰ ਦਹਿਸ਼ਤਵਾਦ ਅਤੇ ਇਨਕਲਾਬੀਆਂ ਦੀ ਜ਼ਬਾਨ ਦਾ ਪਤਾ ਲੱਗਾ। ਉਸ ਨਾਲ ਜ਼ਰੂਰ ਮੈਨੂੰ ਥੋੜ੍ਹੀ ਬਹੁਤ ਲਾਗ ਲੱਗੀ ਹੋਵੇਗੀ, ਪਰ ਮੈਂ ਇਸ ਵੱਲ ਕੋਈ ਬਹੁਤਾ ਧਿਆਨ ਨਹੀਂ ਦਿੱਤਾ।

ਤਿੰਨ ਜਾਂ ਚਾਰ ਸਾਲਾਂ ਬਾਅਦ ਮੈਂ ਆਪਣੀ ਡਿਗਰੀ ਮੁਕਾ ਲਈ। ਪਹਿਲਾਂ ਮੈਂ ਅੰਗਰੇਜ਼ੀ ਵਿੱਚ ਮਾਸਟਰ ਦੀ ਡਿਗਰੀ ਕੀਤੀ ਅਤੇ ਫਿਰ ਮੈਂ ਅਰਬੀ ਦੀ ਡਿਗਰੀ ਕੀਤੀ ਅਤੇ ਫਿਰ ਮੈਂ ਪੜ੍ਹਾਉਣ ਲੱਗ ਪਿਆ ਅਤੇ ਇਹ ਉਹ ਸਮਾਂ ਸੀ ਜਦੋਂ ਮੈਂ ਆਪਣੇ ਮੁਸ਼ਕਿਲਾਂ ਭਰੇ ਸਮੇਂ ਤੋਂ ਬਾਹਰ ਨਿਕਲਿਆ ਅਤੇ ਮੇਰੇ ਭਰਾ ਨੂੰ ਵੀ ਨੌਕਰੀ ਮਿਲ ਗਈ ਅਤੇ ਪਰਿਵਾਰ ਦੇ ਹਾਲਾਤ ਥੋੜ੍ਹੇ ਬਿਹਤਰ ਹੋ ਗਏ।

ਉਸ ਸਮੇਂ ਦੌਰਾਨ ਕਾਲਜ ਵਿੱਚ ਮੇਰੇ ਕੁਲੀਗ, ਦੋ ਜਣੇ ਜਿਹੜੇ ਆਕਸਫੋਰਡ ਤੋਂ ਪੜ੍ਹ ਕੇ ਵਾਪਸ ਆਏ ਸਨ, ਮਾਰਕਸਵਾਦੀ ਬਣ ਚੁੱਕੇ ਸਨ ਅਤੇ ਉਹਨਾਂ ਨੇ ਮੈਨੂੰ ਮਾਰਕਸਵਾਦ ਤੋਂ ਜਾਣੂ ਕਰਵਾਇਆ। ਬਾਅਦ ਵਿੱਚ ਕਈ ਹੋਰ ਨੌਜਵਾਨ ਬਰਤਾਨੀਆ ਦੀਆਂ ਯੂਨੀਵਰਸਿਟੀਆ ਤੋਂ ਪੜ੍ਹ ਕੇ ਵਾਪਸ ਆਏ, ਸਾਰੇ ਅਮੀਰ ਜਾਂ ਕੁਲੀਨ ਪਰਿਵਾਰਾਂ ਨਾਲ ਸੰਬੰਧਤ ਸਨ, ਅਤੇ ਸਾਰੇ ਕਮਿਊਨਿਸਟ ਬਣ ਗਏ ਸਨ। ਉਹਨਾਂ ਵਿੱਚੋਂ ਕਈ ਕਮਿਊਨਿਸਟ ਹੀ ਰਹੇ ਅਤੇ ਕਈਆਂ ਨੇ ਕੁੱਝ ਸਾਲ ਇਸ ਵਿੱਚ ਰਹਿ ਕੇ ਕੋਈ ਹੋਰ ਨੌਕਰੀਆਂ ਲੈ ਲਈਆਂ ਹਨ। ਸੋ ਉਹ ਵਾਪਸ ਆਏ ਅਤੇ ਉਹਨਾਂ ਨੇ ਇਕ ਸਾਹਿਤਕ ਲਹਿਰ ਸ਼ੁਰੂ ਕੀਤੀ ਜਿਹੜੀ ਪ੍ਰੌਗਰੈਸਿਵ ਰਾਈਟਰਜ਼ ਮੂਵਮੈਂਟ (ਪ੍ਰਗਤੀਵਾਦੀ ਲੇਖਕਾਂ ਦੀ ਲਹਿਰ) ਵਜੋਂ ਜਾਣੀ ਗਈ। ਇਹ ਇਕ ਤਰ੍ਹਾਂ ਦੀ ਕਮਿਊਨਿਸਟ ਜਾਂ ਮਾਰਕਸਵਾਦੀ ਲਹਿਰ ਨਹੀਂ ਸੀ, ਬੇਸ਼ੱਕ ਇਸ ਦੇ ਕਈ ਅਹੁਦੇਦਾਰ ਇਸ ਗਰੁੱਪ ਨਾਲ ਸੰਬੰਧਤ ਸਨ, ਪਰ ਇਹ ਅਸਲ ਵਿੱਚ ਯਥਾਰਥਵਾਦੀ ਲਹਿਰ ਸੀ। ਕਿਉਂਕਿ ਪਹਿਲਾਂ ਕਲਾਸੀਕਲ ਦੌਰ ਅਤੇ ਬਾਅਦ ਦੇ ਦੌਰ ਵਿੱਚ, ਸਾਡੀ ਸ਼ਾਇਰੀ ਅਤੇ ਸਾਡਾ ਸਾਹਿਤ ਬਹੁਤ ਹੱਦ ਤੱਕ ਮਿਥਿਹਾਸਕ ਅਤੇ ਕਾਲਪਨਿਕ ਕਹਾਣੀਆਂ ਅਤੇ ਪਿਆਰ ਕਥਾਵਾਂ ਤੱਕ ਸੀਮਤ ਸੀ ਅਤੇ ਬਹੁਤ ਸਾਰੀ ਸ਼ਾਇਰੀ ਸ਼ਬਦਾਂ ਦੀ ਜਿਮਨਾਸਟਿਕ ਹੀ ਸੀ। ਇਸ ਸਮੇਂ ਦੌਰਾਨ ਇਕ ਨਿਰੋਲ (ਜੈਨੂਅਨ) ਸਰੋਦੀ-ਸਿਆਸੀ ਸ਼ਾਇਰੀ ਦਾ ਜਨਮ ਹੋਇਆ।

ਇਸ ਹੀ ਵੇਲੇ 1930ਵਿਆਂ ਵਿੱਚ ਫਾਸ਼ਿਸਟ ਵਿਰੋਧੀ ਮਹਾਨ ਲਹਿਰ ਉੱਠ ਖੜ੍ਹੀ ਹੋਈ ਅਤੇ ਯੂਰਪ ਅਤੇ ਅਮਰੀਕਾ ਦੋਵਾਂ ਵਿੱਚ ਸਾਹਿਤਕ ਲਹਿਰਾਂ ਸਮਾਜਕ ਟਿੱਪਣੀ (ਸੋਸ਼ਲ ਕੁਮੈਂਟ) ਦੇ ਸਾਹਿਤ ਵਲ ਨੂੰ ਮੁੜ ਆਈਆਂ। ਅਸੀਂ ਇਸ ਲਹਿਰ ਤੋਂ ਸਿੱਧੀ ਤਰ੍ਹਾਂ ਪ੍ਰਭਾਵਤ ਹੋਏ ਅਤੇ ਇਸ ਤਰ੍ਹਾਂ 1932-1935 ਦਰਮਿਆਨ ਮੈਂ ਇਸ ਸਿਆਸਤ-ਨੁਮਾ-ਸਾਹਿਤਕ ਲਹਿਰ ਵਿੱਚ ਸ਼ਾਮਲ ਹੋ ਗਿਆ। ਦੂਸਰੀ ਗੱਲ ਮੈਂ ਟਰੇਡ ਯੂਨੀਅਨ ਅਤੇ ਮਜ਼ਦੂਰਾਂ, ਅਤੇ ਕਿਸਾਨਾਂ ਦੀਆਂ ਲਹਿਰਾਂ ਨਾਲ ਸੰਬੰਧਤ ਹੋਇਆ ਅਤੇ ਤੀਜੀ ਗੱਲ ਮੈਂ ਆਪਣੀ ਨਵੀਂ ਸ਼ੈਲੀ ਪੈਦਾ ਕੀਤੀ ਜਿਹੜੀ ਸਰੋਦੀ ਅਤੇ ਸਿਆਸੀ ਸ਼ਾਇਰੀ, ਕਲਾਸੀਜ਼ਮ ਅਤੇ ਮਾਡਰਨਿਜ਼ਮ ਦਾ ਸੁਮੇਲ ਸੀ ਅਤੇ ਜਿਹੜੀ ਲੋਕਾਂ ਨੂੰ ਅਪੀਲ ਕਰਦੀ ਸੀ। ਜਦੋਂ 1941 ਵਿੱਚ ਮੇਰੀ ਪਹਿਲੀ ਕਿਤਾਬ ਛੱਪ ਕੇ ਆਈ ਤਾਂ ਉਹ ਇਕਦਮ ਹੀ ਬੈਸਟ-ਸੈੱਲਰ (ਵੱਡੀ ਗਿਣਤੀ ਵਿੱਚ ਵਿਕਣ ਵਾਲੀ) ਬਣ ਗਈ। ਫਿਰ ਜੰਗ ਸ਼ੁਰੂ ਹੋ ਗਈ। ਪਹਿਲਾਂ ਪਹਿਲ ਅਸੀਂ ਜੰਗ ਵਲ ਬਹੁਤਾ ਧਿਆਨ ਨਾ ਦਿੱਤਾ। ਅਸੀਂ ਸਮਝਿਆ ਕਿ ਇਸ ਦਾ ਸੰਬੰਧ ਅੰਗਰੇਜ਼ ਅਤੇ ਜਰਮਨ ਲੋਕਾਂ ਨਾਲ ਹੈ, ਪਰ 1941 ਵਿੱਚ ਜਾਪਾਨੀ ਜੰਗ ਵਿੱਚ ਸ਼ਾਮਲ ਹੋ ਗਏ। ਇਕ ਪਾਸੇ ਜਾਪਾਨੀ ਇੰਡਿਆ ਦੇ ਬਾਰਡਰਾਂ ਦੇ ਨੇੜੇ ਪਹੁੰਚ ਗਏ ਅਤੇ ਦੂਸਰੇ ਪਾਸੇ ਨਾਜ਼ੀ ਅਤੇ ਫਾਸ਼ਿਸਟ ਮਾਸਕੋ ਅਤੇ ਲੈਨਿਨਗਰੈਡ ਦੀਆਂ ਦਹਿਲੀਜ਼ਾਂ ਤੱਕ ਪਹੁੰਚ ਗਏ। ਅਸੀਂ ਸੋਚਿਆ ਕਿ ਹੁਣ ਜੰਗ ਵਿੱਚ ਸ਼ਾਮਲ ਹੋਣ ਦਾ ਸਮਾਂ ਆ ਗਿਆ ਹੈ, ਅਤੇ ਅਸੀਂ ਫੌਜ ਵਿੱਚ ਭਰਤੀ ਹੋ ਗਏ। ਮੈਂ ਫੌਜ ਵਿੱਚ ਭਰਤੀ ਹੋ ਗਿਆ ਅਤੇ ਮੈਨੂੰ ਆਪਣਾ ਪਹਿਲਾ ਦਿਨ ਯਾਦ ਹੈ ਜਦੋਂ ਮੈਨੂੰ ਪਬਲਿਕ ਰੀਲੇਸ਼ਨ ਡਿਪਾਰਟਮੈਂਟ ਅੱਗੇ ਪੇਸ਼ ਕੀਤਾ ਗਿਆ। ਉਹ ਇਕ ਆਮ ਫੌਜੀ ਨਹੀਂ ਸੀ, ਉਹ ਲੰਡਨ ਟਾਈਮਜ਼ ਦਾ ਇਕ ਜਰਨਲਿਸਟ ਸੀ (ਇਕ ਬਹੁਤ ਹੀ ਖੁਸ਼ਮਿਜਾਜ਼ ਆਇਰਸ਼ਮੈਨ ਸੀ)। ਉਹ ਕਹਿੰਦਾ, "ਦੇਖ, ਮੇਰੇ ਕੋਲ ਤੇਰੀ ਪੁਲੀਸ ਰਿਪੋਰਟ ਹੈ। ਇਹ ਕਹਿੰਦੀ ਹੈ ਕਿ ਤੂੰ ਇਕ ਉਤਲੇ ਦਰਜੇ ਦਾ ਕਮਿਊਨਿਸਟ ਹੈਂ। ਕੀ ਤੂੰ ਕਮਿਊਨਿਸਟ ਹੈਂ? ਮੈਂ ਕਿਹਾ, "ਮੈਨੂੰ ਨਹੀਂ ਪਤਾ ਕਮਿਊਨਿਸਟ ਕੀ ਚੀਜ਼ ਹੁੰਦੀ ਹੈ? ਤਾਂ ਉਹ ਬੋਲਿਆ, "ਮੈਨੂੰ ਕੋਈ

ਪਰਵਾਹ ਨਹੀਂ, ਤੂੰ ਭਾਵੇਂ ਫਾਸ਼ਿਸਟ ਹੋਵੇਂ, ਜਿੰਨਾ ਚਿਰ ਤੱਕ ਤੂੰ ਸਾਡੇ ਨਾਲ ਧੋਖਾ ਨਹੀਂ ਕਰਦਾ। ਤੂੰ ਸਾਡੇ ਨਾਲ ਧੋਖਾ ਤਾਂ ਨਹੀਂ ਕਰੇਂਗਾ"? ਮੈਂ ਕਿਹਾ, "ਬਿਲਕੁਲ ਨਹੀਂ"।

ਇਹ ਉਹ ਸਮਾਂ ਸੀ ਜਦੋਂ ਇਕ ਪਾਸੇ ਅੰਗਰੇਜ਼ਾਂ ਅਤੇ ਇਤਿਹਾਦੀ ਫੌਜਾਂ ਦੀ ਜੰਗ ਵਿੱਚ ਹਾਲਤ ਬਹੁਤ ਚੰਗੀ ਨਹੀਂ ਸੀ। ਦੂਸਰੇ ਪਾਸੇ ਮਹਾਤਮਾ ਗਾਂਧੀ ਨੇ 'ਭਾਰਤ ਛੱਡੋ' ਦਾ ਅੰਦੋਲਨ ਸ਼ੁਰੂ ਕਰ ਦਿੱਤਾ ਸੀ ਅਤੇ ਉਹ ਅੰਦੋਲਨ ਜੰਗਲ ਦੀ ਅੱਗ ਵਾਂਗ ਫੈਲ ਗਿਆ ਸੀ। ਇਸ ਲਈ ਅੰਗਰੇਜ਼ਾਂ ਸਾਹਮਣੇ ਦੋ ਸਮੱਸਿਆਵਾਂ ਸਨ: ਲੋਕਾਂ ਨੂੰ ਫੌਜ ਵਿੱਚ ਭਰਤੀ ਹੋਣ ਲਈ ਤਿਆਰ ਕਰਨਾ ਅਤੇ ਬਰਤਾਨਵੀ ਸਾਮਰਾਜ ਦੇ ਵਿਰੁੱਧ ਉੱਠੀ ਵੱਡੀ ਲਹਿਰ ਵਿਰੁੱਧ ਲੜਨਾ।


(ਫ਼ੈਜ਼ ਆਪਣੀ ਪਤਨੀ ਐਲਿਸ ਫ਼ੈਜ਼ ਨਾਲ)

ਉਹ ਬ੍ਰਿਗੇਡੀਅਰ ਮੇਰੇ ਨਾਲ ਇਸ ਲਹਿਰ ਬਾਰੇ ਗੱਲ ਕਰਨ ਲੱਗਾ। ਉਹ ਕਹਿੰਦਾ, "ਜਿੱਥੋਂ ਤੱਕ ਭਾਰਤੀ ਫੌਜੀਆਂ ਦਾ ਸੰਬੰਧ ਹੈ, ਅਸੀਂ ਇਸ ਲਹਿਰ ਬਾਰੇ ਕੀ ਲਾਈਨ ਅਖ਼ਤਿਆਰ ਕਰੀਏ?" ਮੈਂ ਕਿਹਾ, "ਸਾਨੂੰ ਬਿਲਕੁਲ ਕੋਈ ਵੀ ਲਾਈਨ ਨਹੀਂ ਲੈਣੀ ਚਾਹੀਦੀ।" ਉਹ ਕਹਿੰਦਾ, "ਕੀ ਮਤਲਬ?" ਮੈਂ ਕਿਹਾ "ਮੇਰਾ ਮਤਲਬ ਹੈ ਕਿ ਤੁਸੀਂ ਇਹ ਲਾਈਨ ਲਵੋ ਕਿ ਤੁਸੀਂ ਨਾ ਤਾਂ ਅੰਗਰੇਜ਼ਾਂ ਲਈ ਲੜ ਰਹੇ ਅਤੇ ਨਾ ਹੀ ਤੁਸੀਂ ਇਸ ਲਈ ਲੜ ਰਹੇ ਹੋ ਕਿ ਲੂਣ ਕਿੱਥੋਂ ਆਉਂਦਾ ਹੈ, ਤੁਸੀਂ ਆਪਣੇ ਮੁਲਕ ਲਈ ਲੜ ਰਹੇ ਹੋ। ਹੁਣ ਤੁਹਾਡਾ ਮੁਲਕ ਖਤਰੇ ਵਿੱਚ ਹੈ ਕਿਉਂਕਿ ਜਾਪਾਨੀ ਤੁਹਾਡੀਆਂ ਬਰੂਹਾਂ 'ਤੇ ਹਨ। ਅੰਗਰੇਜ਼ ਦੋ ਜਾਂ ਤਿੰਨ ਸਾਲਾਂ ਨੂੰ ਇੱਥੋਂ ਚਲੇ ਜਾਣਗੇ ਕਿਉਂਕਿ ਉਹ ਇੱਥੇ ਲੰਮੇ ਸਮੇਂ ਤੋਂ ਲੜ ਰਹੇ ਹਨ। ਪਰ ਜੇ ਜਾਪਾਨੀ ਜਾਂ ਜਰਮਨ ਆ ਗਏ, ਉਸ ਦਾ ਮਤਲਬ ਹੋਏਗਾ ਕਿ ਤੁਸੀਂ ਅਗਲੇ ਸੌ ਜਾਂ ਦੋ ਸੌ ਸਾਲਾਂ ਤੱਕ ਗੁਲਾਮ ਰਹੋਗੇ। ਇਸ ਲਈ ਅਸੀਂ ਆਪਣੇ ਦੇਸ਼ ਦੀ ਰਾਖੀ ਕਰਨੀ ਹੈ – ਤੁਸੀਂ ਬਰਤਾਨੀਆ ਲਈ ਨਹੀਂ ਲੜ ਰਹੇ, ਤੁਸੀਂ ਇੰਡਿਆ ਲਈ ਲੜ ਰਹੇ ਹੋ।"

ਉਹ ਕਹਿੰਦਾ, "ਨੌਜਵਾਨਾਂ, ਪਰ ਇਹ ਤਾਂ ਸਿਆਸਤ ਹੈ, ਅਸੀਂ ਇਹ ਫੌਜ ਦੇ ਮੰਨਣਯੋਗ ਕਿਵੇਂ ਬਣਾਈਏ? ਮੈਂ ਇਹ ਗੱਲ ਫੌਜ ਨੂੰ ਕਿਵੇਂ ਸਮਝਾਵਾਂ?" ਮੈਂ ਕਿਹਾ, "ਉਸ ਤਰ੍ਹਾਂ ਸਮਝਾ, ਜਿਸ ਤਰ੍ਹਾਂ ਕਮਿਊਨਿਸਟ ਸਮਝਾਉਂਦੇ ਹਨ"। ਉਹ ਕਹਿੰਦਾ, "ਤੇਰਾ ਕੀ ਮਤਲਬ ਹੈ?" ਮੈਂ ਕਿਹਾ, "ਅਸੀਂ ਫੌਜ ਦੀ ਹਰ ਯੂਨਿਟ ਵਿੱਚ ਇਕ ਸੈੱਲ, ਸਹੀ ਤਰ੍ਹਾਂ ਦਾ ਸੈੱਲ ਬਣਾਈਏ ਅਤੇ ਇਸ ਸੈੱਲ ਰਾਹੀਂ ਅਸੀਂ ਪਹਿਲਾਂ ਅਫਸਰਾਂ ਨੂੰ ਦੱਸੀਏ ਕਿ ਫਾਸ਼ੀਵਾਦ ਕੀ ਹੁੰਦਾ ਹੈ, ਜਾਪਾਨੀ ਕੀ ਕਰ ਰਹੇ ਹਨ, ਇਟਲੀ ਵਾਲੇ ਕੀ ਕਰ ਰਹੇ ਹਨ। ਫਿਰ ਅਸੀਂ ਉਹਨਾਂ ਨੂੰ ਕਹੀਏ, ਕਿਉਂਕਿ ਸਾਡੇ ਫੌਜੀ ਏਨੇ ਪੜ੍ਹੇ ਲਿਖੇ ਨਹੀਂ, ਇਸ ਲਈ ਤੁਸੀਂ ਉਹਨਾਂ ਨੂੰ ਗੱਲਬਾਤ ਕਰਕੇ ਹੀ ਸਮਝਾ ਸਕਦੇ ਹੋ। ਇਸ ਲਈ ਪਹਿਲਾਂ ਅਸੀਂ ਟੀਚਰਾਂ ਨੂੰ ਸਮਝਾਵਾਂਗੇ, ਅਸੀਂ ਉਹਨਾਂ ਨੂੰ ਫਾਸ਼ੀਵਾਦ ਬਾਰੇ ਸਮਝਾਵਾਂਗੇ, ਜਾਪਾਨੀਆਂ ਬਾਰੇ ਸਮਝਾਵਾਂਗੇ ਵਗੈਰਾ ਵਗੈਰਾ, ਅਤੇ ਫਿਰ ਉਹ ਸਿਪਾਹੀਆਂ ਨੂੰ ਸਮਝਾਉਣਗੇ ਅਤੇ ਅਸੀਂ ਇਹ ਗਰੁੱਪ ਬਣਾਈਏ।" ਕਾਫੀ ਵਾਦ-ਵਿਵਾਦ ਤੋਂ ਬਾਅਦ, ਇਹ ਵਿਚਾਰ ਵਾਇਸਰਾਏ ਅੱਗੇ ਗਿਆ, ਇਹ ਕਮਾਂਡਰ-ਇਨ-ਚੀਫ ਅੱਗੇ ਗਿਆ, ਅਤੇ ਇਹ ਇੰਡਿਆ ਆਫਿਸ ਵਿੱਚ ਗਿਆ। ਉਹ ਕਹਿੰਦਾ, "ਇਹ ਸਾਰਾ ਕੁਝ ਲਿਖ ਦੇ"। ਮੈਂ ਸਕੀਮ ਲਿਖ ਦਿੱਤੀ। ਅਖੀਰ ਵਿੱਚ ਇਹਨੂੰ ਪ੍ਰਵਾਨਗੀ ਮਿਲ ਗਈ। ਅਸੀਂ ਇਹ ਗਰੁੱਪ ਸ਼ੁਰੂ ਕੀਤੇ; ਉਹਨਾਂ ਨੂੰ *ਜੋਸ਼* ਗਰੁੱਪ ਕਿਹਾ ਜਾਂਦਾ ਸੀ। ਇਸ ਤਰ੍ਹਾਂ ਇਹ ਗਰੁੱਪ ਬਣਾਏ ਗਏ। ਉਹ ਬਹੁਤ ਕਾਮਯਾਬ ਰਹੇ ਅਤੇ ਇਸ ਤਰ੍ਹਾਂ ਮੈਨੂੰ ਮੇਰਾ ਆਰਡਰ ਆਫ ਦੀ ਬ੍ਰਿਟਿਸ਼ ਇੰਪਾਇਰ ਮਿਲਿਆ।

ਕਈ ਢੰਗਾਂ ਨਾਲ ਮੈਂ ਤਿੰਨਾਂ ਸਾਲਾਂ ਵਿੱਚ ਕਰਨਲ ਬਣ ਗਿਆ। ਉਸ ਵੇਲੇ ਇਕ ਇੰਡਿਅਨ ਵਜੋਂ ਤੁਸੀਂ ਵੱਧ ਤੋਂ ਵੱਧ ਇਸ ਅਹੁਦੇ ਤੱਕ ਹੀ ਪਹੁੰਚ ਸਕਦੇ ਸੀ। ਇਸ ਸਮੇਂ ਦੌਰਾਨ, ਪਹਿਲਾਂ ਮੈਨੂੰ ਫੌਜ ਬਾਰੇ ਪਤਾ ਲੱਗਾ; ਦੂਸਰਾ ਮੈਨੂੰ ਅੰਗਰੇਜ਼ਾਂ ਬਾਰੇ ਪਤਾ ਲੱਗਾ; ਅਤੇ ਤੀਜੀ ਗੱਲ ਮੈਂ ਬਹੁਤੀ ਸ਼ਾਇਰੀ ਨਹੀਂ ਕਰ ਸਕਿਆ ਪਰ ਮੈਂ ਜਰਨਲਿਜ਼ਮ ਸਿੱਖ ਗਿਆ ਕਿਉਂਕਿ ਮੈਂ ਸਾਰੇ ਫਰੰਟਾਂ ਉੱਤੇ ਲੱਗੀ ਸਾਰੀ ਇੰਡਿਅਨ ਫੌਜ ਲਈ ਪਬਲਿਸਟੀ ਦਾ ਇੰਚਾਰਜ ਸੀ ਅਤੇ ਮੈਂ ਤਕਰੀਬਨ ਤਕਰੀਬਨ ਇੰਡੀਅਨ ਫੌਜ ਦਾ ਸਿਆਸੀ ਕੌਮੀਸਾਰ ਬਣ ਗਿਆ। ਲੜਾਈ ਖਤਮ ਹੋ ਗਈ, ਅਤੇ ਫਿਰ ਮੈਂ ਫੌਜ ਛੱਡ ਦਿੱਤੀ ਅਤੇ ਮੇਰੇ ਕੋਲ ਜਾਂ ਤਾਂ ਫੌਰਨ ਸਰਵਿਸ ਵਿੱਚ ਜਾਣ ਦਾ ਰਾਹ ਸੀ ਜਾਂ ਸਿਵਲ ਸਰਵਿਸ ਵਿੱਚ। ਅਤੇ ਮੈਂ ਸੋਚਿਆ, "ਕੁਝ ਨਹੀਂ ਕਰਨਾ।"

ਇਹ ਉਹ ਸਮਾਂ ਸੀ ਜਦੋਂ ਪਾਕਿਸਤਾਨ ਲਈ ਲਹਿਰ ਅਤੇ ਇੰਡਿਅਨ ਕਾਂਗਰਸ ਦੀ ਲਹਿਰ ਆਪਣੇ ਸਿਖਰ ਉੱਤੇ ਸਨ। ਮੇਰਾ ਇਕ ਪੁਰਾਣਾ ਦੋਸਤ – ਇਕ ਬਹੁਤ ਵੱਡਾ ਜਾਗੀਰਦਾਰ – ਜਿਹੜਾ ਪਹਿਲਾਂ ਪੰਜਾਬ ਕਾਂਗਰਸ ਪਾਰਟੀ ਦਾ ਪ੍ਰੈਜ਼ੀਡੈਂਟ ਹੁੰਦਾ ਸੀ, ਮੁਸਲਿਮ ਲੀਗ ਵਿੱਚ ਆ ਗਿਆ ਅਤੇ ਮੈਨੂੰ ਕਹਿਣ ਲੱਗਾ, "ਦੇਖ, ਫੌਰਨ ਸਰਵਿਸ ਅਤੇ ਸਿਵਲ ਸਰਵਿਸ ਦੇ ਗੋਲੀ ਮਾਰ, ਅਸੀਂ ਲਾਹੌਰ ਵਿੱਚ ਰੋਜ਼ਾਨਾ ਅਖਬਾਰ ਸ਼ੁਰੂ ਕਰਨਾ ਚਾਹੁੰਦੇ ਹਾਂ। ਤੂੰ ਆ ਕੇ ਅਖਬਾਰ ਨੂੰ ਸੰਪਾਦਤ ਕਰ।" ਇਸ ਤਰ੍ਹਾਂ ਜਨਵਰੀ 1947 ਵਿੱਚ ਮੈਂ ਲਾਹੌਰ ਆ ਗਿਆ ਅਤੇ *ਪਾਕਿਸਤਾਨ ਟਾਇਮਜ਼*, ਸ਼ੁਰੂ ਕਰ ਦਿੱਤਾ। ਮੈਂ ਇਸ ਨੂੰ ਚਾਰ ਸਾਲ ਸੰਪਾਦਤ ਕੀਤਾ। ਇਸ ਦੇ ਨਾਲ ਹੀ ਮੈਂ ਪਾਕਿਸਤਾਨ ਟਰੇਡ ਯੂਨੀਅਨ ਦਾ ਵਾਈਸ-ਪ੍ਰੈਜ਼ੀਡੈਂਟ ਬਣ ਗਿਆ। ਇਸ ਹੀ

ਸਮੇਂ ਸੰਨ 1948 ਵਿੱਚ, ਹੀਰੋਸ਼ੀਮਾ ਅਤੇ ਨਾਗਾਸਾਕੀ ਤੋਂ ਬਾਅਦ, ਕੋਰੀਆ ਦੀ ਲੜਾਈ ਲੱਗ ਗਈ। ਸਾਨੂੰ ਸਟਾਕਹੋਮ ਤੋਂ ਅਪੀਲ ਆਈ ਕਿ ਅਸੀਂ ਅਮਨ ਲਹਿਰ ਸ਼ੁਰੂ ਕਰੀਏ। ਇਸ ਲਈ ਅਸੀਂ ਅਮਨ ਕਮੇਟੀ ਬਣਾ ਲਈ। ਮੈਂ ਟਰੇਡ ਯੂਨੀਅਨਾਂ ਦਾ ਇੰਚਾਰਜ ਸੀ; ਮੈਂ *ਪਾਕਿਸਤਾਨ ਟਾਇਮਜ਼* ਦਾ ਇੰਚਾਰਜ ਸੀ। ਉਹਨਾਂ ਚਾਰ ਸਾਲਾਂ ਦੌਰਾਨ ਦੇ ਉਹ ਦਿਨ ਬਹੁਤ ਸੰਤੁਸ਼ਟੀ ਭਰੇ ਸਨ। ਇਸ ਵੇਲੇ ਮੈਂ ਪਹਿਲੀ ਵਾਰ ਯੂਰਪ ਨੂੰ ਗਿਆ, ਇੰਟਰਨੈਸ਼ਨਲ ਲੇਬਰ ਆਰਗੇਨਾਈਜੇਸ਼ਨ ਵਿੱਚ ਮਜ਼ਦੂਰਾਂ ਦੇ ਇਕ ਪ੍ਰਤੀਨਿਧ ਵਜੋਂ। ਮੈਂ ਉਹਨਾਂ ਦੀਆਂ ਮੀਟਿੰਗਾਂ ਵਿੱਚ ਹਾਜ਼ਰ ਹੋਇਆ, ਪਹਿਲਾਂ ਸਾਨ ਫਰਾਂਸਿਸਕੋ ਵਿੱਚ ਅਤੇ ਫਿਰ ਦੋ ਵਾਰ ਜਨੇਵਾ ਵਿੱਚ। ਇਸ ਵੇਲੇ ਪਹਿਲੀ ਵਾਰ ਮੇਰੀ ਅਮਰੀਕਾ ਅਤੇ ਯੂਰਪ ਨਾਲ ਪਛਾਣ ਹੋਈ।

### "ਪਿੰਡੀ ਸਾਜਿਸ਼" ਤੋਂ ਬੈਰੂਤ ਤੱਕ

ਫਿਰ 1950 ਦੇ ਅਖੀਰ 'ਤੇ, ਮੈਂ ਫੌਜ ਦੇ ਆਪਣੇ ਇਕ ਪੁਰਾਣੇ ਦੋਸਤ ਨੂੰ ਮਿਲਿਆ, ਜਿਸ ਨੂੰ ਚੀਫ ਆਫ ਜਨਰਲ ਸਟਾਫ ਨਿਯੁਕਤ ਕੀਤਾ ਗਿਆ ਸੀ, ਜਨਰਲ ਅਕਬਰ ਖਾਨ। ਉਸ ਨੇ ਪਹਿਲਾਂ ਬਰਮਾ ਅਤੇ ਫਿਰ ਕਸ਼ਮੀਰ ਦੀ ਲੜਾਈ ਵਿੱਚ ਚੰਗਾ ਨਾਮਣਾ ਖੱਟਿਆ ਸੀ। ਮੈਂ ਉਸ ਨੂੰ ਅਚਾਨਕ ਮਰੀ ਵਿੱਚ ਮਿਲਿਆ ਸੀ, ਜਿੱਥੇ ਮੈਂ ਦਸ ਦਿਨਾਂ ਦੀਆਂ ਛੁੱਟੀਆਂ ਲਈ ਗਿਆ ਹੋਇਆ ਸੀ। ਉਸ ਨੇ ਮੈਨੂੰ ਕਿਹਾ, "ਫੌਜ ਵਿੱਚ ਅਸੀਂ ਲੋਕ, ਖਾਸ ਕਰਕੇ ਉਹ ਲੋਕ ਜਿਹੜੇ ਕਸ਼ਮੀਰ ਵਿੱਚ ਲੜੇ ਸਨ, ਬਹੁਤ ਅਸੰਤੁਸ਼ਟ ਹਾਂ ਕਿਉਂਕਿ ਦੇਸ਼ ਬਹੁਤ ਨਿਘਾਰ ਵੱਲ ਜਾ ਰਿਹਾ ਹੈ। ਅਸੀਂ ਚਾਰ ਸਾਲਾਂ ਵਿੱਚ ਕੋਈ ਸੰਵਿਧਾਨ ਨਹੀਂ ਬਣਾਇਆ, ਭ੍ਰਿਸ਼ਟਾਚਾਰ ਹੱਦੋਂ ਜ਼ਿਆਦਾ ਹੈ, ਭਾਈ-ਭਤੀਜਾਵਾਦ ਦਾ ਬੋਲਬਾਲਾ ਹੈ, ਕੋਈ ਇਲੈਕਸ਼ਨ ਨਹੀਂ ਕਰਵਾਈ ਜਾ ਰਹੀ... ਅਤੇ ਕੋਈ ਉਮੀਦ ਨਹੀਂ ਹੈ ਅਤੇ ਅਸੀਂ ਕੁੱਝ ਕਰਨਾ ਚਾਹੁੰਦੇ ਹਾਂ।" ਮੈਂ ਪੁੱਛਿਆ, "ਕੀ ਕਰਨਾ ਚਾਹੁੰਦੇ ਹੋ?" ਉਹ ਕਹਿੰਦਾ, "ਸਰਕਾਰ ਪਲਟਨੀ ਚਾਹੁੰਦੇ ਹਾਂ ਅਤੇ ਅਸੀਂ ਇਕ ਗੈਰ-ਪਾਰਟੀ ਸਰਕਾਰ ਬਣਾਉਣੀ ਚਾਹੁੰਦੇ ਹਾਂ ਅਤੇ ਇਲੈਕਸ਼ਨਾਂ ਕਰਵਾਉਣੀਆਂ ਚਾਹੁੰਦੇ ਹਾਂ ਅਤੇ ਸੰਵਿਧਾਨ ਬਣਾਉਣਾ ਚਾਹੁੰਦੇ ਹਾਂ..." ਅਤੇ ਇਹ ਅਤੇ ਅਹੁ ਕਰਨਾ ਚਾਹੁੰਦੇ ਹਾਂ। ਮੈਂ ਕਿਹਾ, "ਠੀਕ ਹੈ!" ਉਹ ਕਹਿੰਦਾ, "ਅਸੀਂ ਤੇਰੀ ਸਲਾਹ ਚਾਹੁੰਦੇ ਹਾਂ"। ਮੈਂ ਕਿਹਾ, "ਇਹ ਇਕ ਫੌਜੀ ਕਾਰਵਾਈ ਹੈ, ਮੈਂ ਤੈਨੂੰ ਕੋਈ ਸਲਾਹ ਨਹੀਂ ਦੇ ਸਕਦਾ।" ਉਹ ਕਹਿੰਦਾ, "ਕੋਈ ਨਹੀਂ, ਤੂੰ ਸਾਡੀ ਮੀਟਿੰਗ 'ਤੇ ਆਈਂ ਅਤੇ ਮੇਰੀ ਪਲੈਨ ਸੁਣੀਂ।"

ਫਿਰ, ਬਹੁਤ ਹੀ ਮੂਰਖਤਾ ਭਰੇ ਢੰਗ ਨਾਲ, ਮੈਂ ਦੋ ਹੋਰ ਸਿਵਲੀਅਨ ਦੋਸਤਾਂ ਨਾਲ ਉਸ ਦੀ ਮੀਟਿੰਗ ਵਿੱਚ ਗਿਆ ਅਤੇ ਅਸੀਂ ਉਸ ਦੀ ਪਲੈਨ ਸੁਣੀ। ਪਲੈਨ ਇਹ ਸੀ ਕਿ ਪ੍ਰੈਜ਼ੀਡੈਂਟ ਹਾਊਸ 'ਤੇ ਕਬਜ਼ਾ ਕਰਨਾ ਸੀ, ਰੇਡੀਓ ਸਟੇਸ਼ਨ 'ਤੇ ਕਬਜ਼ਾ ਕਰਨਾ ਸੀ - ਉਸ ਵੇਲੇ ਟੀ. ਵੀ. ਨਹੀਂ ਹੁੰਦਾ ਸੀ - ਅਤੇ ਪ੍ਰੈਜ਼ੀਡੈਂਟ ਤੋਂ ਇਹ ਐਲਾਨ ਕਰਵਾਉਣਾ ਸੀ ਕਿ ਸਰਕਾਰ ਪਲਟ ਦਿੱਤੀ ਗਈ ਹੈ ਅਤੇ ਇਕ ਗੈਰ-ਪਾਰਟੀ ਸਰਕਾਰ ਬਣਾ ਦਿੱਤੀ ਗਈ ਹੈ ਅਤੇ ਛੇ ਮਹੀਨਿਆਂ ਵਿੱਚ ਨਵਾਂ ਸੰਵਿਧਾਨ ਲਾਗੂ ਕਰ ਦਿੱਤਾ ਜਾਵੇਗਾ ਅਤੇ ਨਵੀਂਆਂ ਇਲੈਕਸ਼ਨਾਂ ਕਰਾਈਆਂ ਜਾਣਗੀਆਂ ਅਤੇ ਸਮਾਜਕ ਸੁਧਾਰ ਕੀਤੇ ਜਾਣਗੇ ਆਦਿ। ਇਸ ਬਾਰੇ 5-6 ਘੰਟੇ ਵਿਚਾਰ ਵਟਾਂਦਰਾ ਹੁੰਦਾ ਰਿਹਾ ਅਤੇ ਅਖੀਰ 'ਤੇ - ਉਸ ਵੇਲੇ ਉੱਥੇ ਚੌਦਾਂ ਜਾਂ ਸੋਲਾਂ ਦੇ ਲਗਭਗ ਅਫਸਰ ਹੋਣਗੇ- ਅਖੀਰ 'ਤੇ ਉਹਨਾਂ ਨੇ ਕਾਫੀ ਲੰਮੇ ਵਿਚਾਰ ਵਟਾਂਦਰੇ ਤੋਂ ਬਾਅਦ ਫੈਸਲਾ ਕੀਤਾ ਕਿ ਅਜਿਹਾ ਨਹੀਂ ਕੀਤਾ ਜਾਵੇਗਾ। ਇਸ ਦਾ ਕਾਰਨ ਇਕ ਸਾਧਾਰਣ ਮੁੱਦਾ ਸੀ ਕਿ ਉਸ ਵੇਲੇ ਦੇਸ਼ ਦੇ ਸਾਹਮਣੇ ਕੋਈ ਮਸਲਾ ਨਹੀਂ ਸੀ ਜਿਸ ਉੱਤੇ ਤੁਸੀਂ ਲੋਕਾਂ ਨੂੰ ਲਾਮਬੰਦ ਕਰ ਸਕੋ ਅਤੇ ਦੂਸਰੀ ਗੱਲ ਇਹ ਸੀ ਜੇ ਕਦਮ ਚੁੱਕੇ ਜਾਣ ਤੋਂ ਪਹਿਲਾਂ ਹੀ ਇਸ ਬਾਰੇ ਪਤਾ ਲੱਗ ਗਿਆ ਤਾਂ । ਇਸ ਤੋਂ ਇਲਾਵਾ, ਇਹ ਬਹੁਤ ਖਤਰਨਾਕ ਸੀ। ਇਸ ਲਈ ਇਹ ਫੈਸਲਾ ਹੋਇਆ ਕਿ ਕੁਝ ਵੀ ਨਹੀਂ ਕੀਤਾ ਜਾਵੇਗਾ।

ਫਿਰ ਵੀ, ਵਿੱਚੋਂ ਕੋਈ ਘਬਰਾ ਗਿਆ - ਇਸ ਸਮੇਂ ਪ੍ਰਧਾਨ ਮੰਤਰੀ ਲਿਆਕਤ ਅਲੀ ਖਾਨ ਦੀ ਅਗਵਾਈ ਹੇਠ ਪਾਕਿਸਤਾਨ ਵਿੱਚ ਇਹ ਪਹਿਲੀ ਸਰਕਾਰ ਸੀ। ਉਹ ਇਸ ਵੇਲੇ ਬਹੁਤ ਜ਼ਿਆਦਾ ਘਬਰਾ ਗਏ, ਮੈਂ ਇਸ ਬਾਰੇ ਸਭ ਕੁਝ ਭੁੱਲ ਭੁਲਾ ਗਿਆ। ਕੁੱਝ ਵੀ ਨਹੀਂ ਹੋਇਆ, ਤੁਸੀਂ ਸਮਝਦੇ ਹੋ, ਕੁਝ ਵੀ ਨਹੀਂ ਕੀਤਾ ਜਾਣਾ ਸੀ। ਅਚਾਨਕ, ਇਕ ਸਵੇਰੇ ਚਾਰ ਕੁ ਵਜੇ ਦੇ ਕਰੀਬ, ਮੈਂ ਦੇਖਿਆ ਕਿ ਮੇਰਾ ਘਰ ਫੌਜੀਆਂ ਨੇ ਘੇਰਿਆ ਹੋਇਆ ਹੈ। ਇਕ ਜਣਾ ਆਇਆ ਅਤੇ ਕਹਿਣ ਲੱਗਾ, "ਆ ਜਾਉ"। ਮੈਂ ਪੁੱਛਿਆ, "ਕੀ ਹੋਇਆ?" ਉਹ ਕਹਿੰਦਾ, "ਤੁਹਾਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ।" ਮੈਂ ਪੁੱਛਿਆ, "ਕਾਹਦੇ ਲਈ?" ਉਹ ਬੋਲਿਆ, "ਮੈਨੂੰ ਪਤਾ ਨਹੀਂ ਕਾਹਦੇ ਲਈ, ਪਰ ਇਹ ਹੁਕਮ ਖ਼ੁਦ ਗਵਰਨਰ ਜਨਰਲ ਵਲੋਂ ਆਇਆ ਹੈ।" ਮੈਂ ਕਿਹਾ, "ਅਸੀਂ ਕੁਛ ਨਹੀਂ ਕੀਤਾ। ਸਾਨੂੰ ਨਹੀਂ ਪਤਾ ਇਹ ਸਭ ਕਿਸ ਕਰਕੇ ਹੈ।" ਸਾਨੂੰ ਬਾਅਦ 'ਚ ਪਤਾ ਲੱਗ। ਚਾਰ ਮਹੀਨਿਆਂ ਲਈ ਮੈਂ ਤਨਹਾਈ ਵਿੱਚ ਕੈਦ ਰਿਹਾ; ਮੈਨੂੰ ਚਾਰ ਮਹੀਨਿਆਂ ਤੱਕ ਇਹ ਨਹੀਂ ਪਤਾ ਲੱਗਾ ਕਿ ਕੀ ਹੋਇਆ ਹੈ। ਸਵਿੰਧਾਨਕ ਅਸੰਬਲੀ ਨੇ ਇਕ ਸਪੈਸ਼ਲ ਕਾਨੂੰਨ ਪਾਸ ਕੀਤਾ; ਜਿਸ ਦਾ ਨਾਂ ਰੱਖਿਆ ਰਾਵਲਪਿੰਡੀ ਕਾਂਸਪਰੇਸੀ ਐਕਟ। ਫਿਰ ਸਾਡੇ 'ਤੇ ਮੁਕੱਦਮਾ ਚਲਾਇਆ ਗਿਆ, ਇਸ ਐਕਟ ਅਧੀਨ ਇਕ ਗੁਪਤ ਮੁਕੱਦਮਾ। ਇਹ ਐਕਟ ਸਿਰਫ ਇਸ ਕੇਸ ਲਈ ਪਾਸ ਕੀਤਾ ਗਿਆ ਸੀ। ਅੰਗਰੇਜ਼ਾਂ ਦੇ ਜ਼ਮਾਨੇ ਤੋਂ ਹੀ ਸਾਜਿਸ਼ ਦਾ ਕਾਨੂੰਨ ਕਾਫੀ ਭੈੜਾ ਸੀ, ਬੇਸ਼ੱਕ ਤੁਸੀਂ ਕੁਛ ਵੀ ਨਾ ਕੀਤਾ ਹੋਵੇ, ਪਰ ਜੇ ਇਹ ਸਿੱਧ ਹੋ ਜਾਵੇ ਕਿ ਦੋ ਜਣੇ ਕਾਨੂੰਨ ਤੋੜਨ ਲਈ ਸਹਿਮਤ ਹੋਏ ਸਨ ਤਾਂ ਇਹ ਸਾਜਿਸ਼ ਬਣ ਜਾਂਦੀ ਸੀ ਅਤੇ ਜੇ ਕੋਈ ਤੀਸਰਾ ਵਿਅਕਤੀ ਇਹ ਗਵਾਹੀ ਦੇ ਦਿੰਦਾ ਸੀ ਕਿ ਉਸ ਨੇ ਦੋਹਾਂ ਵਿਅਕਤੀਆਂ ਨੂੰ ਸਹਿਮਤ ਹੁੰਦੇ ਦੇਖਿਆ ਸੀ, ਤਾਂ ਬੱਸ ਏਨਾ ਕਾਫੀ ਹੁੰਦਾ ਸੀ। ਅਮਲ ਕਰਨ ਦੀ ਤਾਕਤ ਦੀ ਕੋਈ ਲੋੜ ਨਹੀਂ ਸੀ; ਅੰਗਰੇਜ਼ਾਂ ਦੇ ਕਾਨੂੰਨ ਵਿੱਚ ਬੱਸ ਏਨਾ ਹੀ ਕਾਫੀ ਸੀ। ਸਰਕਾਰ ਨੇ ਸੋਚਿਆ ਕਿ ਇਹ ਕਾਫੀ ਨਹੀਂ ਸੀ, ਇਸ ਲਈ ਉਹਨਾਂ ਨੇ ਇਕ ਖਾਸ ਕਾਨੂੰਨ ਬਣਾਇਆ ਜਿਸ ਅਧੀਨ ਬਚਾਅ ਲਈ ਜਿਹੜੇ ਥੋੜ੍ਹੇ ਬਹੁਤ ਰਸਤੇ ਸਨ ਉਹ ਵੀ ਬੰਦ ਕਰ ਦਿੱਤੇ ਗਏ, ਅਤੇ ਸਹੀ ਅਰਥਾਂ ਵਿੱਚ ਇਸ ਐਕਟ ਅਧੀਨ ਮੁਜ਼ਰਮ ਠਹਿਰਾਏ ਜਾਣ ਤੋਂ ਬਿਲਕੁਲ ਹੀ ਬਚਿਆ ਨਹੀਂ ਸੀ ਜਾ ਸਕਦਾ। ਇਹ ਕਾਫੀ ਲੰਮਾ ਮੁਕੱਦਮਾ ਸੀ, ਜਿਹੜਾ ਸਾਲ-ਡੇਢ ਸਾਲ ਚੱਲਿਆ - ਸੁਰੱਖਿਆ ਦੀ ਖੇਡ। ਅਖੀਰ ਵਿੱਚ ਸਾਨੂੰ ਸਾਰਿਆਂ ਨੂੰ ਰੈਂਕ ਦੇ ਹਿਸਾਬ ਨਾਲ ਵੱਖ ਵੱਖ ਸਮੇਂ ਦੀਆਂ ਸਜ਼ਾਵਾਂ ਹੋਈਆਂ, ਜਨਰਲ ਨੂੰ ਦਸਾਂ ਸਾਲਾਂ ਦੀ, ਬ੍ਰਿਗੇਡੀਅਰ ਨੂੰ ਸੱਤਾਂ ਸਾਲਾਂ ਦੀ, ਕਰਨਲ ਨੂੰ ਛੇਆਂ ਸਾਲਾਂ ਦੀ। ਸਾਨੂੰ ਸਿਵਲੀਅਨ ਹੋਣ ਕਾਰਨ ਸਭ ਤੋਂ ਘੱਟ ਸਜ਼ਾ ਹੋਈ - ਚਾਰ ਸਾਲਾਂ ਦੀ।

ਇਹ ਮੇਰੀ ਸਜ਼ਾ ਦਾ ਸਮਾਂ ਸੀ, ਜਿਹੜਾ ਇਕ ਤਰ੍ਹਾਂ ਨਾਲ ਬਹੁਤ ਹੀ ਜਰਖੇਜ਼ ਸਮਾਂ ਸੀ ਕਿਉਂਕਿ ਮੇਰੇ ਕਰਨ ਲਈ ਕੁਛ ਨਹੀਂ ਸੀ। ਮੇਰੇ ਕੋਲ ਪੜ੍ਹਨ ਲਈ ਬਹੁਤ ਸਮਾਂ ਸੀ ਅਤੇ ਸਾਨੂੰ ਸਦਾ ਗੁੱਸਾ ਆਉਂਦਾ ਰਹਿੰਦਾ ਸੀ ਕਿਉਂਕਿ ਅਸੀਂ ਜਾਣਦੇ ਸੀ ਕਿ ਅਸੀਂ ਬੇਗੁਨਾਹ ਹਾਂ। ਸੋ ਇਹਨਾਂ ਚਾਰ ਸਾਲਾਂ ਦੌਰਾਨ ਮੈਂ ਸ਼ਾਇਰੀ ਦੀਆਂ ਦੋ ਕਿਤਾਬਾਂ ਲਿਖੀਆਂ। ਮੇਰੀ ਪਹਿਲੀ ਕਿਤਾਬ 1941 ਵਿੱਚ ਆਈ ਸੀ ਅਤੇ ਇਕਦਮ ਵਿਕ ਗਈ ਸੀ। ਇਹ ਦੋਵੇਂ ਕਿਤਾਬਾਂ ਆਈਆਂ - ਜਦੋਂ ਪਹਿਲੀ ਆਈ ਮੈਂ ਉਦੋਂ ਜੇਲ੍ਹ ਵਿੱਚ ਹੀ ਸੀ ਅਤੇ ਦੂਜੀ ਉਦੋਂ ਆਈ ਜਦੋਂ ਮੈਂ ਜੇਲ੍ਹ ਤੋਂ ਬਾਹਰ ਆ ਚੁੱਕਾ ਸੀ। ਜਦੋਂ ਤੁਸੀਂ

ਚਾਰ ਸਾਲ ਲਈ ਜੇਲ੍ਹ ਵਿੱਚ ਹੋਵੋ ਅਤੇ ਤੁਸੀਂ ਤਨਹਾਈ ਦੀ ਕੈਦ ਵਿੱਚ ਰਹੇ ਹੋਵੋ ਤਾਂ ਇਸ ਨਾਲ ਮੰਡੀ ਵਿੱਚ ਤੁਹਾਡੀ ਕੀਮਤ ਕਾਫੀ ਵਧ ਜਾਂਦੀ ਹੈ। ਇਸ ਲਈ ਜਦੋਂ ਮੈਂ ਬਾਹਰ ਆਇਆ ਤਾਂ ਮੈਂ ਦੇਖਿਆ ਕਿ ਮੈਂ ਪਹਿਲਾਂ ਨਾਲੋਂ ਵੀ ਮਸ਼ਹੂਰ ਹੋ ਗਿਆ ਸੀ। ਮੈਂ ਵਾਪਸ ਆਪਣੀ ਅਖਬਾਰ ਵਿੱਚ ਗਿਆ, ਹੋਰ ਤਿੰਨ ਚਾਰ ਸਾਲ ਮੈਂ ਉਸ ਹੀ ਪੇਪਰ ਲਈ ਕੰਮ ਕੀਤਾ, ਅਮਨ ਲਹਿਰ ਲਈ ਕੰਮ ਕਰਨਾ ਜਾਰੀ ਰੱਖਿਆ। ਇਸ ਸਮੇਂ ਦੌਰਾਨ ਟਰੇਡ ਯੂਨੀਅਨ ਲਹਿਰ ਖਤਮ ਕਰ ਦਿੱਤੀ ਗਈ ਸੀ ਕਿਉਂਕਿ ਸਾਰੀਆਂ ਖੱਬੀਆਂ ਜਥੇਬੰਦੀਆਂ ਬੈਨ ਕਰ ਦਿੱਤੀਆਂ ਗਈਆਂ ਸਨ। ਇਸ ਤਰ੍ਹਾਂ ਤਿੰਨ ਤੋਂ ਚਾਰ ਸਾਲ ਤੱਕ ਚਲਦਾ ਰਿਹਾ ਅਤੇ ਫਿਰ ਆਇਆ ਪਹਿਲਾ ਮਾਰਸ਼ਲ ਲਾਅ ਅਤੇ ਪਹਿਲੀ ਫੌਜੀ ਸਰਕਾਰ ਅਤੇ ਉਸ ਵੇਲੇ ਬਿਨਾਂ ਕਿਸੇ ਜੇਲ੍ਹ ਜਾਣਾ ਪਿਆ। ਸੁਗਲ ਵਾਲੀ ਗੱਲ ਇਹ ਸੀ ਕਿ ਉਸ ਸਮੇਂ ਮਾਰਸ਼ਲ ਲਾਅ ਦੀ ਸਰਕਾਰ ਨੇ ਹਰ ਉਸ ਵਿਅਕਤੀ ਨੂੰ ਫੜ੍ਹ ਲਿਆ ਜਿਹਦਾ ਵੀ ਨਾਂ ਸੰਨ 1920 ਤੋਂ ਪੁਲਿਸ ਦੀਆਂ ਫਾਇਲਾਂ ਵਿੱਚ ਚੱਲਿਆ ਆ ਰਿਹਾ ਸੀ।


(ਫ਼ੈਜ਼ ਅਤੇ ਪਾਬਲੋ ਨਰੂਦਾ)

ਇਸ ਤਰ੍ਹਾਂ ਅਸੀਂ ਜੇਲ੍ਹਾਂ ਵਿੱਚ ਨੱਬਿਆਂ ਸਾਲਾਂ ਦੇ ਲੋਕਾਂ ਨੂੰ ਮਿਲੇ, ਅੱਸੀਆਂ ਸਾਲਾਂ ਦੇ ਲੋਕਾਂ ਨੂੰ ਮਿਲੇ, ਜਿਹਨਾਂ ਵਿੱਚੋਂ ਬਹੁਤਿਆਂ ਦੀ ਯਾਦਦਾਸ਼ਤ ਜਾ ਚੁੱਕੀ ਸੀ, ਉਹਨਾਂ ਵਿੱਚੋਂ ਕੁਝ ਟੀ ਬੀ ਜਾਂ ਇਸ ਤਰ੍ਹਾਂ ਦੀ ਕਿਸੇ ਹੋਰ ਬੀਮਾਰੀ ਨਾਲ ਮਰ ਗਏ। ਚਾਰ ਪੰਜ ਮਹੀਨਿਆਂ ਬਾਅਦ ਸਾਡੇ ਲਈ ਇਕ ਬਹੁਤ ਵਧੀਆ ਜੱਜ ਆਇਆ, ਉਸ ਨੇ ਹਰ ਉਸ ਵਿਅਕਤੀ ਨੂੰ ਛੱਡ ਦਿੱਤਾ ਜਿਸ ਨੇ ਹੇਬੀਅਸ ਕਾਰਪਸ ਲਈ ਅਰਜ਼ੀ (ਨਜਾਇਜ਼ ਨਜ਼ਰਬੰਦੀ ਦੀ ਪੜਤਾਲ ਲਈ ਅਰਜ਼ੀ) ਕੀਤੀ ਸੀ। ਇਸ ਸਮੇਂ ਮੈਂ ਸ਼ਹਿਰ ਦੇ ਮਸ਼ਹੂਰ ਕੈਦਖਾਨੇ, ਲਾਹੌਰ ਕਿਲੇ ਵਿੱਚ ਡੇਢ ਮਹੀਨਾ ਬਿਤਾਇਆ। ਚਾਰ ਪੰਜ ਮਹੀਨਿਆਂ ਬਾਅਦ ਮੈਨੂੰ ਛੱਡ ਦਿੱਤਾ ਗਿਆ। ਸੋ ਮੈਂ ਸੋਚਿਆ ਕਿ ਮੈਂ ਆਪਣੀ ਅਖਬਾਰ ਵਿੱਚ ਵਾਪਸ ਜਾਵਾਂਗਾ। ਰਿਹਾਈ ਤੋਂ ਤਿੰਨ ਦਿਨ ਬਾਅਦ ਜਦੋਂ ਮੈਂ ਦਫਤਰ ਗਿਆ ਅਤੇ ਦੇਖਿਆ ਕਿ ਦਫਤਰ ਨੂੰ ਪੁਲਿਸ ਨੇ ਘੇਰਾ ਪਾਇਆ ਹੋਇਆ ਸੀ। ਮੈਂ ਪੁੱਛਿਆ, "ਕੀ ਹੋਇਆ?" ਉਹਨਾਂ ਨੇ ਦੱਸਿਆ "ਇਸ ਉੱਤੇ ਕਬਜ਼ਾ ਕਰ ਲਿਆ ਗਿਆ ਹੈ।" ਇਹ ਸਾਰੇ ਅਖ਼ਬਾਰ ਜ਼ਬਤ ਕਰ ਲਏ ਗਏ ਸਨ, ਉਹ ਸਾਰੇ ਫੌਜੀ ਸਰਕਾਰ ਨੇ ਕਬਜ਼ੇ 'ਚ ਲੈ ਲਏ ਸਨ ਅਤੇ ਉਹ ਮੇਰੇ ਪੱਤਰਕਾਰੀ ਦੇ ਕੰਮ ਦਾ ਅੰਤ ਸੀ। ਕੁਝ ਸਮੇਂ ਬਾਅਦ ਮੈਂ ਪੁੱਛਿਆ, "ਮੈਂ ਹੁਣ ਕੀ ਕਰਾਂ?" ਸ਼ਾਇਰੀ ਕਰਕੇ ਮੇਰੇ ਕੁਝ ਦੋਸਤ ਉੱਚੇ ਅਹੁਦਿਆਂ 'ਤੇ ਸਨ, ਉਹ ਕਹਿਣ ਲੱਗੇ, "ਕੁਝ ਸਭਿਆਚਾਰਕ ਕੰਮ ਕਰਨ ਬਾਰੇ ਕੀ ਖਿਆਲ ਹੈ?" ਮੈਂ ਕਿਹਾ, "ਠੀਕ ਹੈ।" ਫਿਰ ਮੈਂ ਲਾਹੌਰ ਵਿੱਚ ਆਰਟ ਕਾਉਂਸਲ ਸਥਾਪਤ ਕਰ ਦਿੱਤੀ, ਭਾਵੇਂ ਕਿ ਇਹ ਇਕ ਟੁੱਟੀ-ਫੁੱਟੀ ਇਮਾਰਤ ਵਿੱਚ ਸੀ, ਉਸ ਤਰ੍ਹਾਂ ਦੀ ਪ੍ਰਭਾਵਸ਼ਾਲੀ ਨਹੀਂ ਸੀ ਜਿਸ ਤਰ੍ਹਾਂ ਦੀ ਹੁਣ ਦਿਖਾਈ ਦਿੰਦੀ ਹੈ, ਪਰ ਕੰਮ ਚੱਲ ਨਿਕਲਿਆ - ਨੁਮਾਇਸ਼ਾਂ ਅਤੇ ਸੰਗੀਤ ਸਮਾਗਮ ਅਤੇ ਨਾਟਕ ਅਤੇ ਇਸ ਤਰ੍ਹਾਂ ਦੀਆਂ ਹੋਰ ਚੀਜ਼ਾਂ ਹੋਣ ਲੱਗੀਆਂ।

ਸਾਡੇ ਕੋਲ ਤਿੰਨ ਜਾਂ ਚਾਰ ਸਾਲਾਂ ਲਈ ਫੰਡ ਸਨ। ਤਿੰਨ ਜਾਂ ਚਾਰ ਸਾਲ ਇਹ ਕਾਉਂਸਲ ਚਲਾਉਣ ਤੋਂ ਬਾਅਦ ਮੈਂ ਬੀਮਾਰ ਹੋ ਗਿਆ। ਮੈਨੂੰ ਮੇਰਾ ਪਹਿਲਾ ਦਿਲ ਦਾ ਦੌਰਾ ਪਿਆ ਅਤੇ ਬੀਮਾਰੀ ਦੇ ਦੌਰ ਸਮੇਂ ਮੈਨੂੰ ਖ਼ਬਰ ਮਿਲੀ ਕਿ ਮੈਨੂੰ ਅੰਤਰਰਾਸ਼ਟਰੀ ਲੈਨਿਨ ਇਨਾਮ ਦੇ ਦਿੱਤਾ ਗਿਆ ਹੈ। ਕਿਸੇ ਨੇ ਮੈਨੂੰ ਅਖਬਾਰ ਦੇ ਦਫਤਰੋਂ ਫੋਨ ਕੀਤਾ, "ਤੁਹਾਨੂੰ ਲੈਨਿਨ ਇਨਾਮ ਦੇ ਦਿੱਤਾ ਗਿਆ ਹੈ।" ਮੈਂ ਕਿਹਾ, "ਚੁੱਪ ਕਰ!" ਮੈਂ ਉਹਨੂੰ ਫਿਰ ਕਿਹਾ, "ਦੇਖ ਮੈਂ ਬੀਮਾਰ ਹਾਂ ਅਤੇ ਤੂੰ ਮਜ਼ਾਕ ਕਰ ਰਿਹਾ ਹੈਂ।" ਉਹ ਕਹਿੰਦਾ "ਨਹੀਂ ਨਹੀਂ ਇਹ ਮਜ਼ਾਕ ਨਹੀਂ ਹੈ, ਇਹ ਸਾਡੇ ਟੈਲੀਪ੍ਰਿੰਟਰ 'ਤੇ ਹੈ। ਇਹਦੇ 'ਤੇ ਲਿਖਿਆ ਕਿ ਤੁਹਾਨੂੰ ਅਤੇ ਪਿਕਾਸੋ ਨੂੰ ਅਤੇ ਫਲਾਨੇ ਅਤੇ ਧਿਮਕਾਣੇ ਨੂੰ ਇਨਾਮ ਦਿੱਤਾ ਗਿਆ ਹੈ।"

ਸੋ ਜਦੋਂ ਮੈਂ ਰਾਜ਼ੀ ਹੋ ਗਿਆ ਤਾਂ ਮੈਨੂੰ ਆਪਣਾ ਇਨਾਮ ਲੈਣ ਲਈ ਅਤੇ ਆਪਣਾ ਇਲਾਜ ਕਰਵਾਉਣ ਲਈ ਮਾਸਕੋ ਬੁਲਾਇਆ ਗਿਆ। ਮਾਸਕੋ ਤੋਂ ਬਾਅਦ ਮੈਂ ਲੰਡਨ ਚਲੇ ਗਿਆ, ਲੰਡਨ 'ਚ ਦੋ ਸਾਲ ਬਿਤਾਏ ਅਤੇ ਵਾਪਸ ਆ ਗਿਆ। ਲਾਹੌਰ ਆਉਣ ਦੀ ਥਾਂ ਅਸੀਂ ਅੱਠ ਸਾਲਾਂ ਲਈ ਕਰਾਚੀ ਰਹੇ ਕਿਉਂਕਿ ਹੈਰੂਨ ਪਰਿਵਾਰ (ਤੁਹਾਡੇ ਮੌਜੂਦਾ ਮਨਿਸਟਰ ਆਫ ਇਨਟੀਰੀਅਰ ਮਹਿਮੂਦ ਹੈਰੂਨ ਦਾ ਪਰਿਵਾਰ) ਮੈਨੂੰ ਜਾਣਦਾ ਸੀ। ਉਹਦੀ ਭੈਣ, ਜਿਹੜੀ ਕਿ ਇਕ ਡਾਕਟਰ ਸੀ, ਮੇਰੀ ਦੋਸਤ ਸੀ। ਉਹ ਕਹਿਣ ਲੱਗੀ, "ਸਾਡੀ ਇਕ ਚੈਰਿਟੇਬਲ ਫਾਊਂਡੇਸ਼ਨ ਹੈ। ਇਸ ਅਧੀਨ ਇਕ ਸਕੂਲ ਹੈ, ਇਕ ਹਸਪਤਾਲ ਹੈ ਅਤੇ ਇਕ ਅਨਾਥ ਆਸ਼ਰਮ ਹੈ ਅਤੇ ਜੇ ਤੇਰੇ ਕੋਲ ਹੋਰ ਕੁਝ ਕਰਨ ਲਈ ਨਹੀਂ ਹੈ ਤਾਂ ਤੂੰ ਫਾਊਡੇਸ਼ਨ ਦਾ ਚਾਰਜ ਲੈ ਕੇ ਇਸ ਦਾ ਪ੍ਰਬੰਧ ਕਿਉਂ ਨਹੀਂ ਕਰਨ ਲੱਗ ਪੈਂਦਾ। ਮੇਰੇ ਪੁੱਤਰਾਂ ਕੋਲ ਸਮਾਂ ਨਹੀਂ ਹੈ, ਉਹ ਆਪਣੇ ਵਪਾਰਾਂ ਅਤੇ ਸਿਆਸਤ ਵਿੱਚ ਵਿਅਸਤ ਹਨ।" ਮੈਂ ਜਾ ਕੇ ਥਾਂ ਦੇਖੀ। ਇਹ ਝੋਂਪੜ-ਪੱਟੀ ਵਿੱਚ ਸੀ, ਅਤੇ ਇਹ ਡਰੱਗ ਵੇਚਣ ਵਾਲਿਆਂ, ਊਠ ਵਾਹੁਣ ਵਾਲਿਆਂ, ਮਛੇਰਿਆਂ ਅਤੇ ਗੁੰਡਿਆਂ ਦਾ ਕੇਂਦਰ ਸੀ। ਮੈਂ ਕਿਹਾ, "ਬਹੁਤ ਵਧੀਆ, ਬਹੁਤ ਹੀ ਮਨਮੋਹਣਾ ਦ੍ਰਿਸ਼ ਹੈ।" ਅਸੀਂ ਸਕੂਲ ਨੂੰ ਕਾਲਜ ਵਿੱਚ ਬਦਲ ਦਿੱਤਾ, ਅਸੀਂ ਇਕ ਟੈਕਨੀਕਲ ਇੰਸਟੀਚਿਊਟ ਸਥਾਪਤ ਕੀਤਾ, ਅਸੀਂ ਪਬਲਿਕ ਹਾਲ ਬਣਾਇਆ ਅਤੇ ਅਨਾਥਆਸ਼ਰਮ ਦਾ ਪ੍ਰਬੰਧ ਕੀਤਾ।

ਇਸ ਤਰ੍ਹਾਂ ਅੱਠ ਸਾਲਾਂ ਲਈ ਮੈਂ ਵਾਪਸ ਪੜ੍ਹਾਉਣ ਅਤੇ ਪ੍ਰਸ਼ਾਸਨ ਦੇ ਕੰਮ ਵਿੱਚ ਪੈ ਗਿਆ ਅਤੇ ਫਿਰ ਵਾਪਸ ਆ ਗਿਆ। ਇਸ ਸਮੇਂ ਦੌਰਾਨ ਦੋ ਜੰਗਾਂ ਹੋਈਆਂ ਇਕ ਇੰਡਿਆ ਨਾਲ 1965 ਦੀ ਜੰਗ ਅਤੇ ਦੂਸਰੀ ਬੰਗਲਾਦੇਸ਼ ਨਾਲ 1971 ਦੀ ਜੰਗ। ਇਹ ਦੋਵੇਂ ਸਮੇਂ ਮੇਰੇ ਲਈ ਬਹੁਤ ਕਸ਼ਟ ਭਰੇ ਸਮੇਂ ਸਨ ਕਿਉਂਕਿ ਮੇਰੇ 'ਤੇ ਜੰਗੀ ਗੀਤ ਲਿਖਣ ਲਈ ਬਹੁਤ ਦਬਾਅ ਪਾਇਆ ਜਾ ਰਿਹਾ ਸੀ। ਪਰ ਮੈਂ ਕਿਹਾ, "ਦੇਖੋ, ਮੈਂ ਜੰਗੀ ਗੀਤ ਨਹੀਂ

ਲਿਖਣੇ!" ਉਹ ਕਹਿੰਦੇ, "ਦਸ ਕਿਉਂ ਨਹੀਂ? ਇਹ ਤੇਰਾ ਦੇਸ਼ਭਗਤੀ ਦਾ ਫਰਜ਼ ਹੈ।" ਮੈਂ ਕਿਹਾ, "ਦੇਖੋ, ਪਹਿਲੀ ਗੱਲ ਤਾਂ ਇਹ ਹੈ ਕਿ ਮੈਂ ਇਹਨਾਂ ਜੰਗਾਂ ਨੂੰ ਕੀਮਤੀ ਜਾਨਾਂ ਦੀ ਬੇਤੁਕੀ ਬਰਬਾਦੀ ਸਮਝਦਾ ਹਾਂ ਅਤੇ ਦੂਜੀ ਗੱਲ ਇਹ ਹੈ ਕਿ ਪਾਕਿਸਤਾਨ ਨੂੰ ਇਸ ਜੰਗ ਵਿੱਚੋਂ ਜਾਂ ਉਸ ਜੰਗ ਵਿੱਚੋਂ ਕੁਝ ਨਹੀਂ ਮਿਲਣ ਲੱਗਾ। ਮੈਂ ਜੰਗੀ ਗੀਤ ਨਹੀਂ ਲਿਖਣੇ।" ਪਰ ਮੈਂ ਦੋਵੇਂ ਜੰਗਾਂ ਲਈ ਨਜ਼ਮਾਂ ਲਿਖੀਆਂ। ਪਹਿਲੀ ਜੰਗ ਵੇਲੇ ਮੈਂ ਦੋ ਨਜ਼ਮਾਂ ਲਿਖੀਆਂ, ਇਕ ਦਾ ਨਾਂ ਹੈ, "ਬਲੈਕ ਆਊਟ" ਅਤੇ ਉਸ ਦਾ ਥੀਮ ਹੈ ਰੌਸ਼ਨੀਆਂ - ਸੱਚੀਂ ਦੀਆਂ ਰੌਸ਼ਨੀਆਂ - ਬੁਝਣ ਦੇ ਨਾਲ ਖਿਜ਼ਾਂ ਬੁਝ ਗਈ ਹੈ, ਤਰਕ ਦੀ ਰੌਸ਼ਨੀ ਬੁਝ ਗਈ ਹੈ, ਪਿਆਰ ਦੀ ਰੌਸ਼ਨੀ ਬੁਝ ਗਈ ਹੈ, ਅਤੇ ਲੋਕਾਂ ਦੇ ਦਿਲਾਂ ਵਿੱਚ ਜਗਦੀਆਂ ਸਾਰੀਆਂ ਬੱਤੀਆਂ ਬੁਝ ਗਈਆਂ ਹਨ। ਅਤੇ ਦੂਸਰੀ ਨਜ਼ਮ ਇਕ ਸ਼ਹੀਦ ਹੋ ਚੁੱਕੇ ਸਿਪਾਹੀ ਦਾ ਮਰਸੀਆ ਸੀ ਅਤੇ ਆਪਣੇ ਪੁੱਤਰ ਦੇ ਸੋਗ ਵਿੱਚ ਪਾਏ ਉਸ ਦੀ ਮਾਂ ਦੇ ਵੈਣ ਸਨ। ਇਸ ਨਾਲ ਮੇਰੇ ਦੇਸ਼ਭਗਤ ਦੋਸਤਾਂ ਨੂੰ ਹੋਰ ਗੁੱਸਾ ਚੜ੍ਹ ਗਿਆ।

ਦੂਸਰੀ, ਬੰਗਲਾਦੇਸ਼ ਦੀ ਜੰਗ, ਸਮੇਂ ਮੈਂ ਤਿੰਨ ਜਾਂ ਵੱਧ ਨਜ਼ਮਾਂ ਲਿਖੀਆਂ। ਇਕ ਸੀ "ਫੈਸਟੀਵਲ ਆਫ ਬਲੱਡਸ਼ੈੱਡ" ਅਤੇ ਦੂਸਰੀ ਦਾ ਨਾਂ ਸੀ , "ਡਸਟ ਆਫ ਹੇਟਰਡ ਇਨ ਮਾਈ ਆਈਜ਼", ਇਹ ਬੰਗਲਾਦੇਸ਼ ਦੇ ਨਜ਼ਰੀਏ ਤੋਂ ਲਿਖੀ ਗਈ ਸੀ। ਸੋ ਕੁਦਰਤੀ ਹੀ ਇਸ ਨਾਲ ਇਹਨਾਂ ਲੋਕਾਂ ਨੂੰ ਹੋਰ ਗੁੱਸਾ ਚੜ੍ਹ ਗਿਆ। ਇਸ ਲਈ ਕੁਝ ਦਿਨਾਂ ਲਈ ਮੈਨੂੰ ਸਿੰਧ ਵਿੱਚ ਰੂਪੋਸ਼ ਹੋਣਾ ਪਿਆ ਤਾਂ ਕਿ ਆਪਣੇ ਦੇਸ਼ਭਗਤ ਦੋਸਤਾਂ ਦੇ ਗੁੱਸੇ ਤੋਂ ਦੂਰ ਰਿਹਾ ਜਾ ਸਕੇ। ਅਤੇ ਫਿਰ ਜੰਗ ਖਤਮ ਹੋ ਗਈ। ਪਾਕਿਸਤਾਨ ਦੇ ਟੁੱਕੜੇ ਹੋ ਗਏ।

ਇਲੈਕਸ਼ਨਾਂ ਕਰਕੇ ਫੌਜੀ ਸਰਕਾਰ ਗੱਦੀਉਂ ਲਾਹ ਦਿੱਤੀ ਗਈ ਅਤੇ ਭੁੱਟੋ ਦੀ ਸਰਕਾਰ - ਪੀਪਲਜ਼ ਪਾਰਟੀ ਦੀ ਸਰਕਾਰ- ਤਾਕਤ ਵਿੱਚ ਆ ਗਈ। ਮੈਂ ਉਸ ਨੂੰ (ਭੁੱਟੋ ਨੂੰ) ਪੁਰਾਣੇ ਦਿਨਾਂ ਤੋਂ ਜਾਣਦਾ ਸੀ, ਪਹਿਲਾਂ ਜਦੋਂ ਉਹ ਵਿਦੇਸ਼ ਮੰਤਰੀ ਸੀ, ਅਤੇ ਫਿਰ ਜਦੋਂ ਉਹ ਵਿਰੋਧੀ ਧਿਰ ਦਾ ਲੀਡਰ ਸੀ। ਫਿਰ ਉਸ ਨੇ ਮੈਨੂੰ ਸੱਦਿਆ। ਉਹਨੇ ਕਿਹਾ, "ਆ ਜਾ ਸਾਡੇ ਨਾਲ ਮਿਲ ਜਾ।" ਮੈਂ ਕਿਹਾ, "ਅਤੇ ਕਰਨਾ ਕੀ ਹੈ?" ਉਹ ਕਹਿੰਦਾ, "ਦੇਖ ਤੂੰ ਇਹ ਸਭਿਆਚਾਰ ਦਾ ਕਾਰੋਬਾਰ ਕਰਦਾ ਸੀ, ਹੁਣ ਤੂੰ ਇਸ ਨੂੰ ਕੌਮੀ ਪੱਧਰ 'ਤੇ ਕਰ।" ਇਸ ਤਰ੍ਹਾਂ ਮੈਂ ਨੈਸ਼ਨਲ ਕਾਉਂਸਲ ਆਫ ਦੀ ਆਰਟਸ, ਇਸ ਪੀ ਐੱਨ ਸੀ ਏ ਜਿਹੜੀ ਇੱਥੇ ਹੈ, ਦੀ ਨੀਂਹ ਰੱਖੀ। ਮੈਂ ਇਸ ਨੂੰ ਸਥਾਪਤ ਕੀਤਾ ਅਤੇ ਫਿਰ ਮੈਂ ਇਕ ਨਿਰਮਾਣ ਜਿਹੇ ਨਾਂ ਵਾਲੀ ਇਕ ਹੋਰ ਸੰਸਥਾ ਖੜ੍ਹੀ ਕੀਤੀ, "ਫੋਕ ਆਰਟਸ" ਜਿਹੜੀ ਹੁਣ ਨੈਸ਼ਨਲ ਇੰਸਟੀਚਿਊਟ ਆਫ ਫੋਕ ਹੈਰੀਟੇਜ ਬਣ ਚੁੱਕਾ ਹੈ। ਮੈਂ ਇਹ ਕੰਮ ਤਕਰੀਬਨ ਚਾਰ ਸਾਲਾਂ ਲਈ ਕੀਤਾ ਜਦੋਂ ਤੱਕ ਸਰਕਾਰ ਬਦਲ ਨਹੀਂ ਗਈ। ਇਸ ਦੇ ਨਾਲ ਨਾਲ ਮੈਂ ਲਿਖ ਰਿਹਾ ਸੀ। ਮੈਂ ਤਿੰਨ ਹੋਰ ਕਿਤਾਬਾਂ ਲਿਖੀਆਂ; ਮੈਂ ਦੋ ਜਾਂ ਤਿੰਨ ਕਿਤਾਬਾਂ ਵਾਰਤਕ ਦੀਆਂ ਲਿਖੀਆਂ, ਦੋ ਜਾਂ ਤਿੰਨ ਨਜ਼ਮਾਂ ਦੀਆਂ ਕਿਤਾਬਾਂ ਲਿਖੀਆਂ। ਇਸ ਸਮੇਂ ਤੱਕ ਮੇਰੀਆਂ ਲਿਖਤਾਂ ਅੰਗਰੇਜ਼ੀ, ਫਰਾਂਸੀਸੀ ਅਤੇ ਰੂਸੀ ਅਤੇ ਹੋਰ ਕਈ ਜ਼ਬਾਨਾਂ ਵਿੱਚ ਅਨੁਵਾਦ ਹੋ ਚੁੱਕੀਆਂ ਸਨ। ਅਤੇ ਫਿਰ ਉਹ ਸਰਕਾਰ ਪਲਟ ਦਿੱਤੀ ਗਈ ਅਤੇ ਮੌਜੂਦਾ ਨਿਜ਼ਾਮ (ਜ਼ਿਆ-ਉਲ-ਹੱਕ ਦਾ ਨਿਜ਼ਾਮ) ਤਾਕਤ ਵਿੱਚ ਆ ਗਿਆ। ਉਹਨਾਂ ਨੇ ਮੈਨੂੰ ਕੁਝ ਨਹੀਂ ਕਿਹਾ, ਪਰ ਜਿਸ ਹੱਦ ਤੱਕ ਸਭਿਆਚਾਰਕ ਕੰਮ ਦਾ ਤਅਲਕ ਸੀ, ਇਹ ਪੂਰੀ ਤਰ੍ਹਾਂ ਪਹਿਲਾਂ ਵਰਗਾ ਨਾ ਰਿਹਾ। ਮੈਂ ਇਹ ਵੀ ਸੋਚਿਆ ਕਿ ਮੈਨੂੰ ਕੁੱਝ ਹੋਰ ਕਰਨਾ ਚਾਹੀਦਾ ਹੈ।

ਫਿਰ ਇਸ ਸਮੇਂ ਦੌਰਾਨ ਬਾਹਰ ਕੁਝ ਚੀਜ਼ਾਂ ਵਾਪਰੀਆਂ। ਇਕ ਸੰਸਥਾ ਜਿਸ ਲਈ ਮੈਂ ਯੋਗਦਾਨ ਪਾ ਰਿਹਾ ਸੀ ਉਹ ਸੰਸਥਾਂ ਹੋਂਦ ਵਿੱਚ ਆ ਗਈ - ਇਹ ਏਸ਼ੀਆਈ ਅਤੇ ਅਫਰੀਕੀ ਲੇਖਕਾਂ ਦੀ ਸੰਸਥਾ ਸੀ ਜਿਸ ਦਾ ਨਾਂ ਸੀ ਐਫਰੋ-ਏਸ਼ੀਅਨ ਰਾਈਟਰਜ਼ ਐਸੋਸੀਏਸ਼ਨ। ਮੈਂ ਉਹਨਾਂ ਲਈ ਕੰਮ ਕਰ ਰਿਹਾ ਸੀ, ਉਹਨਾਂ ਦੀਆਂ ਮੀਟਿੰਗਾਂ ਵਿੱਚ ਸ਼ਾਮਲ ਹੁੰਦਾ ਸੀ। ਇਸ ਸਮੇਂ ਉਹਨਾਂ ਦਾ ਹੈਡਕੁਆਰਟਰ ਕਾਇਰੋ ਵਿੱਚ ਸੀ, ਜਿੱਥੋਂ ਉਹ ਇਕ *ਲੋਟਸ* ਨਾਂ ਦਾ ਮੈਗਜ਼ੀਨ ਕੱਢਦੇ ਸਨ। ਕੈਂਪ ਡੇਵਿਡ ਦੇ ਸਮਝੌਤੇ ਬਾਅਦ ਅਰਬ ਦੇਸਾਂ ਨੇ ਜ਼ੋਰ ਪਾਇਆ ਕਿ ਦਫਤਰ ਨੂੰ ਕਾਇਰੋ ਤੋਂ ਬਦਲ ਦਿੱਤਾ ਜਾਵੇ ਅਤੇ ਦਫਤਰ ਹੋਰ ਕਿਸੇ ਥਾਂ ਬਦਲ ਦਿੱਤਾ ਗਿਆ। ਇਸ ਮੈਗਜ਼ੀਨ ਦਾ ਚੀਫ ਐਡੀਟਰ ਸੈਕਟਰੀ ਜਨਰਲ ਵੀ ਸੀ। ਉਸ ਨੂੰ ਸਾਈਪ੍ਰੈਸ ਵਿੱਚ ਗੋਲੀ ਮਾਰ ਦਿੱਤੀ ਗਈ ਸੀ। ਇਸ ਤਰ੍ਹਾਂ ਇਸ ਮੈਗਜ਼ੀਨ ਦਾ ਪ੍ਰਬੰਧ ਕਰਨ ਵਾਲਾ ਕੋਈ ਨਹੀਂ ਸੀ ਅਤੇ ਨਵੇਂ ਦਫਤਰ ਲਈ ਕੋਈ ਥਾਂ ਨਹੀਂ ਸੀ। ਇਹ ਫੈਸਲਾ ਕੀਤਾ ਗਿਆ ਕਿ ਨਵਾਂ ਦਫਤਰ ਬੈਰੂਤ ਵਿੱਚ ਖੋਲ੍ਹਿਆ ਜਾਵੇ ਅਤੇ ਮੈਨੂੰ ਇਸ ਮੈਗਜ਼ੀਨ ਦਾ ਇੰਚਾਰਜ ਬਣਨ ਲਈ ਸੱਦਾ ਆਇਆ। ਇਸ ਤਰ੍ਹਾਂ ਮੈਂ ਬੈਰੂਤ ਵਿੱਚ ਇਸ ਮੈਗਜ਼ੀਨ ਦਾ ਚਾਰਜ ਲੈ ਲਿਆ ਅਤੇ ਇਸ ਸੰਸਥਾ ਲਈ ਚਾਰ ਸਾਲ ਕੰਮ ਕੀਤਾ। ਅਤੇ ਫਿਰ ਬਿਨਾਂ ਸ਼ੱਕ ਸਾਨੂੰ ਬਾਹਰ ਕੱਢ ਦਿੱਤਾ ਗਿਆ।

ਜਦੋਂ ਸ਼ਹਿਰ ਨੂੰ ਘੇਰਾ ਪਾਇਆ ਹੋਇਆ ਸੀ ਤਾਂ ਘੇਰਾ ਪਾਏ ਜਾਣ ਤੋਂ ਇਕ ਮਹੀਨਾ ਬਾਅਦ ਘੇਰੇ ਵਿੱਚ ਬਚ ਕੇ ਨਿਕਲ ਆਇਆ ਅਤੇ ਇੱਥੇ ਆ ਗਿਆ। ਅਤੇ ਆਉਂਦਿਆਂ ਹੀ ਮੈਂ ਇਕ ਵਾਰ ਫਿਰ ਬੀਮਾਰ ਹੋ ਗਿਆ, ਦੁਬਾਰਾ ਵੀਹਾਂ ਸਾਲਾਂ ਬਾਅਦ ਅਤੇ ਇਹ ਕਹਾਣੀ ਦਾ ਅੰਤ ਹੈ। ਮੈਨੂੰ ਅਫਸੋਸ ਹੈ ਕਿ ਮੈਂ ਏਨਾ ਵਕਤ ਲਾ ਦਿੱਤਾ, ਪਰ ਮੈਂ ਇਸ ਨੂੰ ਇਸ ਤੋਂ ਛੋਟਾ ਨਹੀਂ ਸੀ ਕਰ ਸਕਦਾ। ●●

**ਨੋਟ:**

1. ਇਸ ਕਿਤਾਬ ਦਾ ਨਾਂ ਹੈ ਵਿਜ਼ੀਅਰ'ਜ਼ ਡਾਟਰ ਹੈ ਅਤੇ ਇਸ ਨੂੰ ਡਾ: ਹੈਮਿਲਟਨ ਨੇ ਲਿਖਿਆ ਹੈ ਅਤੇ ਜੌਹਨ ਮੁਰੇ ਨੇ ਪ੍ਰਕਾਸ਼ਤ ਕੀਤਾ ਹੈ।

# ਲੈਨਿਨ ਪੀਸ ਪਰਾਈਜ਼ ਲੈਣ ਸਮੇਂ ਕੀਤਾ ਭਾਸ਼ਣ

## ਫ਼ੈਜ਼ ਅਹਿਮਦ ਫ਼ੈਜ਼

### ਅਨੁਵਾਦ: ਸਾਧੂ ਬਿਨਿੰਗ

ਸ਼ਬਦ ਰਚਣੇ ਤੇ ਉਨ੍ਹਾਂ ਨੂੰ ਤਰਤੀਬ ਦੇਣੀ ਕਵੀਆਂ ਅਤੇ ਲਿਖਾਰੀਆਂ ਦਾ ਕਸਬ ਹੁੰਦਾ ਹੈ। ਪਰ ਜੀਵਨ ਵਿਚ ਕਈ ਅਜਿਹੇ ਮੌਕੇ ਆਉਂਦੇ ਹਨ ਜਦੋਂ ਸ਼ਬਦ ਨਹੀਂ ਲੱਭਦੇ। ਮੇਰੇ ਵਾਸਤੇ ਇਹ ਅਜਿਹਾ ਹੀ ਮੌਕਾ ਹੈ; ਮੇਰੇ ਕੋਲ ਉਹ ਸ਼ਬਦ ਨਹੀਂ ਜਿਨ੍ਹਾਂ ਨਾਲ ਮੈਂ ਲੈਨਿਨ ਪਰਾਈਜ਼ ਕਮੇਟੀ, ਹੋਰ ਸੋਵੀਅਤ ਅਦਾਰਿਆਂ ਅਤੇ ਦੋਸਤਾਂ ਦਾ ਢੁਕਵਾਂ ਧੰਨਵਾਦ ਕਰ ਸਕਾਂ ਉਸ ਮਾਣ ਸਤਿਕਾਰ ਵਾਸਤੇ ਜੋ ਇਨ੍ਹਾਂ ਮੈਨੂੰ ਦਿੱਤਾ ਹੈ। ਪੀਸ ਪਰਾਈਜ਼ ਅਮੁੱਲਾ ਹੈ ਕਿਉਂਕਿ ਇਸ ਨਾਲ ਲੈਨਿਨ ਦਾ ਸਤਿਕਾਰਤ ਅਤੇ ਮੁਕੱਦਸ ਨਾਂ ਜੁੜਿਆ ਹੋਇਆ ਹੈ। ਲੈਨਿਨ ਸਾਡੇ ਸਮਿਆਂ ਦਾ ਆਜ਼ਾਦੀ ਅਤੇ ਸ਼ਾਂਤੀ ਦਾ ਸਭ ਤੋਂ ਵਧ ਆਦਰਯੋਗ ਝੰਡਾਬਰਦਾਰ ਹੈ, ਸ਼ਾਂਤੀ ਜਿਹੜੀ ਕਿ ਮਨੁੱਖੀ ਜੀਵਨ ਵਿਚਲੀ ਸੁੰਦਰਤਾ ਅਤੇ ਸ੍ਰੇਸ਼ਠਤਾ ਲਈ ਪਹਿਲੀ ਸ਼ਰਤ ਹੈ। ਮੈਨੂੰ ਆਪਣੇ ਜੀਵਨ ਅਤੇ ਕੰਮ ਵਿਚ ਕੋਈ ਏਦਾਂ ਦੀ ਚੀਜ਼ ਨਹੀਂ ਦਿਸਦੀ ਜਿਹੜੀ ਮੈਨੂੰ ਇਸ ਉੱਘੇ ਮਾਣ ਲਈ ਯੋਗ ਬਣਾਉਂਦੀ ਹੋਵੇ। ਪਰ, ਮੈਂ ਇਕ ਕਾਰਨ ਸੋਚ ਸਕਦਾ ਹਾਂ: ਸ਼ਾਂਤੀ ਅਤੇ ਆਜ਼ਾਦੀ ਲਈ ਭਖਦੀ ਖਾਹਿਸ਼, ਜਿਹਨੇ ਮੈਨੂੰ ਤੇ ਮੇਰੇ ਸਾਥੀਆਂ ਨੂੰ ਹਮੇਸ਼ਾ ਪ੍ਰੇਰਿਆ ਹੈ। ਇਹ ਖਾਹਿਸ਼ ਆਪਣੇ ਆਪ ਵਿਚ ਏਨੀ ਤਕੜੀ ਹੈ ਕਿ ਸ਼ਾਂਤੀ ਤੇ ਆਜ਼ਾਦੀ ਦੀ ਅਭਿਲਾਸ਼ਾ ਰੱਖਣ ਵਾਲੇ ਆਮ ਵਿਅਕਤੀ ਵੀ ਸਤਿਕਾਰ ਦੇ ਯੋਗ ਸਮਝੇ ਜਾਂਦੇ ਹਨ।

### ਸਰਬਨਾਸ਼ ਜਾਂ ਬਚਾਉ

ਪਾਗਲਪਨ ਦੀ ਬਿਮਾਰੀ ਵਾਲੇ ਜਾਂ ਜੁਰਮਪੇਸ਼ਾ ਲੋਕਾਂ ਤੋਂ ਬਿਨਾਂ ਬਾਕੀ ਸਾਰੇ ਇਸ ਗੱਲ ਨਾਲ ਸਹਿਮਤ ਹਨ ਕਿ ਸ਼ਾਂਤੀ ਅਤੇ ਆਜ਼ਾਦੀ ਖੂਬਸੂਰਤ ਖਿਆਲ ਹਨ। ਹਰ ਕੋਈ ਦੇਖ ਸਕਦਾ ਹੈ ਕਿ ਸ਼ਾਂਤੀ ਕਣਕ ਦੇ ਲਹਿਲਹਾਂਦੇ ਖੇਤਾਂ ਵਿੱਚੋਂ ਝਾਕਦੀ ਹੈ, ਚਿਨਾਰ ਦੇ ਰੁੱਖ 'ਚੋਂ ਦਿਸਦੀ ਹੈ, ਲਾੜੀ ਦੇ ਘੁੰਡ 'ਚੋਂ ਨਜ਼ਰ ਆਉਂਦੀ ਹੈ, ਬੱਚਿਆਂ ਦੇ ਹੱਸਦੇ ਹੱਥਾਂ 'ਚੋਂ, ਲਿਖਾਰੀ ਦੀ ਕਲਮ 'ਚੋਂ, ਕਲਾਕਾਰ ਦੇ ਬੁਰਸ਼ 'ਚੋਂ। ਸਾਨੂੰ ਸਾਰਿਆਂ ਨੂੰ ਇਲਮ ਹੈ ਕਿ ਆਜ਼ਾਦੀ ਇਨ੍ਹਾਂ ਸਾਰੀਆਂ ਗੱਲਾਂ ਦੀ ਗਰੰਟੀ ਦਿੰਦੀ ਹੈ ਤੇ ਗੁਲਾਮੀ ਇਨ੍ਹਾਂ ਸਾਰੇ ਗੁਣਾਂ ਨੂੰ ਮਾਰਦੀ ਹੈ ਜਿਹੜੇ ਮਨੁੱਖ ਨੂੰ ਪਸ਼ੂ ਤੋਂ ਵੱਖਰਿਆਉਂਦੇ ਹਨ – ਸੂਝ ਤੇ ਸੁੱਘੜਤਾ, ਸੱਚ ਤੇ ਇਨਸਾਫ, ਅਣਖ ਤੇ ਦਲੇਰੀ, ਨਿਰਮਲਤਾ ਤੇ ਸਹਿਨਸ਼ੀਲਤਾ ਦੇ ਗੁਣ। ਇਸ ਲਈ ਤਰਕ ਨਾਲ ਵਿਚਾਰਿਆਂ, ਗੱਲ ਨੂੰ ਸਮਝਣ ਵਾਲੇ ਮਨੁੱਖਾਂ ਦਰਮਿਆਨ ਸ਼ਾਂਤੀ ਅਤੇ ਆਜ਼ਾਦੀ ਦੀ ਪ੍ਰਾਪਤੀ ਤੇ ਕਾਇਮੀ ਬਾਰੇ ਕਿਸੇ ਕਿਸਮ ਦੀ ਕੋਈ ਅਸਹਿਮਤੀ ਨਹੀਂ ਹੋਣੀ ਚਾਹੀਦੀ। ਬਦਕਿਸਮਤੀ ਨਾਲ ਪਰ, ਇਸ ਤਰ੍ਹਾਂ ਹੈ ਨਹੀਂ, ਕਿਉਂਕਿ ਸਮੇਂ ਦੇ ਸ਼ੁਰੂ ਤੋਂ ਹੀ ਵਿਰੋਧੀ ਤਾਕਤਾਂ ਜ਼ੋਰ ਲਾਉਂਦੀਆਂ ਰਹੀਆਂ ਹਨ। ਇਹ ਤਾਕਤਾਂ ਹਨ ਸਿਰਜਣਾ ਤੇ ਤਬਾਹੀ ਦੀਆਂ, ਚੜਾਅ ਅਤੇ ਉਤਰਾਅ ਦੀਆਂ, ਰੌਸ਼ਨੀ ਅਤੇ ਹਨੇਰੇ ਦੀਆਂ, ਇਨਸਾਫ ਅਤੇ ਬੇਇਨਸਾਫੀ ਦੀਆਂ। ਇਨ੍ਹਾਂ ਵਿਰੋਧੀ ਤਾਕਤਾਂ ਦਾ ਆਪਸੀ ਖੇਲ ਅੱਜ ਤੱਕ ਚੱਲ ਰਿਹਾ ਹੈ। ਨਾਲ ਹੀ ਇਸ ਸਮੇਂ ਜਿਹੜੀਆਂ ਸਮੱਸਿਆਵਾਂ ਸਾਡੇ ਸਾਹਮਣੇ ਹਨ ਉਹ ਪਹਿਲਾਂ ਵਾਲੀਆਂ ਨਾਲੋਂ ਬਹੁਤ ਬਦਲ ਚੁੱਕੀਆਂ ਹਨ। ਜੰਗ ਦਾ ਅੱਜ ਅਰਥ ਕਬੀਲਿਆਂ ਦੀ ਆਪਸੀ ਖ਼ੂੰਨੀ ਲੜਾਈ ਨਹੀਂ। ਨਾ ਹੀ ਸ਼ਾਂਤੀ ਤੋਂ ਸਾਡਾ ਭਾਵ ਹੈ ਕਿ ਕਤਲੇਆਮ ਖਤਮ ਹੋ ਜਾਵੇ। ਅੱਜ ਲੜਾਈ ਤੋਂ ਸਾਡਾ ਭਾਵ ਹੈ ਸਮੁੱਚੀ ਮਨੁੱਖਤਾ ਦਾ ਸਰਬਨਾਸ਼। ਇਨ੍ਹਾਂ ਦੋ ਸ਼ਬਦਾਂ 'ਤੇ – ਸਰਬਨਾਸ਼ ਤੇ ਬਚਾਉ – ਮਨੁੱਖੀ ਇਤਿਹਾਸ ਦਾ ਖਾਤਮਾ ਜਾਂ ਬਚਾਅ ਨਿਰਭਰ ਕਰਦਾ ਹੈ। ਇਨ੍ਹਾਂ ਦੋ ਸ਼ਬਦਾਂ 'ਤੇ ਨਿਰਭਰ ਕਰਦਾ ਹੈ ਕਿ ਮਨੁੱਖ ਦਾ ਵਸੇਬਾ ਬਚੇਗਾ ਜਾਂ ਸਦਾ ਲਈ ਤਬਾਹ ਹੋ ਜਾਵੇਗਾ। ਇਸੇ ਤਰ੍ਹਾਂ ਸਾਡੇ ਸਮੇਂ ਤੱਕ ਮਨੁੱਖ ਕੋਲ ਕੁਦਰਤੀ ਸੋਮਿਆਂ ਅਤੇ ਪੈਦਾਵਾਰ ਦੇ ਤਰੀਕਿਆਂ 'ਤੇ ਕਾਬੂ ਪਾਉਣ ਦੀ ਲੋੜੀਂਦੀ ਯੋਗਤਾ ਨਹੀਂ ਸੀ ਕਿ ਉਹ ਸਾਰੇ ਲੋਕਾਂ ਦੀਆਂ ਲੋੜਾਂ ਪੂਰੀਆਂ ਕਰ ਸਕਦਾ। ਇਸ ਲਈ ਇਸ ਗੱਲ ਦੀ ਥੋੜ੍ਹੀ ਜਿਹੀ ਤੁੱਕ ਬਣਦੀ ਸੀ ਕਿ ਉਹ ਆਪਣੀ ਲੋੜ ਲਈ ਦੂਜਿਆਂ ਤੋਂ ਲੁੱਟ ਖੋਹ ਕਰਦਾ। ਅੱਜ ਹਾਲਤ ਇਹ ਨਹੀਂ। ਮਨੁੱਖ ਦੀ ਪ੍ਰਵੀਣਤਾ ਨੇ ਵਿਗਿਆਨ ਤੇ ਤਕਨੀਕ ਨੂੰ ਅਜਿਹੀ ਉਚਾਈ 'ਤੇ ਪਹੁੰਚਾ ਦਿੱਤਾ ਹੈ ਕਿ ਸਾਰੇ ਮੂੰਹਾਂ 'ਚ ਬੁਰਕੀ ਪਾਈ ਜਾ ਸਕਦੀ ਹੈ, ਸਾਰੀਆਂ ਜਿਸਮਾਨੀ ਲੋੜਾਂ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ, ਬਸ਼ਰਤੇ ਕਿ ਕੁਦਰਤ ਦੀਆਂ ਸੀਮਤ ਹੱਦਾਂ, ਪੈਦਾਵਾਰ ਦੇ ਅਸੀਮਤ ਤਰੀਕੇ ਕੁਝ ਮੁਨਾਫਾਖੋਰਾਂ ਜਾਂ ਨਿੱਜੀ ਹਿੱਤਾਂ ਵਾਲੇ ਲੋਕਾਂ ਦੀ ਹਿਰਸ ਪੂਰੀ ਕਰਨ ਵੱਲ ਨਾ ਸਗੋਂ ਸਾਰੇ ਲੋਕਾਂ ਦੀ ਭਲਾਈ ਵਲ ਸੇਧਤ ਹੋਣ ਅਤੇ ਮਨੁੱਖ ਦੀ ਵਿਗਿਆਨਕ ਅਤੇ ਸਨਅਤੀ ਯੋਗਤਾ ਨੂੰ ਢਾਹੂ ਕੰਮਾਂ ਨਾਲੋਂ ਉਸਾਰੂ ਕੰਮਾਂ ਵਲ ਲਾਇਆ ਜਾਵੇ। ਇਹ ਸਭ ਕੁਝ ਸਿਰਫ ਅਜਿਹੇ ਸਮਾਜਿਕ ਢਾਂਚੇ ਵਿਚ ਸੰਭਵ ਹੋ ਸਕਦਾ ਹੈ ਜਿਹੜਾ ਇਨਸਾਫ, ਬਰਾਬਰਤਾ, ਆਜ਼ਾਦੀ, ਅਤੇ ਸਰਬੱਤ ਦੇ ਭਲੇ 'ਤੇ ਉਸਰਿਆਂ ਹੋਵੇ ਨਾ ਕਿ ਲਾਲਚ, ਸ਼ੋਸ਼ਣ ਅਤੇ ਇਜਾਰੇਦਾਰੀ ਹਿੱਤਾਂ 'ਤੇ। ਇਹਦੇ ਲਈ ਕੰਮ ਕਰਨ ਦੀ ਲੋੜ ਹੈ ਸਿਰਫ ਗੱਲਾਂ ਦੀ ਨਹੀਂ। ਅਮਲੀ ਪੱਧਰ 'ਤੇ ਕੋਸ਼ਸ਼ ਦੀ ਲੋੜ ਹੈ ਅਤੇ ਇਸ ਕੋਸ਼ਸ਼ ਵਿਚ ਸ਼ਾਂਤੀ ਲਈ ਜੱਦੋਜਹਿਦ ਅਤੇ ਆਜ਼ਾਦੀ ਲਈ ਲੜਾਈ ਇਕੱਠੀਆਂ ਹੋ ਜਾਂਦੀਆਂ ਹਨ ਅਤੇ ਸ਼ਾਂਤੀ ਤੇ ਆਜ਼ਾਦੀ ਦੇ ਵੈਰੀ ਇੱਕੋ ਜਮਾਤ ਦੇ, ਇੱਕੋ ਨਸਲ ਦੇ ਹੁੰਦੇ ਹਨ। ਇਕ ਪਾਸੇ ਸਾਮਰਾਜਵਾਦੀ ਤਾਕਤਾਂ ਹਨ ਜਿਨ੍ਹਾਂ ਦੇ ਹਿੱਤ ਅਤੇ ਇਜਾਰਾਦਾਰੀ ਸਿਰਫ ਤਾਕਤ ਨਾਲ ਹੀ ਬਚ ਸਕਦੇ ਹਨ ਅਤੇ ਈਰਖਾ 'ਤੇ ਹੀ ਪਲਦੇ ਹਨ। ਇਨ੍ਹਾਂ ਦੇ ਵਿਰੋਧ ਵਿਚ ਉਹ ਖੜ੍ਹੇ ਹਨ ਜਿਹੜੇ ਮਨੁੱਖੀ ਜੀਵਨ ਨੂੰ ਬੈਂਕਾਂ ਅਤੇ ਫੇਕਟਰੀਆਂ ਤੋਂ ਵੱਧ ਅਹਿਮੀਅਤ ਦਿੰਦੇ ਹਨ, ਜਿਹੜੇ ਦੂਜਿਆਂ 'ਤੇ ਹੁਕਮ ਚਲਾਉਣ ਨਾਲੋਂ ਮਿਲ ਕੇ ਕੰਮ ਕਰਨਾ ਜ਼ਿਆਦਾ ਪਸੰਦ ਕਰਦੇ ਹਨ। ਸੰਖੇਪ 'ਚ, ਸਿਆਸਤ ਅਤੇ ਸਦਾਚਾਰ ਵਿਚ, ਸਾਹਿਤ ਅਤੇ ਕਲਾ ਵਿਚ, ਰੋਜ਼ਾਨਾ ਜੀਵਨ ਵਿਚ, ਉਸਾਰੂ ਤੇ ਢਾਹੂ ਤਾਕਤਾਂ ਦਰਮਿਆਨ ਇਹ ਜੱਦੋਜਹਿਦ ਬਹੁਤ ਸਾਰੇ ਮੋਰਚਿਆਂ 'ਤੇ ਅਤੇ ਅਨੇਕਾਂ ਰੂਪਾਂ ਵਿਚ ਕੀਤੀ ਜਾ ਰਹੀ ਹੈ। ਜਿਹੜੇ ਆਜ਼ਾਦੀ ਦਾ ਸਤਿਕਾਰ ਕਰਦੇ ਹਨ ਅਤੇ ਸ਼ਾਂਤੀ ਨੂੰ ਪਿਆਰ ਕਰਦੇ ਹਨ, ਉਨ੍ਹਾਂ ਲਈ ਹਰ ਮੋਰਚੇ 'ਤੇ ਚੌਕਸ ਰਹਿਣ ਦੀ ਲੋੜ ਹੈ। ਉਦਾਰਹਨ ਵਜੋਂ, ਸਾਮਰਾਜਵਾਦ ਤੇ ਵਿਰੋਧੀ ਤਾਕਤਾਂ ਵਿਚਲੇ ਇਸ ਨਾ ਰੋਕੇ ਜਾ ਸਕਣ ਵਾਲੇ ਝਗੜੇ ਤੋਂ ਬਿਨਾਂ ਕਈ ਥੋੜ੍ਹਾ ਸਮਾਂ ਪਹਿਲਾਂ ਆਜ਼ਾਦ ਹੋਏ ਮੁਲਕਾਂ ਵਿਚਾਲੇ ਹਿੰਸਕ ਆਪਸੀ ਵਿਰੋਧਤਾਈਆਂ

ਹਨ। ਇਸ ਕਿਸਮ ਦੇ ਫਰਕ ਪਾਕਿਸਤਾਨ ਅਤੇ ਗੁਆਂਢੀ ਮੁਲਕ ਭਾਰਤ ਦਰਮਿਆਨ ਹਨ, ਅਫਰੀਕਾ ਦੇ ਇਕ ਮੁਲਕ ਦੇ ਦੂਜੇ ਨਾਲ ਹਨ। ਇਹ ਗੱਲ ਸਾਫ ਹੈ ਕਿ ਉਹ ਤਾਕਤਾਂ ਹੀ ਇਸ ਗੱਲ ਦਾ ਫਾਇਦਾ ਉਠਾ ਸਕਦੀਆਂ ਹਨ ਜਿਹੜੀਆਂ ਦੁਨੀਆਂ ਵਿਚ ਸ਼ਾਂਤੀ ਅਤੇ ਵਿਸ਼ਵ ਭਰ ਦੇ ਭਾਈਚਾਰੇ ਦੀਆਂ ਚਾਹਵਾਨ ਨਹੀਂ। ਇਸ ਲਈ ਇਹ ਨਿਹਾਇਤ ਹੀ ਜ਼ਰੂਰੀ ਹੈ ਕਿ ਸ਼ਾਂਤੀ ਨੂੰ ਪਿਆਰ ਕਰਨ ਵਾਲੇ ਲੋਕ ਇਨ੍ਹਾਂ ਝਗੜਿਆਂ ਦੇ ਇਨਸਾਫ ਵਾਲੇ ਹੱਲ ਲੱਭਣ ਵਿਚ ਸਹਾਇਤਾ ਕਰਨ।

## ਬੰਦੂਕਾਂ ਨੂੰ ਸਮੁੰਦਰ ਵਿਚ ਸੁੱਟੋ

ਕੁਝ ਦਿਨ ਪਹਿਲਾਂ, ਜਦੋਂ ਦੁਨੀਆਂ ਭਰ ਵਿਚ ਸੋਵੀਅਤ ਯੂਨੀਅਨ ਦੀ ਪੁਲਾੜ ਵਿਚ ਪ੍ਰਾਪਤੀ ਦਾ ਚਰਚਾ ਸੀ, ਮੇਰੇ ਮਨ ਵਿਚ ਇਹ ਸੋਚ ਵਾਰ ਵਾਰ ਆਈ ਕਿ ਜਦ ਹੁਣ ਅਸੀਂ ਆਪਣੀ ਹੀ ਧਰਤੀ ਨੂੰ ਦੂਜਿਆਂ ਸਿਤਾਰਿਆਂ ਤੋਂ ਦੇਖ ਸਕਦੇ ਹਾਂ, ਇਹ ਛੋਟੇ ਛੋਟੇ ਧਰਤੀ ਦੇ ਟੁਕੜੇ, ਲੋਕਾਂ ਦੇ ਛੋਟੇ ਛੋਟੇ ਸਮੂਹਾਂ ਉੱਪਰ ਕਾਬਜ ਹੋਣ ਦੀ ਭਾਵਨਾ ਕਿੰਨੀ ਮੂਰਖਤਾ ਵਾਲੀ ਗੱਲ ਹੈ। ਕੀ ਸਾਡੇ ਦਰਮਿਆਨ ਸੂਝ ਵਾਲੇ, ਇਮਾਨਦਾਰ ਤੇ ਇਨਸਾਫ ਪਸੰਦ ਏਨੇ ਵੀ ਲੋਕ ਨਹੀਂ ਜਿਹੜੇ ਦੂਜਿਆਂ ਨੂੰ ਸਮਝਾ ਲੈਣ ਕਿ ਵਿਸ਼ਵ ਨੂੰ ਜਾਣ ਵਾਲਾ ਰਾਹ ਹੁਣ ਸਾਫ ਹੈ ਅਸੀਂ ਦੁਨੀਆਂ ਭਰ ਦੀਆਂ ਅਮੀਰੀਆਂ ਪਾ ਸਕਦੇ ਹਾਂ। ਸਾਨੂੰ ਆਪਣੇ ਸਾਰੇ ਫੌਜੀ ਅੱਡੇ ਬੰਦ ਕਰ ਦੇਣੇ ਚਾਹੀਦੇ ਹਨ ਅਤੇ ਸਾਰੇ ਬੰਬ, ਰਾਕਟ ਅਤੇ ਬੰਦੂਕਾਂ ਸਮੁੰਦਰ ਵਿਚ ਸੁੱਟ ਦੇਣੀਆਂ ਚਾਹੀਦੀਆਂ ਹਨ। ਸਾਨੂੰ ਇਕੱਠੇ ਹੋ ਕੇ ਵਿਸ਼ਵ ਨੂੰ ਜਿੱਤਣ ਲਈ ਅੱਗੇ ਵਧਣਾ ਚਾਹੀਦਾ ਹੈ ਜਿੱਥੇ ਸਾਡੇ ਸਾਰਿਆਂ ਵਾਸਤੇ ਥਾਂ ਹੈ, ਜਿੱਥੇ ਕਿਸੇ ਨੂੰ ਵੀ ਦੂਜੇ ਨਾਲ ਲੜਨ ਦੀ ਲੋੜ ਨਹੀਂ, ਜਿੱਥੇ ਅਸੀਮਤ ਥਾਂ ਹੈ ਅਤੇ ਜਿੱਥੇ ਅਣਗਿਣਤ ਸੰਸਾਰ ਹਨ? ਮੈਨੂੰ ਇਸ ਗੱਲ ਦਾ ਪੂਰਾ ਯਕੀਨ ਹੈ ਕਿ ਭਾਵੇਂ ਸਾਡੇ ਰਾਹ ਵਿਚ ਅਨੇਕਾਂ ਮੁਸ਼ਕਲਾਂ ਹਨ ਅਸੀਂ ਮਨੁੱਖਤਾ ਨੂੰ ਇਹ ਗੱਲ ਦਰਸਾਉਣ ਵਿਚ ਕਾਮਯਾਬ ਹੋਵਾਂਗੇ।

ਮੈਨੂੰ ਇਸ ਗੱਲ ਦਾ ਯਕੀਨ ਹੈ ਕਿ ਮਨੁੱਖਤਾ ਨੇ ਹੁਣ ਤੱਕ ਕਦੇ ਵੀ ਆਪਣੇ ਦੁਸ਼ਮਣਾਂ ਅੱਗੇ ਹਥਿਆਰ ਨਹੀਂ ਸੁੱਟੇ, ਹੁਣ ਵੀ ਜੇਤੂ ਹੋਵੇਗੀ ਅਤੇ ਅਖੀਰ ਨੂੰ ਨਫਰਤ, ਧੱਕਾ ਅਤੇ ਜੰਗ, ਸ਼ਾਂਤੀ ਅਤੇ ਵਿਸ਼ਵ ਭਰ ਦੇ ਭਾਈਚਾਰੇ ਅੱਗੇ ਹਾਰ ਜਾਣਗੀਆਂ। ਮੈਨੂੰ ਇਸ ਗੱਲ ਦਾ ਯਕੀਨ ਹੈ ਕਿ ਆਪਾਂ ਸਾਰੇ ਰਲ਼ ਕੇ ਰਹਾਂਗੇ, ਜਿਸ ਤਰ੍ਹਾਂ ਫਾਰਸੀ ਕਵੀ ਹਾਫਿਜ਼ ਬਹੁਤ ਦੇਰ ਪਹਿਲਾਂ ਚਾਹੁੰਦਾ ਸੀ ਕਿ ਅਸੀਂ ਰਹੀਏ:

ਹਰ ਦਿਸਦੀ ਨੀਂਹ ਨੁਕਸ ਵਾਲੀ ਹੈ;
ਪਿਆਰ ਦੀ ਨੀਂਹ ਹੀ ਨੁਕਸੋਂ ਬਿਨਾਂ ਹੈ

••

# ਦਸਤ-ਏ-ਸਬਾ ਦੀ ਭੂਮਿਕਾ

## ਫ਼ੈਜ਼ ਅਹਿਮਦ ਫ਼ੈਜ਼

(ਆਪਣੀ ਦੂਸਰੀ ਕਿਤਾਬ ਦੀ ਭੂਮਿਕਾ ਵਿੱਚ ਫ਼ੈਜ਼ ਨੇ ਸਾਹਿਤਕਾਰ ਦੇ ਸਮਾਜ ਨਾਲ ਰਿਸ਼ਤੇ ਬਾਰੇ ਕੁਝ ਮਹੱਤਵਪੂਰਨ ਗੱਲਾਂ ਕੀਤੀਆਂ ਹਨ। ਇਸ ਲਈ ਅਸੀਂ ਇਹ ਭੂਮਿਕਾ ਇੱਥੇ ਛਾਪ ਰਹੇ ਹਾਂ। ਇਹ ਭੂਮਿਕਾ ਸੁਰਜੀਤ ਕਲਸੀ ਵੱਲੋਂ ਸੰਪਾਦਤ ਕਿਤਾਬ *ਫ਼ੈਜ਼ ਅਹਿਮਦ ਫ਼ੈਜ਼ ਦਾ ਕਾਵਿ ਸਾਗਰ* ਵਿੱਚੋਂ ਧੰਨਵਾਦ ਸਹਿਤ ਲਈ ਗਈ ਹੈ - ਸੰਪਾਦਕ)

ਇਕ ਸਮਾਂ ਹੋਇਆ ਗ਼ਾਲਿਬ ਨੇ ਲਿਖਿਆ ਸੀ ਕਿ ਜਿਹੜੀ ਅੱਖ ਕਤਰੇ ਵਿੱਚ ਦਜਲਾ ਦਰਿਆ ਨਹੀਂ ਵੇਖ ਸਕਦੀ, ਦੇਖਣ ਵਾਲੀ ਅੱਖ ਨਹੀਂ; ਬੱਚਿਆਂ ਦੀ ਖੇਡ ਹੈ। ਜੇ ਗ਼ਾਲਿਬ ਸਾਡੇ ਸਮਕਾਲੀ ਹੁੰਦੇ ਤਾਂ ਸ਼ਾਇਦ ਕੋਈ ਨਾ ਕੋਈ ਆਲੋਚਕ ਕਹਿ ਦਿੰਦਾ ਕਿ ਗ਼ਾਲਿਬ ਨੇ ਬੱਚਿਆਂ ਦੀ ਖੇਡ ਦਾ ਅਪਮਾਨ ਕੀਤਾ ਹੈ ਜਾਂ ਫਿਰ ਗ਼ਾਲਿਬ ਸਾਹਿਤ ਵਿੱਚ ਪ੍ਰਾਪੇਗੰਡਾ ਦੇ ਹਾਮੀ ਲਗਦੇ ਹਨ। ਕਵੀ ਦੀ ਅੱਖ ਨੂੰ ਕਤਰੇ ਵਿੱਚ ਦਜਲਾ ਦੇਖਣ ਦੀ ਗੱਲ ਕਹਿਣਾ ਸਪਸ਼ਟ ਤੌਰ 'ਤੇ ਪ੍ਰਾਪੇਗੰਡਾ ਹੈ। ਉਸ ਦੀ ਅੱਖ ਨੂੰ ਤਾਂ ਕੇਵਲ ਹੁਸਨ ਨਾਲ ਮਤਲਬ ਹੈ ਅਤੇ ਹੁਸਨ ਜੇ ਇਕ ਬੂੰਦ ਵਿੱਚ ਹੀ ਦਿਸ ਜਾਵੇ ਤਾਂ ਉਹ ਬੂੰਦ ਦਜਲੇ ਦੀ ਹੋਵੇ ਜਾਂ ਗਲੀ ਦੀ ਗੰਦੀ ਨਾਲੀ ਦੀ, ਸ਼ਾਇਰ ਨੇ ਉਸ ਤੋਂ ਕੀ ਲੈਣਾ ਹੈ। ਇਹ ਦਜਲਾ ਦੇਖਣਾ ਦਿਖਾਉਣਾ, ਦਾਰਸ਼ਨਿਕ, ਸਿਆਸਤਦਾਨ ਜਾਂ ਆਲਮ ਦਾ ਕੰਮ ਹੋਵੇਗਾ ਕਵੀ ਦਾ ਨਹੀਂ।

ਜੇ ਇਨ੍ਹਾਂ ਸ਼ਮੀਮਾਨ ਦਾ ਕਹਿਣਾ ਦਰੁਸਤ ਹੁੰਦਾ ਤਾਂ ਇਨ੍ਹਾਂ ਹੁਨਰਮੰਦਾਂ ਦੀ ਆਬਰੂ ਰਹਿੰਦੀ ਜਾਂ ਨਾ ਰਹਿੰਦੀ, ਹੁਨਰਮੰਦਾਂ ਦਾ ਕੰਮ ਬਹੁਤ ਆਸਾਨ ਜ਼ਰੂਰ ਹੋ ਜਾਂਦਾ। ਪਰ ਖੁਸ਼ਕਿਸਮਤੀ ਜਾਂ ਬਦਕਿਸਮਤੀ ਨਾਲ ਅਦਬ ਦੀ ਮੁਹਾਰਤ ਜਾਂ ਕਿਸੇ ਹੋਰ ਹੁਨਰ ਦੀ ਮੁਹਾਰਤ ਬੱਚਿਆਂ ਦੀ ਖੇਡ ਨਹੀਂ ਹੈ। ਇਸ ਲਈ ਤਾਂ ਗ਼ਾਲਿਬ ਦੇ ਦੇਖਣ ਵਾਲੀ ਅੱਖ ਵੀ ਕਾਫੀ ਨਹੀਂ। ਇਸ ਲਈ ਕਾਫੀ ਨਹੀਂ ਕਿ ਕਵੀ ਨੇ ਬੂੰਦ ਵਿੱਚ ਦਜਲਾ ਦੇਖਣਾ ਹੀ ਨਹੀਂ, ਦਿਖਾਉਣਾ ਵੀ ਹੁੰਦਾ ਹੈ। ਇਸ ਤੋਂ ਇਲਾਵਾ ਜੇ ਗ਼ਾਲਿਬ ਦੇ ਇਸ ਦਜਲੇ ਦੇ ਭਾਵ ਜ਼ਿੰਦਗੀ ਅਤੇ ਦੁਨੀਆਂ ਦੇ ਨਿਜ਼ਾਮ ਨੂੰ ਮੰਨਿਆ ਜਾਵੇ ਤਾਂ ਸਾਹਿਤਕਾਰ ਖ਼ੁਦ ਵੀ ਤਾਂ ਇਸੇ ਦਜਲੇ ਦੀ ਇਕ ਬੂੰਦ ਹੈ। ਇਸ ਦਾ ਅਰਥ ਇਹ ਹੈ ਕਿ ਹੋਰ ਅਣਗਿਣਤ ਬੂੰਦਾਂ ਨਾਲ ਰਲ ਕੇ ਇਸ ਦਰਿਆ ਦੇ ਵਹਿਣ, ਇਸ ਦੇ ਰੂਪ ਅਤੇ ਇਸ ਦੀ ਮੰਜ਼ਿਲ ਨਿਸ਼ਚਿਤ ਕਰਨ ਦੀ ਜ਼ਿੰਮੇਦਾਰੀ ਵੀ ਸਾਹਿਤਕਾਰ ਸਿਰ ਆਉਂਦੀ ਹੈ।

ਜਾਂ ਇਹ ਕਹਿ ਲਉ ਕਿ ਕਵੀ ਦਾ ਕੰਮ ਦਰਸ਼ਕ ਹੋਣਾ ਹੀ ਨਹੀਂ, ਰਿਆਜ਼ਤ ਜਾਂ ਸੰਘਰਸ਼ ਕਰਨਾ ਵੀ ਉਸ ਦਾ ਫਰਜ਼ ਬਣਦਾ ਹੈ। ਆਲੇ ਦੁਆਲੇ ਦੀਆਂ ਬੇਚੈਨ ਬੂੰਦਾਂ ਨੂੰ ਆਪਣੀਆਂ ਅੱਖਾਂ ਨਾਲ ਦੇਖਣਾ ਉਸ ਦੀ ਅੱਖ 'ਤੇ ਨਿਰਭਰ ਕਰਦਾ ਹੈ ਅਤੇ ਇਸ ਨੂੰ ਦੂਜਿਆ ਨੂੰ ਦਿਖਾਉਣਾ, ਉਸ ਦੇ ਵਹਿਣ ਵਿੱਚ ਦਖਲ ਦੇਣਾ ਉਸ ਦੀ ਕਲਾਤਮਕਤਾ, ਉਸ ਦੇ ਸ਼ੌਕ ਅਤੇ ਉਸ ਦੇ ਖ਼ੂਨ ਦੀ ਗਰਮੀ 'ਤੇ ਨਿਰਭਰ ਕਰਦਾ ਹੈ।

ਇਹ ਤਿੰਨੇ ਕੰਮ ਲਗਾਤਾਰ ਮਿਹਨਤ ਅਤੇ ਸੰਘਰਸ਼ ਦੀ ਮੰਗ ਕਰਦੇ ਹਨ।

ਜੀਵਨ ਦੀ ਪ੍ਰਕ੍ਰਿਆ ਤੇ ਪ੍ਰਣਾਲੀ ਕਿਸੇ ਤਲਾਅ ਦਾ ਠਹਿਰਿਆ ਹੋਇਆ, ਬੰਨ੍ਹਿਆ ਹੋਇਆ ਪਾਣੀ ਨਹੀਂ ਜਿਸ ਨੂੰ ਦਰਸ਼ਕ ਇਕੋ ਤੱਕਣੀ ਨਾਲ ਭਾਂਪ ਸਕੇ। ਦੂਰ ਦੁਰਾਡੇ ਔਝੜ, ਬਿਖੜੇ ਪਹਾੜਾਂ 'ਤੇ ਬਰਫ਼ਾਂ ਪਿਘਲਦੀਆਂ ਹਨ, ਚਸ਼ਮੇ ਉਬਲਦੇ ਹਨ, ਨਦੀ ਨਾਲੇ ਪੱਥਰਾਂ ਨੂੰ ਚੀਰ ਕੇ, ਚਟਾਨਾਂ ਨੂੰ ਪਾੜ ਕੇ ਮਿਲਦੇ ਹਨ ਅਤੇ ਫਿਰ ਇਹ ਸਾਰਾ ਪਾਣੀ ਰੋੜ੍ਹਦਾ, ਢਾਹੁੰਦਾ, ਵਾਦੀਆਂ, ਜੰਗਲਾਂ ਤੇ ਮੈਦਾਨਾਂ ਵਿੱਚ ਫੈਲਦਾ ਹੈ। ਜਿਸ ਦੇਖਣ ਵਾਲੀ ਅੱਖ ਨੇ ਮਨੁੱਖੀ ਜੀਵਨ ਦੇ ਇਹ ਉਤਰਾਅ ਚੜ੍ਹਾ, ਇਹ ਪੜਾਅ ਨਹੀਂ ਦੇਖੇ ਉਹ ਦਜਲਾ ਦਰਿਆ ਕੀ ਦੇਖੇਗੀ। ਕਵੀ ਦੀ ਅੱਖ ਤਾਂ ਇਨ੍ਹਾਂ ਸਾਰੀਆਂ ਥਾਂਵਾਂ ਤੋਂ ਵੀ ਅੱਗੇ ਪਹੁੰਚ ਗਈ ਹੈ। ਪਰ ਜੇ ਇਨ੍ਹਾਂ ਸਾਰਿਆਂ ਦ੍ਰਿਸ਼ਾਂ ਦੇ ਵਰਨਣ ਵਿੱਚ ਉਸ ਦੀ ਅਕਲ ਨੇ, ਸੋਚ ਨੇ, ਕਲਮ ਨੇ ਸਾਥ ਨਾ ਦਿੱਤਾ ਜਾਂ ਉਸ ਦਾ ਸਰੀਰ ਇਸ ਸੰਘਰਸ਼ ਲਈ ਤਿਆਰ ਨਾ ਹੋਇਆ ਤਾਂ ਕਵੀ ਆਪਣੇ ਮਨੋਰਥ ਵਿੱਚ ਪੂਰੀ ਤਰ੍ਹਾਂ ਸਫਲ ਨਹੀਂ ਮੰਨਿਆ ਜਾ ਸਕਦਾ।

ਮੈਂ ਤਾਂ ਸਿਰਫ਼ ਇਹ ਕਹਿਣਾ ਚਾਹੁੰਦਾ ਹਾਂ ਕਿ ਮਨੁੱਖੀ ਜੀਵਨ ਦਾ ਸੰਘਰਸ਼ ਅਤੇ ਇਸ ਵਿੱਚ ਯਥਾਯੋਗ ਭਾਈਵਾਲ ਬਣਨਾ ਸ਼ਾਇਰ ਦੀ ਜ਼ਿੰਦਗੀ ਦਾ ਤਕਾਜ਼ਾ ਹੀ ਨਹੀਂ, ਉਸ ਦੀ ਕਲਾ ਦੀ ਮੰਗ ਵੀ ਹੈ।

ਕਲਾ ਇਸੇ ਜੀਵਨ ਦਾ ਇਕ ਪਹਿਲੂ ਹੈ। ਇਹ ਤਕਾਜ਼ਾ ਸਦਾ ਕਾਇਮ ਰਹਿੰਦਾ ਹੈ ਇਸ ਲਈ ਕਲਾ ਦੇ ਸੰਘਰਸ਼ ਤੋਂ ਕੋਈ ਛੁਟਕਾਰਾ ਨਹੀਂ, ਇਹ ਤਾਂ ਇਕ ਸਦੀਵੀ ਸੰਘਰਸ਼ ਹੈ, ਇਕ ਲਗਾਤਾਰ ਉਦਮ ਹੈ।


ਇਸ ਕੋਸ਼ਿਸ਼ ਵਿੱਚ ਸਫਲਤਾ ਜਾਂ ਅਸਫਲਤਾ ਵਿਅਕਤੀਗਤ ਤੌਰ 'ਤੇ ਨਿਰਭਰ ਕਰਦੀ ਹੈ। ਪਰ ਇਹ ਕੋਸ਼ਿਸ਼ ਕਰਦੇ ਰਹਿਣਾ ਅਤੇ ਲਗਾਤਾਰ ਕਰਦੇ ਰਹਿਣਾ ਸੰਭਵ ਹੀ ਨਹੀਂ, ਹਰ ਤਰ੍ਹਾਂ ਲਾਜ਼ਮੀ ਹੈ।

ਇਹ ਕੁਝ ਪੰਨੇ ਇਸੇ ਪ੍ਰਕਾਰ ਦਾ ਇਕ ਉੱਦਮ ਹਨ। ਸੰਭਵ ਹੈ ਕਲਾ ਦੀਆਂ ਮਹਾਨ ਜ਼ਿੰਮੇਦਾਰੀਆਂ ਨਿਭਾਉਂਦਿਆਂ ਕਿਸੇ ਪ੍ਰਕਾਰ ਦੀ ਖ਼ੁਦਪਸੰਦੀ ਦਾ ਕੋਈ ਅੰਸ਼ ਨਿਕਲੇ। ਪਰ ਕੋਸ਼ਿਸ਼ ਕਿੰਨੀ ਵੀ ਨਿਗੂਣੀ ਕਿਉਂ ਨਾ ਹੋਵੇ, ਜ਼ਿੰਦਗੀ ਜਾਂ ਕਲਾ ਤੋਂ ਫਰਾਰ ਅਤੇ ਸ਼ਰਮਸਾਰੀ ਤੋਂ ਉੱਚੀ ਹੈ। ●●

---

## ਫ਼ੈਜ਼ ਅਹਿਮਦ ਫ਼ੈਜ਼ ਦੀ ਸ਼ਾਇਰੀ ਦੀਆਂ ਕਿਤਾਬਾਂ

ਨਕਸ਼ -ਏ-ਫ਼ਰਿਆਦੀ (1941)
ਦਸਤ-ਏ-ਸਬਾ (1953)
ਜ਼ਿੰਦਾ-ਨਾਮਾ (1956)
ਦਸਤੇ-ਤਹਿ-ਏ-ਸੰਗ (1965)
ਸਾਰ-ਏ- ਵਾਦੀ-ਏ-ਸਿਨਾ (1971)
ਸ਼ਾਮ-ਏ-ਸ਼ਹਿਰ-ਏ-ਯਾਰਾਂ (1977)
ਮੇਰੇ ਦਿਲ ਮੇਰੇ ਮੁਸਾਫ਼ਿਰ (1981)
ਗ਼ੁਬਾਰ-ਏ-ਅਯਾਮ (ਦੇਹਾਂਤ ਤੋਂ ਬਾਅਦ)




ਕ਼ਬਰ ਜਿਨ੍ਹਾਂ ਦੀ ਜੀਵੇ

# ਲਾਲ ਝੰਡੇ ਦਾ ਸ਼ਾਇਰ: ਹਬੀਬ ਜਾਲਿਬ

## ਸੁਖਦੇਵ ਸਿੱਧੂ

ਹਬੀਬ ਜਾਲਿਬ ਨਾਲ਼ ਮੇਰੇ ਮੇਲੇ 1988 ਚ ਹੋਏ ਸੀ। ਪਹਿਲੀ ਵਾਰੀ ਵੀ ਤੇ ਆਖ਼ਰੀ ਵਾਰੀ ਵੀ। ਇਹ ਅਪਣੇ ਪਾਕਿਸਤਾਨੀ ਸੰਗੀਆਂ-ਸਾਥੀਆਂ ਦਾ ਸੱਦਿਆ ਵਲੈਤ ਆਇਆ ਸੀ। ਏਧਰਲੇ ਪੰਜਾਬੀਆਂ ਨੇ ਸਾਊਥਾਲ ਇਹਦੇ ਮਾਣ ਚ ਜੋੜਮੇਲਾ ਕੀਤਾ ਸੀ। ਇਹਨੇ ਅਪਣਾ ਕਲਾਮ ਵੀ ਸੁਣਾਇਆ ਸੀ। ਦੋ ਤਿੰਨ ਘੰਟੇ ਬੜਾ ਰੰਗ ਲਾਈ ਰੱਖਿਆ। ਦੂਜੀ ਵਾਰ ਆਇਆ, ਤਾਂ ਬੀਮਾਰ ਹੋ ਗਿਆ। ਬਹੁਤਾ ਚਿਰ ਹਸਪਤਾਲ ਹੀ ਰਿਹਾ। ਪਾਕਿਸਤਾਨ ਜਾ ਕੇ ਦੋਂਹ ਤਿੰਨੀਂ ਮਹੀਨੀਂ ਫੌਤ ਹੋ ਗਿਆ।

ਹਬੀਬ ਜਾਲਿਬ ਹੁਸ਼ਿਆਰਪੁਰ ਜ਼ਿਲੇ ਦੇ ਮਿਆਣੀ ਪਠਾਣਾਂ ਪਿੰਡ ਚ ਜੰਮਿਆ ਸੀ। ਸੰਨ 1928 'ਚ। ਮੀਰ ਆਲਮਾਂ ਦੇ ਘਰ। ਨਾਂ ਪਾਇਆ ਹਬੀਬ ਅਹਮਦ ਵਲਦ ਸੂਫੀ ਇਨਾਇਤ ਉੱਲਾ। ਪਹਿਲੀਆਂ ਜਮਾਤਾਂ ਇਹਨੇ ਏਥੇ ਹੀ ਪੂਰੀਆਂ ਕੀਤੀਆਂ। ਮਗਰੋਂ ਗ਼ੁਰਬਤ ਦਾ ਧੱਕਿਆ ਇਹਦਾ ਅੱਬੂ ਕੰਮ ਦੀ ਭਾਲ਼ ਚ ਮਿਆਣੀਓਂ ਉੱਠ ਕੇ ਦਿੱਲੀ ਤੁਰ ਗਿਆ। ਜਾਲਿਬ ਵੀ ਆਵਦੇ ਅੱਬੂ ਦੇ ਨਾਲ਼ ਹੀ ਚਲਾ ਗਿਆ। ਉੱਥੇ ਇਹ ਐਂਗਲੋ ਅਰੈਬਿਕ ਸਕੂਲੇ ਪੜ੍ਹਨੇ ਪੈ ਗਿਆ। ਸ਼ਾਇਰੀ ਇਹਨੂੰ ਨਿੱਕੀ ਉਮਰੇ ਹੀ ਉਤਰਨੀ ਸ਼ੁਰੂ ਹੋ ਗਈ ਸੀ। ਜਮਾਤਾਂ ਇਹ ਦਸ ਵੀ ਪਾਸ ਨਾ ਕਰ ਸਕਿਆ। ਓਧਰੋਂ ਵੰਡ ਦੇ ਰੌਲ਼ੇ ਪੈ ਗਏ। ਸਤ੍ਹਾਰਾਂ-ਅਠ੍ਹਾਰਾਂ ਸਾਲਾਂ ਦੀ ਚੜ੍ਹਦੀ ਉਮਰ ਦਾ ਮਾਲੀ ਮੁੰਡਾ। ਉਜਾੜਿਆਂ ਨੇ ਏਧਰੋਂ ਪੱਟਿਆ ਤੇ ਓਧਰ ਜਾ ਲਾਇਆ। ਇਹ ਪਹਿਲਾਂ ਕਰਾਚੀ ਰਿਹਾ। ਫਿਰ ਪੱਕਾ ਲਾਹੌਰ ਹੀ ਵਸ ਗਿਆ। ਆਖ਼ਰੀ ਸਾਹਾਂ ਤੱਕ ਏਥੇ ਹੀ ਰਿਹਾ। ਕਰਾਚੀ ਚ ਇਹਨੇ ਕਿਸੇ ਆਬਿਦ ਜ਼ੁਬੈਦੀ ਨਾਲ਼ ਰਲ਼ ਕੇ ਇੰਸ਼ੋਰੈਂਸ਼ ਦਾ ਕੰਮ ਚਲਾਇਆ। ਜ਼ੁਬੈਦੀ ਤਾਂ ਮਾਲੋ-ਮਾਲ ਹੋ ਗਿਆ। ਜਾਲਿਬ ਦੇ ਹਾਲਾਤ ਓਦਾਂ ਦੇ ਹੀ ਰਹੇ। ਇਹਨੂੰ ਏਧਰ ਓਧਰ ਦਾ ਕੋਈ ਫਰਕ ਨਾ ਪੈਣਾ ਸੀ, ਨਾ ਪਿਆ। ਐਸੇ ਹਾਲਾਤਾਂ 'ਚ ਇਹਦੇ ਕਮਿਊਨਿਸਟ ਬਣ ਜਾਣ ਦੇ ਅਸਾਰ ਵਧਣੇ ਹੀ ਸੀ। ਬੇਜ਼ਮੀਰਿਆਂ ਲਈ ਸਾਰੇ ਹੀ ਰਾਹ ਖੁੱਲ੍ਹੇ ਰਹਿੰਦੇ ਨੇ- ਜੋ ਮਰਜ਼ੀ ਕਰ ਲੈਣ। ਸੱਭ ਚਲ ਜਾਂਦਾ ਹੈ।



ਜਾਲਿਬ ਦੇ ਦਸਖ਼ਤ

ਤੰਗੀਆਂ-ਤੁਰਸ਼ੀਆਂ ਦੇ ਬਾਵਜੂਦ ਜਾਲਿਬ ਨੇ ਅਪਣਾ ਪਰਮ ਧਰਮ ਤੋੜ ਨਿਭਾਇਆ:- ਜਿੱਥੇ ਵੀ, ਜਦੋਂ ਵੀ ਧੱਕਾ ਹੋਇਆ, ਜਾਲਿਬ ਕੁਰਲਾਅ ਉੱਠਿਆ। ਹੁਕਮਰਾਨਾਂ ਦੇ ਖ਼ਿਲਾਫ਼ ਬੋਲਿਆ। ਮਨੁੱਖੀ ਅਧਿਕਾਰਾਂ ਤੇ ਔਰਤਾਂ ਦੇ ਹੱਕਾਂ ਦੀ ਰਾਖੀ ਲਈ ਮੁਜ਼ਾਹਿਰੇ ਕੀਤੇ। ਪੁਲਸ ਦੀਆਂ ਡਾਂਗਾਂ ਖਾਧੀਆ। ਜੇਲਾਂ ਝਾਗੀਆਂ। ਪਰ ਆਪਣੇ ਮਨਸ਼ੇ ਤੋਂ ਭੋਰਾ ਵੀ ਟਾਲ੍ਹਾ ਨਾ ਵੱਟਿਆ; ਉਦੋਂ ਵੀ ਨਹੀਂ, ਜਦੋਂ ਲੋਕ ਫ਼ੌਜੀ ਡਿਕਟੇਟਰਾਂ ਤੋਂ ਡਰਦੇ ਕੁਸਕਦੇ ਨਹੀਂ ਸੀ। ਕੁਝ ਤਾਂ ਸੁੱਸਰੀ ਵਾਂਗੂੰ ਸੌਂ ਗਏ ਸੀ। ਕੁਝ ਫੌਜੀਆਂ ਦੀ ਰਤਾ ਕੁ ਘੁਰਕੀ 'ਤੇ ਅੱਖਾਂ ਮੀਟ ਲੈਂਦੇ ਸੀ, ਕੰਨਾਂ ਤੇ ਹੱਥ ਧਰ ਲੈਂਦੇ ਸੀ। 1949 ਦਾ ਜ਼ਾਬਤਾ ਲੱਗਾ ਤਾਂ ਜਾਲਿਬ ਇਹਦੇ ਖ਼ਿਲਾਫ਼ ਜਾਲਿਬ ਬੋਲਿਆ:

ਯੇਹ ਜ਼ਾਬਤਾ ਹੈ ਕ਼ਾਤਿਲ ਕੋ ਮਤ ਕਹੋ ਕ਼ਾਤਿਲ,  
ਯੇਹ ਜ਼ਾਬਤਾ ਹੈ ਕਿ ਧੜਕਨਾ ਹੀ ਛੋੜ ਦੇ ਦਿਲ।

ਜਾਲਿਬ ਦੀ ਰਿਹਾਇਸ਼ ਕਰਾਚੀ ਤੋਂ ਬਾਅਦ ਲਾਹੌਰ ਦੇ ਸੰਤ ਨਗਰ ਚ ਹੋ ਗਈ ਤੇ ਵਾਹਵਾ ਚਿਰ ਏਥੇ ਹੀ ਰਹੀ। ਅਖ਼ੀਰ ਵਲੈਤ ਫੇਰੀ ਤੇ ਇਹਦੇ ਪੁਰਾਣੇ ਸੰਗੀਆਂ ਸਾਥੀਆਂ ਰਲ਼ ਕੇ ਕੋਠੇ ਜੋਗੇ ਪੈਸੇ ਕਰ ਦਿੱਤੇ। ਇਹਨੇ ਸਰੋਬਾ ਟਾਊਨ ਚ ਦੋ ਕਮਰਿਆਂ ਦਾ ਮਕਾਨ ਬਣਾ ਲਿਆ। ਚਾਰ ਚੁਫ਼ੇਰੇ ਮੁਲਕ ਚ ਗ਼ੁਰਬਤ ਦਾ ਆਲਮ ਸੀ। ਭੁੱਖਮਰੀ। ਸਰਵਹਾਰੇ ਦਾ ਜਮਘਟਾ। ਅਮੀਰਾਂ ਦੀ ਇਨ੍ਹਾਂ ਨਾਲ਼ ਕਾਹਦੀ ਸਾਂਝ ਹੋਣੀ ਸੀ। ਨਫ਼ਰਤ ਹੀ ਹੋ ਸਕਦੀ ਸੀ- ਸਿੱਧੀ ਵੀ ਤੇ ਅਸਿੱਧੀ ਵੀ। ਫ਼ੌਜੀ ਹੁਕਮਰਾਨ ਤਾਂ ਇਨ੍ਹਾਂ ਨੂੰ ਕੀੜਿਆਂ-ਮਕੌੜਿਆਂ ਤੋਂ ਵੱਧ ਨਹੀਂ ਸੀ ਸਮਝਦੇ। ਜਾਲਿਬ ਦਾ ਦੁਖੀ ਕਵੀ ਮਨ ਕਹਿੰਦਾ ਹੈ - ਐਸੀ ਜ਼ਿੰਦਗੀ ਵੀ ਕਾਹਦੀ ਜ਼ਿੰਦਗੀ। ਜਾਲਿਬ ਆਵਦੇ ਲੋਕਾਂ ਨੂੰ ਆਗਾਹ ਕਰਦਾ ਹੈ। ਸਮਝਾਉਂਦਾ ਹੈ। ਅੱਖਾਂ ਖੋਲ੍ਹਣ ਲਈ ਆਰਾਂ ਲਾਉਂਦਾ ਹੈ। ਉੱਠਣ ਲਈ ਹੱਲਾਸ਼ੇਰੀ ਦਿੰਦਾ ਹੈ। ਹੱਲਾ ਮਾਰਨ ਲਈ ਉਕਸਾਉਂਦਾ ਹੈ:

ਦਸ ਕਰੋੜ ਇਨਸਾਨੋਂ, ਜ਼ਿੰਦਗੀ ਸੇ ਬੇਗ਼ਾਨੋ,  
ਦੋਸਤੋ ਕੋ ਪਹਿਚਾਨੋ, ਦੁਸ਼ਮਨੋਂ ਕੋ ਪਹਿਚਾਨੋ।

ਸਿਰਫ਼ ਚੰਦ ਲੋਗੋਂ ਨੇ, ਹੱਕ ਤੁਮਾਰਾ ਛੀਨਾ ਹੈ,  
ਖ਼ਾਕ ਐਸੇ ਜੀਨੇ ਪਰ, ਯੇਹ ਭੀ ਕੋਈ ਜੀਨਾ ਹੈ।

ਅਤੇ

ਬੀਸ ਰੁਪਏ ਮਨ ਆਟਾ  
ਫਿਰ ਭੀ ਯੇਹ ਸੰਨਾਟਾ।

ਜਿਹੜੇ ਲੋਕ ਅਯੂਬ ਖ਼ਾਨ ਦੀਆਂ ਸਿਫ਼ਤਾਂ ਕਰਦੇ ਸਾਹ ਨਹੀਂ ਸੀ ਲੈਂਦੇ। ਜਾਲਿਬ ਉਨ੍ਹਾਂ ਨੂੰ ਸੁਆਲ ਕਰਦਾ ਹੈ:

ਕਹੀਂ ਗੈਸ ਕਾ ਧੂੰਆਂ ਹੈ
ਕਹੀਂ ਗੋਲੀਓਂ ਕੀ ਬਾਰਿਸ਼।
ਸ਼ਬ -ਏ-ਅਹਿਦ ਏ ਕਮ ਨਿਗਾਹੀ
ਤੁਝੇ ਕਿਸ ਤਰ੍ਹਾਂ ਸਰਾਹੇਂ।

ਅਯੂਬ ਖ਼ਾਂ ਵੇਲੇ ਜ਼ੁਲਮ ਦੀਆਂ ਹੱਦਾਂ ਹੋ ਗਈਆਂ। ਸਟੂਡੈਂਟਾਂ ਤੇ ਗੋਲੀ ਚੱਲੀ। ਜਾਲਿਬ ਇਹਦੇ ਖ਼ਿਲਾਫ ਬੋਲਿਆ। ਫਿਰ ਮਾਦਰੇ-ਮਿਲੱਤ (ਕੌਮ ਦੀ ਮਾਂ) ਨੇ ਹਿੰਮਤ ਦਿਖਾਈ (ਮੁਹੰਮਦ ਅਲੀ ਜਿਨਾਹ ਦੀ ਭੈਣ ਫ਼ਾਤਿਮਾ ਜਿਨਾਹ ਨੂੰ ਪਾਕਿਸਤਾਨ ਮਾਦਰੇ ਮਿੱਲਤ ਦਾ ਰੁਤਬਾ ਦੇ ਚੁੱਕਿਆ ਹੈ) ਇਹਨੇ ਫ਼ੌਜੀ ਹੁਕਮਰਾਨਾਂ ਨੂੰ ਡਿਕਟੇਟਰ ਕਿਹਾ। ਉਨ੍ਹਾਂ ਦੇ ਖਿਲਾਫ਼ ਚੋਣਾਂ ਲੜਨ ਦਾ ਹੌਂਸਲਾ ਕੀਤਾ ਤਾਂ ਜਾਲਿਬ ਨੇ ਮਾਦਰੇ ਮਿੱਲਤ ਦੇ ਹੱਕ ਚ ਲਿਖਿਆ। ਉਹਦੇ ਨਾਲ਼ ਖੜੋਇਆ। ਇਹ ਫਾਤਿਮਾ ਜਿਨਾਹ ਦੇ ਹੱਕ ਚ ਘੱਟ ਸੀ, ਪਰ ਅਯੂਬ ਖਾਨ ਦੇ ਵਿਰੁੱਧ ਬਹੁਤਾ। ਉਹਦੇ ਚੋਣ ਜਲਸਿਆਂ ਚ ਨਜ਼ਮਾਂ ਪੜ੍ਹੀਆਂ। ਮਾਦਰੇ ਮਿੱਲਤ ਰੱਜੇ-ਪੁੱਜੇ ਘਰ ਦੀ ਸੀ। ਉੱਤੋਂ ਅੰਗਰੇਜ਼ੀ ਤਹਿਜ਼ੀਬ ਦਾ ਅਸਰ। ਇਹਦੀ ਉਰਦੂ ਵੀ ਮੁਹੰਮਦ ਅਲੀ ਜਿਨਾਹ (ਜਿਨਾਹ ਦਾ ਬਾਬਾ, ਪੂੰਜਾ ਗੋਕਲ ਦਾਸ ਮੇਘ ਜੀ ਗੁਜਰਾਤ ਦਾ ਰਾਜਪੂਤ ਹਿੰਦੂ ਸੀ) ਵਰਗੀ ਸੀ। ਕਿੱਤੇ ਵਜੋਂ ਇਹ ਦੰਦਾਂ ਦੀ ਡਾਕਟਰ ਸੀ। ਉਹਦੀ ਖ਼ਾਹਿਸ਼ ਹੁੰਦੀ ਸੀ ਕਿ ਉਹਦੇ ਬੋਲਣ ਤੋਂ ਪਹਿਲਾਂ ਜਾਲਿਬ ਹੀ ਬੋਲੇ। ਲੋਕਾਂ ਇਹਦੀ ਸ਼ਾਇਰੀ ਮਾਨਣੀ ਤੇ ਓਹਦੇ ਦਰਸ਼ਨ ਕਰਨੇ। ਬੜੇ ਵੱਡੇ ਵੱਡੇ ’ਕੱਠ ਹੋ ਜਾਇਆ ਕਰਦੇ ਸੀ। ਹਬੀਬ ਨੇ ਸਟੇਜ ਬੰਨ ਕੇ ਫ਼ਾਤਿਮਾ ਬੀਬੀ ਨੂੰ ਦੇ ਦੇਣੀ। ਆਮ ਕਿਹਾ ਜਾਂਦਾ ਸੀ ਕਿ ਜਲਸਿਆਂ ਚ ਲੋਕ ਮਾਦਰੇ-ਮਿੱਲਤ ਨੂੰ ਦੇਖਣ ਆਉਂਦੇ ਸੀ ਤੇ ਹਬੀਬ ਨੂੰ ਸੁਣਨ। ਜਾਲਿਬ ਨੇ ਲੋਕਾਂ ਨੂੰ ਫ਼ੌਜੀ ਡਿਕਟੇਟਰ ਦਾ ਤਖ਼ਤਾ ਪਲਟ ਦੇਣ ਲਈ ਪ੍ਰੇਰਿਆ। ਇਕ ਨਜ਼ਮ ਚ ਫ਼ਾਤਿਮਾ ਜਿਨਾਹ ਦੇ ਮੂੰਹੋਂ ਜਾਲਿਬ ਨੇ ਅਖਵਾਇਆ:

ਮਾਂ ਕੇ ਪਾਓਂ ਤਲੇ ਜੱਨਤ ਹੈ,
ਇਧਰ ਆ ਜਾਓ।

ਤੇ ਫੇਰ:

ਬੱਚੋਂ ਪੇ ਚਲੀ ਗੋਲੀ,
ਮਾਂ ਦੇਖ ਕਰ ਯੇਹ ਬੋਲੀ।
ਯੇਹ ਦਿਲ ਕੇ ਮੇਰੇ ਟੁਕੜੇ,
ਯੂੰ ਰੋਏ ਮੇਰੇ ਹੋਤੇ।
ਮੈਂ ਦੂਰ ਖੜੀ ਦੇਖੂੰ,
ਔਰ ਅਹਿਲ-ਏ-ਸਿੱਤਮ ਖੇਲੇਂ
ਖ਼ੂਨ ਸੇ ਮੇਰੇ ਬੱਚੇ ਕੇ,
ਦਿਨ ਰਾਤ ਯੇਹਾਂ ਹੋਲੀ।
ਬੱਚੇ ਪੇ............

1962 ਚ ਯਾਹੀਆ ਖ਼ਾਨ ਦੇ ਰਾਹੀਂ ਮਨਜ਼ੂਰ ਕਾਦਰ ਨੇ *ਆਈਨ* (ਵਿਧਾਨ) ਪਾਸ ਕੀਤਾ ਸੀ। ਇਹ ਆਸ ਰੱਖੀ ਬੈਠੇ ਸੀ ਕਿ ਇਹਦਾ ਚੰਗਾ ਅਸਰ ਹੋਊਗਾ। ਲੋਕ ਫ਼ੌਜੀ ਸਾਹਿਬਾਂ ਦਾ ਗੁਣਗਾਣ ਹੀ ਕਰੀ ਜਾਇਆ ਕਰਨਗੇ। ਇਹੀ ਅਮਲ ਚਲਿਆ ਰਹੇਗਾ। ਸਾਹਿਬਾਂ ਦੇ ਰੰਗ ਲੱਗੇ ਰਹਿਣਗੇ। ਸਾਬਕਾ ਪ੍ਰਧਾਨ ਮੰਤਰੀ ਚੌਧਰੀ ਮੁਹੰਮਦ ਅਲੀ ਤਾਂ ਏਸ ਆਈਨ ਨੂੰ ਲਾਇਲਪੁਰ ਦਾ ਘੰਟਾ ਘਰ ਕਹਿੰਦਾ ਸੀ – ਜਿੱਥੇ ਆ ਕੇ ਸਾਰੇ ਰਾਹ ਮਿਲ਼ਦੇ ਸੀ ਤੇ ਏਥੋਂ ਹੀ ਸਾਰੇ ਰਾਹ ਨਿਕਲ਼ਦੇ ਸੀ। ਮਤਲਬ ਕਿ ਇਹਦੇ ਵਿਚ ਸੱਭ ਕੁਝ ਜਜ਼ਬ ਹੋ ਜਾਂਦਾ ਸੀ। ਓਧਰੋਂ ਜਾਲਿਬ ਨੇ ਨਜ਼ਮ ਦਸਤੂਰ ਲਿਖ ਦਿੱਤੀ। ਇਸ ਨਜ਼ਮ ਨੇ ਜਾਲਿਬ ਨੂੰ ਇੱਕੋ ਛਾਲ ਨਾਲ਼ ਚੋਟੀ ’ਤੇ ਕਰ ਦਿੱਤਾ। ਫ਼ਰਸ਼ੋਂ ਅਰਸ਼ ’ਤੇ। ਮਨਜ਼ੂਰ ਕਾਦਰ ਨੇ ਆਪ ਮੰਨਿਆ ਕਿ ਉਹਦੇ *ਆਈਨ* ਨੂੰ ਜਾਲਿਬ ਦੀ ਨਜ਼ਮ ਨੇ ਤਹਿਸ-ਨਹਿਸ ਕਰ ਦਿੱਤਾ ਸੀ। ਉਹਨੂੰ ਫ਼ਿਕਰ ਸੀ ਕਿ ਹੁਣ ਆਈਨ ਦਾ ਕੋਈ ਅਸਰ ਨਹੀਂ ਹੋਣਾ। ਜਾਲਿਬ ਆਈਨ ਨੂੰ ਇੱਕੋ ਹੱਲੇ ਨਾਲ ਹਜ਼ਮ ਕਰ ਗਿਆ ਸੀ। ਜਾਲਿਬ ਦੀ ਇਹ ਨਜ਼ਮ ਬੜੀ ਹੀ ਪਾਪੂਲਰ ਹੋਈ ਸੀ:

ਦੀਪ ਜਿਸਕਾ ਮਹੱਲਾਤ[1] ਮੇਂ ਹੀ ਜਲੇ,
ਚੰਦ ਲੋਗੋਂ ਕੀ ਖ਼ੁਸ਼ੀਓਂ ਕੋ ਲੇਕਰ ਚਲੇ।
ਵੋ ਜੋ ਸਾਏ ਮੇਂ ਹਰ ਮਸਲਿਹਤ[2] ਕੇ ਪਲੇ,
ਐਸੇ ਦਸਤੂਰ ਕੋ, ਸੁਬਹ ਬੇਨੂਰ[3] ਕੋ
ਮੈਂ ਨਹੀਂ ਮਾਨਤਾ, ਮੈਂ ਨਹੀਂ ਜਾਨਤਾ

ਇਹ ਨਜ਼ਮ ਏਨੀ ਮਸ਼ਹੂਰ ਹੋਈ ਕਿ ਲੋਕ ਜਾਲਿਬ ਦੇ ਨਾਲ਼ ਹੀ ਗਾਇਆ ਕਰਦੇ ਸੀ। ਫੇਰ ਇਹ ਪਾਕਿਸਤਾਨੀ ਸਿਆਸਤ ਦਾ ਮੁਹਾਵਰਾ ਹੀ ਬਣ ਗਈ। ਸਭ ਰੰਗਾਂ ਦੇ ਸਰਕਾਰ ਵਿਰੋਧੀ ਲੀਡਰ ਇਹ ਨਜ਼ਮ ਆਪਣੀਆਂ ਤਕਰੀਰਾਂ ਦੇ ਸ਼ੁਰੂ ਚ ਜਾਂ ਅਖ਼ੀਰ ਚ ਬੋਲਿਆ ਕਰਨ – ਸਣੇ ਸ਼ਰੀਫ

[1] ਸਿਰਫ ਮਹੱਲਾਂ ਵਿਚ ਹੀ
[2] ਦੂਸਰਿਆਂ ਦੀਆਂ ਕੰਮਜ਼ੋਰੀਆਂ/ਸਮਝੌਤਿਆਂ ਦੇ ਸਿਰ ਤੇ ਜੀਵੇ
[3] ਨੂੰਰੀ ਸਵੇਰ (ਕਾਲ਼ੀ ਬੋਲ਼ੀ ਸਵੇਰ)

ਭਰਾਵਾਂ ਦੇ; ਸਣੇ ਵਕੀਲਾਂ ਦੇ ਲੀਡਰਾਂ ਦੇ ਤੇ ਹੋਰ ਵਿਰੋਧੀ ਭਾਵ ਜ਼ਾਹਿਰ ਕਰਨ ਲਈ। ਅਜੇ ਵੀ ਏਦਾਂ ਹੀ ਹੋ ਰਹੀ ਹੈ। ਹੁਣ ਵਕੀਲਾਂ ਦੇ ਲੀਡਰ ਕਹਿੰਦੇ ਹਨ ਕਿ ਸਾਨੂੰ ਹਬੀਬ ਜਾਲਿਬ ਦੀ ਫਿਰ ਲੋੜ ਹੈ।

ਅਯੂਬ ਖਾਨ ਵੇਲ਼ੇ ਪੱਛਮੀ ਪਾਕਿਸਤਾਨ ਦੇ ਗਵਰਨਰ, ਨਵਾਬ ਕਾਲਾਬਾਗ਼ ਨੇ ਫ਼ਿਲਮ ਐਕਟਰ ਨੀਲੋ ਬੇਗਮ ਨੂੰ ਹੁਕਮ ਚਾੜ੍ਹਿਆ ਕਿ ਓਹ ਸ਼ਾਹ ਇਰਾਨ ਦੇ ਮਨ ਪ੍ਰਚਾਵੇ ਲਈ ਆ ਕੇ ਮੁਜਰਾ ਕਰੇ। ਉਹ ਐਕਟਰ ਸੀ। ਨੀਲੋ ਦੀ ਰਿਆਜ਼ ਸ਼ਾਹੀਦ ਨਾਲ਼ ਸ਼ਾਦੀ ਹੋਣ ਵਾਲ਼ੀ ਸੀ। ਇਹਨੇ ਇਨਕਾਰ ਕਰ ਦਿਤਾ। ਤੰਗੀਆਂ ਤੁਰਸ਼ੀਆਂ ਦਾ ਦੌਰ ਸ਼ੁਰੂ ਹੋ ਗਿਆ। ਪੁਲਿਸ ਗ੍ਰਿਫ਼ਤਾਰੀਆਂ ਤੇ ਜੇਲ੍ਹਖ਼ਾਨੇ ਦੀ ਧਮਕੀਆਂ। ਅਖ਼ੀਰ ਉਹ ਨੀਲੋ ਨੂੰ ਚੁੱਕ ਕੇ ਲਏ ਗਏ ਤੇ ਜ਼ਖ਼ਮੀ ਕਰਕੇ ਹਸਪਤਾਲ ਸੁੱਟ ਗਏ। ਰਿਆਜ਼ ਨੇ ਵੀ ਮੂੰਹ ਵੱਟ ਲਿਆ। ਨੀਲੋ ਤੋਂ ਏਨੀ ਨਿਮੋਸ਼ੀ ਝੱਲ ਨਾ ਹੋਈ; ਇਹਨੇ ਖ਼ੁਦਕੁਸ਼ੀ ਕਰਨੀ ਚਾਹੀ। ਰਿਆਜ਼, ਜਾਲਿਬ ਕੋਲ ਗਿਆ। ਸਾਰਾ ਵਾਕਿਆ ਦੱਸਿਆ ਕਿ ਨੀਲੂ ਨੇ ਗੋਲ਼ੀਆਂ ਖਾ ਲਈਆਂ ਨੇ। ਫਿਰ ਰਿਆਜ਼ ਸ਼ਾਹੀਦ ਨੇ ਹਸਪਤਾਲ ਚ ਹੀ ਨਿਕਾਹ ਕਰ ਲਿਆ। ਜਾਲਿਬ ਸਾਰੇ ਵਾਕਿਆ ਤੋਂ ਪ੍ਰੇਸ਼ਾਨ ਹੋਇਆ। ਨਜ਼ਮ ਲਿਖੀ। ਬਾਅਦ ਚ ਰਿਆਜ਼ ਨੇ 1949 ਦੇ ਯਹੂਦੀ-ਫ਼ਲਸਤੀਨੀ ਇਸ਼ੂ ਨੂੰ ਲੈ ਕੇ ਫਿਲਮ 'ਜ਼ਰਕਾ' ਬਣਾਈ। ਨੀਲੋ ਨੇ ਹੀ ਇਹਦੇ ਚ ਅਰਬ ਕੁੜੀ ਜ਼ਰਕਾ ਦਾ ਰੋਲ ਕੀਤਾ ਸੀ। ਇਹਨੂੰ ਯਹੂਦੀਆਂ ਕੈਦ ਕਰਕੇ ਅੰਤਾਂ ਦੇ ਜ਼ੁਲਮ ਕੀਤੇ ਸੀ। ਨਾਲ਼ੇ ਜ਼ਬਰੀ ਨੱਚਣ ਨੂੰ ਮਜ਼ਬੂਰ ਕੀਤਾ ਸੀ। ਇਹ ਨੀਲੋ ਬੇਗ਼ਮ ਦੇ ਵਾਕਿਆ ਨਾਲ਼ ਰਲਦਾ ਸੀਨ ਸੀ। ਨਿੱਕੀਆਂ ਮੋਟੀਆਂ ਤਬਦੀਲੀਆ ਕਰਕੇ ਜਾਲਿਬ ਦੀ ਨਜ਼ਮ ਵੀ ਫ਼ਿਲਮ ਚ ਪਾ ਲਈ। ਫ਼ਿਲਮ ਨੇ ਬੜੀ ਮਸ਼ਹੂਰੀ ਪਾਈ। ਇਹਦੇ ਗੀਤ ਵੀ ਜਾਲਿਬ ਨੇ ਹੀ ਲਿਖੇ ਸੀ। ਪਾਕਿਸਤਾਨ ਚ ਇਹ ਫਿਲਮ ਕਲਾਸਿਕ ਮੰਨੀ ਜਾਂਦੀ ਹੈ। ਪਹਿਲੀ ਵਾਰ ਕਿਸੇ ਫ਼ਿਲਮ ਚ ਇਨਕਲਾਬੀ ਗੀਤ ਪਾਇਆ ਸੀ। ਰਿਆਜ਼ ਨੇ ਇਸ ਫਿਲਮ ਦੇ ਡਿਸਟ੍ਰੀਬੂਸ਼ਨ ਹੱਕ ਗ਼ੁਰੀਲਾ ਜਥੇਬੰਦੀ '**ਅਲ ਫ਼ਤਹ**' ਨੂੰ ਦੇ ਦਿੱਤੇ। ਮਹਿੰਦੀ ਹਸਨ ਦਾ ਗਾਇਆ ਜਾਲਿਬ ਦਾ ਆਹ ਗੀਤ ਬੜਾ ਚੱਲਿਆ:

ਤੂ ਕੇ ਨਾਵਾਕਿਫ਼ ਏ ਅਦਾਬ ਏ ਗ਼ੁਲਾਮੀ[4] ਹੈ ਅਭੀ,
ਰਕ਼ਸ[5] ਜ਼ੰਜੀਰ ਪਹਿਨ ਕਰ ਭੀ ਕਿਆ ਜਾਤਾ ਹੈ।

ਜਾਲਿਬ ਦਾ ਰੋਟੀ-ਪਾਣੀ ਸੱਜਣਾਂ ਮਿੱਤਰਾਂ ਆਸਰੇ ਸੀ ਤੇ ਜਾਂ ਫ਼ਿਲਮੀ ਗੀਤਾਂ ਸਿਰੋਂ। ਗੀਤ ਵੀ ਇਹ ਅਵਾ-ਗੌਣ ਨਹੀਂ ਸੀ ਲਿਖਦਾ। ਮਨ ਮਤੀਆ ਸੀ। ਪਰ ਤਰੱਕੀਪਸੰਦ ਢਾਣੀ ਵਾਲੇ ਇਹਦੇ ਮਗਰ ਪੈ ਕੇ ਲਿਖਵਾ ਲੈਂਦੇ ਸੀ। ਜਾਂ ਜਦੋਂ ਪੈਸੇ ਦੀ ਬਹੁਤੀ ਥੋੜ ਹੁੰਦੀ। ਜਾਲਿਬ ਦੇ ਫ਼ਿਲਮੀ ਗਾਣੇ ਵੀ ਬੜੇ ਮਸ਼ਹੂਰ ਹੋਏ। ਰਸ਼ੀਦ ਅਤਰੇ, ਰਿਆਜ਼ ਸ਼ਹੀਦ, ਹਸਨ ਲਤੀਫ਼, ਫ਼ੈਜ਼, ਮਸੂਦ ਪਰਵੇਜ਼, ਮੀਆਂ ਨਜ਼ਮੁਲ ਹਸਨ ਆਦਿ ਦਾ ਤਰੱਕੀਪਸੰਦ ਜੁੱਟ ਫਿਲਮਾਂ ਵਿਚ ਸੀ। ਇਹ ਸਾਰੇ ਜਾਲਿਬ ਦੇ ਆੜੀ-ਬੇਲੀ ਸੀ। ਇਹਦੇ ਫ਼ਿਲਮੀ ਗਾਣਿਆਂ ਵਿਚ ਵੀ ਅਦਬ ਕਾਇਮ ਰਹਿੰਦਾ ਸੀ। ਇਹਦੀਆਂ ਲਿਖੀਆਂ ਫ਼ਿਲਮੀ ਗ਼ਜ਼ਲਾਂ ਵੀ ਬੜੀਆਂ ਮਸ਼ਹੂਰ ਨੇ – ਨਾ ਸਾਖ਼ ਹੀ ਰਹੀ ਬਾਕੀ, ਨਾ ਆਸ਼ੀਆਨਾ; ਲੋਗ ਦੇਖੇਂ ਨਾ ਤਮਾਸ਼ਾ ਮੇਰੀ ਰੁਸਵਾਈ ਕਾ; ਐ ਸ਼ਾਮ ਏ ਗ਼ਮ ਬਤਾ ਕਿ ਸਹਰ ਕਿਤਨੀ ਦੂਰ ਹੈ। ਅਬ ਔਰ ਪਰੇਸ਼ਾਂ ਦਿਲ ਏ ਨਾਸ਼ਾਦ ਨਾ ਕਰਨਾ। ਰਾਹ ਸੂਰਜ ਕੀ ਕਹਾਂ ਰੋਕ ਸਕੇ; ਸ਼ੌਕ ਏ ਆਵਾਰਗੀ। ਬਹੁਤੀਆਂ ਗ਼ਜ਼ਲਾਂ ਮਹਿਦੀ ਹਸਨ ਤੇ ਨੂਰ ਜਹਾਂ ਦੀਆਂ ਗਾਈਆਂ ਹੋਈਆਂ। ਜਾਲਿਬ ਦਾ ਗੀਤ 'ਮੇਰਾ ਈਮਾਨ ਮੁਹੱਬਤ ਹੈ, ਮੁਹੱਬਤ ਕੀ ਕ਼ਸਮ' ਰੇਡੀਓ ਤੇ ਵੱਜਦਾ ਸੁਣਕੇ ਇਹਦੀ ਬੇਗ਼ਮ ਕਹਿੰਦੀ ਦੇਖੋ ਜੀ, ਸਾਡਾ ਗਾਣਾ ਵੱਜ ਰਿਹਾ ਹੈ। ਜਾਲਿਬ ਮੋੜ ਕੇ ਕਹਿੰਦਾ: ਨਹੀ ਜੀਂ, ਮੇਰਾ ਗਾਣਾ ਵੱਜ ਰਿਹਾ ਹੈ। ਇਹਦੀ ਹਾਜ਼ਰ ਜੁਆਬੀ ਕਮਾਲ ਦੀ ਸੀ।

ਹਫ਼ੀਜ਼ ਜਲੰਧਰੀ ਨਾਲ਼ ਗਲਬਾਤ ਤੋਂ ਜੋੜੀ ਨਜ਼ਮ ਦਾ ਪਿਛੋਕੜ ਜਾਲਿਬ ਦੱਸਿਆ ਕਰਦਾ ਸੀ ਕਿ ਲਾਹੌਰ ਦੀ ਪੁਰਾਣੀ ਅਨਾਰਕਲੀ ਚ ਘੁੰਮਦਿਆਂ-ਘੁੰਮਾਉਂਦਿਆਂ ਹਫ਼ੀਜ਼ ਸਾਹਿਬ ਨਾਲ਼ ਟਾਕਰਾ ਹੋ ਗਿਆ। ਜਾਲਿਬ ਪੁੱਛਣ ਲੱਗਿਆ: ਜਨਾਬ ਦੇ ਕੀ ਹਾਲ ਨੇ। ਅਜ ਕੱਲ ਕੀ ਕਰ ਰਹੇ ਹੋ। ਹਫ਼ੀਜ਼ ਮੋਹਰਿਓਂ ਬੋਲੇ: ਮੈਂ ਬਹੁਤ ਮਸਰੂਫ਼ ਹਾਂ। ਤੂੰ ਨਹੀਂ ਜਾਣ ਸਕਦਾ, ਮੈਂ ਕਿੰਨਾ ਬਿਜ਼ੀ ਹਾਂ। ਜਾਲਿਬ ਦੱਸਦਾ ਸੀ ਕਿ ਹਾਫ਼ੀਜ਼ ਜਲੰਧਰੀ ਤੁਹਾਡੇ ਨਾਲ਼ ਗੱਲ ਏਦਾਂ ਕਰਦਾ ਹੁੰਦਾ ਸੀ, ਜਿਵੇਂ ਤੁਹਾਨੂੰ ਕਰਜ਼ਾ ਦੇ ਰਿਹਾ ਹੋਵੇ ਜਾਂ ਤੁਹਾਡੇ ਸਿਰ ਕੋਈ ਅਹਿਸਾਨ ਕਰ ਰਿਹਾ ਹੋਵੇ। ਫੇਰ ਉਪਰ ਨੂੰ ਹੱਥ ਕਰਕੇ ਕਹਿੰਦਾ, ਮੈਂ ਓਹਦਾ ਸਲਾਹਕਾਰ ਲੱਗ ਗਿਆ ਹਾਂ। ਜਾਲਿਬ ਨੇ ਹਾਫ਼ਿਜ ਨੂੰ ਮਸ਼ਕਰੀ ਕੀਤੀ: ਖ਼ੁਦਾ ਦੇ ਸਲਾਹਕਾਰ ਲੱਗ ਗਏ ਹੋ? ਹਾਫ਼ਿਜ਼ ਕਹਿੰਦਾ: ਓਏ ਨਹੀਂ, ਤੂੰ ਨਹੀਂ ਜਾਣਦਾ। ਮੈਂ ਯਾਹੀਆ ਖ਼ਾਨ ਦਾ ਸਲਾਹਕਾਰ ਬਣ ਗਿਆ ਹਾਂ। ਉਹ ਜਦੋਂ ਮਰਜ਼ੀ ਸੱਦ ਲੈਂਦਾ ਹੈ। ਰਾਤ ਨੂੰ ਵੀ ਬੁਲਾ ਲੈਂਦਾ ਏ। ਮੇਰੇ ਕੋਲ਼ ਕਿਸੇ ਨੂੰ ਮਿਲਣ ਲਈ ਟੈਮ ਨਹੀਂ ਹੁਣ। ਫਿਰ ਹੁੱਬ ਕੇ ਦੱਸਣ ਲੱਗਾ ਕਿ ਮੈਂ ਯਾਹੀਆ ਖ਼ਾਨ ਨੂੰ ਕਿਹਾ ਹੈ, ਕਿ ਤੂੰ ਬਹੁਤ ਕਮਾਲ ਦਾ ਕੰਮ ਕਰ ਰਿਹਾ ਏਂ। ਫ਼ੌਜ ਦਾ ਰਾਜ ਹੀ ਸਭ ਦੇ ਭਲੇ ਦਾ ਰਾਜ ਹੈ। ਪਾਕਿਸਤਾਨ ਦਾ ਇਹਦੇ ਚ ਹੀ ਬਚਾਅ ਹੈ। ਇਹ ਮੁਸਲਮਾਨ ਡੰਡੇ ਦੀ ਹੀ ਜ਼ੁਬਾਨ ਸਮਝਦੇ ਨੇ। ਇਨ੍ਹਾਂ 'ਤੇ ਡੰਡਾ ਹੀ ਰੱਖੀ ਰੱਖ। ਕਾਲ਼ੇ ਕੋਟਾਂ ਵਾਲ਼ਿਆਂ ਤੇ ਵੀ ਡੰਡਾ ਰੱਖ। ਤੇ ਫਿਰ ਹਾਫ਼ਿਜ਼, ਜਾਲਿਬ ਦੇ ਗਿੱਟੀਂ ਲਾ ਕੇ ਕਹਿੰਦਾ: ਇਕ ਸ਼ਾਇਰ 'ਮੈਂ ਨਹੀਂ ਮਾਨਤਾ, ਮੈਂ ਨਹੀਂ ਮਾਨਤਾ' ਕਰਤਾ ਫਿਰਤਾ ਹੈ। ਉਸ ਪੇ ਭੀ ਡੰਡਾ ਰੱਖ। ਜਾਲਿਬ ਨੇ ਏਸੇ ਦੀ ਨਜ਼ਮ ਜੋੜ ਲਈ। ਪੜ੍ਹਦਿਆਂ ਜਾਲਿਬ ਨੇ 'ਤੂ' ਤੇ ਜ਼ੋਰ ਦੇਣਾ ਤੇ ਬਾਰ ਬਾਰ ਦੁਹਰਾਉਣਾ। ਨਜ਼ਮ ਦਾ ਅਸਰ ਦੁੱਗਣਾ ਚੌਗਣਾ ਹੋਈ ਜਾਣਾ। ਕੀਲੇ ਹੋਏ ਲੋਕਾਂ, ਬਾਰੰਬਾਰ ਸੁਣਨ ਦੀ ਫ਼ਰਮਾਇਸ਼ ਕਰੀ ਜਾਣੀ। ਇਹਦੇ ਨਾਲ਼ ਹੀ ਆਪ ਗਾਈ ਵੀ ਜਾਣੀ। ਹਾਫ਼ੀਜ਼ ਜਲੰਧਰੀ ਦੇ ਮੂੰਹੋਂ ਬੁਲਵਾਈ ਇਸ ਨਜ਼ਮ ਨੂੰ ਪੜ੍ਹ-ਸੁਣ ਕੇ ਹਫ਼ੀਜ਼ ਜਲੰਧਰੀ ਤੇ ਕੀ ਗੁਜ਼ਰੀ ਹੋਊ, ਹਾਫ਼ੀਜ ਜਲੰਧਰੀ ਦਾ ਅੱਲ੍ਹਾ ਜਾਣੇ:

ਮੈਂ ਨੇ ਉਸ ਸੇ ਯੇਹ ਕਹਾਂ, ਮੈਂ ਨੇ ਉਸ ਸੇ ਯੇਹ ਕਹਾਂ
ਯੇਹ ਜੋ ਦਸ ਕਰੋੜ ਹੈਂ, ਜਿਹਲ ਕਾ ਨਿਚੋੜ ਹੈਂ।
ਇਨਕੀ ਫ਼ਿਕਰ ਸੋ ਗਈ।
ਹਰ ਉਮਰ ਕੀ ਕਿਰਨ, ਜ਼ੁਲਮਤੋਂ ਮੇਂ ਖੋ ਗਈ,
ਯੇਹ ਖ਼ਬਰ ਦਰੁਸਤ ਹੈ, ਇਨਕੀ ਮੌਤ ਹੋ ਗਈ।

[4] ਗੁਲਾਮੀ ਦੇ ਢੰਗ-ਤਰੀਕਿਆਂ ਤੋਂ ਅਣਜਾਣ
[5] ਨਾਚ, ਮੁਜਰਾ

ਬੇਸ਼ਊਰ[6] ਲੋਕ ਹੈਂ, ਜ਼ਿੰਦਗੀ ਕਾ ਰੋਗ ਹੈਂ,
ਔਰ ਤੇਰੇ ਪਾਸ ਹੈ, ਇਨਕੇ ਦਰਦ ਕੀ ਦਵਾ।
ਮੈ ਨੇ ਉਸ ਯੇਹ ਕਹਾ…

ਤੂ ਖ਼ੁਦਾ ਕਾ ਨੂਰ ਹੈ, ਅਕ਼ਲ ਹੈ ਸ਼ਊਰ ਹੈ।
ਕੌਮ ਤੇਰੇ ਸਾਥ ਹੈ, ਤੇਰੇ ਹੀ ਵਜੂਦ ਸੇ ਮੁਲਕ ਕੀ ਨਿਜਾਤ[7] ਹੈ।
ਤੂ ਹੈ ਮੇਰੀ ਸੁਬਹ-ਏ-ਨੌ[8] ਤੇਰੇ ਬਾਅਦ ਰਾਤ ਹੈ
ਮੈਂ ਨੇ ਉਸ ਸੇ ਯੇਹ ਕਹਾਂ

ਮੈਂ ਨੇ ਉਸ ਸੇ ਯੇਹ ਕਹਾਂ,

ਬੋਲਤੇ ਜੋ ਚੰਦ ਹੈਂ, ਸਭ ਯੇਹ ਸ਼ਰ ਪਸੰਦ[9] ਹੈ।
ਇਨਕੀ ਖੀਂਚ ਲੇ ਜ਼ੁਬਾਂ, ਇਨਕਾ ਗੋਂਟ ਦੇ ਗਲਾ…………

ਗਰਮੀਆਂ ਨੂੰ ਮੱਰੀ ਚ ਪੱਕਾ ਈ ਮੁਸ਼ਾਇਰਾ ਹੁੰਦਾ ਹੁੰਦਾ ਸੀ। ਨਾਮੀ ਸ਼ਾਇਰਾਂ ਦਾ ਕਲਾਮ ਛਾਇਆ ਰਹਿੰਦਾ ਸੀ। ਜਾਲਿਬ ਜੇਲ੍ਹੋਂ ਛੁੱਟ ਕੇ ਆਇਆ ਹੀ ਸੀ। ਇਹਨੂੰ ਵੀ ਸੱਦਿਆ। ਮੁਸ਼ਾਇਰੇ ਤੋਂ ਪਹਿਲਾਂ ਮਾਲ ਰੋਡ ਤੇ ਟਹਿਲਦੇ ਜਾਲਿਬ ਨੂੰ ਪੁੱਛਿਆ: ਜਾਲਿਬ ਸਾਹਿਬ, ਮੁਸ਼ਾਇਰੇ ਚ ਕੀ ਪੜ੍ਹ ਰਹੇ ਹੋ। ਜਦੋਂ ਇਹਨੇ ਦੱਸਿਆ ਤਾਂ ਪ੍ਰਬੰਧਕ ਡਰ ਗਏ। ਕਹਿਣ ਲੱਗੇ: ਨਾ ਬਈ ਨਾ, ਇਹ ਨਹੀਂ ਪੜ੍ਹਨਾ - ਹਕੂਮਤ ਦੀ ਸਖ਼ਤੀ ਹੈ। ਯਾਹੀਆ ਖ਼ਾਨ ਦਾ ਦੌਰ ਹੈ। ਇਸ ਤਰ੍ਹਾਂ ਨਹੀਂ ਹੋ ਸਕਦਾ। ਜਾਲਿਬ ਮੋੜ ਕੇ ਕਹਿੰਦਾ ਜੇ ਤੁਸੀਂ ਮੇਰਾ ਨਾਂ ਹਬੀਬ ਜਾਲਿਬ ਬੋਲਣਾ ਹੈ, ਫਿਰ ਤਾਂ ਮੈਂ ਇਹੀ ਪੜ੍ਹਾਂਗਾ। ਜਾਲਿਬ ਨੂੰ ਸੱਦ ਕੇ ਮੁਸ਼ਾਇਰੇ ਤੋਂ ਬਾਹਰ ਵੀ ਨਹੀਂ ਸੀ ਰੱਖਿਆ ਜਾ ਸਕਦਾ। ਇਹਦੇ ਹੋਰ ਖ਼ਤਰੇ ਹੋ ਸਕਦੇ ਸੀ। ਮੁਸ਼ਕਿਲ ਚ ਫਸੇ ਪ੍ਰਬੰਧਕਾਂ ਨੇ ਹੋਰ ਪੱਤਾ ਖੇਡਿਆ। ਜਾਲਿਬ ਤੋਂ ਪਹਿਲਾਂ ਦਿਲਾਵਰ ਫ਼ਿਗਾਰ ਨੂੰ ਬੁਲਵਾ ਲਿਆ। ਇਹ ਮਜ਼ਾਹੀਆ ਤਨਜ਼ ਵਾਲ਼ਾ ਵੱਡਾ ਸ਼ਾਇਰ ਸੀ। ਮੁਸ਼ਾਇਰੇ ਲੁੱਟ ਲੈਂਦਾ ਸੀ। ਰੌਲ਼ਿਆਂ ਚ ਇਹ ਯੂ ਪੀ ਦੇ ਬਦਾਯੂੰ ਸ਼ਹਿਰੋਂ ਉੱਠ ਕੇ ਆਇਆ ਸੀ। ਏਸ ਮਿੱਟੀ ਨੂੰ ਕੋਈ ਵਰ ਹੋਇਆ ਮੰਨਿਆ ਜਾਂਦਾ ਹੈ। ਏਥੋਂ ਦੇ ਹੋਰ ਵੀ ਨਾਮੀ ਸ਼ਾਇਰ ਹੋਏ - ਅਮੀਰ ਖ਼ੁਸਰੋ, ਇਸਮਤ ਚੁਗਤਾਈ, ਫ਼ਨੀ ਤੇ ਸ਼ਕੀਲ ਬਦਾਯੂੰਨੀ। ਦਿਲਾਵਰ ਫ਼ਿਗਾਰ ਨੇ ਨਜ਼ਮ ਪੜ੍ਹੀ ਤੇ ਛਾਅ ਗਿਆ। ਮੁਸ਼ਾਇਰਾ ਲੁੱਟਿਆ ਗਿਆ ਸੀ। ਪ੍ਰਬੰਧਕ ਫੁੱਲੇ ਨਾ ਸਮਾਉਣ। ਇਨ੍ਹਾਂ ਭਾਣੇ ਇਨ੍ਹਾਂ ਦੀ ਆਸ ਨੂੰ ਫਲ਼ ਪੈ ਗਿਆ ਸੀ। ਸਕੀਮ ਮੁਤਾਬਿਕ, ਐਨ ਇਹਦੇ ਬਾਅਦ ਸ਼ਮਾਦਾਨ ਹਬੀਬ ਜਾਲਿਬ ਦੇ ਮੂਹਰੇ ਰੱਖ ਦਿੱਤਾ। ਅਗਲਿਆਂ ਆਪਣੇ ਮਨੋਂ ਕਿਹਾ: ਲੈ ਬਈ ਭਾਈ ਹਬੀਬ ਜਾਲਿਬਾ, ਹੁਣ ਤੂੰ ਲਾ ਲੈ ਜ਼ੋਰ, ਜਿਹੜਾ ਲਾਉਣਾ। ਤੇਰੀ ਗੱਲ ਦਾ ਹੁਣ ਕੋਈ ਅਸਰ ਨਹੀਂ ਹੋਣਾ। ਉਹ ਭੁੱਲ ਗਏ ਸੀ ਕਿ ਮੂਹਰੇ ਹਬੀਬ ਜਾਲਿਬ ਸੀ - ਕੋਈ ਐਰਾ ਗ਼ੈਰਾ ਨਹੀਂ। ਫ਼ੈਜ਼ ਅਹਿਮਦ ਫ਼ੈਜ਼ ਮੁਸ਼ਾਇਰੇ ਦੀ ਪ੍ਰਧਾਨਗੀ ਕਰਦਾ ਸੀ। ਨਾਲ਼ ਡਿਪਟੀ ਕਮਿਸ਼ਨਰ ਬੈਠਾ ਸੀ। ਫ਼ੈਜ਼ ਨੇ ਡਿਪਟੀ ਕਮਿਸ਼ਨਰ ਨੂੰ ਕੂਹਣੀ ਮਾਰੀ: ਲੈ ਆ ਗਿਆ ਈ ਤੇਰਾ ਦੁਸ਼ਮਣ। ਹਾਲ ਚ ਲੱਗੀ ਯਾਹੀਆ ਖ਼ਾਨ ਦੀ ਤਸਵੀਰ ਵੱਲ ਹੱਥ ਕਰਕੇ ਜਾਲਿਬ ਨੇ ਨਜ਼ਮ ਹੀ ਏਦਾਂ ਸ਼ੁਰੂ ਕੀਤੀ:

ਇਸ ਜਗ੍ਹਾ ਆਪਸੇ ਪਹਿਲੇ ਜੋ ਸਖ਼ਸ਼ ਤਖ਼ਤ ਨਸ਼ੀਂ[10] ਥਾ,
ਉਸਕੋ ਭੀ ਅਪਨੇ ਖ਼ੁਦਾ ਹੋਨੇ ਕਾ ਇਤਨਾ ਹੀ ਯਕੀਂ ਥਾ।
ਕੋਈ ਠਹਰਾ ਹੋ ਲੋਗੋਂ ਕੇ ਮੁਕਾਬਿਲ ਤੋ ਬਤਾਓ,
ਵੋਹ ਕਹਾਂ ਹੈਂ, ਜਿਨਹੇਂ ਨਾਜ਼ ਬਹੁਤ ਅਪਨੇ ਤਈਂ ਥਾ।

ਬੱਸ ਫੇਰ ਕੀ ਸੀ। ਮੁਕੱਰਰ-ਮੁਕੱਰਰ ਹੋਈ। ਦਾਦ ਮਿਲੀ। ਤਾੜੀਆਂ ਵੱਜੀਆਂ। ਇਸ ਮੁਸ਼ਾਇਰੇ ਦਾ ਪ੍ਰਬੰਧਕ ਪ੍ਰੋਫ਼ੈਸਰ ਕਰਮ ਹੈਦਰੀ ਸੀ। ਉਹ ਜਾਲਿਬ ਦਾ ਪਜਾਮਾ ਖਿੱਚ ਖਿੱਚ ਕੇ ਇਹਨੂੰ ਚੁੱਪ ਕਰਾਵੇ। ਫੇਰ ਜਾਲਿਬ ਨੇ ਚੁੱਪ ਕਿੱਥੇ ਹੋਣਾ ਸੀ। ਇਹ ਕਹਿੰਦਾ: ਹੁਣ ਤੂੰ ਮੇਰਾ ਪਜਾਮਾ ਨਾ ਖਿੱਚ; ਹੁਣ ਤਾਂ ਮੈਂ ਅਪਣੀ ਗੱਲ ਕਹਿਕੇ ਹੀ ਹਟੂੰਗਾ। ਜਾਲਿਬ ਨੇ ਪਹਿਲਾਂ ਲੁੱਟਿਆ ਜਾ ਚੁੱਕਿਆ ਮੁਸ਼ਾਇਰਾ ਮੁੜ ਵਸਾ ਲਿਆ; ਤੇ ਵਸਾ ਕੇ ਫਿਰ ਲੁੱਟ ਲਿਆ। ਇਹ ਆਪਣੇ ਆਪ ਚ ਮਿਸਾਲ ਸੀ। ਇਹ ਸਿਰਫ਼ ਜਾਲਿਬ ਹੀ ਕਰ ਸਕਦਾ ਸੀ। ਨਾਂ ਲਏ ਬਿਨਾਂ ਜਾਲਿਬ ਦੱਸਿਆ ਕਰਦਾ ਸੀ ਕਿ ਕਿਸੇ ਸੀਨੀਅਰ ਸ਼ਾਇਰ ਨੇ ਇਹਨੂੰ ਕਿਹਾ: ਯੇਹ ਮੌਕ਼ਾ ਨਹੀਂ ਥਾ। ਜਾਲਿਬ ਮੋੜ ਕੇ ਕਹਿੰਦਾ: ਮੈਂ ਮੌਕਾ ਪ੍ਰਸਤ ਨਹੀਂ ਹੂੰ। ਮੁਸ਼ਾਇਰੇ ਤੋਂ ਬਾਅਦ ਲੋਕ ਜਾਲਿਬ ਦੇ ਨਾਲ਼ ਹੀ ਬਾਹਰ ਆ ਗਏ।

ਯਾਹੀਆ ਖ਼ਾਨ ਵੇਲੇ ਜਾਲਿਬ ਨੇ ਅਵਾਮੀ ਨੈਸ਼ਨਲ ਪਾਰਟੀ ਵਲੋਂ ਇਲੈਕਸ਼ਨ ਵੀ ਲੜਿਆ। ਜਦੋਂ ਚੋਣਾਂ ਦੇ ਪ੍ਰਚਾਰ ਹੋਣੇ ਤਾਂ ਜਾਲਿਬ ਦੇ ਜਲਸੇ ਭਰੇ ਰਹਿਣੇ। ਜਦੋਂ ਵੋਟਾਂ ਪੈਣੀਆਂ ਤਾਂ ਜਾਲਿਬ ਦੇ ਡੱਬੇ ਖ਼ਾਲੀ ਝਾਕਦੇ ਹੋਣੇ। ਲੋਕ ਸ਼ਾਇਰੀ ਜਾਲਿਬ ਦੀ ਸੁਣਨੀ ਪਸੰਦ ਕਰਦੇ ਸੀ। ਵੋਟਾਂ ਵੇਲ਼ੇ ਦੂਸਰੇ ਪਾਸੀਂ ਭੁਗਤ ਜਾਂਦੇ। ਜਦੋਂ ਜਾਲਿਬ ਇਲੈਕਸ਼ਨ ਨਾ ਲੜਦਾ ਤਾਂ ਲੋਕ ਜਾਲਿਬ ਦਾ ਫ਼ਾਇਦਾ ਆਵਦੇ ਚੋਣ ਪ੍ਰਚਾਰਾਂ ਲਈ ਲੈ ਲੈਂਦੇ। ਜਾਲਿਬ ਇਸਟੈਬਲਿਸ਼ਮੈਂਟ ਦੇ ਖਿਲਾਫ਼ ਬੋਲਦਾ। ਸਟੇਜਾਂ ਬੰਨ੍ਹਦਾ। ’ਕੱਠ ਜਮਾਉਂਦਾ। ਲੋਕ ਬੰਨੀਂ ਰੱਖਦਾ। ਜ਼ਮਹੂਰੀਅਤ ਦੀ ਹਿਮਾਇਤ ਕਰਦਾ। ਜਦੋਂ ਵੋਟਾਂ ਪੈ ਜਾਣੀਆਂ, ਤਾਂ ਜਾਲਿਬ ਦੀ ਜਿੱਤਣ ਵਾਲਿਆਂ ਨਾਲ਼ ਵੀ ਖੜਕ ਜਾਣੀ। ਖੜਕਣੀ ਹੀ ਸੀ; ਨਾ ਇਹਨੇ ਮੁੱਲ ਘਟਾਉਣਾ, ਨਾ ਸੌਦੇਬਾਜ਼ੀ ਹੋ ਸਕਣੀ। ਇਹਦਾ ਮੁੱਲ ਤਾਰਨ ਜੋਗੇ ਉਹ ਹੈ ਵੀ ਨਹੀਂ ਸੀ। ਅਗਲਿਆਂ ਕਿਤਾਬਾਂ ਤੇ ਪਾਬੰਦੀਆਂ ਲਾ ਦੇਣੀਆਂ। ਚੁੱਕ ਕੇ ਜੇਲੀਂ ਸੁੱਟ ਦੇਣਾ। ਜਾਂ ਮੁਕੱਦਮਾ ਠੋਕ

[6] ਬੇ ਸਮਝ

ਦੇਣਾ। ਇਹ ਭੁੱਟੋਆਂ ਵੇਲ਼ੇ ਵੀ ਹੋਇਆ। ਫ਼ੌਜੀ ਡਿਕਟੇਟਰਾਂ ਨਾਲ਼ ਤਾਂ ਇਹਦਾ ਮੁੱਢੋਂ-ਸੁੱਢੋਂ ਅੱਖ ਵਲ਼ ਸੀ। ਜਾਲਿਬ ਇਨ੍ਹਾਂ ਨੂੰ ਕਿਸੇ ਕਿਸਮ ਦੀ ਰਿਆਇਤ ਨਹੀਂ ਸੀ ਦਿੰਦਾ। ਡਰ ਇਹਨੂੰ ਕਿਸੇ ਦਾ ਨਹੀਂ ਸੀ। ਇਹ ਡਰ ਮੰਨਦਾ ਵੀ ਕਿੱਥੇ ਸੀ। ਅੱਠ-ਦਸ ਵਾਰ ਜੇਲ ਜਾ ਚੁੱਕਿਆ ਸੀ।

ਇਕ ਵਾਰ ਮੁਜਾਹਿਦ ਅਲੀ ਹਸਪਤਾਲ ਜਾਲਿਬ ਦਾ ਪਤਾ ਲੈਣ ਗਿਆ। ਖ਼ੈਰ ਸੁੱਖ ਤੋਂ ਬਾਅਦ ਮੁਜਾਹਿਦ ਅਲੀ ਕਹਿੰਦਾ: ਇਬਨ-ਏ-ਇੰਸ਼ਾ ਵੀ ਤਾਂ ਬਾਹਰ ਇਲਾਜ ਲਈ ਗਿਆ ਹੀ ਸੀ। ਥੋੜੀ ਜ਼ੁਬਾਨ ਬੰਦ ਕਰ ਲੈ। ਬਾਹਰੋਂ ਜਾ ਕੇ ਇਲਾਜ ਕਰਵਾ ਲੈ। ਜਾਲਿਬ ਕਹਿੰਦਾ: ਫਿਰ ਮੇਰੇ ਜੀਣ ਦਾ ਕੀ ਹੱਜ। ਫਿਰ ਤਾਂ ਮੈਂ ਮਰ ਗਿਆ। ਜੇ ਮੈਂ ਏਹੋ ਕਰਨਾ ਹੁੰਦਾ, ਤਾਂ ਬੜਾ ਚਿਰ ਪਹਿਲਾਂ ਕਰ ਸਕਦਾ ਸੀ। ਮੁਜਾਹਿਦ ਅਲੀ ਮੋੜ ਕੇ ਕਹਿੰਦਾ: ਤੇਰੇ ਸਾਹਮਣੇ ਲੋਕਾਂ ਨੇ ਇੱਕ ਦੀ ਮੁਖ਼ਾਲਫਿਤ ਕਰਕੇ ਤੇ ਦੂਜੇ ਤੋਂ ਖੱਟੀ ਕਰ ਲਈ। ਤੂੰ ਤਾਂ ਐਸਾ ਬਲੈਂਕ ਚੈੱਕ ਸੀ, ਕਿ ਸਮੇਂ ਦਾ ਕੋਈ ਵੀ ਹੁਕਮਰਾਨ ਕੋਈ ਵੀ ਮੁੱਲ ਤਾਰਨ ਲਈ ਤਿਆਰ ਸੀ।

ਕਦੇ ਵੱਡੀਆਂ ਵੱਡੀਆਂ ਮੁੱਛਾਂ ਵਾਲ਼ਾ ਨਵਾਬ ਕਾਲ਼ਾਬਾਗ਼ ਕਿਸੇ ਕਤਲ ਦਾ ਮੁਕੱਦਮਾ ਬਣਾ ਕੇ ਜਾਲਿਬ ਨੂੰ ਜੇਲ ਚ ਡੱਕ ਦਿੰਦਾ ਤੇ ਕਦੇ ਇਹਨੂੰ ਬਾਬੂ ਵਾਰਿਸ ਦੇ ਛੁਰਾ ਮਾਰਨ ਦੇ ਇਲਜ਼ਾਮ ਚ ਕੈਦ ਕਰ ਲਿਆ ਜਾਂਦਾ। ਹਕੂਮਤਾਂ ਤਾਂ ਇਹਦੀਆਂ ਨਜ਼ਮਾਂ ਤੋਂ ਡਰਦੀਆਂ ਸੀ। ਇਹਦੀ ਮਕਬੂਲੀਅਤ ਤੋਂ। ਲੋਕਾਂ ਦੇ ਇਹਦੇ ਨਾਲ਼ ਜੁੜ ਜਾਣ ਤੋਂ। ਮੁਕੱਦਮੇ ਤਾਂ ਸਾਰੇ ਝੂਠੇ ਹੀ ਹੁੰਦੇ ਸੀ। ਬਾਬੂ ਵਾਰਿਸ ਅਪਣੇ ਵੇਲ਼ਿਆਂ ਦਾ ਨਾਮ ਤਰੀਨ ਹਿਸਟਰੀ ਸ਼ੀਟਰ ਸੀ। ਉਹਨੇ ਬਾਅਦ ਚ ਦੱਸ ਵੀ ਦਿੱਤਾ ਸੀ ਕਿ ਉਹਨੇ ਇਹ ਸਭ ਕੁਝ ਸਰਕਾਰੀ ਕਹਿਣੇ ’ਤੇ ਹੀ ਕੀਤਾ ਸੀ।

ਪੰਜਾਬ ਯੂਨੀਵਰਸਿਟੀ ਲਾਹੌਰ ਦੇ ਪਾੜ੍ਹਿਆਂ ਨੇ ਬਲੋਚਿਸਤਾਨ ’ਤੇ ਹਮਲੇ ਖ਼ਿਲਾਫ ਐਜੀਟੇਸ਼ਨ ਕੀਤਾ। ਅਸਲ ਚ ਇਹ ਫੌਜੀ ਹੁਕਮਰਾਨਾਂ ਦਾ ਵਿਰੋਧ ਹੀ ਸੀ। ਅੱਜਕਲ ਲੰਡਨ ਵਸਿਆ ਮਸ਼ਹੂਰ ਤਰੀਨ ਪਾਕਿਸਤਾਨੀ ਦਾਨਿਸ਼ਵਰ, ਤਾਰਿਕ ਅਲੀ ਵੀ ਵਿੱਚੇ ਹੀ ਸੀ। ਪੁਲਸ ਵਾਲਿਆਂ ਧਾਰ ਲਈ ਕਿ ਅਸੀਂ ਇਨ੍ਹਾਂ ਮੁੰਡਿਆਂ ਨੂੰ ਮਾਰ ਮੁਕਾਉਣਾ ਹੈ। ਜਾਲਿਬ ਵੇਲੇ ਸਿਰ ਆ ਗਿਆ। ਅੜਕੇ ਮੋਹਰੇ ਖੜਾ ਹੋ ਗਿਆ। ਕਹਿੰਦਾ: ਖ਼ਬਰਦਾਰ ਕਿਸੇ ਦਾ ਨੁਕਸਾਨ ਕੀਤਾ। ਦਫ਼ਾ ਹੋ ਜਾਓ ਏਥੋਂ। ਜਾਂ ਪਹਿਲਾ ਮੈਨੂੰ ਮਾਰੋ। ਪੁਲਿਸ ਝਿੰਵ ਗਈ। ਬਚੇ ਵਿਦਿਆਰਥੀ ਜਾਲਿਬ ਨੂੰ ਅਜੇ ਵੀ ਯਾਦ ਕਰਦੇ ਨੇ।

ਇਸਤਰੀਆਂ ਨੇ ਅਪਣੇ ਹੱਕਾਂ ਲਈ ਮੁਜ਼ਾਹਿਰਾ ਕੀਤਾ। ਜਾਲਿਬ ਕਿਤੇ ਕਚਿਹਿਰੀਆਂ ਚ ਬੈਠਾ ਸੀ। ਇਹਨੂੰ ਪਤਾ ਲੱਗਿਆ, ਇਹ ਵੀ ਜਲਸੇ ਚ ਚਲਾ ਗਿਆ। ਹਮਾਇਤ ਕਰਨ। ਪੁਲਸ ਨੇ ਇਹਨੂੰ ਹੀ ਧਰ ਲਿਆ। ਫ਼ੌਜ ਤੇ ਪੁਲਸ ਇਹਨੂੰ ਹੀ ਬਦਅਮਨੀ ਦਾ ਜ਼ਿੰਮੇਵਾਰ ਸਮਝਦੇ ਹੁੰਦੇ ਸੀ। ਇਹਨੂੰ ਬੜੀਆਂ ਡਾਂਗਾ ਪਈਆਂ। ਅਗਲੇ ਤਾਂ ਕੋਈ ਠੁਣਾ ਹੀ ਭਾਲ਼ਦੇ ਸੀ। ਜਲੂਸ ਦੀ ਲੀਡਰ ਬੀਬੀ ਅਸਮਾਂ ਜਹਾਂਗੀਰ ਨੇ ਜਾਲਿਬ ਨੂੰ ਦੇਖ ਲਿਆ। ਇਹਨਾਂ ਸਾਰੀਆਂ ਨੇ ਭੱਜ ਕੇ ਇਹਦੇ ਦੁਆਲ਼ੇ ਘੇਰਾ ਪਾਇਆ। ਇਹਨੂੰ ਪੁਲਸ ਦੀ ਮਾਰ ਤੋਂ ਬਚਾਇਆ। ਇਹ ਔਰਤਾਂ ਦੀ ਜੱਥੇਬੰਦੀ ਦਾ ਪੱਕਾ ਹੀ ਮੈਂਬਰ ਬਣ ਗਿਆ। ਇਹ ਸੁਣਕੇ ਹੈਰਾਨ ਮਤ ਹੋਣਾ ਕਿ ਹਬੀਬ ਜਾਲਿਬ ਤੇ ਅਮੀਨ ਮੁਗ਼ਲ ਹੀ ਔਰਤਾਂ ਦੀ ਹੱਕਾਂ ਦੀ ਰਾਖੀ ਵਾਲ਼ੀ ਜਥੇਬੰਦੀ ਦੇ ਆਨਰੇਰੀ ਮੈਂਬਰ ਸੀ।



(ਹਬੀਬ ਜਾਲਿਬ ਲੰਡਨ ਵਿੱਚ – 1988 ਫੋਟੋ: ਅਮਰਜੀਤ ਚੰਦਨ)

ਇਕ ਵਾਰ ਇਹਦੇ ਨਾਲ਼ਦੇ ਸਾਰੇ ਫੜੇ ਹੋਏ ਸੀ – ਸਣੇ ਅਮੀਨ ਮੁਗ਼ਲ ਦੇ। ਪੁਲਸ ਨੇ ਬਕਵਾਉਣ ਲਈ ਆਪਣਾ ਮੰਨਿਆ ਪ੍ਰਮੰਨਿਆ ਤਰੀਕਾ ਵਰਤਿਆ। ਕਹਿੰਦੇ: ਦੇਖੋ ਜਾਲਿਬ ਸਾਹਿਬ, ਇਹ ਤਾਂ ਸਾਰੇ ਖਾਂਦੇ ਪੀਂਦੇ ਘਰਾਂ ਦੇ ਨੇ, ਤੇ ਛੁੱਟ ਵੀ ਜਾਣਗੇ। ਇਨ੍ਹਾਂ ਨੂੰ ਪਿੱਛੇ ਦੀ ਵੀ ਪਰਵਾਹ ਨਹੀਂ। ਇਨ੍ਹਾਂ ਦਾ ਬਚਾਅ ਹੋ ਜਾਣਾ ਹੈ। ਤੁਹਾਡੇ ਛੋਟੇ ਛੋਟੇ ਬੱਚੇ ਨੇ। ਤੁਸੀਂ ਆਵਦਾ ਬਚਾਅ ਕਰੋ। ਇਨ੍ਹਾਂ ਨੇ ਸਾਨੂੰ ਤੁਹਾਡੇ ਬਾਰੇ ਸੱਭ ਕੁਝ ਦੱਸ ਦਿੱਤਾ ਹੈ। ਚੰਗਾ ਹੈ ਕਿ ਤੁਸੀਂ ਵੀ ਇਨ੍ਹਾਂ ਬਾਰੇ ਦੱਸ ਦਿਓ। ਜਾਲਿਬ ਮੋੜ ਕੇ ਕਹਿੰਦਾ: ਜੇ ਉਨ੍ਹਾਂ ਨੇ ਤੁਹਾਨੂੰ ਮੇਰੇ ਬਾਰੇ ਸੱਭ ਕੁਝ ਦੱਸ ਹੀ ਦਿੱਤਾ ਹੈ ਤਾਂ ਮੈਂ ਛੇ ਮਹੀਨੇ ਦੇ ਵਿਚ ਵਿਚ ਦੁੱਖ ਨਾਲ਼ ਮਰ ਜਾਊਂਗਾ। ਜੇ ਮੈਂ ਉਨ੍ਹਾਂ ਬਾਰੇ ਕੁਝ ਦੱਸਿਆ ਤਾਂ ਨਿਮੋਸ਼ੀ ਨਾਲ਼ ਪੰਜ ਛੇ ਹਫ਼ਤਿਆਂ ਚ ਮਰ ਜਾਊਂਗਾ। ਤੁਸੀਂ ਸਿਆਣੇ ਹੋ ਤੁਸੀਂ ਦੱਸੋ, ਮੈਨੂੰ ਕੀ ਕਰਨਾ ਚਾਹੀਦਾ ਹੈ।

ਬਹੁਤੀ ਵਾਰ ਇਹਦੇ ਸੰਗੀ-ਸਾਥੀ ਇਹਦਾ ਕਰਕੇ ਪੁਲਸ ਜਾਂ ਫ਼ੌਜ ਦੇ ਅੜਿੱਕੇ ਆ ਜਾਂਦੇ ਸੀ। ਲੋਕ ਜਾਲਿਬ ਨੂੰ ਜਾਣਦੇ ਸੀ; ਦੇਖਦਿਆਂ ਸਾਰ ਝੱਟ ’ਕੱਠੇ ਹੋ ਜਾਂਦੇ। ਜੇ ਪੁਲਸ ਤੋਂ ਬਚਣਾ ਵੀ ਹੁੰਦਾ ਤਾਂ ਲੋਕਾਂ ਦਾ ਤਮਾਸ਼ਾ, ਝੱਟ ਫੜਵਾ ਦਿੰਦਾ। ਕਈ ਵਾਰ ਇਹਨੇ ਆਪ ਹੀ ਪੁਲਸ ਦੇ ਚਲਿਆ ਜਾਣਾ। ਪੁਲਸ ਵਾਲਿਆਂ ਕਹਿਣਾ: ਚਲੋ ਚੰਗਾ ਹੋਇਆ, ਤੁਸੀਂ ਆਪ ਹੀ ਆ ਗਏ, ਅਸੀਂ ਤੁਹਾਨੂੰ ਕਿੱਥੇ ਕਿੱਥੇ ਲੱਭਦੇ ਫਿਰਨਾ ਸੀ। ਠਾਣਿਆਂ-ਜੇਲ੍ਹਾਂ ਨਾਲ਼ ਇਕ ਤਰ੍ਹਾਂ ਨਾਲ਼ ਇਹਨੇ ਰਿਸ਼ਤਾ ਹੀ ਬਣਾ ਲਿਆ ਸੀ। ਬਕੌਲ ਅਮੀਨ ਮੁਗ਼ਲ ਸੁਣੋ:

*ਹਬੀਬ ਜਾਲਿਬ ਦੇ ਵੱਡੇ ਹੋਣ ਚ ਉਨ੍ਹਾਂ ਦੇ ਦੋਸਤਾਂ ਦਾ ਨੁਕਸਾਨ ਏ। ਲਹੌਰ ਚ ਕਰਫਿਊ ਦੇ ਦਿਨ ਸਨ। ਸਾਡੇ ਨਿੱਕੇ ਗੁੱਗੂ ਨੂੰ ਕੁੱਤੇ ਨੇ ਵੱਢਿਆ। ਜਾਲਿਬ ਉਸੇ ਵੇਲ਼ੇ ਮੇਰੇ ਘਰ ਆ ਗਏ। ਸਾਡਾ ਦੋਹਵਾਂ ਦਾ ਕੁੱਤਾ-ਗਿਆਨ ਘੱਟ ਸੀ। ਨਾਲ਼ ਦੇ ਘਰ*

[7] ਮੁਕਤੀ

[8] ਨਵੀਂ ਸਵੇਰ

[9] ਸ਼ਰਾਰਤਾਂ (ਲੜਾਈ-ਝਗੜੇ) ਕਰਨ ਵਾਲ਼ੇ

[10] ਤਖ਼ਤ ਤੇ ਬਿਰਾਜਮਾਨ

*ਮਲਿਕ ਅਸਲਮ ਹਯਾਤ ਕੋਲ਼ ਗਏ। ਉਨ੍ਹਾਂ ਆਪਣੀ ਮਾਹਿਰਾਂ ਵਾਲ਼ੀ ਵਾਕਫ਼ੀਅਤ ਦੇ ਜ਼ੋਰ ਏਨਾ ਡਰਾਇਆ ਕਿ ਅਸੀਂ ਤਿੰਨੋਂ ਮੇਓ ਹਸਪਤਾਲ਼ ਵਲ ਤੁਰ ਪਏ। ਜਦੋਂ ਅਸੀਂ ਫ਼ੌਜੀਆਂ ਵਿਚ ਦੀ ਲੰਘਣ ਲੱਗੇ, ਤਾਂ ਛੱਤਾਂ ਤੇ ਖੜ੍ਹੇ ਲੋਕਾਂ ਨੇ ਜਾਲਿਬ ਨੂੰ ਵੇਖ ਕੇ ਤਾੜੀਆਂ ਮਾਰੀਆਂ। ਮੈਂ ਬੜਾ ਖ਼ੁਸ਼ ਹੋਇਆ। ਜਦ ਅਸੀਂ ਹਸਪਤਾਲੋਂ ਬਾਹਰ ਨਿਕਲ਼ੇ, ਤਾਂ ਉਨ੍ਹਾਂ ਧਰ ਲਿਆ ਸਾਨੂੰ। ਪੁਲਿਸ ਤੇ ਫ਼ੌਜ ਨੇ ਬਾਕੀ ਸਾਰਿਆਂ ਨੂੰ ਛੱਡ ਦਿੱਤਾ, ਪਰ ਸਾਨੂੰ ਬਿਠਾ ਲਿਆ। ਬੜੀ ਦੇਰ ਪਾ ਕੇ ਸਾਨੂੰ ਜ਼ਾਤੀ ਮੁਚੱਲਕੇ ਤੇ ਛੱਡਿਆ। ਅਸੀਂ ਸਮਝਿਆ ਮਾਮਲਾ ਖ਼ਤਮ ਹੋ ਗਿਆ। ਭੁੱਟੋ ਸਾਹਿਬ ਦੀ ਹਕੂਮਤ ਦੇ ਸ਼ੁਰੂ ਚ ਅਚਾਨਕ ਸੰਮਨ ਆ ਗਏ। ਭਲਾ ਹੋਵੇ ਸੱਯਦ ਆਬਿਦ ਅਲੀ ਆਬਿਦ ਦੇ ਸਾਹਿਜ਼ਾਦੇ ਦਾ ਕਿ ਉਹ ਮੈਜਿਸਟ੍ਰੇਟ ਸਨ। ਉਨ੍ਹਾਂ ਨੇ ਜਾਲਿਬ ਕਰਕੇ ਮੁਕੱਦਮਾ ਖ਼ਾਰਿਜ ਕਰ ਦਿੱਤਾ। ਮਤਲਬ ਕਿ ਜਾਲਿਬ ਕਰਕੇ ਦਾਦ ਮਿਲੀ; ਫੜ੍ਹੇ ਵੀ ਗਏ ਤੇ ਛੁੱਟੇ ਵੀ ਉਨ੍ਹਾਂ ਕਰਕੇ। ਇਹੀ ਵਜ੍ਹਾ ਏ ਪਈ ਰਾਤ ਦੇ ਬਾਰ੍ਹਾਂ ਵਜੇ ਤੋਂ ਬਾਅਦ ਉਹਦੇ ਦੋਸਤ ਉਹਦੇ ਨਾਲ਼ ਸਫ਼ਰ ਕਰਨੋਂ ਘਬਰਾਉਂਦੇ ਹਨ।*

ਭੁੱਟੋ ਨਾਲ਼ ਜਾਲਿਬ ਦੀ ਬੜੀ ਦੋਸਤੀ ਸੀ। ਡਾਢੀ ਗੂੜ੍ਹੀ। ਪਰ ਸਿਆਸਤ ਚ ਕੋਈ ਸਾਂਝ ਨਹੀਂ ਸੀ। ਕੋਈ ਲਿਹਾਜ ਨਹੀਂ। ਉਹ ਇਹਨੂੰ ਟੈਲੀਫ਼ੂਨ ਵੀ ਕਰਦਾ ਰਹਿੰਦਾ ਸੀ। ਭੁੱਟੋ ਇਹਨੂੰ ਅਪਣੀ ਪਾਰਟੀ ਵੱਲੋਂ ਟਿਕਟ ਵੀ ਦੇਊ ਸੀ। ਉਹਦੀ ਖਾਹਿਸ਼ ਸੀ ਕਿ ਜਾਲਿਬ ਭੁੱਟੋ ਦੀ ਪਾਰਟੀ ਚ ਰਲ਼ ਜਾਵੇ। ਨੈਸ਼ਨਲ ਅਵਾਮੀ ਪਾਰਟੀ ਚੋ ਇੱਕਾ ਦੁੱਕਾ ਭੁੱਟੋ ਵੱਲ ਚਲੇ ਵੀ ਗਏ ਸੀ। ਇਹਦਾ ਉਹਨੂੰ ਸੁਧਾ ਫਾਇਦਾ ਹੀ ਫਾਇਦਾ ਹੋਣਾ ਸੀ। ਹਰ ਕੋਈ ਜਾਲਿਬ ਨੂੰ ਆਪਣੇ ਨਾਲ਼ ਰਲ਼ਾਉਣਾ ਚਾਹੁੰਦਾ ਸੀ। ਇਕ ਵਾਰ ਭੁੱਟੋ ਕਹਿੰਦਾ: ਜਾਲਿਬ ਸਾਹਿਬ, ਮਹਿਮੂਦ ਅਲੀ ਕਸੂਰੀ ਤਾਂ ਸਾਡੇ ਨਾਲ਼ ਆ ਗਏ ਨੇ, ਆਪ ਸਾਡੇ ਨਾਲ਼ ਕਦ ਆ ਰਹੇ ਹੋ। ਜਾਲਿਬ ਨੇ ਭੁੱਟੋ ਨੂੰ ਮੋੜ ਕੇ ਕਹਿੰਦਾ: ਭੁੱਟੋ ਸਾਹਿਬ ਕਦੀ ਸਮੁੰਦਰ ਵੀ ਨਦੀ ਨਾਲ਼ਿਆਂ ਚ ਡਿੱਗਦਾ ਦੇਖਿਆ ਹੈ; ਹਮੇਸ਼ਾ ਨਦੀ ਨਾਲ਼ੇ ਹੀ ਸਮੁੰਦਰ ਚ ਡਿੱਗਦੇ ਹਨ। ਜਦੋਂ ਭੁੱਟੋ ਤਾਕਤ ਚ ਆਇਆ ਤਾਂ ਉਹਨੇ ਨਾਹਰਾ ਦਿੱਤਾ: ਰੋਟੀ ਕਪੜਾ ਔਰ ਮਕਾਨ। ਜਾਲਿਬ ਨੇ ਆਪਣਾ ਓਦੂੰ ਵੀ ਵੱਡਾ ਨਾਹਰਾ ਦੇ ਦਿੱਤਾ। ਭੁੱਟੋ ਕੋਲ਼ ਏਸ ਨਾਹਰੇ ਦਾ ਕੀ ਜੁਆਬ ਹੋ ਸਕਦਾ ਸੀ:

ਪਾਕਿਸਤਾਨ ਕਾ ਮਤਲਬ ਕਿਆ,
ਲਾ ਇੱਲ੍ਹਾ, ਇੱਲ ਅੱਲ੍ਹਾ।[11]
ਰੋਟੀ ਕਪੜਾ ਔਰ ਦਵਾ,
ਘਰ ਰਹਿਨੇ ਕੋ ਛੋਟਾ ਸਾ।
ਮੁਫ਼ਤ ਮੁਝੇ ਤਾਲੀਮ ਦਿਲਾ,
ਮੈਂ ਭੀ ਮੁਸਲਮਾਂ ਹੂੰ, ਵੱਲ੍ਹਾ।
ਪਾਕਿਸਤਾਨ ਕਾ ...

ਅਮਰੀਕਾ ਸੇ ਮਾਂਗ ਨਾ ਭੀਖ,
ਮਤ ਕਰ ਲੋਗੋਂ ਕੀ ਤਜ਼ਹੀਕ[12]।
ਰੋਕ ਨਾ ਜ਼ਮਹੂਰੀ ਤਹਿਰੀਕ[13],
ਛੋਡ ਨਾ ਆਜ਼ਾਦੀ ਕਾ ਰਾਹ।

ਪਾਕਿਸਤਾਨ ਕਾ ...

ਖੇਤ ਵਡ੍ਹੇਰੋਂ ਸੇ ਲੇ ਲੋ,
ਮਿੱਲੇਂ ਲੁਟੇਰੋ ਸੇ ਲੇ ਲੋ।
ਮੁਲਕ ਅੰਧੇਰੋ ਸੇ ਲੇ ਲੋ,
ਰਹੇ ਨਾ ਕੋਈ ਆਲੀਜਾਹ[14]।

ਪਾਕਿਸਤਾਨ ਕਾ ...

ਭੁੱਟੋ, ਜਾਲਿਬ ਨੂੰ ਸੱਦ ਕੇ ਇਹਦੇ ਤੋਂ ਨਜ਼ਮਾਂ ਸੁਣਿਆ ਕਰਦਾ ਸੀ। ਕਈ ਵਾਰ ਜਾਲਿਬ ਨੇ ਨਜ਼ਮ ਸੁਣਾਉਣੀ, ਤਾਂ ਭੁੱਟੋ ਦੇ ਹਮਾਇਤੀ ਜ਼ਗੀਰਦਾਰ ਤੇ ਵਡੇਰੇ ਵੀ ਓਥੇ ਹੋਣੇ। ਭੁੱਟੋ ਨੇ ਇਸ਼ਾਰੇ ਨਾਲ਼ ਕਹਿਣਾ, ਹੁਣ ਬੱਸ ਕਰ। ਜਾਲਿਬ ਨੇ ਮੋੜ ਕੇ ਕਹਿਣਾ: ਇਹਨਾਂ ਤਾਈਂ ਗ਼ਰਜਾਂ ਤੈਨੂੰ ਹੋਣਗੀਆਂ। ਤੈਂ ਗੰਢ ਤੁੱਪ ਕਰਕੇ ਵਜ਼ਾਰਤਾਂ ਬਣਾਉਣੀਆਂ ਹੋਣਗੀਆਂ। ਪਰ ਮੈਂ ਤਾਂ ਅਪਣੇ ਲੋਕਾਂ ਦੀ ਗੱਲ ਹੀ ਕਰਨੀ ਹੈ। ਜਦੋਂ ਭੁੱਟੋ ਦਾ ਰਾਜ ਆਇਆ, ਤਾਂ ਜਾਲਿਬ ਦੇ ਕਈਆਂ ਸੰਗੀਆਂ-ਸਾਥੀਆਂ ਫ਼ਾਇਦੇ ਲਏ। ਨੌਕਰੀਆਂ, ਕੋਠੀਆਂ, ਜ਼ਮੀਨਾਂ, ਜਾਇਦਾਦਾਂ, ਅਹੁਦੇ, ਚੌਧਰਾਂ ਵਗ਼ੈਰਾ

[11] ਰੱਬ ਦੇ ਬਿਨਾਂ ਹੋਰ ਕੋਈ ਨਹੀਂ
[12] ਬੇਇੱਜਤੀ (ਬਦਨਾਮੀ)
[13] ਡੈਮੋਕਰੇਸੀ ਦੀ ਲਹਿਰ ਦਾ ਸੰਘਰਸ਼
[14] ਹਕੂਮਤਾਂ ਕਰਨ ਵਾਲੇ

ਵਗ਼ੈਰਾ। ਕਈ ਉਹਦੇ ਨਾਲ਼ ਜਾ ਰਲ਼ੇ। ਜਾਲਿਬ ਅਸੂਲਾਂ ਤੋਂ ਨਹੀਂ ਹਿੱਲਿਆ। ਅਟੱਲ ਖੜੋਤਾ ਰਿਹਾ। ਹਮੇਸ਼ਾਂ ਵਾਂਗ। ਸਗੋਂ ਭੁੱਟੋ ਦੀਆਂ ਵਧੀਕੀਆਂ ਦੇ ਖਿਲਾਫ਼ ਹੋ ਗਿਆ ਸੀ। ਭੁੱਟੋ ਨੇ ਚੱਕ ਕੇ ਜੇਲ੍ਹ ਚ ਸੁੱਟ ਦਿੱਤਾ। ਭੁੱਟੋ ਵੇਲੇ ਇਕ ਵਾਰ ਫਿਰ ਬਾਬਰਾ ਸ਼ਰੀਫ਼ ਨੂੰ ਨੱਚਣ ਲਈ ਸੱਦਿਆ। ਕਿਸੇ ਰਾਜੇ ਰਜਵਾੜੇ ਦੀ ਆਓ ਭਗਤ ਲਈ। ਲੋਕਾਂ ਕਿਹਾ ਕੋਈ ਜਾਲਿਬ ਹੁੰਦਾ ਤਾਂ ਬੋਲਦਾ। ਜਾਲਿਬ ਨੂੰ ਪਤਾ ਲੱਗਾ ਤਾਂ ਇਹਨੇ ਨਜ਼ਮ ਲਿਖੀ:

ਲਾੜਕਾਨੇ ਚਲੋ ਵਰਨਾਂ ਥਾਨੇ ਚਲੋ,
ਜਿਸਮ ਕੀ ਲੌ ਸੇ ਸ਼ੱਮਾਂ ਜਲਾਨੇ ਚਲੋ।
ਮੁਸਕਰਾਨੇ ਚਲੋ, ਵਰਨਾ ਥਾਨੇ ਚਲੋ।
ਹੋਠੋਂ ਕੀ ਸੁਰਖ਼ੀ ਲੁਟਾਨੇ ਚਲੋ,
ਮੁਸਕਰਾਨੇ ਚਲੋ , ਵਰਨਾ ਥਾਨੇ ਚਲੋ ।

ਭੁੱਟੋ ਦੇ ਲੱਠਮਾਰਾਂ ਇਕ ਵਾਰ ਜਾਲਿਬ ਦੀ ਕੁੱਟਮਾਰ ਵੀ ਕਰ ਦਿੱਤੀ ਸੀ। ਜਦੋਂ ਜ਼ਿਆ ਉੱਲ ਹੱਕ ਨੇ ਭੁੱਟੋ ਨੂੰ ਫਾਹੇ ਲਾਇਆ, ਤਾਂ ਕਈਆਂ ਨੇ ਜਾਲਿਬ ਨੂੰ ਕਿਹਾ: ਭੁੱਟੋ ਦੇ ਖਿਲਾਫ਼ ਨਜ਼ਮ ਪੜ੍ਹੋ। ਜਾਲਿਬ ਨੇ ਸਾਫ਼ ਨਾਂਹ ਕਰ ਦਿੱਤੀ। ਇਹ ਕਹਿੰਦਾ: ਦੇਖੋ ਮਰੇ ਬੰਦੇ ਨਾਲ਼ ਮੇਰਾ ਕੀ ਵਿਰੋਧ ਹੋ ਸਕਦਾ ਹੈ। ਵੈਰ ਵਿਰੋਧ ਤਾਂ ਸਿਸਟਿਮ ਨਾਲ਼ ਹੈ। ਇਹ ਵੀ ਜਾਲਿਬ ਦਾ ਵਡੱਪਣ ਸੀ।

ਜਾਲਿਬ ਨੂੰ ਅਪਣੇ ਨਾਲ ਕਰਨ ਦੀ ਰੀਝ ਸਿਰਫ਼ ਵੱਡੀਆਂ ਪਾਰਟੀਆਂ ਦੀ ਹੀ ਨਹੀਂ ਸੀ। ਇਹਦੇ "ਆਵਦੇ" ਵੀ ਏਦਾਂ ਹੀ ਕਰਦੇ ਹੁੰਦੇ ਸੀ। ਇਹਨੇ ਸਤੇ ਹੋਏ ਨੇ ਅਪਣੀ ਹੀ ਪਾਰਟੀ ਬਣਾ ਲਈ। ਪ੍ਰੋਫੈਸਰ ਅਮੀਨ ਮੁਗ਼ਲ ਨੇ ਪੁੱਛਿਆ: ਇਹ ਕੀ ਕਰ ਲਿਆ? ਹਬੀਬ ਮੋਹਰਿਓਂ ਕਹਿਣ ਲੱਗਾ: ਹੁਣ ਮੈਨੂੰ ਇਹ ਤਾਂ ਕੋਈ ਨਾ ਕਹੂ, ਕਿ ਤੂੰ ਸਾਡੀ ਪਾਰਟੀ ਚ ਆ ਜਾਹ, ਤੂੰ ਸਾਡੀ ਪਾਰਟੀ ਚ ਆ ਜਾਹ। ਪਾਰਟੀ ਪੂਰਟੀ ਕਾਹਦੀ ਸੀ ਇਹ; ਤਿੰਨ ਚਾਰ ਤਾਂ ਸਾਰੇ ਬੰਦੇ ਸੀ। ਜਾਲਿਬ ਪ੍ਰਧਾਨ ਸੀ ਤੇ ਬਾਕੀ ਦੇ ਤਿੰਨੇ ਚਾਰੇ ਹੀ ਜਨਰਲ ਸੈਕਟਰੀ। ਪਾਰਟੀ ਦਾ ਤਨਜ਼ੀਆ ਨਾਹਰਾ ਬਣਾਇਆ ਹੁੰਦਾ ਸੀ:

ਨਾ ਦਫ਼ਤਰ ਨਾ ਬੰਦਾ,
ਨਾ ਪਰਚੀ ਨਾ ਚੰਦਾ।

ਜ਼ਿਆ ਉੱਲ ਹੱਕ ਦਾ ਵੇਲ਼ਾ ਆਇਆ ਤਾਂ, ਜਾਲਿਬ ਨੇ ਫ਼ੌਜੀ ਡਿਕਟੇਟਰ ਦੇ ਖ਼ਿਲਾਫ਼ ਲਿਖਣਾ ਹੀ ਲਿਖਣਾ ਸੀ। ਬਹੁਤੇ ਲੋਕ ਤਾਂ ਡਰਦੇ ਹੀ ਜ਼ਿਆ ਨਾਲ਼ ਰਲ਼ ਗਏ ਸੀ। ਕੁਝ ਲਾਲਚ ਹਿਤ ਤੇ ਕੁਝ ਓਂ ਹੀ ਜਿੱਧਰੋਂ ਵੀ ਹੋਵੇ, ਖੱਟੀ ਕਰਨੀ ਚਾਹੁੰਦੇ ਸੀ। ਜ਼ਿਆ ਨੇ ਡਰ ਵੀ ਦਿੱਤਾ ਕਿ ਮੁਲਕ ਦੇ ਖਿਲਾਫ਼ ਬੋਲਣ ਵਾਲਿਆਂ ਨੂੰ ਮੁਆਫ਼ ਨਹੀਂ ਕੀਤਾ ਜਾਵੇਗਾ। ਜਦੋਂ ਜ਼ਿਆ ਨੇ ਅਦੀਬਾਂ ਨੂੰ ਆਪਣੇ ਨਾਲ਼ ਜੋੜਨ ਦਾ ਹੀਲਾ ਕੀਤਾ ਤਾਂ ਜਾਲਿਬ ਨੇ ਅਦੀਬਾਂ ਨੂੰ ਆਰ ਲਾਈ। (ਜ਼ਿਆ ਦਾ ਮਤਲਬ ਰੌਸ਼ਨੀ ਹੁੰਦਾ ਹੈ) ਉਨ੍ਹਾਂ ਨੂੰ ਵੰਗਾਰਿਆ:

ਜ਼ੁਲਮਤ[15] ਕੋ ਜ਼ਿਆ, ਸਰਸਰ[16] ਕੋ ਸਬਾਅ[17],
ਬੰਦੇ ਕੋ ਖ਼ੁਦਾ ਕਿਆ ਲਿਖਨਾ।
ਕਿਆ ਲਿਖਨਾ......ਕਿਆ ਲਿਖਨਾ

ਪੱਥਰ ਕੋ ਗ਼ੋਹਰ[18], ਦੀਵਾਰ ਕੋ ਦਰ,
ਕਰਗਸ਼[19] ਕੋ ਹੁਮਾ[20] ਕਿਆ ਲਿਖਨਾ।

......
ਹਰ ਸ਼ਾਮ ਯੇਹਾਂ ਸ਼ਾਮ ਏ ਵੀਰਾਂ[21],
ਆਸੇਬ ਜ਼ਦਾ [22]ਰਸਤੇ ਗਲੀਆਂ।
ਜਿਸ ਸ਼ਹਿਰ ਕੀ ਧੁਨ ਮੇਂ ਨਿਕਲੇ ਥੇ,
ਵੋ ਸ਼ਹਿਰ ਦਿਲ ਏ ਬਰਬਾਦ ਕਹਾਂ।
ਸਹਿਰਾਅ[23] ਕੋ ਚਮਨ, ਬਨ ਕੋ ਗੁਲਸ਼ਨ
ਬਾਦਲ ਕੋ ਰਿਦਾ[24] ਕਿਆ ਲਿਖਨਾ......

[15] ਨ੍ਹੇਰਾ
[16] ਮਾਰੂਥਲ ਦੀ (ਲੂ) ਜਾਂ ਤੇਜ਼ ਹਵਾ
[17] ਸਵੇਰ ਦੀ ਠੰਡੀ ਰੁਮਕਦੀ ਤਾਜ਼ੀ ਹਵਾ
[18] ਹੀਰਾ
[19] ਇੱਲ (ਗਿਰਝ) ਦਾ ਪ੍ਰਛਾਵਾਂ ਮਾੜਾ ਸਮਝਿਆ ਜਾਂਦਾ ਹੈ
[20] ਮਿਥੋਲੋਜੀ ਅਨੁਸਾਰ 'ਹੁਮਾ' ਜਾਨਵਰ ਜਿਹਦੇ ਸਿਰ ਤੋਂ ਦੀ ਲੰਘ ਜਾਵੇ ਉਹਨੂੰ ਬਾਦਸ਼ਾਹੀਆਂ ਨਸੀਬ ਹੋ ਜਾਂਦੀਆਂ ਹਨ।
[21] ਉਜਾੜ
[22] ਡਰਾਉਣੀ (ਜਿੰਨ-ਭੂਤਾਂ ਵਾਲ਼ੀ)
[23] ਮਾਰੂਥਲ
[24] ਚਾਦਰ

ਜਦੋਂ ਬੇਨਜ਼ੀਰ ਜ਼ਿਆ ਉੱਲ ਹੱਕ ਦੇ ਵਿਰੋਧ ਚ ਉੱਠੀ, ਤਾਂ ਜਾਲਿਬ ਨੂੰ ਰਤਾ ਕੁ ਆਸ ਦੀ ਕਿਰਨ ਦਿਸੀ। ਜਮਹੂਰੀਅਤ ਦੀ ਬਹਾਲੀ ਦੀ। ਫ਼ੌਜੀ ਡਿਕਟੇਟਰ ਨੂੰ ਪਰ੍ਹੇ ਕਰਨ ਦੀ। ਇਹਨੂੰ ਪੂਰੀ ਤਰ੍ਹਾਂ ਪਤਾ ਸੀ ਭੁੱਟੋ ਨੇ ਗੱਦੀ ਤੇ ਬਹਿ ਕੇ ਕੀ ਕਰਨਾ ਸੀ। ਇਹ ਬੇਨਜ਼ੀਰ ਦੇ ਬਾਪ ਨੂੰ ਵੀ ਬਹੁਤ ਨੇੜਿਓਂ ਜਾਣਦਾ ਸੀ। ਪਰ ਇਹ ਪਹਿਲਾਂ ਫ਼ੌਜੀ ਡਿਕਟੇਟਰ ਨੂੰ ਤਖ਼ਤ ਤੋਂ ਲਾਹੁਣਾ ਚਾਹੁੰਦਾ ਸੀ। ਇਹਨੇ ਬੇਨਜ਼ੀਰ ਭੁੱਟੋ ਦੇ ਹੱਕ ਚ ਹਾਅ ਦਾ ਨਾਹਰਾ ਮਾਰਿਆ:

ਡਰਤੇ ਹੈਂ ਬੰਦੂਕੋਂ ਵਾਲੇ, ਏਕ ਨਿਹੱਥੀ ਲੜਕੀ ਸੇ।
ਈਮਾਨੋਂ ਸੇ ਪੜੇ ਹੈ ਲਾਲੇ, ਏਕ ਨਿਹੱਥੀ ਲੜਕੀ ਸੇ।
ਕਾਂਪ ਰਹੇ ਹੈਂ ਜਨਰਲ ਜ਼ਾਲਿਮ ਏਕ ਨਿਹੱਥੀ ਲੜਕੀ ਸੇ।

ਇਹ ਨਜ਼ਮ ਏਨੀ ਮਸ਼ਹੂਰ ਹੋਈ ਕਿ ਬਾਅਦ ਚ ਵਕੀਲਾਂ ਦੀ ਤਹਿਰੀਕ ਦੇ ਲੀਡਰਾਂ ਨੇ ਇਹਦਾ ਬਣਾ ਲਿਆ – ਡਰਤੇ ਹੈਂ ਬੰਦੂਕੋਂ ਵਾਲੇ, ਕਾਲੇ ਕਾਲੇ ਕੋਟੋਂ ਸੇ। ਵਕੀਲ ਖੁੱਲ੍ਹ ਕੇ ਜਾਲਿਬ ਦੀਆਂ ਨਜ਼ਮਾਂ ਦੀ ਵਰਤੋਂ ਕਰਦੇ। ਜਦੋਂ ਬੇਨਜ਼ੀਰ ਜਿੱਤ ਕੇ ਪ੍ਰਾਈਮ ਮਨਿਸਟਰ ਬਣ ਗਈ ਤਾਂ ਓਹਦੇ ਚਾਲੇ ਦੇਖ ਕੇ ਜਾਲਿਬ ਕਹਿਣ ਲੱਗ ਪਿਆ:

ਹਾਲ ਅਬ ਤਕ ਵਹੀ ਹੈਂ ਗ਼ਰੀਬੋਂ ਕੇ,
ਦਿਨ ਫਿਰੇ ਹੈਂ ਫਕਤ ਵਜ਼ੀਰੋਂ ਕੇ ।
ਹਰ ਬਿਲਾਵਲ[25] ਹੈ ਦੇਸ ਕਾ ਮਕਰੂਜ਼[26],
ਪਾਓਂ ਨੰਗੇ ਹੈਂ ਬੇਨਜ਼ੀਰੋਂ ਕੇ।

ਇਹ ਸ਼ਿਅਰ ਸੁਣ ਕੇ ਬੇਨਜ਼ੀਰ ਦੇ ਲੱਠਮਾਰਾਂ ਨੇ ਜਾਲਿਬ ਨੂੰ ਕਿਸੇ ਮੁਸ਼ਾਇਰੇ ਚੋਂ ਚੁੱਕ ਬਾਹਰ ਸੁੱਟਣ ਦੀ ਗੱਲ ਕਰ ਦਿੱਤੀ ਤਾਂ ਏਤਜਾਜ ਅਹਿਸਨ ਨੇ ਉਨ੍ਹਾਂ ਨੂੰ ਝਿੜਕਿਆ ਕਿ ਇਹ ਮੇਰੀ ਹਾਜ਼ਰੀ ਚ ਨਹੀਂ ਹੋਣਾ (ਵਕੀਲਾਂ ਦਾ ਪੁਰਾਣਾ ਲੀਡਰ, ਏਤਜਾਜ ਅਹਿਸਨ ਜਾਲਿਬ ਦਾ ਫ਼ੈਨ ਹੈ)। ਅਗਲਿਆਂ ਬੇਨਜ਼ੀਰ ਦੇ ਕੰਨ ਜਾ ਭਰੇ। ਭੁੱਟੋ ਨੇ ਕੁਝ ਤਿੜ–ਫਿੜ ਵੀ ਕੀਤੀ। ਉਹਦੇ ਸਲਾਹੂੰਆਂ ਨੇ ਸਮਝਾਇਆ। ਨਾ ਬੀਬੀ; ਗਰਮੀ ਨਾ ਖਾਹ। ਇਹ ਜਾਲਿਬ ਹੈ। ਇਹ ਐਸਾ ਹੀ ਹੈ। ਤੇਰੇ ਬਾਪ ਨਾਲ਼ ਵੀ ਇਹਦਾ ਨੇੜ ਸੀ। ਉਹਦੇ ਹੱਕ ਚ ਵੀ ਸੀ ਤੇ ਖ਼ਿਲਾਫ਼ ਵੀ ਲਿਖਿਆ। ਦੇਖ ਆਪਾਂ ਇਹੀ ਅਲਫ਼ਾਜ਼ ਆਪਣੇ ਹੱਕ ਚ ਵਰਤ ਲਵਾਂਗੇ। ਇਹ ਸ਼ਿਅਰ ਲਿਖ ਕੇ ਜਾਲਿਬ ਨੇ ਤੈਨੂੰ ਦੁਬਾਰਾ ਜਿੱਤਣ ਦਾ ਸਬੱਬ ਬਣਾ ਦਿੱਤਾ ਹੈ। ਜਾਲਿਬ ਨੇ ਆਪਕੋ ਹਰ ਗ਼ਰੀਬ ਕੀ ਬੇਟੀ ਬਨਾ ਦੀਆ ਹੈ। ਉਹੀ ਗੱਲ ਹੋਈ। ਅਗਲਿਆਂ ਜਾਲਿਬ ਦਾ ਸ਼ਿਅਰ ਹੇਠਾਂ ਲਿਖ ਲਿਆ ਤੇ ਉੱਪਰ ਬੇਨਜ਼ੀਰ ਦੀ ਗਰੀਬਾਂ ਦੀਆਂ ਝੁੱਗੀਆਂ ਚ ਫਿਰਦੀ ਦੀਆਂ ਫ਼ੋਟੋ ਲਾ ਲਈਆਂ। ਚੋਣਾਂ ਚ ਵਰਤ ਲਈਆਂ। ਲੋਕ ਭਰਮਾ ਲਏ।

ਬੇਨਜ਼ੀਰ ਭੁੱਟੋ ਫਿਰ ਜਿੱਤ ਗਈ। ਦੂਜੀ ਵਾਰ ਪ੍ਰਧਾਨ ਮੰਤਰੀ ਬਣ ਗਈ। ਜਦੋਂ ਇਹਦੇ ਵਜ਼ੀਰਾਂ ਨੇ ਵੀ ਉਹੀ ਕਰਤੂਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ, ਤਾਂ ਜਾਲਿਬ ਫੇਰ ਬੋਲਿਆ। ਬੇਨਜ਼ੀਰ ਦੇ ਖ਼ਿਲਾਫ਼। ਜਦੋਂ ਬੇਨਜ਼ੀਰ ਅਮਰੀਕਾ ਦੇ ਹੋਰ ਲਾਗੇ ਹੋਣ ਲੱਗ ਪਈ ਤਾਂ ਜਾਲਿਬ ਨੇ ਪੰਜਾਬੀ ਨਜ਼ਮ ਪੜ੍ਹਨੀ। ਇਹੀ ਨਜ਼ਮ ਜ਼ੁਲਫ਼ਕਾਰ ਅਲੀ ਭੁੱਟੋ ਆਪ ਵੀ ਜਾਲਿਬ ਤੋਂ ਸੁਣਿਆ ਕਰਦਾ ਸੀ। ਪਰ ਬੇਨਜ਼ੀਰ ਵੇਲ਼ੇ ਇਹ ਹੋਰ ਵੀ ਚੜ੍ਹ ਗਈ। ਨਜ਼ਮ ਬੋਲਦੇ ਜਾਲਿਬ ਨੇ ਨਾਲ਼ ਨਾਲ਼ ਹੀ ਹੱਥ ਵੀ ਜੋੜੀ ਜਾਣੇ। ਨਾਲ਼ੇ, ਨਾ ਜਾਹ ਅਮਰੀਕਾ, ਨਾ ਜਾਹ ਅਮਰੀਕਾ ਮੁੜ ਮੁੜ ਬੋਲੀ ਜਾਣਾ। ਲੋਕਾਂ ਖੁਸ਼ ਹੋਈ ਜਾਣਾ:

ਨਾ ਜਾਹ ਅਮਰੀਕਾ ਨਾਲ਼ ਕੁੜੇ,
ਇਹ ਗੱਲ ਨਾ ਦੇਵੀਂ ਟਾਲ਼ ਕੁੜੇ।
ਇਹ ਰੂਸ ਦੇ ਨਾਲ ਲੜਾਉਂਦਾ ਏ,
ਐਂਵੇ ਲੋਕਾਂ ਨੂੰ ਮਰਵਾਉਂਦਾ ਏ।
ਸਾਨੂੰ ਤੇਰਾ ਬਹੁਤ ਖ਼ਿਆਲ ਕੁੜੇ।

ਜਾਲਿਬ ਸਾਰੀ ਉਮਰ ਭਾਰਤ-ਪਾਕਿਸਤਾਨ ਦੇ ਨਾਮਵਰ 'ਲੋਕ ਪੱਖੀ' ਲੇਖਕਾਂ ਦਾ ਨਾਂ ਲੈ ਲੈ ਕੇ ਉਨ੍ਹਾਂ ਨੂੰ ਕੋਸਦਾ ਰਿਹਾ; ਜਿਹੜੇ ਡਰ, ਲਾਲਚ, ਅਰਾਮ ਜਾਂ ਪੈਸੈ ਲਈ ਨਿਵ ਗਏ। ਚੁੱਪ ਵੱਟ ਗਏ ਜਾਂ ਵਿਕ ਗਏ:

ਮੈਂ ਨੇ ਇਤਨੀ ਦੂਰ ਸੇ, ਖ਼ੂਨ ਬਹਿਨੇ ਕਾ ਸ਼ੋਰ ਸੁਨਾ ਹੈ।
ਪਾਸ ਰਹਿਨੇ ਵਾਲੋਂ ਤਕ ਕੋਈ ਆਵਾਜ਼ ਨਾ ਆਈ।

ਤੇ ਖ਼ੁਦ ਬਾਰੇ ਨਿਖੇੜਾ ਕਰਦਿਆਂ ਲਿਖਦਾ ਹੈ। ਇਹਦੇ ਚ ਰਤੀ ਭੋਰਾ ਵੀ ਸੇਖ਼ੀ ਨਹੀਂ ਲੱਗਦੀ:

ਔਰ ਸੱਭ ਭੂਲ ਗਏ ਹਰਫ਼ ਏ ਸਦਾਕਤ[27] ਲਿਖਨਾ,

[25] ਬੇਨਜ਼ੀਰ ਭੁੱਟੋ ਤੇ ਆਸਿਫ ਅਲੀ ਜ਼ਰਾਦਾਰੀ ਦੇ ਪੁੱਤ ਦਾ ਨਾਂ
[26] ਕਰਜ਼ੇ ਹੇਠ

ਰਹਿ ਗਿਆ ਕਾਮ ਹਮਾਰਾ ਹੀ ਬਗ਼ਾਵਤ ਲਿਖਨਾ।
ਲਾਖ ਕਹਿਤੇ ਰਹੇਂ ਜ਼ੁਲਮਤ ਕੋ, ਨਾ ਜ਼ੁਲਮਤ ਲਿਖਨਾ,
ਹਮ ਨੇ ਸੀਖਾ ਨਹੀਂ ਪਿਆਰੇ, ਬਾ ਇਜਾਜ਼ਤ ਲਿਖਨਾ।
ਨਾ ਸਿਲੇ ਕੀ ਨਾ ਸਤਾ ਇਸ਼ਕ ਕੀ ਤਮੰਨਾ ਹਮਕੋ,
ਹੱਕ ਮੇਂ ਲੋਗੋਂ ਕੇ ਹਮਾਰੀ ਤੋ ਹੈ ਆਦਤ ਲਿਖਨਾ।

ਹੈਰਾਨੀ ਦੀ ਗੱਲ ਹੈ ਜਾਲਿਬ ਠੇਠ ਪੰਜਾਬੀ ਬੋਲਦਾ ਸੀ। ਪਰ ਸ਼ਾਇਰੀ ਉਰਦੂ ਚ ਕਰਦਾ ਸੀ। ਲੋਕਾਂ ਉਸਤਾਦ ਚਿਰਾਗ਼ਦੀਨ ਦਾਮਨ ਨੂੰ ਮਿਹਣਾ ਦੇਣਾ: ਤੁਹਾਡਾ ਜਾਲਿਬ ਉਰਦੂ ਚ ਲਿਖਦਾ ਹੈ। ਦਾਮਨ ਨੇ ਮੋੜ ਕੇ ਕਹਿਣਾ: ਓਏ ਨਹੀ ਭੋਲਿਓਂ; ਜਾਲਿਬ ਮੇਰਾ ਉਰਦੂ ਐਡੀਸ਼ਨ ਹੈ। ਕੁਝ ਨਜਮਾਂ ਇਹਨੇ ਪੰਜਾਬੀ ਚ ਵੀ ਲਿਖੀਆਂ। ਪਰ ਸ਼ਾਇਰ ਇਹ ਅਪਣੇ ਆਪ ਨੂੰ ਉਰਦੂ ਦਾ ਹੀ ਮੰਨਦਾ ਰਿਹਾ। ਮਾਂ ਬੋਲੀ ਚ ਜਾਲਿਬ ਦੀਆਂ ਗ਼ਜ਼ਲਾਂ/ਕਵਿਤਾਵਾਂ/ਟੋਟਕਿਆਂ ਵੀ ਦੀ ਗਿਣਤੀ ਪਾ ਲਾ ਕੇ ਮਸੀਂ ਸੋਲ਼ਾਂ ਸਤਾਰਾਂ ਹੀ ਬਣਦੀ ਹੈ। ਪੰਜਾਬੀ ਨਜ਼ਮਾਂ ਦਾ ਪਿਛੋਕੜ ਜਾਲਿਬ ਇਉਂ ਦੱਸਦਾ ਸੀ। ਭਾਰਤੀ ਪੰਜਾਬ ਤੋਂ ਕਵੀ ਲਾਹੌਰ ਆਏ ਹੋਏ ਸੀ। ਮੈਨੂੰ ਕਿਹਾ ਕਿ ਕੋਈ ਪੰਜਾਬੀ ਦੀ ਨਜ਼ਮ ਹੀ ਪੜ੍ਹਨੀ ਚਾਹੀਦੀ ਹੈ। ਮੈਂ ਇਕ ਨਜ਼ਮ ਲਿਖੀ। ਉਸ ਮੁਸ਼ਇਰੇ ਚ ਮੈਂ ਪੰਜਾਬੀ ਦੀ ਨਜ਼ਮ ਕੀ ਪੜ੍ਹੀ, ਮੈਂ ਪੰਜਾਬੀ ਦਾ ਵੀ ਸ਼ਾਇਰ ਹੋ ਗਿਆ। ਇਹ ਕਹਿੰਦਿਆਂ, ਜਾਲਿਬ ਦੇ ਮਨ ਚ ਨਮੋਸ਼ੀ ਤਾਂ ਜ਼ਰੂਰ ਹੁੰਦੀ ਹੋਊ। ਪੰਜਾਬੀ ਚ ਲਿਖੀ ਜਾਲਿਬ ਦੀ 'ਧੀ ਕੰਮੀ ਦੀ' ਨਜ਼ਮ ਦਿਲ-ਦਿਮਾਗ਼ ਦੀ ਸਾਂਝੀ ਕਿਰਤ ਹੈ। ਐਸੀਆਂ ਕਵਿਤਾਵਾਂ ਘੱਟ ਮਿਲਦੀਆਂ ਹਨ। ਪਰ ਹੁਣ ਇਹ ਉਰਦੂ ਦਾ ਹੀ ਵੱਡਾ ਸ਼ਾਇਰ ਹੈ। ਮਜ਼ੇ ਦੀ ਗੱਲ ਦੇਖੋ, ਪੰਜਾਬੀ ਚ ਲਿਖੀ ਇਹਦੀ ਨਜ਼ਮ 'ਮਾਂ ਬੋਲੀ' ਏਦਾਂ ਸ਼ੁਰੂ ਹੁੰਦੀ ਹੈ:

ਪੁੱਤਰਾਂ ਤੇਰੀ ਚਾਦਰ ਲਾਹੀ,
ਹੋਰ ਕਿਸੇ ਦਾ ਦੋਸ਼ ਨਾ ਮਾਈ।

ਗ਼ੈਰਾਂ ਕ੍ਰੋਧ ਦੀ ਉਹ ਅੱਗ ਬਾਲ਼ੀ,
ਸੀਨੇ ਹੋ ਗਏ ਪਿਆਰ ਤੋਂ ਖ਼ਾਲੀ
ਪੁੱਤਰਾਂ ਨੂੰ ਤੂੰ ਲੱਗੇਂ ਗਾਲ਼ੀ,
ਤੈਨੂੰ ਬੋਲਣ ਤੋਂ ਸ਼ਰਮਾਵਣ।
ਗ਼ੈਰਾਂ ਐਸੀ ਵਾ ਵਗਾਈ,
ਪੁੱਤਰਾਂ.........

ਪੰਜਾਬੀ ਚ ਲਿਖੀ ਇਹਦੀ ਮਸ਼ਹੂਰ ਗ਼ਜ਼ਲ ਚ ਵੰਡ ਦਾ ਦਰਦ ਜਾਂ ਪਿੰਡ ਦੀ ਯਾਦ ਕਿੰਨੀ ਕੁ ਹੈ? ਤੁਸੀਂ ਆਪੇ ਨਿਰਖ ਪਰਖ ਕਰ ਲਵੋ। ਪਰ ਇਹਦਾ ਮਤਲਾ ਮੂੰਹੋਂ ਬੋਲਦਾ ਹੈ। ਇਕ ਤਰ੍ਹਾਂ ਦਾ ਸੀਸ਼ਾ ਹੈ। ਸੁਆਲਾਂ ਦਾ ਸੁਆਲ ਇਹ ਹੈ ਹੁਣ ਵੀ ਕੋਈ ਪਾਕਿਸਤਾਨੀ ਕਮਿਊਨਿਸਟ ਵੰਡ ਨੂੰ ਗ਼ਲਤ ਕਿਓਂ ਨਹੀਂ ਕਹਿੰਦਾ। ਦੱਬ ਘੁਟ ਕੇ ਕੋਈ ਕਹੇ, ਤਾਂ ਕਹਿ ਦਵੇ। ਖੁੱਲ੍ਹ ਕੇ ਤਾਂ ਕੋਈ ਵੀ ਨਹੀਂ ਕਹਿੰਦਾ। ਇਹਦੇ ਕਾਰਨ ਜੱਗ ਜ਼ਾਹਿਰ ਹੀ ਨੇ। ਜਿਹੜਾ ਮੁਲਕ ਬਣਿਆ ਹੀ ਧਰਮ ਦੀ ਬਿਨ੍ਹਾ ਤੇ ਹੋਵੇ, ਓਥੇ ਬੰਦੇ ਖੁੱਲ੍ਹਕੇ ਆਪਣੇ ਵਿਚਾਰ ਕਿਵੇਂ ਕਹਿਣ। ਅਸਹਿਮਤੀ ਕਿਵੇਂ ਜ਼ਾਹਿਰ ਕਰਨ। ਖ਼ਾਸ ਕਰਕੇ ਇਸਲਾਮ ਦੇ ਵਿਰੁੱਧ ਕੋਈ ਗੱਲ ਕਰਕੇ ਪੰਗਾ ਨਹੀਂ ਖੜ੍ਹਾ ਕਰਨਾ ਚਾਹੁੰਦੇ। ਇਹ ਤਾਂ ਮੁਲਕ ਚ ਖੁੱਲ੍ਹ ਕੇ ਪਾਰਟੀ ਵੀ ਨਹੀਂ ਸੀ ਬਣਾ ਸਕਦੇ। ਕਦੇ ਨੈਸ਼ਨਲ ਅਵਾਮੀ ਪਾਰਟੀ ਤੇ ਕਦੇ ਮਜ਼ਦੂਰ-ਕਿਸਾਨ ਪਾਰਟੀ ਦੇ ਨਾਂ ਥੱਲੇ ਕੰਮ ਕਰਦੇ ਰਹੇ। ਨਾਂ ਭਾਂਵੇ ਕੋਈ ਰਿਹਾ, ਜਾਲਿਬ ਪੂਰਾ ਸੂਰਾ ਲੋਕਾਂ ਨੂੰ ਪ੍ਰਣਾਇਆ ਰਿਹਾ।

ਜਾਲਿਬ ਸਾਈਂ ਕਦੇ ਕਦਾਈਂ, ਚੰਗੀ ਗੱਲ ਕਹਿ ਜਾਂਦਾ ਏ।
ਲੱਖ ਪੂਜੋ ਚੜ੍ਹਦੇ ਸੂਰਜ ਨੂੰ, ਆਖ਼ਿਰ ਨੂੰ ਲਹਿ ਜਾਂਦਾ ਏ।

ਹਾਏ ਦੁਆਬੇ ਦੀ ਉਹ ਦੁਨੀਆਂ, ਜਿੱਥੇ ਮੁਹੱਬਤ ਵਸਦੀ ਸੀ।
ਹੰਝੂ ਬਣਕੇ ਦੁੱਖ ਵਤਨਾਂ ਦਾ, ਅੱਖੀਆਂ ਚੋਂ ਵਹਿ ਜਾਂਦਾ ਏ।

ਜਾਲਿਬ ਨੂੰ ਜਦੋਂ ਮੁੜਕੇ ਭਾਰਤ ਜਾਣ ਦਾ ਸਬੱਬ ਬਣਿਆ ਤਾਂ ਇਹ ਆਵਦੇ ਜੱਦੀ ਪਿੰਡ ਵੀ ਗਿਆ। ਪਿੰਡ ਦੀ ਜੂਹ ਚ ਘੁੰਮਿਆ ਫਿਰਿਆ। ਆਪਣੇ ਘਰ ਨੂੰ ਦੇਖਣ ਦੀ ਤਲਬ ਹੋਈ। ਜਦੋਂ 'ਆਵਦੇ ਘਰ' ਗਿਆ ਤਾਂ ਮਕਾਨ ਦੇ ਨਵੇਂ ਬਸ਼ਿੰਦਿਆਂ ਨੇ ਜਾਲਿਬ ਨੂੰ ਘਰੇ ਵੜਨ ਵੀ ਨਾ ਦਿੱਤਾ। ਇਹ ਜੰਮਣ ਭੋਂ ਤੋਂ ਬੁਝੇ ਮਨ ਨਾਲ਼ ਮੁੜਿਆ। ਜਾਲਿਬ ਨੇ ਕਿਹੜਾ ਮਕਾਨ ਦੇ ਫੁੱਲ ਲਾਹ ਕੇ ਲੈ ਜਾਣੇ ਸੀ। ਯਾਦਾਂ ਹੀ ਤਾਜ਼ੀਆਂ ਕਰਨੀਆਂ ਸੀ। ਸਾਡੇ ਲੋਕਾਂ ਨੂੰ ਕਿਸੇ ਦਾ ਦੁੱਖ ਘੱਟ ਵੀ ਨਹੀਂ ਕਰਨਾ ਆਉਂਦਾ। ਵਲੈਤ ਆਇਆ ਜਾਲਿਬ, ਹੁਸ਼ਿਆਰਪੁਰੀਆਂ ਨੂੰ ਮਿਲਣ ਲਈ ਤਾਂਘਦਾ ਰਹਿੰਦਾ। ਫ਼ਰਮਾਇਸ਼ਾਂ ਕਰਦਾ: ਯਾਰ ਮੈਨੂੰ ਕੋਈ ਹੁਸ਼ਿਆਰਪੁਰ ਦਾ ਬੰਦਾ ਵੀ ਮਿਲਾ ਦਿਓ। ਤੇ ਜਦੋਂ ਲੱਭ ਜਾਂਦਾ ਤਾਂ ਘੁੱਟ ਘੁੱਟ ਜੱਫੀਆਂ ਪਾ ਪਾ ਮਿਲਦਾ। ਫਿਰ ਚੇਤੇ ਕਰਦਾ: ਅੰਬੀਆਂ ਨੂੰ ਤਰਸੇਂਗੀ, ਛੱਡ ਕੇ ਦੇਸ ਦੁਆਬਾ।

---

[27] ਸੱਚ

ਕੁਝ ਟੋਟਕੇ ਪ੍ਰਬੰਧ/ਜ਼ੁਲਮ ਦੇ ਖਿਲਾਫ਼ ਮਾਰੀਆਂ ਚੋਟਾਂ ਹਨ। ਜਾਲਿਬ ਨੂੰ ਤਕਰੀਬਨ ਸਾਰੀ ਭਾਂਤ ਦੇ ਹੁਕਮਰਾਨਾਂ ਨੇ ਹੀ ਜੇਲ੍ਹੀਂ ਡੱਕਿਆ। ਫ਼ੌਜੀ ਹੁਕਮਰਾਨਾਂ ਦੇ ਲਈ ਤਾਂ ਇਹ ਝੋਟੇ ਦੇ ਗਲ਼ ਪਾਇਆ ਡੈਹਾ ਸੀ। ਉਹ ਜਦੋਂ ਕੋਈ ਚੈਂਅ ਪੈਂਅ ਕਰਦੇ, ਇਹ ਉਨ੍ਹਾਂ ਦੇ ਗੋਡੇ ਭੰਨਦਾ ਹੀ ਰਹਿੰਦਾ ਸੀ:

ਗੱਲ ਸੁਣ ਚੱਪਣਾ।
ਰਾਜ ਲਿਆ ਅਪਣਾ।

ਵੱਡਿਆਂ ਵਡੇਰਿਆਂ ਦਾ,
ਜ਼ਾਲਮ ਲੁਟੇਰਿਆਂ ਦਾ।
ਛੱਡ ਨਓਂ ਜੱਪਣਾ......

ਗੋਰੇ ਚਿੱਟੇ ਸਾਹਬਾਂ ਕੋਲੋਂ,
ਕਾਲ਼ਿਆਂ ਨਵਾਬਾਂ ਕੋਲ਼ੋ।
ਬਚ ਇਨ੍ਹਾਂ ਅਜ਼ਾਬਾਂ ਕੋਲ਼ੋ,
ਨਈਂ ਤਾਂ ਤੈਨੂੰ ਮੁੱਦਤਾਂ
ਪਏਗਾ ਕਲਪਣਾ...।

ਵਿਰੋਧੀਆ ਰੌਲ਼ਾ ਪਵਾ ਦਿਤਾ ਕਿ ਜਾਲਿਬ ਤਾਂ ਲੋਕਾਂ ਨੂੰ ਚੱਪਣ ਸੱਦਦਾ ਹੈ। ਇਹ ਤੁਹਾਨੂੰ ਸਮਝਦਾ ਹੀ ਕੁਛ ਨਹੀਂ। ਜਾਲਿਬ ਨੇ ਇਹ ਕਵਿਤਾ ਪੜ੍ਹਨ ਤੋਂ ਪਹਿਲਾ ਕਹਿਣਾ: ਮੈਂ ਅਪਣੇ ਲੋਕਾਂ ਨੂੰ ਕਦੇ ਮਾੜਾ ਨਹੀਂ ਕਹਿ ਸਕਦਾ। ਕਦੇ ਵੀ ਨਹੀਂ। ਇਹ ਹੋ ਈ ਨਹੀਂ ਸਕਦਾ। ਚੱਪਣ ਤਾਂ ਮੈਂ ਆਪਣੇ ਆਪ ਨੂੰ ਕਹਿੰਦਾ ਹਾਂ। ਯਾਹੀਆ ਖ਼ਾਨ ਦੇ ਦੌਰ ਵੇਲ਼ੇ ਫੌਜੀ ਡਿਕਟੇਟਰਸ਼ਿਪ ਦੇ ਖ਼ਿਲਾਫ਼ ਜਾਲਿਬ ਨੇ ਲਿਖਿਆ ਸੀ:

ਡਾਕੂਆਂ ਦਾ ਜੇ ਸਾਥ ਨਾ ਦਿੰਦਾ, ਪਿੰਡ ਦਾ ਪਹਿਰੇਦਾਰ।
ਅੱਜ ਪੈਰੀਂ ਜ਼ੰਜੀਰ ਨਾ ਹੁੰਦੀ, ਜਿੱਤ ਨਾ ਬਣਦੀ ਹਾਰ।
ਪੱਗਾਂ ਅਪਣੇ ਗੱਲ਼ ਵਿਚ ਪਾ ਲਓ, ਟੁਰੋ ਪੇਟ ਦੇ ਭਾਰ।
ਚੜ੍ਹ ਜਾਏ ਤੇ ਮੁਸ਼ਕਿਲ ਲਹਿੰਦੀ, ਬੂਟਾਂ ਦੀ ਸਰਕਾਰ।

ਜਿਨ੍ਹਾਂ ਨੇ ਜਾਲਿਬ ਨੂੰ ਪੜ੍ਹਿਆ ਹੈ ਉਹ ਜਾਣਦੇ ਨੇ ਕਿ ਜਾਲਿਬ ਦੀ ਸ਼ਇਰੀ ਵਧੀਆ ਸੀ। ਸਾਧਾਰਣ ਪਰ ਅਸਰਦਾਰ। ਜ਼ੁਬਾਨ ’ਤੇ ਚੜ੍ਹਦੀ ਹੈ। ਆਮ ਲੋਕਾਂ ਦੇ ਦੁੱਖ ਦਰਦ ਨਾਲ਼ ਓਤ ਪੋਤ। ਉਨ੍ਹਾਂ ਦੇ ਸਮਝ ਆ ਜਾਣ ਵਾਲ਼ੀ। ਝੱਟਪਟ ਅਸਰ ਕਰਨ ਵਾਲ਼ੀ। ਸਿੱਧੀ ਦਿਲ-ਦਿਮਾਗ਼ ਨੂੰ ਟੁੰਬਣ ਵਾਲ਼ੀ। ਜਿਨ੍ਹਾਂ ਨੇ ਜਾਲਿਬ ਨੂੰ ਸੁਣਿਆ ਹੈ, ਉਹ ਇਨ੍ਹਾਂ ਦੀ ਸੁਰ-ਸਮਝ ਦੀ ਉੱਮਤ ਵੀ ਜਾਣਦੇ ਹਨ। ਇਹਨੂੰ ਸੁਰ ਦੀ ਬੜੀ ਸਮਝ ਸੀ- ਜਾਣੀ ਇੱਕ ਰਗ ਵਾਧੂ ਸੀ। ਇਹਦੀਆਂ ਨਜ਼ਮਾਂ ਸੁਰੀਲਾ ਗਾਇਨ ਵੀ ਹੁੰਦੀਆਂ ਸੀ। ਲੈਅ ਬੱਧ। ਜਾਲਿਬ ਕੱਚੇ-ਪੱਕੇ ਗਵੱਈਆਂ ਨਾਲੋਂ ਵਧੀਆ ਗਰਾਰੀਆਂ ਲਾ ਲੈਂਦਾ ਸੀ। ਆਵਾਜ਼ ਦੇ ਉਤਰਾਅ-ਚੜ੍ਹਾਅ ਪੂਰੀ ਤਰ੍ਹਾਂ ਜਾਣਦਾ ਸੀ। ਇਹਦੇ ਨਾਲ਼ ਵੀ ਇਹ ਸਰੋਤਿਆਂ ਨੂੰ ਬੰਨ੍ਹੀ ਰੱਖਦਾ ਸੀ। ਇਹ ਮਸ਼ਹੂਰ ਕਵਾਲੀਏ ਨੁਸਰਤ ਅਲੀ ਖ਼ਾਨ ਦਾ ਨੇੜੇ ਦਾ ਰਿਸ਼ਤੇਦਾਰ ਸੀ। ਗੁਲਾਮ ਅੱਬਾਸ ਦਾ ਵੀ।

ਜਾਲਿਬ ਦੇ ਟੱਬਰ ਦਾ ਹਾਲ ਓਹੀ ਹੋਣਾ ਸੀ ਜੋ ਅਸੂਲਾਂ ’ਤੇ ਅੜੇ ਰਹਿਣ ਵਾਲ਼ਿਆਂ ਦਾ ਹੁੰਦਾ ਹੈ। ਜਾਲਿਬ ਜੇਲ੍ਹ ਜਾਣ ਤੋਂ ਪਹਿਲਾਂ ਹੀ ਦੁਕਾਨਦਾਰਾਂ ਨੂੰ ਕਹਿ ਜਾਂਦਾ: ਮੇਰੇ ਬਾਅਦ ਘਰ ਰਾਸ਼ਨ ਦੇਈ ਜਾਣਾ; ਮੈਂ ਵਾਪਸ ਆ ਕੇ ਹਿਸਾਬ ਚੁਕਤਾ ਕਰ ਦਿਆਂਗਾ। ਬਾਹਰ ਆ ਕੇ ਜਾਲਿਬ ਨੇ ਕੋਈ ਫ਼ਿਲਮ ਦਾ ਗਾਣਾ ਲਿਖਣਾ ਜਾਂ ਕਿਤੋਂ ਹੋਰ ਬੰਦੋਬਸਤ ਕਰਨਾ। ਜਾਲਿਬ ਦਾ ਵੱਡਾ ਪੁੱਤ ਇਹਦੇ ਨਾਲ਼ ਏਸੇ ਗੱਲੋਂ ਨਾਰਾਜ਼ ਰਿਹਾ। ਉਹਦਾ ਕਹਿਣਾ ਸੀ ਕਿ ਅੱਬੂ ‘ਵਾਧੂ’ ਪੰਗੇ ਕਿਓਂ ਲੈਂਦਾ ਹੈ। ਜਿਵੇਂ ਬਾਕੀ ਦੇ ਕਰਦੇ ਨੇ, ਓਦਾਂ ਕਿਓਂ ਨਹੀਂ ਕਰਦਾ - ਸਰਕਾਰ ਨਾਲ਼ ਸੁਲਾਹ ਕਰੇ। ਰੁਤਬੇ ਪਾਵੇ। ਇਨਾਮ ਪਾਵੇ। ਐਸ਼ੋ ਇਸ਼ਰਤ ਵਸੂਲ ਕਰੇ। ਤੇ ਸਾਡੀ ਵੀ ਹਾਲਤ ਸੁਧਰੇ। ਕਿਸੇ ਦੀ ਸਲਾਹ ਤੇ ਹਬੀਬ ਦੇ ਵਾਲਿਦ ਸਾਹਿਬ ਨੇ ਵੀ ਕਦੇ ਇਹੋ ਕਿਹਾ ਸੀ: ਤੂੰ ਮੁਖ਼ਾਲਫ਼ਿਤ ਛੱਡ ਕਿਓਂ ਨਹੀਂ ਦਿੰਦਾ। ਜਾਲਿਬ ਨੂੰ ਇਹ ਦੱਸਦਿਆਂ ਭੋਲ਼ੇ ਭਾਅ ਕਿਹਾ ਕਿ ਉਹ ਨਾਅਤਾਂ (ਇਸਲਾਮੀ ਭਜਨ) ਕਿਓਂ ਨਹੀਂ ਲਿਖਦਾ? ਇਹ ਗੱਲਾਂ ਜਾਲਿਬ ਦੇ ਧਿਆਨ ਚ ਕਿੱਥੋਂ ਆਉਂਦੀਆ ਸੀ। ਇਹ ਚੁੱਪ ਕਰ ਰਿਹਾ। ਬਾਪ ਨੂੰ ਮੋੜਕੇ ਜੁਆਬ ਕੀ ਦੇਣਾ ਸੀ। ਏਸ ਚੁਪ ਦਾ ਮਤਲਬ ਇਹ ਵੀ ਹੈ: ਜੀ ਜਾਲਿਬ ਏਦਾਂ ਨਹੀਂ ਕਰਦੇ ਹੁੰਦੇ। ਜਾਲਿਬ ਐਦਾਂ ਹੀ ਕਰਦੇ ਰਹਿੰਦੇ ਹਨ; ਐਦਾਂ ਹੀ ਕਰਦੇ ਰਹਿਣਗੇ। ਜੇ ਜਾਲਿਬ ਇਹ ਸਲਾਹਾਂ ਮੰਨ ਲੈਂਦਾ, ਇਹ ਫੇਰ ਏਹੋ ਜਾਲਿਬ ਹੁੰਦਾ? ਜਾਲਿਬ ਆਪ ਕਿਹੜਾ ਇਨ੍ਹਾਂ ਗੱਲਾਂ ਤੋਂ ਅਣਜਾਣ ਸੀ, ਸਭ ਜਾਣੀ ਜਾਣ ਸੀ। ਜੁਆਬ ਚ ਇਹਦੀ ਕਾਟਵੇ ਰੰਗ ਵਾਲ਼ੀ ਨਜ਼ਮ ਦੇਖੋ:

ਅਗਰ ਮੈਂ ਫ਼ਰੰਗੀ ਕਾ ਦਰਬਾਨ ਹੋਤਾ,
ਤੋ ਜੀਨਾ ਕਿਸ ਕਦਰ ਆਸਾਨ ਹੋਤਾ।
ਮੇਰੇ ਬੱਚੇ ਭੀ ਅਮਰੀਕਾ ਮੇਂ ਪੜ੍ਹਤੇ,
ਹਰ ਗਰਮੀ ਮੇਂ ਮੈਂ ਇੰਗਲਿਸਤਾਨ ਹੋਤਾ।
ਮੇਰੀ ਇੰਗਲਸ਼ ਭੀ ਬਲਾ ਕੀ ਚੁਸਤ ਹੋਤੀ,

ਬਲਾ ਸੇ ਜੋ ਨਾ ਮੈਂ ਉਰਦੂਦਾਨ ਹੋਤਾ।
ਸਰ ਝੁਕਾ ਕੇ ਜੋ ਹੋ ਜਾਤਾ ਸਰ ਮੈਂ,
ਤੋ ਲੀਡਰ ਭੀ ਅਜ਼ੀਮੋ ਸ਼ਾਨ[28] ਹੋਤਾ।
ਜ਼ਮੀਨੇਂ ਮੇਰੀ ਹਰ ਸੂਬੇ ਮੈਂ ਹੋਤੀ,
ਮੈਂ ਵੱਲ੍ਹਾ ਸਰਦਾਰ ਏ ਪਾਕਿਸਤਾਨ ਹੋਤਾ।

ਸਰਕਾਰਾਂ ਜਾਲਿਬ ਤੇ ਤੋਹਮਤਾਂ ਲਾਉਂਦੀਆਂ: ਇਹ ਰੂਸ ਦਾ ਏਜੰਟ ਹੈ; ਇੰਡੀਆ ਦਾ ਏਜੰਟ ਹੈ। ਪਰ ਕਿਸੇ ਨੇ ਏਦਾਂ ਨਾ ਕਿਹਾ ਕਿ ਇਹ ਚੀਨ ਦਾ ਏਜੰਟ ਹੈ। ਇਹਦੇ ਬਾਰੇ ਜਾਲਿਬ ਨੇ ਆਪ ਹੀ ਕਹਿ ਦਿੱਤਾ, ਨਾਲ਼ੇ ਦੱਸ ਦਿੱਤਾ ਕਿ ਸਰਕਾਰਾਂ ਚੀਨ ਨਾਲ਼ ਸੁਅਰਥੀ ਦੋਸਤੀ ਤਾਂ ਰੱਖਦੀਆਂ ਨੇ ਪਰ ਓਥੋਂ ਦਾ ਪ੍ਰਬੰਧ ਨਹੀਂ ਚਾਹੁੰਦੀਆਂ। ਭਲਾ ਇਹ ਕਿਓਂ:

ਚੀਨ ਅਪਨਾ ਯਾਰ ਹੈ, ਉਸ ਪੇ ਜਾਂ ਨਿਸਾਰ ਹੈ।
ਪਰ ਵਹਾਂ ਹੈ ਜੋ ਨਿਜ਼ਾਮ, ਉਸ ਤਰਫ ਨਾ ਜਾਈਓ।
ਉਸ ਕੋ ਦੂਰ ਸੇ ਸਲਾਮ,
ਦਸ ਕਰੋੜ ਯੇਹ ਗਧੇ,
ਜਿਨ ਕਾ ਨਾਮ ਹੈ ਅਵਾਮ।
ਕਿਆ ਬਨੇਗੇ ਹੁਕਮਰਾਂ।
ਤੂ ਯਕੀਨ ਹੈ ਗੁਮਾਂ[29]

ਖ਼ੁਦ ਫ਼ੈਜ਼ ਨੇ ਜਾਲਿਬ ਨੂੰ ਲੋਕਾਂ ਦਾ ਅਸਲ ਤੇ ਵੱਡਾ ਕਵੀ ਮੰਨਿਆ ਸੀ। ਇਹ ਸਾਰੀ ਉਮਰ ਲੋਕਾਂ ਦੇ ਦੁੱਖ ਦੀ ਗੱਲ ਕਰਦਾ ਰਿਹਾ। ਫ਼ੈਜ ਵੀ ਲੋਕਾਂ ਦੇ ਦੁੱਖ ਦਰਦ ਦੀ ਗੱਲ ਕਰਦਾ ਸੀ। ਪਰ ਜਾਲਿਬ ਦੀ ਜ਼ੁਬਾਨ ਆਮ ਲੋਕਾਂ ਦੀ ਜ਼ੁਬਾਨ ਸੀ। ਦੂਸਰਾ ਜਾਲਿਬ ਆਪ ਵੀ ਉਨ੍ਹਾਂ ਵਿੱਚੋਂ ਹੀ ਸੀ। ਉਨ੍ਹਾਂ ਦੀਆਂ ਭਾਵਨਾਵਾਂ ਨੂੰ ਜ਼ੁਬਾਨ ਦਿੰਦਾ ਰਿਹਾ। ਸਾਰੀ ਉਮਰ। ਜਾਲਿਬ ਆਪਣੇ ਆਪ ਨੂੰ ਨਜ਼ੀਰ ਅਕਬਰਾਬਾਦੀ ਦੀ ਅਗਲੀ ਕੜੀ ਦਾ ਸ਼ਾਇਰ ਮੰਨਦਾ ਸੀ। ਜਾਲਿਬ ਦੇ ਪੂਰੇ ਹੋਣ ਤੇ ਕਤੀਲ਼ ਸ਼ਫਾਈ ਨੇ ਲਿਖਿਆ:

ਅਪਨੇ ਸਾਰੇ ਦਰਦ ਭੁਲਾ ਕਰ ਔਰੋਂ ਕੇ ਦੁੱਖ ਸਹਿਤਾ ਥਾ।
ਜਬ ਹਮ ਗ਼ਜ਼ਲੇਂ ਕਹਿਤੇ ਥੇ, ਵੋ ਅਕਸਰ ਜੇਲ੍ਹ ਮੇਂ ਰਹਿਤਾ ਥਾ।
ਆਖ਼ਿਰਕਰ ਚਲਾ ਹੀ ਗਿਆ ਵੋ, ਰੂਠ ਕਰ ਹਮ ਫ਼ਰਜ਼ਾਨੋਂ[30] ਸੇ
ਵੋ ਦੀਵਾਨਾ ਜਿਸੇ ਜ਼ਮਾਨਾ, ਜਾਲਿਬ ਜਾਲਿਬ ਕਹਿਤਾ ਥਾ।

ਜਾਲਿਬ ਜੇ ਮੁਖ਼ਾਲਫਿਤ ਛੱਡ ਦਿੰਦਾ ਤਾਂ ਮੌਜਾਂ ਚ ਹੁੰਦਾ। ਜੇਲ੍ਹੀਂ ਨਾ ਜਾਂਦਾ। ਇਨਾਮ-ਸ਼ਿਨਾਮ ਹਾਸਲ ਕਰਦਾ। ਪੰਜੇ ਹੀ ਘੇਅ ਚ ਹੋਣੀਆਂ ਸੀ। ਪਰ ਫਿਰ ਓਹ ਜਾਲਿਬ ਤਾਂ ਨਾ ਹੁੰਦਾ – ਕੁਝ ਹੋਰ ਭਾਵੇਂ ਹੁੰਦਾ। ਭਾਰਤੀ ਉਪ ਮਹਾਂਦੀਪ ਚ ਰੱਜੇ ਪੁੱਜੇ ਫ਼ੈਜ਼ ਬਣਦੇ ਆਏ ਨੇ ਤੇ ਥੁੜੇ ਹੋਏ ਜਾਲਿਬ। ਇਹਦਾ ਲਾਹੌਰ ਚ ਟਿਕਾਣਾ ਝੁਗੀ ਝੌਂਪੜੀ ਵਰਗੀ ਬਸਤੀ ਚ ਸੀ। ਇਹਦਾ ਟੱਬਰ ਹਾਲੇ ਵੀ ਓਥੇ ਹੀ ਵਸਦਾ ਹੈ। ਜਾਲਿਬ ਵਲੈਤ ਆਇਆ ਤਾਂ ਲੋਕ ਕਹਿਣ, ਹੁਣ ਇਹ ਵੀ ਵਾਪਿਸ ਨਹੀਂ ਜਾਂਦਾ। ਸਿਆਸੀ ਪਨਾਹ ਲਊ। ਜਿੰਦਾਂ ਹੋਰਨਾਂ ਵੱਡਿਆਂ ਵੱਡਿਆਂ ਨੇ ਲਈ ਹੋਈ ਏ। ਅਸਲ ਚ ਇਹ ਜਾਲਿਬ ਨੂੰ ਇਕ ਤਰੀਕੇ ਨਾਲ਼ ਸਲਾਹ ਹੀ ਦਿੰਦੇ ਸੀ – ਬਈ, ਏਦਾਂ ਕਰ ਲੈ। ਪਰ ਜਾਲਿਬ ਕਹਿੰਦਾ: ਨਾ ਭਾਈ, ਮੈਨੂੰ ਓਹੀ ਗ਼ੁਰਬਤ ਚੰਗੀ। ਮੈਨੂੰ ਮੇਰੇ ਲੋਕਾਂ ਨਾਲ਼ ਪਿਆਰ ਹੈ। ਮੈਂ ਅਪਣੇ ਲੋਕਾਂ ਚ ਹੀ ਭਲਾ। ਮੈਂ ਇਨ੍ਹਾਂ ਦੇ ਹਾਲਾਤ ਨੂੰ ਠੀਕ ਕਰਨਾ ਹੈ। ਤੁਹਾਨੂੰ ਵਲੈਤ ਮੁਬਾਰਿਕ। ਉਲਟਾ ਇਹਨੇ ਲੰਡਨ ਬੈਠੇ ਪਾਕਿਸਤਾਨੀ ਕਾਮਰੇਡ ਪਨਾਹਗ਼ੀਰਾਂ ਬਾਰੇ ਟੋਟਕਾ ਲਿਖਿਆ:

ਪੀ ਲੈਂਦੇ ਨੇ, ਖਾ ਲੈਂਦੇ ਨੇ, ਸੌਂ ਲੈਂਦੇ ਨੇ
ਯਾਰਾਂ ਖ਼ੁਦ ਨੂੰ ਵਤਨੋਂ ਦੂਰ ਸੁਖੀ ਰੱਖਿਆ ਏ।

ਜਦੋਂ ਜਾਲਿਬ ਫ਼ੌਤ ਹੋਇਆ ਤਾਂ ਮੌਕੇ ਦੀ ਹਕੂਮਤ ਨੇ ਸਰਕਾਰੀ ਸਨਮਾਣ ਨਾਲ਼ ਜ਼ਨਾਜਾ ਕੱਢਣ ਦੀ ਗੱਲ ਕਰ ਦਿੱਤੀ। ਜਾਲਿਬ ਦੇ ਘਰਦਿਆਂ ਇਨਕਾਰ ਕਰ ਦਿੱਤਾ। ਮਗਰੋਂ ਜਾਲਿਬ ਦੀ ਬੇਗਮ ਦੀ ਟੁੱਟੀ ਲੱਤ ਦਾ ਕਿਸੇ ਵੀ ਇਲਾਜ ਨਾ ਕਰਵਾਇਆ। ਧੀਆਂ ਤੇ ਛੋਟਾ ਪੁੱਤ ਜਾਲਿਬ ਤੇ ਮਾਣ ਕਰਦੇ ਨੇ। ਛੋਟੀ ਧੀ ਸ਼ਾਇਰੀ ਕਰਦੀ ਵੀ ਏ।

ਜਾਲਿਬ ਦੇ ਘਰ 'ਤੇ ਅਜੇ ਵੀ ਲਾਲ ਝੰਡਾ ਝੂਲਦਾ ਹੈ। ਇਹਦੀ ਸ਼ਾਇਰੀ ਲਾਲ ਝੰਡੇ ਦੀ ਸ਼ਾਇਰੀ ਹੈ। ਜਾਲਿਬ ਇੱਕੋ ਹੀ ਹੁੰਦਾ ਹੈ। ●●

---

[28] ਵੱਡੀ ਸ਼ਾਨ
[29] ਗਲਤਫਹਿਮੀ
[30] ਸੱਜਣ-ਮਿੱਤਰ-ਬੇਲੀ-ਪਿਆਰੇ

ਕਹਾਣੀ

# ਬੁਲਬਲਿਆਂ ਦੀ ਕਾਸ਼ਤ

## ਕੇਸਰਾ ਰਾਮ

ਅੱਜਕਲ੍ਹ ਮੇਰਾ ਬਹੁਤਾ ਸਮਾਂ ਟੀ.ਵੀ. ਸਾਹਮਣੇ ਹੀ ਬੀਤਦੈ।

ਗਲੋਬਲੀਕਰਨ ਦਾ ਸੁਨਹਿਰਾ ਰੱਥ...ਦਲਾਲ ਸਟ੍ਰੀਟ ਦਾ ਸਾਨ੍ਹ...ਮੁਹਰਲੇ ਪੈਰ ਅਸਮਾਨ ਵੱਲ...ਤੇ ਪੂੰਛ ਚੁੱਕੀ ਹੋਈ...ਅੰਨ੍ਹੇਵਾਹ ਦੌੜਦਾ ਜਾ ਰਿਹੈ। ਬੱਲੇ-ਬੱਲੇ ਹੋਈ ਪਈ ਐ। ਏਨਾ ਚੰਗਾ ਤਾਂ ਟੀ.ਵੀ. ਉਦੋਂ ਵੀ ਨਹੀਂ ਸੀ ਲੱਗਦਾ ਜਦੋਂ ਨਵਾਂ-ਨਵਾਂ ਆਇਆ ਸੀ। ਹਾਲਾਂਕਿ ਉਦੋਂ ਨੱਚਦੀਆਂ-ਟੱਪਦੀਆਂ-ਬੋਲਦੀਆਂ ਤਸਵੀਰਾਂ ਦੇਖਣਾ ਆਪਣੇ ਆਪ 'ਚ ਈ ਬੜਾ ਰੁਮਾਂਚਕਾਰੀ ਹੁੰਦਾ ਸੀ।

ਪਰ ਜੋ ਰੁਮਾਂਚ ਅੱਜਕਲ੍ਹ ਹੈ, ਉਦੋਂ ਕਿੱਥੇ ਸੀ? ਸਿਆਹ-ਸਫੈਦ, ਇਕ ਕਿਸਮ ਦੀ ਠਹਿਰੀ ਹੋਈ ਜਿਹੀ ਜਾਂ ਕੀੜੀ ਦੀ ਚਾਲ ਤੁਰ ਰਹੀ ਜ਼ਿੰਦਗੀ। ਤੇ ਅੱਜਕਲ੍ਹ? ਰਾਤੋ-ਰਾਤ ਚਲ ਸੱਤਵੇਂ ਅਸਮਾਨ 'ਤੇ। ਮਾਰ ਤੇਰੇ ਦੀ! ਸਾਨ੍ਹ ਦੇ ਮੁਹਰਲੇ ਪੈਰ ਅਸਮਾਨ ਵੱਲ...ਤੇ ਪੂੰਛ ਚੁੱਕੀ ਹੋਈ...। ਫਲਾਣਾ ਕਰੋੜਪਤੀ ਬਣ ਗਿਆ...ਫਲਾਣਾ ਅਰਬਾਂਪਤੀ...। ਦੁਨੀਆ ਭਰ 'ਚ ਛਾਏ ਹੋਏ ਨੇ...ਇੰਡੀਆ ਦੇ ਧਨ-ਕੁਬੇਰ...। ਸੈਨਸੇਕਸ, ਨਿਫਟੀ, ਸਮਾਲਕੇਪ, ਮਿਡਕੇਪ, ਦਲਾਲ ਸਟ੍ਰੀਟ...ਤੇ ਉਹ ਦੇਖੋ...ਵਾਲ ਸਟ੍ਰੀਟ...ਜਾਣੀ ਇਕੋ ਪਿੰਡ ਦਾ ਦੂਸਰਾ ਮੁਹੱਲਾ...। ਬਲਕਿ ਸਾਰਾ ਕੁੱਝ ਇਕ-ਮਿਕ। ਮਾਤਰ ਉਂਗਲੀ ਦੇ ਇਸ਼ਾਰੇ ਤੇ ਇਕ ਜਾਦੂਈ ਖਿੜਕੀ ਜਿਹੀ ਖੁਲ੍ਹਦੀ ਹੋਈ...ਅੱਖ ਦੇ ਝਪਾਕੇ ਨਾਲ ਹੀ ਪੂਰੀ ਦੁਨੀਆ ਦੇ ਦਰ-ਨ-ਦੀਦਾਰ...।

ਤੇ ਇਕ ਪਰਦੇ ਦੀ ਗੱਲ ਦੱਸਾਂ? ਕੱਲਾ ਸੈਨਸੇਕਸ ਹੀ ਨਹੀਂ, ਸੈਕਸ ਵੀ...।

ਰਾਤ ਨੂੰ ਇਕ ਸਪੈਸ਼ਲ ਚੈਨਲ ਚਲਦੈ...ਉਂਝ ਐਮ.ਟੀ.ਵੀ., ਵੀ.ਟੀ.ਵੀ., ਫੈਸ਼ਨ-ਫੂਸ਼ਨ ਤਾਂ ਜਦ ਮਰਜੀ ਲਾ ਲਓ...ਰਿਮੋਟ ਹਰ ਵੇਲੇ ਹੱਥ 'ਚ ਈ ਰਹਿੰਦੈ। ਹੁਣ ਉਹ ਗੱਲ ਤਾਂ ਹੈ ਨੀਂ ਕਿ ਆਂਗਨ 'ਚ ਬੇਬੇ ਨੂੰ ਖੜ੍ਹਾ ਕੇ, ਆਪ ਛੱਤ 'ਤੇ ਚੜ੍ਹ ਕੇ ਅੰਟੀਨਾ ਘੁਮਾਈ ਜਾਓ, "ਬੇਬੇ ਦੇਖੀਂ, ਫੋਟੂ ਆਈ...?"

"ਨਾ...!"

"ਬੇਬੇ ਹੁਣ ਦੇਖੀਂ...?"

"ਵੇ ਪੁੱਤ ਮੈਨੂੰ ਤਾਂ ਨੀਂ ਕੋਈ ਫੋਟੂ ਦਿਹੰਦੀ ਹੈਥੇ। ਮੱਛਰ ਜੇ ਆਈ ਜਾਂਦੇ ਆ।"

"ਬੇਬੇ ਚਾਨਣੇ 'ਚੋਂ ਨੀਂ ਦਿਹੰਦੀ। ਅੰਦਰ ਨੇੜੇ ਹੋ ਕੇ ਦੇਖ ਕੇ ਆ...।" ਤੇ ਫੇਰ ਉਹਨੂੰ ਟੀ.ਵੀ. 'ਚ ਆਪਣਾ ਅਕਸ ਹੀ ਦਿੱਸ ਪੈਂਦਾ। ਕਿੰਨਾ ਹੱਸਦੇ ਸਾਂ ਫਿਰ ਅਸੀਂ। ਬੇਬੇ ਨੇ ਹੌਲੀ-ਹੌਲੀ ਫੇਰ ਤਾਂ ਬੂਸਟਰ ਦੀ ਸੈਟਿੰਗ ਕਰਨੀ ਵੀ ਸਿੱਖ ਲਈ ਸੀ।

**ਸੈਟਿੰਗ** ਹੋਈ ਵਈ ਐ ਕੇਬਲ ਵਾਲੇ ਨਾਲ। ਰਾਤ ਗਿਆਰਾਂ ਵਜੇ ਤੋਂ ਬਾਅਦ ਉਹ ਆਪੇ ਇਹੋ ਜਾ ਕੁਝ ਚਲਾ ਦਿੰਦੈ। ਪਰ ਮੈਂ ਤਾਂ ਇਸ ਤੋਂ ਵੀ ਬੋਰ ਹੋ ਗਿਆਂ। ਮੈਂਨੂੰ ਤਾਂ ਹੁਣ ਸਾਲੀਆਂ ਹੋਰ ਈ ਚੀਜ਼ਾਂ ਖਿੱਚ ਪਾਉਂਦੀਆਂ ਨੇ। ਸੱਚੀ ਗੱਲ ਤਾਂ ਇਹ ਵੇ ਕਿ ਸੈਕਸ ਦੀ ਥਾਂ ਹੁਣ ਸੈਨਸੇਕਸ ਨੇ ਲੈ ਲਈ ਐ। ਮੇਰੇ ਅੰਦਰ ਘੋੜੇ ਹਿਣਕਣ ਦੀ ਬਜਾਇ ਹੁਣ ਸਾਨ੍ਹ ਬੜ੍ਹਕਦੈ...ਮੁਹਰਲੇ ਪੈਰ ਅਸਮਾਨ ਵੱਲ...ਤੇ ਪੂੰਛ ਚੁੱਕੀ ਹੋਈ...।

ਪਿੰਡ 'ਚ ਗੇੜਾ-ਸ਼ੇੜਾ, ਸੱਥ 'ਚ ਬੈਠਣਾ ਤਾਂ ਹੁਣ ਜਮਾਂ ਈ ਬੰਦ। ਉਂਝ ਸੱਥ-ਸੁੱਥ ਹੁਣ ਹੈ ਵੀ ਕਿੱਥੇ? ਬਜ਼ਾਰ ਬਣਿਆ ਪਿਐ। ਇਕ ਢਾਬਾ ਜਾ, ਜਿੱਥੇ ਬੈਠ ਕੇ ਤਾਸ਼-ਤੂਸ਼ ਜੀ ਖੇਡ ਲਈਦੀ ਸੀ, ਹੁਣ ਤਾਂ ਉਥੇ ਵੀ ਏਨਾ ਰੌਣਕ ਮੇਲਾ ਜਾ ਰਿਹਾ ਨੀਂ। ਲੋਕਾਂ 'ਚ ਪਰਦੇ ਲੱਗੇ ਸ਼ੀਸ਼ਿਆਂ ਵਾਲੇ ਕੈਬਿਨਾਂ ਵਿਚ ਬੈਠਣ ਦੀ ਲਾਲਸਾ ਜੋ ਪੈਦਾ ਹੋ ਚੁਕੀ ਐ। ਉਂਝ ਵੀ ਨਾ ਕੋਈ ਕਿਸੇ ਦਾ ਹਾਸਾ-ਮਜ਼ਾਕ ਜਰ ਸਕਦੈ, ਨਾ ਕੋਈ ਕੁਝ ਕਹਿ-ਸੁਣ ਸਕਦੈ। ਪਿੰਡ ਦੀ ਪੋਲੀਟਕਸ ਵੀ ਬਸ। ਸਾਰੇ ਆਪੋ-ਆਪਣੇ ਖੋਲ 'ਚ ਵੜਗੇ ਨੇ ਹੁਣ ਤਾਂ। ਬਲਬੀਰ ਬਾਈ ਦਾ ਕਹਿਣਾ, ਰੇਸ਼ਮ ਦੇ ਕੀੜੇ...।

ਜਿਥੋਂ ਤੱਕ ਖੇਤੀ ਦਾ ਸਵਾਲ ਐ, ਉਧਰੋਂ ਵੀ ਆਪਾਂ ਤਾਂ ਬਿੱਲਕੁਲ ਫ਼ਾਰਿਗ। ਕੋਈ ਕਿਸੇ ਕਿਸਮ ਦਾ ਚਿੰਤਾ ਸਿਆਪਾ ਨੀਂ ਹੁਣ। ਮੇਰੇ ਵਰਗੇ ਕਈਆਂ ਨੂੰ ਤਾਂ ਅਕਲ ਈ ਬੜੀ ਲੇਟ ਆਈ ਐ। ਕਮਲੇ ਹੋਏ ਰਹਿੰਦੇ ਸੀ। ਨਾ ਰਾਤ ਨੂੰ ਚੈਨ ਨਾ ਦਿਨੇ ਅਰਾਮ। ਹੁਨਾਲ- ਸਿਆਲ ਦੀਆਂ ਕਰੜੀਆਂ ਸਖਤੀਆਂ...ਅੱਧੀ-ਅੱਧੀ ਰਾਤ ਨੂੰ ਜਾ ਕੇ ਮੋਟਰ ਚਲਾਉਣੀ...ਤੇ ਪੱਲੇ ਜੋ ਪੈਂਦਾ, ਪਤਾ ਈ ਐ...। ਉਤੋਂ ਤਾਅਨੇ- ਮਿਹਣੇ, ਜੱਟਾਂ ਨੇ ਮਿਹਨਤ ਕਰਨੀ ਛੱਡ 'ਤੀ...ਖੇਤੀ ਭਈਆਂ ਹਵਾਲੇ ਕਰ 'ਤੀ...ਪਤਾ ਨੀਂ ਕੀ-ਕੀ...।

ਹੁਣ ਗਿਆਨ ਹੋਇਐ ਦਰਅਸਲ ਕਿਸਾਨੀ ਕੀ ਹੁੰਦੀ ਐ ਤੇ ਖੇਤੀ ਕਿਵੇਂ ਕਰੀਦੀ ਐ। ਪਹਿਲਾਂ ਵਿਚਾਰੇ ਸੀਰੀ ਦੇ ਗਲ਼ ਲੱਗ ਕੇ ਰੋਂਦੇ ਰਹਿੰਦੇ ਸੀ, "ਗਲ਼ ਲੱਗ ਕੇ ਸੀਰੀ ਦੇ ਜੱਟ ਰੋਵੇ, ਬੋਹਲ਼ਾਂ ਵਿਚੋਂ ਨੀਰ ਵੱਗਿਆ, ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ, ਤੂੜੀ ਵਿਚੋਂ ਪੁੱਤ ਜੱਗਿਆ...।"

ਸੀਰੀ-ਸਾਂਝੀ ਵੀ ਹੁਣ ਕਿੱਥੇ ਰਹੇ? ਭਾਂਡੇ ਭਾਵੇਂ ਸੀਰੀ ਦੇ ਅੱਡ ਹੁੰਦੇ, ਭਿੱਟ ਵੀ ਮੰਨੀਦੀ ਸੀ ਪਰ ਉਮਰ ਅਨੁਸਾਰ ਚਾਚੇ, ਤਾਏ ਵਾਲਾ ਰਿਸ਼ਤਾ ਵੀ ਹੁੰਦਾ। ਮਾੜੂ ਰਾਮ, ਕਦੇ ਸਾਡਾ ਸੀਰੀ ਰਿਹਾ, ਹੁਣ ਤਾਂ ਸ਼ਹਿਰ ਕਿਸੇ ਫੈਕਟਰੀ 'ਚ ਮਜਦੂਰੀ ਕਰਦੈ ਤੇ ਉਹਦਾ ਮੁੰਡਾ ਉਥੇ ਆਟੋ ਚਲਾਉਂਦੈ। ਮੁੰਡਾ ਪਿੱਛੇ ਨਕਸਲਬਾੜੀਆਂ ਦੇ ਸ਼ੱਕ 'ਚ ਫੜਿਆ ਗਿਆ ਸੀ। ਮਸੇਂ ਬਚਿਆ। ਪਿੰਡ ਬਲਕਾਰ ਕੋਲ ਅਕਸਰ ਆਉਂਦਾ ਰਹਿੰਦੈ। ਐਤਵਾਰ ਕਲਾਸ ਲਾਉਂਦੇ ਐ। ਬਾਪੂ ਜੀ ਬਾਰੇ ਪਤਾ ਲੱਗਿਆ ਤਾਂ ਮਿਲਣ ਆਇਆ ਸੀ ਮਾੜੂ ਰਾਮ। ਅਖੇ ਤਾਇਆ...! ਬਾਪੂ ਜੀ ਦੀਆਂ ਗੱਲਾਂ ਕਰਦਿਆਂ ਗਲ਼ ਭਰ ਆਇਆ ਉਹਦਾ। ਜਾਣੀ ਕਹਿਣਾ ਚਾਹੁੰਦਾ ਹੋਵੇ, "ਲੈ ਬੀ ਸਰਦਾਰਾ, ਇਸ ਘਰ ਨਾਲ ਮੋਹ ਦੇ ਰਿਸ਼ਤੇ ਦੀ ਆਖਰੀ ਤੰਦ ਵੀ ਟੁੱਟਗੀ।"

ਹੁਣ ਤਾਂ ਨੌਕਰ ਰੱਖਿਆ ਹੋਇਐ। ਉਹ ਭਈਆ ਤੇ ਅਸੀਂ ਬੀਬੀ ਜੀ, ਸਰਦਾਰ ਜੀ। ਗਲ਼ ਲੱਗ ਕੇ ਰੋਣ ਦਾ ਤਾਂ ਸਵਾਲ ਈ ਨੀਂ । ਅਸਲ 'ਚ ਰੋਣਾ-ਧੋਣਾ ਵੀ ਤੰਗਲੀਆਂ, ਦੁਸਾਂਗੀਆਂ ਨਾਲ ਈ ਸੀ। ਹੁਣ ਨਾ ਤੰਗਲੀ-ਦੁਸਾਂਗੀ, ਨਾ ਜੰਦਰੇ ਸੁਹਾਗੇ। ਕਾਸੇ ਦੀ ਲੋੜ ਨੀਂ ਰੱਖਣ ਦੀ। ਹਾਂ, ਟ੍ਰੈਕਟਰ

ਰੱਖਿਆ ਹੋਇਐ। ਜੱਟਾਂ ਦੇ ਘਰ ਵੱਡਾ ਟ੍ਰੈਕਟਰ ਖੜ੍ਹਾ ਹੋਣਾ ਜ਼ਰੂਰੀ ਹੈ। ਮੈਂ ਥੋਨੂੰ ਦੱਸਾਂ। ਗੁਆਂਢ- ਸ਼ਰੀਕਾ, ਰਿਸ਼ਤੇਦਾਰੀਆਂ, ਜੱਟਾਂ ਦਾ ਸਮਾਜ-ਵਿਗਿਆਨ ਸਮਝਣਾ ਹਰ ਐਰੇ-ਗੈਰੇ ਦੇ ਵੱਸ ਦੀ ਗੱਲ ਥੋੜ੍ਹੀ ਈ ਐ। ਸਾਰੀ ਗੱਲ ਖੋਲ੍ਹ ਕੇ ਫੇਰ ਦੱਸੂੰ ਕਿਸੇ ਦਿਨ।

ਹੁਣ ਤਾਂ ਮੇਰਾ ਸਾਰਾ ਧਿਆਨ 'ਬਿਜਨੇਸ ਰੈਪ' ਵੱਲ ਹੈ। ਜਾਣੀ ਆਪਣਾ ਸੁਪਨਾ ਮਨੀ-ਮਨੀ। ਕਦੇ ਦੂਰਦਰਸ਼ਨ 'ਤੇ 'ਕ੍ਰਿਸ਼ੀ ਦਰਸ਼ਨ' ਦੇਖਦੇ ਹੁੰਦੇ ਸਾਂ। ਹੁਣ ਤਾਂ ਕੇਬਲ ਲਵਾਈ ਹੋਈ ਐ। ਬਿਜਨੇਸ, ਖਾਸ ਕਰਕੇ ਸ਼ੇਅਰ ਬਜ਼ਾਰ ਨਾਲ ਸੰਬੰਧਤ ਪ੍ਰੋਗ੍ਰਾਮ ਨੀਂ ਕੋਈ ਵੀ ਖੁੰਝਣ ਦਿੰਦਾ। ਬਜ਼ਾਰ ਤਾਂ ਹੁਣ ਮੇਰੇ ਲੂੰ -ਲੂੰ 'ਚ ਵੱਸਦੈ। ਲਹੂ ਦੀ ਰਵਾਨੀ 'ਚ ਵਗਦੈ।

ਚੰਗੀ ਪੈਲੀ। ਮਕਾਨ ਵੀ ਚੰਗਾ ਪਾਇਆ ਹੋਇਐ। ਵੱਡਾ ਟ੍ਰੈਕਟਰ...। ਚਲੋ ਜਿਵੇਂ ਵੀ ਐ, ਪਰ ਕਦੇ ਸੁਪਨਾ ਵੀ ਨਹੀਂ ਸੀ ਲਿਆ ਕਿ ਲੱਖਾਂਪਤੀ ਹੋਵਾਂਗਾ। ਜੇ ਇਸੇ ਤਰ੍ਹਾਂ ਰੱਬ ਨੇ ਸੁੱਖ ਰੱਖਿਆ ਤੇ ਸਾਨੂੰ ਮਿਹਰਬਾਨ ਰਿਹਾ ਤਾਂ ਕਰੋੜਪਤੀ ਵੀ ਬਣ ਸਕਦਾਂ। ਮਾਰਕਿਟ ਦੇ ਜਾਣਕਾਰ ਕਹਿੰਦੇ ਨੇ ਵਿਕਾਸ ਦਾ ਪਹੀਆ ਕਦੇ ਪੁੱਠਾ ਨਹੀਂ ਘੁੰਮਦਾ।

ਬਾਪੂ ਜੀ ਦੋ ਸਾਲ ਪਹਿਲਾਂ ਨਾ ਵਿਛੜੇ ਹੁੰਦੇ, ਇਹ ਰੰਗ ਦੇਖ ਕੇ ਖੌਰੇ ਕੀ ਕਹਿੰਦੇ। ਪਰ ਜ਼ਮੀਨ ਵਾਲੀ ਗੱਲ...? ਖੌਰੇ ਇਸ ਰਸਤੇ ਪੈਣ ਵੀ ਦਿੰਦੇ ਕਿ ਨਾ?

"**ਰਸਤਾ** ਕੀ ਐ ਬਸ ਲਾਲ ਕਾਲੀਨ ਬਿਛਿਆ ਹੋਇਐ...ਜਿਵੇਂ ਕਹਿੰਦੇ ਹੁੰਦੇ ਐ ਨਾ, ਰੈਡ ਕਾਰਪੈਟ...। ਸੈਨਸੇਕਸ ਵੀਹ ਹਜ਼ਾਰ ਤੋਂ ਟੱਪ ਗਿਐ। ਬੱਲੇ-ਬੱਲੇ ਹੋਈ ਪਈ ਐ ਵੀਰ!" ਮੈਂ ਬਲਬੀਰ ਨੂੰ ਕਹਿੰਦਾਂ। ਉਸਦੀ ਪ੍ਰਤੀਕ੍ਰਿਆ ਉਡੀਕਦਾਂ। ਇਸ ਮਾਮਲੇ 'ਚ ਉਸਦੀ ਪ੍ਰਤੀਕ੍ਰਿਆ ਅਕਸਰ ਨਪੀ-ਤੁਲੀ ਜਿਹੀ ਆਉਂਦੀ ਐ। ਬਾਈ ਅਮਰੀਕ ਦੀ ਭਾਸ਼ਾ ਬੋਲਦਾ-ਬੋਲਦਾ ਕਦੇ ਬਲਕਾਰ ਦੇ ਰੰਗ 'ਚ ਰੰਗਿਆ ਦਿਸਦੈ, ਅਖੇ, ਪ੍ਰੋਡਕਸ਼ਨ ਕਿੱਥੇ ਹੈ ਏਹ 'ਚ? ਤਾਂ ਕਦੇ ਕਿਸੇ ਹੋਰ ਈ ਭੰਬਲਭੂਸੇ 'ਚ ਪਿਆ ਹੁੰਦੈ।

ਮੈਂ ਕੈਲਕੁਲੇਟਰ ਚੁਕ ਲਿਐ। ਹਾਂ ਜੀ, ਹੈਰਾਨ ਹੋਣ ਵਾਲੀ ਗੱਲ ਤਾਂ ਭਾਵੇਂ ਹੈ ਈ। ਇਕ ਜੱਟ ਜਿਮੀਂਦਾਰ ਦੇ ਘਰ ਕੈਲਕੁਲੇਟਰ...? ਆ ਜਾਂਦਾ ਹੁੰਦੈ। ਚੰਗਾ ਸਮਾਂ ਜਦ ਆਉਂਦੈ, ਕਾਫੀ ਕੁੱਝ ਨਾਲ ਲਿਆਉਂਦੈ। ਪਹਿਲਾਂ ਖੇਤੀ ਦੇ ਸੰਦਾਂ ਤੋਂ ਸਿਵਾਇ ਨਰਮਾ- ਕਪਾਹ ਤੋਲਣ ਵਾਲਾ ਇਕ ਸਪਰਿੰਗ-ਕੰਡਾ ਈ ਹੁੰਦਾ ਸੀ ਘਰ 'ਚ। ਜਦੋਂ ਦੀ ਕੇਬਲ ਆਈ ਤੇ ਮੈਥ ਮਾਸਟਰ ਜੁਗਿੰਦਰ ਸਿੰਘ ਦੇ ਘਰ ਇਕ ਖਾਸ ਅਖਬਾਰ ਆਉਣ ਲੱਗਿਆ, ਉਦੋਂ ਤੋਂ ਹੋਰ ਵੀ ਬਥੇਰਾ ਕੁਝ ਆਇਐ ਪਿੰਡ 'ਚ।

ਪਿੰਡ 'ਚ ਨਹੀਂ ਬਲਕਿ ਲੋਕਾਂ ਦੇ ਘਰਾਂ ਵਿਚ। ਮੇਰੇ ਘਰ 'ਚ ਇਹ। ਮੇਰੇ ਕੋਲ ਉਹ। ਵਿਅਕਤੀਵਾਦ ਵੀ ਨਾਲ ਈ ਆਇਐ ਨਾ। ਪਹਿਲਾਂ ਇਕ ਟੀ.ਵੀ. ਹੁੰਦਾ ਸੀ, ਸੌ ਬੰਦੇ ਕੱਠੇ ਬੈਠ ਕੇ ਦੇਖਦੇ ਹੁੰਦੇ ਸੀ। ਹੁਣ ਸੌ ਚੈਨਲ ਨੇ, ਇਕ ਬੰਦਾ ਕੱਲਾ ਬੈਠ ਕੇ ਦੇਖਦੈ।

ਮੈਂ ਵੀ ਕੱਲਾ ਬੈਠਾ ਟੀ.ਵੀ. ਦੀ ਸਕਰੋਲ ਪੱਟੀ ਤੋਂ ਦੇਖ ਕੇ ਆਪਣੇ ਸ਼ੇਅਰਾਂ ਦੀ ਅੱਜ ਦੇ ਰੇਟ ਮੁਤਾਬਿਕ ਕੈਲਕੁਲੇਸ਼ਨ ਕਰ ਰਿਹਾਂ। ਮਾਰ ਥੋਡੀ ਓਏ ! ਕਈ ਵਾਰੀ ਤਾਂ ਦਿਲ ਵੀ ਟੋਕਾ ਮਸ਼ੀਨ ਆਲੇ ਇੰਜਣ ਵਾਂਗ ਧੜਕਣ ਲੱਗ ਪੈਂਦੈ। ਇਹ ਹਿਸਾਬ-ਕਿਤਾਬ ਵੀ ਸਾਲਾ ਬਾਣੀਏ-ਬਕਾਲਾਂ ਦੇ ਲੋਟ ਆਉਂਦੈ। ਨਾਲੇ ਸੋਚਦਾਂ, ਇੱਡੀ ਕੋਈ ਵੱਡੀ ਗੱਲ ਵੀ ਨਈਂ। ਜੱਟ ਅੱਜ ਕਿਹੜੀ ਗੱਲੋਂ ਘੱਟ ਨੇ? ਸ਼ੈਲਰ ਲਾਏ ਹੋਏ ਨੇ। ਆੜ੍ਹਤ ਦੀਆਂ ਦੁਕਾਨਾਂ ਖੋਲ੍ਹੀਆਂ ਹੋਈਆਂ ਨੇ।

ਖੈਰ ਜੀ, ਸੈਨਸੇਕਸ ਵੀਹ ਹਜ਼ਾਰ ਟੱਪ ਗਿਐ। ਗੱਲ ਕੀ, ਸਾਰੀਆਂ ਖਬਰਾਂ ਦਾ ਮੁਹਾਂਦਰਾ ਈ ਬਦਲਿਆ ਹੋਇਐ। ਸੋਨੇ ਦੇ ਰੇਟ ਵੀ...ਸਮਝੋ ਸੋਨੇ 'ਤੇ ਸੁਹਾਗਾ...। ਪ੍ਰਧਾਨਮੰਤ੍ਰੀ ਦਾ ਹਰ ਦੂਜੇ ਚੌਥੇ ਬਿਆਨ ਆ ਜਾਂਦੈ, ਭਾਰਤ ਦੀ ਵਿਕਾਸ ਦਰ ਇਹ, ਅਰਥਵਿਵਸਥਾ ਉਹ।

ਮਤਲਬ ਬੜੀ ਤਸੱਲੀ ਮਿਲਦੀ ਹੈ ਅਜਿਹੀਆਂ ਖਬਰਾਂ ਦੇਖ, ਸੁਣ ਕੇ।

ਉਂਝ ਖਬਰਾਂ ਵੀ ਉਹੀ ਚੰਗੀਆਂ ਲੱਗਦੀਆਂ ਨੇ ਜਿਨ੍ਹਾਂ ਨਾਲ ਲਗਾਅ ਮਹਿਸੂਸ ਹੋਵੇ। ਨਹੀਂ ਉਗਰਵਾਦ ਅਤੇ ਬੰਬ ਧਮਾਕਿਆਂ ਤੋਂ ਹੋਣ ਵਾਲੀਆਂ ਮੌਤਾਂ ਦਾ ਗ੍ਰਾਫ ਵੀ ਤਾਂ ਲਗਾਤਾਰ ਵੱਧ ਹੀ ਰਿਹੈ ਨਾ? ਆਮ ਖਬਰਾਂ ਵਾਂਗ ਦੇਖ ਛੱਡੀਦੀਆਂ ਨੇ। ਬੰਬ ਧਮਾਕਿਆਂ ਨਾਲ ਚਿਥੜੇ-ਚਿਥੜੇ ਹੋਈਆਂ ਲਾਸ਼ਾਂ। ਫੱਟੜ ਹੋਏ ਬੱਚੇ, ਔਰਤਾਂ ਦਾ ਰੁਦਨ ਦੇਖ ਕੇ ਸੰਵੇਦਨਹੀਨ ਹੋਏ ਦਿਲ 'ਚ ਪਤਾ ਨਹੀਂ ਕਿਉਂ ਹੁਣ ਧੁੜਕੂ ਜਿਹਾ ਨਹੀਂ ਉਠਦਾ।

ਪਰ ਸ਼ੇਅਰ ਬਜ਼ਾਰ 'ਚ ਉਛਾਲ, ਵਿਦੇਸ਼ੀ ਪੂੰਜੀ ਨਿਵੇਸ਼, ਰੀਅਲ ਅਸਟੇਟ 'ਚ ਬੂਮ, ਅਜਿਹੀਆਂ ਖਬਰਾਂ ਵੱਲ ਮੇਰਾ ਰੁਝਾਨ ਵੱਧ ਹੈ। ਜਾਂ ਫੇਰ ਕੱਢਿਆ ਹੀਰੋ ਹੋਂਡਾ ਤੇ ਚਲ ਮੰਡੀ ਨੂੰ ਚੱਲੀਏ...ਦੂਏ-ਤੀਏ ਇਕ ਗੇੜਾ ਤਾਂ ਪੱਕਾ ਈ ਐ। ਹਰਾ ਵੀ ਹੁਣ ਤਾਂ ਭਈਆ ਹੀ ਲਿਆਉਂਦੈ। ਡੰਗਰ-ਪਸ਼ੂ, ਗੋਹਾ-ਕੂੜਾ, ਧਾਰਾਂ ਕੱਢਣੀਆਂ, ਸਭ ਉਸੇ ਦੇ ਹਵਾਲੇ। ਉਂਝ ਵੀ ਕੋਈ ਜ਼ਰੂਰੀ ਤਾਂ ਨਹੀਂ ਕਿ ਹਰ ਬੰਦਾ ਗੋਹਾ-ਕੂੜਾ ਈ ਕਰੇ, ਧਾਰਾਂ ਈ ਚੋਈ ਜਾਵੇ....। ਆਪੋ-ਆਪਣੇ ਕੰਮ...। ਜਿਵੇਂ ਭਈਏ ਨੂੰ ਸ਼ੇਅਰ ਮਾਰਕਿਟ ਦਾ ਫੰਡਾ ਨੀਂ ਪਤਾ।

ਕੋਈ ਬਹੁਤਾ ਸਮਾਂ ਨਹੀਂ ਲੰਘਿਆ। ਜਿਵੇਂ ਪਹਿਲਾਂ ਕ੍ਰਿਕੇਟ ਦੇ ਸਕੋਰ ਵੱਲ, ਉਸੇ ਤਰ੍ਹਾਂ ਹੁਣ ਸੈਨਸੇਕਸ 'ਤੇ ਮੇਰੀਆਂ ਨਜ਼ਰਾਂ ਰਹਿੰਦੀਆਂ ਨੇ। ਸਗੋਂ ਲੱਗਦੀ ਵਾਹ ਇਕ ਗੇੜਾ ਮੈਥ ਮਾਸਟਰ ਜੁਗਿੰਦਰ ਕੋਲ ਵੀ ਡੇਲੀ ਮਾਰ ਆਉਂਦਾਂ। ਡਿਸਕੱਸ ਕਰੀਦੈ...। ਉਹਦੇ ਘਰ ਵੀ ਮੇਰੇ ਵਾਲਾ ਖਾਸ ਅਖਬਾਰ ਜੁ ਆਉਂਦੈ। ਅਮਰੀਕ ਇਹਨੂੰ ਗੁਲਾਬੀ ਅਖਬਾਰ ਕਹਿੰਦੈ। ਆਪਾਂ ਤਾਂ...ਰੰਗਾਂ ਵਿਚ ਕੀ ਰੱਖਿਆ। ਉਸ ਵਿਚਲੀਆਂ ਗੱਲਾਂ ਪਹਿਲਾਂ ਤਾਂ ਨੀਂ ਏਨੀਆਂ ਪੱਲੇ ਪੈਂਦੀਆਂ ਸੀ, ਹੁਣ ਪੈਣ ਲੱਗ ਪਈਆਂ ਨੇ।

ਮਾਸਟਰ ਕਹਿੰਦਾ, "ਹੁਣ ਤਾਂ ਪੱਲੇ ਪੈਣੀਆਂ ਈ ਨੇ। ਜਿਹਦੇ ਘਰ ਦਾਣੇ, ਉਹਦੇ ਕਮਲੇ ਵੀ ਸਿਆਣੇ। ਬਈ ਹੁਣ ਤੇਰੇ ਛੇਅਰ ਅਸਮਾਨ ਸੂ ਰਹੇ ਨੇ।" ਪਾੜ੍ਹੇ ਦਸਦੇ ਹੁੰਦੇ ਐ, ਉਹ ਸ਼ੇਰ ਨੂੰ ਛੇਰ ਕਹਿੰਦੈ ਤੇ ਛਤਰੀ ਨੂੰ ਸ਼ਤਰੀ। ਛਤਰੀ ਆਲੀ ਗੱਲ ਵੀ ਬਾਅਦ 'ਚ ਦੱਸੂੰ ਖੋਲ੍ਹ ਕੇ।

ਜੁਗਿੰਦਰ ਨੇ ਹੀ ਮੈਂ ਨੂੰ ਸ਼ੇਅਰਾਂ ਵਾਲੇ ਰਸਤੇ ਪਾਇਆ ਸੀ। ਕਈ ਵਾਰੀ ਕਹਿੰਦਾ ਹੁੰਦੈ, "ਚੰਗੇ ਵੇਲੇ ਤੈਂ ਮੇਰੀ ਮਤ ਮੰਨ ਲੀ ਜਗਦੇਵ ਸਿਆਂ। ਕੋਈ ਵੇਲਾ ਈ ਹੁੰਦੈ...।"

ਵਾਕਈ ਉਹ ਚੰਗਾ ਵੇਲਾ ਹੀ ਸੀ ਕੋਈ। ਨਹੀਂ ਏਨਾ ਬੋਲਡ ਸਟੈਪ ਚੁਕਣਾ ਕੋਈ ਸੌਖਾ ਕੰਮ ਐ? ਉਹ ਵੀ ਲੀਕ ਤੋਂ ਹਟ ਕੇ। ਉਂਝ ਆਪਣੇ ਮੂੰਹੋਂ ਆਪ ਕੀ ਕਹਿਣਾ। ਸਾਰੇ ਤਾਂ ਘਰ ਦੇ ਗਹਿਣੇ ਵੇਚ ਦਿੱਤੇ ਸੀ। ਵਿਚਾਰੀ ਘਰਵਾਲੀ ਨੇ ਵੀ ਪਤਾ ਨਹੀਂ ਕਿਵੇਂ ਦਿਲ 'ਤੇ ਪੱਥਰ ਧਰਿਆ ਹੋਣੈ।

ਪਰ ਸ਼ੁਕਰ ਐ, ਹੁਣ ਖੁਸ਼ ਹੈ। ਉਂਝ ਖੁਸ਼ ਜਾਂ ਸੰਤੁਸ਼ਟ ਤਾਂ ਕੋਈ ਪਹੁੰਚਿਆ ਹੋਇਆ ਹੀ ਹੋ ਸਕਦੈ। ਗਹਿਣਿਆਂ ਨੂੰ ਤਾਂ ਭਾਵੇਂ ਝੂਰਦੀ ਈ ਹੋਣੀ ਐ। ਬੰਦੇ ਦੀ ਲਾਲਸਾ ਹੀ ਨਹੀਂ ਮਿਟਦੀ ਸਾਰੀ ਉਮਰ। ਜਿਉਣ ਦਾ ਜ਼ਰੀਆ ਵੀ ਦੁੱਖ ਈ ਹੁੰਦੇ ਨੇ। ਹੋਰ ਨਹੀਂ ਤਾਂ ਪੁਰਾਣੇ ਪੋਤੜੇ ਹੀ ਫਰੋਲਣ ਲੱਗ ਪੈਂਦੈ। ਅਖੇ ਉਹ ਵੀ ਕਿਆ ਦਿਨ ਸਨ। ਹੁਣ ਤਾਂ ਤੁਸੀਂ ਹਰ ਵੇਲੇ ਸ਼ੇਅਰਾਂ 'ਚ ਹੀ...। ਲਓ ਕਰ ਲਓ ਗੱਲ, ਇਥੇ ਵੀ ਡੀ-ਮੈਰਿਟਸ ਲੱਭ ਲਏ...? ਔਰਤ ਜ਼ਾਤ...ਗੁੱ ਤ ਪਿੱਛੇ ਮਤ...ਨਾ ਗੱਲ ਨਾ ਬਾਤ...। ਕੌਣ ਸਮਝਾਵੇ?

ਰਾਤ ਨੂੰ ਵੀ ਜਦ ਮੈਂ ਮਾਰਕਿਟ ਦਾ ਰੁਝਾਨ ਦੱਸਦਾਂ ਤਾਂ ਉਹ ਅਕਸਰ ਕੋਈ ਸਪਸ਼ਟ ਪ੍ਰਤੀਕ੍ਰਿਆ ਨਹੀਂ ਦਿੰਦੀ। ਉਂਝ ਵੀ ਹੁਣ ਤਾਂ ਉਸਦਾ ਪ੍ਰਤੀਕ੍ਰਮ ਬਿੱਲਕੁਲ ਠੰਡਾ ਜਿਹਾ ਹੁੰਦੈ। ਰੋਜ਼ਾਨਾ ਸੌਣ ਤੋਂ ਪਹਿਲਾਂ ਬਥੇਰਾ ਸੋਚੀਦੈ ਬਈ ਅੱਜ ਮਾਰਕਿਟ ਬਾਰੇ ਕੋਈ ਗੱਲ ਨਹੀਂ ਕਰਨੀ। ਪਰ ਜਿਹੜੀ ਚੀਜ਼ ਸਾਲੀ ਦਿਮਾਗ਼ ਨੂੰ ਚੜ੍ਹੀ ਹੋਵੇ...।

ਭਾਵੇਂ ਮੇਰਾ ਹਰ ਸਮੇਂ ਟੀ.ਵੀ. ਤੇ ਅਖਬਾਰ 'ਚੋਂ ਬਜ਼ਾਰ ਹੀ ਲੱਭੀ ਜਾਣਾ ਘਰ 'ਚ ਕਦੇ ਵੱਡਾ ਮਸਲਾ ਬਣ ਕੇ ਤਾਂ ਨਹੀਂ ਉਭਰਿਆ, ਪਰ ਕੋਈ ਗੱਲ ਹੈ ਜ਼ਰੂਰ ਜੋ ਅੰਦਰੋ-ਅੰਦਰੀ ਸੁਲਗ ਰਹੀ ਹੈ। ਖੌਰੇ ਉਹ ਸਮਝਦੀ ਕਿਉਂ ਨਹੀਂ, ਟੀ.ਵੀ. ਚੈਨਲਾਂ ਨੇ ਕਾਹਤੇ ਇਹ ਸਾਰਾ ਕੁਝ ਬੈਡਰੂਮ 'ਚ ਮੁਹੱਈਆ ਕਰਵਾਇਆ ਹੋਇਐ? ਜੋ, ਇਕ ਏਲਿਅਨ ਵਾਂਗ, ਗੁੱਪ-ਚੁੱਪ ਸਾਡੇ ਬੈਡਰੂਮ ਵਿਚ ਆ ਵੜਿਆ, ਮੈਨੂੰ ਤਾਂ ਪਰਵਾਰ ਦਾ ਜੀਅ ਹੀ ਲੱਗਣ ਲੱਗ ਪਿਐ।

ਪਰ ਘਰਵਾਲੀ ਦਾ ਰਵੱਇਆ ਇਸ ਪ੍ਰਤੀ ਬੜੀ ਛੇਤੀ ਬਦਲਣ ਲੱਗਿਆ। ਮੇਰੀ ਵੀ ਕਮੀ ਕਹੋ ਜਾਂ ਖੂਬੀ, ਮਾਹੌਲ ਨੂੰ ਝਟ ਤਾੜ ਜਾਂਦਾਂ। ਟੀ.ਵੀ. ਨੇ ਸ਼ਾਇਦ ਮੇਰੇ ਲਈ ਹੀ ਇਕ ਸਮਾਨਾਂਤਰ ਦੁਨੀਆ ਸਿਰਜੀ ਸੀ, ਜਿਸ ਵਿਚ ਆਪਣੀਆਂ ਆਸ-ਉਮੀਦਾਂ ਨੂੰ ਸ਼ਿਫਟ ਕਰਨ ਵਿਚ ਮੈਂ ਜ਼ਰਾ ਵੀ ਦੇਰ ਨਹੀਂ ਸੀ ਲਾਈ।

ਅੱਜਕਲ੍ਹ ਮੈਂ ਟੀ.ਵੀ. ਬੈਠਕ ਵਿਚ ਸ਼ਿਫਟ ਕੀਤਾ ਹੋਇਐ। ਬਹੁਤਾ ਕਲੇਸ਼ ਵੀ ਕਾਹਨੂੰ?

ਮਾਸਟਰ ਵੀ ਇਕ ਦਿਨ ਕਹਿੰਦਾ ਸੀ, "ਤੇਰੀ ਭਾਬੀ ਯਾਰ, ਇਸ ਅਖਬਾਰ ਤੋਂ ਬਓ ਚਿੜ੍ਹਦੀ ਐ। ਦੋ-ਤਿੰਨ ਵਾਰੀ ਤਾਂ ਪਾੜ ਕੇ ਈ ਸੁੱਟ 'ਤਾ।"

ਸਰਬਜੀਤ ਉਂਝ ਬਹੁਤ ਸਿਆਣੀ ਹੈ। ਸਾਊ ਵੀ। ਮੈਂ ਵੀ ਕਿਹੜਾ ਜਿਦ ਫੜਦਾਂ। ਕੁਝ ਪਰਦਾ ਵੀ ਹੁੰਦਾ ਈ ਐ।

ਉਂਝ ਜੁਗਿੰਦਰ ਨੂੰ ਤਾਂ ਗਹਿਣੇ-ਗੱਟਿਆਂ ਬਾਰੇ ਹੀ ਪਤੈ। ਇਹੀ ਗੱਲ ਹੁਣ ਪਿੰਡ ਵਿਚ ਪਤੈ ਕਿ ਮੈਂ ਘਰ ਦੇ ਸਾਰੇ ਗਹਿਣੇ ਵੇਚ ਕੇ ਸ਼ੇਅਰ ਖਰੀਦ ਲਏ ਸੀ। ਇਹ ਵੀ ਮੈਂ ਉਦੋਂ ਪਤਾ ਲੱਗਣ ਦਿੱਤੈ ਜਦੋਂ ਦੀ ਸ਼ੇਅਰਾਂ ਦੀ ਬੱਲੇ-ਬੱਲੇ ਹੋਈ ਹੈ। ਨਹੀਂ ਕੋਈ ਥੋੜੀ ਥੂ -ਥੂ ਹੋਣੀ ਸੀ ਪਿੰਡ ਵਿਚ। ਚੜ੍ਹਾਈ ਤੋਂ ਬਾਅਦ ਤਾਂ ਮੇਰੇ ਮਨ ਵਿਚ ਵੀ ਇੱਛਾ ਜਾਗ ਪਈ ਸੀ ਕਿ ਮੇਰੇ ਇਸ ਬੋਲਡ ਸਟੈਪ ਦੀ ਚਰਚਾ ਹੋਵੇ। ਸਮਰੱਥ ਤੇ ਅਮੀਰ ਦਿਸਣ ਦੀ ਹਵਸ ਕੀਹਨੂੰ ਨਹੀਂ ਹੁੰਦੀ...। ਹੁਣ ਤਾਂ ਖੌਰੇ ਕਿੰਨਿਆਂ ਨੂੰ ਆਪਣੇ ਘਰ 'ਚ ਪਏ ਗਹਿਣੇ ਵੀ ਚੁਭਦੇ ਹੋਣੇ।

ਜ਼ਮੀਨ ਵਾਲੀ ਗੱਲ ਮੈਂ ਕਿਸੇ ਨੂੰ ਨਹੀਂ ਦੱਸੀ। ਘਰਵਾਲੀ ਨੂੰ ਵੀ ਨਹੀਂ। ਭਾਫ ਵੀ ਨਹੀਂ ਨਿਕਲਣ ਦਿੱਤੀ। ਕੋਈ ਸੋਚ ਵੀ ਨਹੀਂ ਸਕਦਾ ਕਿ ਪਿੰਡ ਦੀ ਫਿਰਨੀ ਨਾਲ ਲੱਗਦਾ ਅੱਠ ਕਿੱਲਿਆਂ ਦਾ ਡੱਬੀ ਵਰਗਾ ਟੱਕ ਮੈਂ ਗਹਿਣੇ ਧਰ ਕੇ ਸ਼ੇਅਰਾਂ ਵਿਚ ਲਾ ਦਿੱਤਾ ਹੋਇਐ। ਜ਼ਮੀਨ ਵੇਚ ਤਾਂ ਮੈਂ ਵਿੱਘਾ ਵੀ ਨਹੀਂ ਸੀ ਸਕਦਾ।

"ਜ਼ਮੀਨ ਤਾਂ ਜੱਟ ਦੀ ਮਾਂ ਹੁੰਦੀ ਐ ਬੱਲੇਆ...!" ਬਾਪੂ ਜੀ ਨੇ ਵੀ ਮਾਹਰਾਜ ਦੇ ਚਰਨਾਂ 'ਚ ਬੈਠਿਆਂ ਨੇ ਈ ਖੂੰਡੀ ਵਗਾਹ ਕੇ ਮਾਰਨੀ ਸੀ ਮੇਰੇ ਗਿੱਟਿਆਂ ਵਿਚ। ਦੇਖਿਆ ਜਾਵੇ ਤਾਂ ਗੱਲ ਹੈ ਵੀ ਸਹੀ। ਕੋਈ ਚਾਰ ਕਨਾਲਾਂ ਵੀ ਥਾਂ ਖਰੀਦਦੈ ਤਾਂ ਪਿੰਡ 'ਚ ਉਸਦੇ ਚਰਚੇ ਹੁੰਦੇ ਨੇ। ਕੋਈ ਚੰਗਾ ਭਲਾ ਜਿਮੀਂਦਾਰ ਜ਼ਮੀਨ ਵੇਚੇ...? ਸ਼ਰੀਕਾਂ, ਰਿਸ਼ਤੇਦਾਰਾਂ ਨੂੰ ਕਿਵੇਂ ਸਮਝਾਇਆ ਜਾ ਸਕਦੈ? ਜੱਟ ਦਾ ਸਮਾਜਵਿਗਿਆਨ ਤੇ ਮਨੋਵਿਗਿਆਨ ਜਮਾਂ ਈ ਵੱਖਰਾ ਐ, ਮੈਂ ਦੱਸਾਂ ਥੋਨੂੰ। ਮਾਰਕਿਟ ਦਾ ਫੰਡਾ ਤਾਂ ਕਿਸੇ ਨੂੰ ਕਲੀਅਰ ਹੈ ਈ ਨਹੀਂ। ਸੋ ਮੈਂ ਸਿਰਫ ਆੜ੍ਹਤੀ ਨਾਲ ਗੱਲ ਕੀਤੀ ਸੀ। ਸਾਰਾ ਸੌਦਾ ਗੁਪਤ। ਪੈਲੀ ਠੇਕੇ 'ਤੇ ਤਾਂ ਪਹਿਲਾਂ ਹੀ ਦਿੰਦਾ ਹੁੰਦਾਂ। ਹੁਣ ਵੀ ਠੇਕੇ 'ਤੇ ਦੇਵਾਂਗਾ ਤਾਂ ਮੈਂ ਹੀ, ਪਰ ਠੇਕਾ ਆੜ੍ਹਤੀ ਦੇ ਖਾਤੇ ਵਿਚ ਜਾਵੇਗਾ। ਬਸ।

ਬਸ ਤਾਂ ਹੋਈ ਪਈ ਐ ਮੇਰੇ ਦੋਖੀਆਂ ਦੀ। ਆੜ੍ਹਤੀਏ ਦਾ ਸੁਪਨਾ ਵੀ ਸਮਝੋ ਚੂਰੋ-ਚੂਰ। ਅੱਜ ਦੀ ਤਰੀਕ ਵਿਚ ਮੈਂ ਚਾਹਾਂ ਤਾਂ ਆਪਣੇ ਸ਼ੇਅਰ ਵੇਚ ਕੇ, ਬਲਕਿ ਚਾਰ ਕਿੱਲੇ ਹੋਰ ਖਰੀਦ ਸਕਦਾਂ। ਪਰ ਨਹੀਂ। ਮੇਰੇ ਅਖਬਾਰ ਅਤੇ ਬਿਜਨੇਸ ਚੈਨਲਾਂ ਨੇ ਫੰਡਾ ਇਕਦਮ ਕਲੀਅਰ ਕਰ ਦਿੱਤੈ। ਬਹੁਤ ਘਟ ਸਮੇਂ ਵਿਚ ਇਹ ਜ਼ਮੀਨ ਜ਼ਿਆਦਾ ਨਹੀਂ ਤਾਂ ਦੁਗਣੀ ਜ਼ਰੂਰ ਹੋ ਜੂ।

ਅੰਦਰਲਾ ਜੱਟ ਅਕਸਰ ਕਹਿੰਦੈ, ਯਾਰ ਛੇਤੀ ਜਿਹੇ ਜ਼ਮੀਨ ਤਾਂ ਛੁੜਵਾ ਹੀ ਲੈ। ਮੌਕਾ ਹੈ। ਫੇਰ ਦਿਮਾਗ਼ ਦੇ ਕਿਸੇ ਖੂੰਜੇ 'ਚੋਂ ਬਾਣੀਆ ਜਾਗ ਪੈਂਦੈ, ਅਜੇ ਰੁਕ। ਦਿਲ, ਦਿਮਾਗ...ਜੱਟ ਤੇ ਬਾਣੀਏ ਦਾ ਅੰਤਰਦਵੰਦ। ਇਕ ਅਜੀਬ ਕਿਸਮ ਦੀ ਖਿਆਲਾਂ ਦੀ ਦੌੜ...।

ਮੇਰੇ ਸਲਾਹਕਾਰ ਬਿੱਲੂ ਬਾਦਸ਼ਾਹ ਦਾ ਤਰਕ...। ਫਿਲਹਾਲ ਮਨੀ ਰਾਮ ਮੰਨ ਜਾਂਦੈ। ਉਂਝ ਵੀ ਕਾਹਲੀ ਕਾਹਦੀ ਹੈ। ਆੜ੍ਹਤੀਏ ਨਾਲ ਦੋ ਸਾਲ ਦਾ ਕਰਾਰ ਹੈ। ਲਿਖ-ਪੜ੍ਹ ਹੋਈ ਵਈ ਐ। ਦੋ ਸਾਲ ਬਾਅਦ ਜੇ ਪੈਸੇ ਨਾ ਮੋੜੇ ਤਾਂ ਤੈਅ ਰੇਟ 'ਤੇ ਜ਼ਮੀਨ ਲੈ ਜੂ।

ਚਲੋ ਬਾਣੀਆਂ ਵੀ ਖੁਸ਼ ਹੋ ਲਵੇ...। ਕਾਗਜ਼ਾਂ ਦਾ ਢਿੱਡ ਤਾਂ ਭਰਨਾ ਹੀ ਪੈਂਦੈ। ਉਹਨੇ ਵੀ ਆਖਰ ਲੱਖਾਂ ਰੁਪਏ ਦਿੱਤੇ ਐ ਵਿਚਾਰੇ ਨੇ। ਕਰਜਿਆਂ ਕਰਕੇ ਕਿੰਨੇ ਈ ਕਿਸਾਨ ਖੁਦਕੁਸ਼ੀਆਂ ਕਰੀ ਜਾਂਦੇ ਐ। ਜਬਾਨੀ ਕਲਾਮੀ ਆਲਾ ਫੇਰ ਕੀਹਦੀ ਮਾਂ ਨੂੰ ਮਾਸੀ ਆਖੂ?

ਇੱਟ ਵਰਗਾ ਇਕ ਸੱਚ ਦੱਸਾਂ? ਗੁਲਾਬੀ ਅਖਬਾਰ ਤੇ ਸ਼ੇਅਰ ਬਜ਼ਾਰ ਰਲ ਕੇ ਵੀ ਜੱਟ ਦਾ ਜ਼ਮੀਨ ਪ੍ਰਤੀ ਜਿਹੜਾ ਫੰਡਾ ਹੈ ਨਾ, ਉਹ ਨਹੀਂ ਬਦਲ ਸਕੇ। ਜ਼ਮੀਨ ਬਾਰੇ ਸੋਚ ਕੇ ਕਈ ਵਾਰੀ ਮਨ ਹੋਰੂੰ ਜਿਹਾ ਹੋ ਜਾਂਦੈ। ਸੁਪਨੇ ਵਿਚ ਵੀ ਸੀਲਿੰਗ ਫੈਨ ਦਿੱਸਣ ਲੱਗ ਪੈਂਦੈ। ਸੋਚਦਾਂ ਠੰਡੀ ਘਰਵਾਲੀ ਨਹੀਂ, ਉਹ ਸਮੱਸਿਆ ਦਰਅਸਲ ਮੇਰੀ ਹੈ। ਤਾਂਈਓਂ ਪੈਲੀ ਭਾਵੇਂ ਠੇਕੇ 'ਤੇ ਦਿੱਤੀ ਹੋਈ ਹੈ ਫੇਰ ਵੀ ਕਈ ਵਾਰੀ ਪਰਲੇ ਖੇਤ ਤਾਂ ਗੇੜਾ ਮਾਰ ਆਈਦੈ, ਇਸ ਖੇਤ 'ਚ ਜਾਣੋ ਝੱਕਦਾਂ। ਬਾਣੀਏ ਦੀ ਵਹੀ ਝੱਟ ਅੱਖਾਂ ਸਾਹਵੇਂ ਆ ਜਾਂਦੀ ਐ।

ਫੇਰ ਸੋਚਦਾਂ ਕੁਝ ਸ਼ੇਅਰਾਂ ਦੀ ਹੀ ਤਾਂ ਮਾਰ ਹੈ। ਸਿਆਪਾ ਮੁੱਕੂ। ਪਾਵਰ ਸੈਕਟਰ, ਰਿਅਲਟੀ, ਆਈ.ਟੀ...ਸਭ ਨੇ ਅਸਮਾਨ ਦਾ ਰੁੱਖ ਕੀਤਾ ਹੋਇਐ। ਕਿਹੜੇ ਵੇਚਾਂ? ਇਕ ਪਲੜੇ ਵਿਚ ਬਾਣੀਏ ਦੀ ਬਹੀ, ਦੂਸਰੇ ਵਿਚ ਅਸਮਾਨ ਦਾ ਰੁੱਖ ਕੀਤੇ ਸ਼ੇਅਰ ...ਬਿਨਾ ਭਾਵੁਕ ਹੋਇਆਂ ਤਕੜੀ ਤੋਲਣ ਦੀ ਕੋਸ਼ਿਸ਼ ਕਰਦਾਂ।

ਖੈਰ ਭਾਵਨਾਵਾਂ ਵੀ ਹੁੰਦੀਆਂ ਈ ਨੇ ਬੰਦੇ ਦੀਆਂ। ਪਰ ਗੱਲ ਮਾਸਟਰ ਜੀ ਦੀ ਵੀ ਸੋਲ੍ਹਾਂ ਆਨੇ ਸਹੀ ਹੈ। ਬਿਜ਼ਨਸ ਭਾਵਨਾਵਾਂ ਦੇ ਵਹਿਣ ਵਿਚ ਵਹਿ ਕੇ ਨਹੀਂ ਕੀਤਾ ਜਾ ਸਕਦਾ। ਚੰਗੀ ਤਰ੍ਹਾਂ ਸਮਝਦਾਂ ਇਨ੍ਹਾਂ ਚੀਜਾਂ ਨੂੰ। ਪਤੈ ਵਿਕਾਸ ਨਾਲ ਬਦਲਾਅ ਆਉਂਦੈ ਤੇ ਬਦਲਾਅ ਅਕਸਰ ਸੁਖਦਾਈ ਨਹੀਂ ਹੁੰਦਾ। ਇਥੇ ਵੀ ਮੈਨੂੰ ਇਕ ਫੰਡਾ ਹੋਰ ਬੜਾ ਕਲੀਅਰ ਹੈ। ਬਦਲਾਅ ਦੇ ਹਰ ਦੌਰ ਦੀ ਮਾਰ ਕਮਜ਼ੋਰ ਵਰਗ ’ਤੇ ਹੀ ਵੱਧ ਪੈਂਦੀ ਹੈ। ਜਿਵੇਂ ਜੰਗ ਦਾ ਮਾੜਾ ਅਸਰ ਸਭ ਤੋਂ ਵੱਧ ਗਰੀਬ-ਗੁਰਬਿਆਂ ਅਤੇ ਔਰਤਾਂ, ਬੱਚਿਆਂ ’ਤੇ ਪੈਂਦੈ।

ਅੱਜਕਲ੍ਹ ਤਾਂ ਕਾਰੋਬਾਰ ਵੀ ਸਾਲਾ ਕਿਸੇ ਜੰਗ ਤੋ ਘਟ ਨਹੀਂ। ਗਲ-ਕੱਟ ਕੰਪੀਟੀਸ਼ਨ। ਕਾਰੋਬਾਰ ਦੇ ਸਿਲਸਿਲੇ ਵਿਚ ਮੇਰਾ ਦੂਜਾ ਸਟੈੱਪ ਵੀ ਫੁੱਲ ਕਾਮਯਾਬ ਰਿਹੈ। ਇਸ ਲਈ ਮੈਂ ਬਿੱਲੂ ਦਾ ਬੜਾ ਅਹਿਸਾਨ ਮੰਨਦਾਂ। ਮੇਰੇ ਗੁਆਂਢੀ ਬਲਬੀਰ ਸਿੰਘ ਦਾ ਛੋਟਾ ਮੁੰਡਾ ਬਲਵਿੰਦਰ।

ਕਈ ਦਿਨਾਂ ਤੱਕ ਮੇਰੇ ਪਿੱਛੇ ਪਿਆ ਰਿਹਾ, “ਚਾਚਾ, ਸ਼ਹਿਰ ’ਚ ਕੋਈ ਥੋੜ੍ਹੀ-ਮੋਟੀ ਇਨਵੇਸਟਮੈਂਟ...। ਮਾਰਕਿਟ ਛੜੱਪੇ ਮਾਰਦੀ ਜਾ ਰਹੀ ਐ।“

ਚੈਨਲਾਂ ’ਤੇ ਵੀ ਰੀਅਲ ਅਸਟੇਟ, ਰੀਅਲ ਅਸਟੇਟ ਦਾ ਰੌਲਾ ਪਿਆ ਹੋਇਆ ਸੀ। ਐਵੇਂ ਈ ਰੌਲ਼ਾ ਪੈਣ ਵਾਲੀ ਗੱਲ ਵੀ ਨਹੀਂ ਸੀ। ਪਰ ਮੈਂ ਕਦੇ ਬਹੁਤੀ ਗ਼ੌਰ ਨਹੀਂ ਸੀ ਕੀਤੀ। ਇਕ ਦਿਨ ਬਿੱਲੂ ਨੇ ਸਮਝਾਈ ਫੇਰ ਸਾਰੀ ਰਾਮ ਕਹਾਣੀ। ਸ਼ਹਿਰ’ਚ ਪ੍ਰਾਪਰਟੀ ਡੀਲਰਾਂ ਨੂੰ ਮਿਲਵਾਇਆ। ਚੰਗੀਆਂ ਕਲੋਨੀਆਂ ਦੀ ਕੁਝ ਸਟੱਡੀ ਖੁਦ ਉਹਨੇ ਵੀ ਕੀਤੀ ਹੋਈ ਸੀ।

ਸਭ ਜਾਣਦੇ ਐ, ਅੱਜਕਲ੍ਹ ਸ਼ਹਿਰੀ ਪ੍ਰਾਪਰਟੀ ’ਚ ਆਏ ਬੂਮ ਨੇ ਬੰਬ ਬੁਲਾ ਰੱਖੇ ਨੇ।

ਕਈ ਵਾਰੀ ਮੌਕਾ-ਮੇਲ ਈ ਹੁੰਦੈ। ਉਧਰ ਦੋ-ਤਿੰਨ ਘੈਂਟ ਆਈ.ਪੀ.ਓ. ਆਏ ਹੋਏ ਸੀ, ਇਧਰ ਬਿੱਲੂ ਨੇ ਪਲਾਟਾਂ ਬਾਰੇ ਗੱਲ ਚਲਾਈ। ਦੋਨਾਂ ਥਾਵਾਂ ’ਤੇ ਇਨਵੈਸਟਮੈਂਟ ਕਰਨ ਨੂੰ ਜੀਅ ਕਰੇ, ਪਰ ਨੰਗੀ ਧੋਵੇ ਕੀ ਤੇ ਨਿਚੋੜੇ ਕੀ? ਟ੍ਰੈਕਟਰ, ਕਿਸਾਨ ਕਾਰਡ ਤੇ ਕੋਆਪਰੇਟਿਵ ਸੁਸਾਇਟੀ ਦੀਆਂ ਕਿਸ਼ਤਾਂ ਰੋਕ ਕੇ ਤਾਂ ਪਹਿਲਾਂ ਹੀ ਸ਼ੇਅਰਾਂ ’ਚ ਲਾ ਬੈਠਾ ਸਾਂ...।

ਪਰ ਰਸਤਾ ਕੱਢਣ ਵਾਲੇ ਕੱਢ ਹੀ ਲੈਂਦੇ ਹੁੰਦੇ ਨੇ। ਭਾਵੇਂ ਬੜਾ ਕਠਿਨ ਸਮਾਂ ਸੀ ਉਹ। ਫੈਸਲੇ ਦੀ ਘੜੀ...। ਫਿਰਨੀ ਦੇ ਨਾਲ ਵਾਲਾ ਟੱਕ ਗਹਿਣੇ ਧਰਨ ਦਾ ਸਵਾਲ...। ਕੁਝ ਆੜ੍ਹਤੀ ਤੋਂ ਹੋਰ ਫੜ ਲਏ। ਜਦ ਫੰਡਾ ਕਲੀਅਰ ਹੋਵੇ, ਬੋਲਡ ਤੋਂ ਬੋਲਡ ਸਟੈੱਪ ਵੀ ਚੁੱਕ ਸਕਦੈ ਬੰਦਾ।

ਕੁਲ ਛੇ ਮਹੀਨੇ ਹੋਏ ਨੇ। ਮਾਰਕਿਟ ਦਾ ਰੁਖ ਦੇਖ ਕੇ ਪਤਾ ਲੱਗਦੈ ਬਈ ਮੁੰਡਾ ਸ਼ੇਅਰਾਂ ਵਾਂਗ ਰੀਅਲਟੀ ਮਾਰਕਿਟ ਦੀ ਵੀ ਨਬਜ਼ ਸਿਆਣਦੈ। ਉਹ ਇਹਨੂੰ ਫੰਡਾ ਕਹਿੰਦੈ।

“ਜਗਦੇਵ ਸਿਆਂ ਘਰੇ ਈ ਐਂ?” ਬੂਹੇ ’ਤੇ ਬੁਲਾਰਾ ਜਿਹਾ ਸੁਣ ਕੇ ਮੈਂ ਟੀ.ਵੀ. ਮਿਊਟ ਕਰ ਲਿਐ।

“ਆਜਾ, ਲੰਘਿਆ ਵੀਰ। ਸੁੱਖ-ਸਾਂਦ?” ਉਸਦੇ ਚਿਹਰੇ ’ਤੇ ਪਰੇਸ਼ਾਨੀ ਦੇ ਭਾਵ ਦੇਖ ਕੇ ਮੈਂ ਆਪਣੇ ਚਿਹਰੇ ਦੀ ਰੌਣਕ ਨੂੰ ਵੀ ਮਿਊਟ ਕਰ ਲਿਐ। ਉਹ ਕੁਝ ਨਹੀਂ ਬੋਲਿਆ। ਮੰਜੇ ’ਤੇ ਬੈਠ ਕੇ ‘ਖਾਮੋਸ਼’ ਟੀ.ਵੀ. ਵੱਲ ਚੁੱਪਚਾਪ ਦੇਖਣ ਲੱਗ ਪਿਐ। ਸ਼ੇਅਰ ਮਾਰਕਿਟ ਦਾ ਵਿਸ਼ਲੇਸ਼ਣ ਚਲ ਰਿਹੈ। ਸ਼ੇਅਰਾਂ-ਸ਼ੂਰਾਂ ਨੂੰ ਤਾਂ ਉਹ ਕੁੱਤਾ ਕੰਮ ਹੀ ਕਹਿੰਦਾ ਹੁੰਦੈ।

ਮੈਂ ਉਸ ਵੱਲ ਸਵਾਲੀਆ ਨਜ਼ਰਾਂ ਨਾਲ ਤੱਕ ਰਿਹਾਂ। ਕਹਿੰਦਾ, “ਸੁੱਖ ਕਾਹਦੈ ਯਾਰ, ਮੁੰਡਿਆਂ ਦਾ ਹੋ ਗਿਐ ਦਿਮਾਗ਼ ਖਰਾਬ।”

“ਫੇਰ ਵੀ ਦੱਸੇਂਗਾ ਵੀਰ, ਹੋਇਆ ਕੀ?”

“ਹੋਣਾ ਕੀ ਐ ਜੱਗੇ, ਮੁੰਡਿਆਂ ਦਾ ਹੋ ਗਿਐ ਦਿਮਾਗ਼ ਖਰਾਬ, ਮੈਂ ਤੈਨੂੰ ਦੱਸਾਂ। ਨਿਤ ਕੋਈ ਨਵਾਂ ਪੁਆੜਾ।”

ਵਿਚੇ ਉਹ ਗੁੱਸੇ ਜੇ ਨਾਲ ਟੀ.ਵੀ. ਵੱਲ ਦੇਖ ਲੈਂਦਾ। ਜਿਵੇਂ ਕਿ ਟੀ.ਵੀ. ਨੇ ਹੀ ਇਹ ਪੁਆੜਾ ਪਵਾਇਆ ਹੋਵੇ। ਮੈਂ ਵੀ ਕਦੇ ਉਸ ਵੱਲ ਤੇ ਕਦੇ ਟੀ.ਵੀ. ਵੱਲ ਝਾਕਦਾ ਰਿਹਾ। ਜਦ ਤੱਕ ਗੱਲ ਦੀ ਗੰਭੀਰਤਾ ਦਾ ਅੰਦਾਜਾ ਨਹੀਂ ਹੋ ਜਾਂਦਾ, ਮਿਊਟ ਕਿਵੇਂ ਹਟਾ ਸਕਦਾ ਸਾਂ? ਭਾਵੇਂ ਰਿਮੋਟ ਹੱਥ ਵਿਚ ਹੀ ਕੁਲਬੁਲਾ ਰਿਹਾ ਸੀ।

“ਮੁੰਡਾ ਸ਼ਹਿਰ’ਚ ਪਲਾਟ ਖਰੀਦਣਾ ਚਾਹੁੰਦੈ। ਸਮਝਾ ਉਹਨੂੰ।”

“ਚੰਗੈ ਸਗੋਂ । ਸਮਝਾਉਣ ਵਾਲੀ ਇਹ’ਚ ਕਿਹੜੀ ਗੱਲ ਹੋਈ?”

“ਜ਼ਮੀਨ ਵੇਚ ਕੇ ਪਲਾਟ ਖਰੀਦਣਾ ਚਾਹੁੰਦੈ। ਰਾਤੀਂ ਫੋਨ ਆਇਆ ਸੀ। ਕਹਿੰਦਾ, ਇਕ ਕਿੱਲਾ ਵੇਚ ਦਿਓ। ਪ੍ਰਾਪਰਟੀ ਵਿਚ ਬੂਮ ਆਇਆ ਹੋਇਐ। ਆਹ ਬੂਮ ਕੀ ਹੋਇਆ ਬਈ?”

ਮੈਂ ਹੱਸ ਪਿਆ, “ਬੂਮ ਮਤਲਬ ਪੂਰੀ ਚੜ੍ਹਾਈ ਹੈ।”

“ਤੇ ਫੰਡਾ?”

ਮੈਨੂੰ ਫੇਰ ਹਾਸਾ ਆ ਗਿਆ, “ਬੇਸਿਕ ਗੱਲਾਂ-ਬਾਤਾਂ ਨੂੰ ਪੜ੍ਹੇ-ਲਿਖੇ ਫੰਡਾ ਕਹਿ ਦਿੰਦੇ ਨੇ ਵੀਰੇ।” ਤੇ ਉਹ ਇਸ ਸ਼ਬਦ ਨੂੰ ਜਜ਼ਬ ਕਰਨ ਲੱਗਿਆ।

ਸਿੱਖਣ ਦੀ ਪ੍ਰਵਿਰਤੀ ਹੋਵੇ ਤਾਂ ਬੰਦਾ ਸਾਰੀ ਉਮਰ ਸਿੱਖਦਾ ਰਹਿੰਦੈ। ਬਲਬੀਰ ਸਿਰਫ ਛੇ-ਸੱਤ ਜਮਾਤਾਂ ਪੜ੍ਹਿਆ ਹੋਇਐ। ਫੇਰ ਵੀ ਉਸਦੇ ਹਿਰਦੇ ਵਿਚ ਐਮੇ-ਬੀਆਂ ਨਾਲੋਂ ਕਿਤੇ ਵੱਧ ਚਾਨਣ ਹੈ।

ਪੜ੍ਹਾਈ ਵੀ ਨਸੀਬਾਂ ਨਾਲ ਈ ਹੁੰਦੀ ਹੈ। ਸਭ ਕੁਝ ਹੁੰਦਿਆਂ ਹੋਇਆ ਵੀ ਮੈਂ ਨਹੀਂ ਪੜ੍ਹ ਸਕਿਆ। ਪ੍ਰੈਪ ਕਾਮਰਸ ’ਚੋਂ ਹੀ ਲੈਕਚਰ ਸ਼ੌਰਟ ਕਰਾ ਕੇ ਮੁੜ ਆਇਆ।

ਬਲਬੀਰ ਭਾਵੇਂ ਬਹੁਤਾ ਐਕਟਿਵ ਤਾਂ ਨਹੀਂ ਰਿਹਾ, ਪਰ ਸਮੇਂ -ਸਮੇਂ ਸਿਰ ਚਲੀਆਂ ਲਹਿਰਾਂ ਬਾਰੇ ਉਹਨੂੰ ਚੰਗੀ ਜਾਣਕਾਰੀ ਹੈ। ਹਮਦਰਦੀ ਵੀ। ਕਈ ਵਾਰੀ ਜਿਵੇਂ ਕਹਿੰਦੇ ਨੇ, ਖਾਹ-ਮਖਾਹ ਐਕਸ਼ਨ ’ਚ ਆ ਕੇ ਮੁਸੀਬਤਾਂ ਵੀ ਸਹੇੜਦਾ ਰਿਹੈ। ਸ਼ਮਸ਼ੇਰ ਦੇ ਸ਼ਹਿਰ ਚਲੇ ਜਾਣ ਤੋਂ ਬਾਅਦ ਉਸ ਨੇ ਖੇਤੀ ਫੇਰ ਉਸੇ ਜੋਸ਼-ਖਰੋਸ਼ ਨਾਲ ਕਰਨੀ ਸ਼ੁਰੂ ਕੀਤੀ। ਕਿਸਾਨ ਮੇਲਿਆਂ ’ਚ ਸ਼ਿਰਕਤ ਕਰਨ ਦਾ ਪੁਰਾਣਾ ਰੂਟੀਨ ਬਹਾਲ ਕਰ ਲਿਆ।

“ਪਲਾਟ ’ਚੋਂ ਰਿਟਰਨ ਬਾਰੇ ਵੀ ਦੱਸਦਾ ਹੋਣੈ?” ਮੈਂ ਪੁੱਛਿਆ ਤਾਂ ਕਹਿੰਦਾ, “ਤੈਨੂੰ ਕਿਵੇਂ ਪਤੈ?”

ਮੈਂ ਸਮਝਾਉਣਾ ਚਾਹਿਆ, "ਵੀਰ, ਬਿੱਲੂ ਨੂੰ ਕਾਫੀ ਸਮਝ ਹੈ ਮਾਰਕਿਟ ਦੀ।"

ਮੈਂ ਕਹਿਣਾ ਤਾਂ ਚਾਹੁੰਦਾ ਸਾਂ ਪਰ ਗੱਲ ਨੂੰ ਦੱਬ ਗਿਆ ਕਿ ਮੈਨੂੰ ਵੀ ਮਾਰਕਿਟ ਦਾ ਫੰਡਾ ਬਿੱਲੂ ਨੇ ਹੀ ਕਲੀਅਰ ਕੀਤਾ ਸੀ।

ਇਕ ਵਾਰੀ ਫੇਰ ਆਪਣੇ ਫੈਸਲਿਆਂ 'ਤੇ ਮੈਨੂੰ ਮਾਣ ਮਹਿਸੂਸ ਹੋਇਆ। ਵੇਲੇ ਦਾ ਕੰਮ ਤੇ ਕੁਵੇਲੇ ਦੀਆਂ ਟੱਕਰਾਂ। ਪਰ ਮਾਰਕਿਟ ਦਾ ਟ੍ਰੈਂਡ ਦੇਖਦਿਆਂ ਮੇਰੇ ਖਿਆਲ 'ਚ ਡੁਲ੍ਹੇ ਬੇਰਾਂ ਦਾ ਅਜੇ ਵੀ ਕੁਝ ਨਹੀਂ ਸੀ ਵਿਗੜਿਆ।

"ਛੋਟੇ ਬਾਈ, ਭਾਵੇਂ ਜਿੰਨੀ ਮਰਜ਼ੀ ਤਰੱਕੀ ਕਰ ਲਈ, ਪਰ ਜੱਟ ਤੇ ਜ਼ਮੀਨ ਦਾ ਰਿਸ਼ਤਾ...?" ਬੜਾ ਭਾਵੁਕ ਜਿਹਾ ਤਰਕ ਦਿੱਤੈ ਉਹਨੇ।

"ਬਜ਼ਾਰ ਵਿਚ ਭਾਵੁਕਤਾ ਜਾਂ ਜਜ਼ਬਾਤ ਦਾ ਕੋਈ ਮੁੱਲ ਨਹੀਂ ਵੀਰ।"

ਪਤਾ ਨਹੀਂ ਏਨੀ ਨਿਰਮਮਤਾ ਨਾਲ ਕਿਵੇਂ ਕਿਹੈ। ਹੁਣ ਮੈਥੋਂ ਉਸ ਵੱਲ ਦੇਖਿਆ ਨਹੀਂ ਜਾ ਰਿਹਾ। ਨਜ਼ਰਾਂ ਟੀ.ਵੀ. ਸਕਰੀਨ 'ਤੇ ਗੱਡ ਲਈਆਂ ਨੇ। ਮਿਊਟ ਟੀ.ਵੀ. ਦੇ ਚੈਨਲ ਬਦਲਣ ਲੱਗਦਾਂ। ਇਕ ਚੈਨਲ 'ਤੇ ਰੁਕ ਜਾਂਦਾਂ, ਬ੍ਰੇਕਿੰਗ ਨਿਊਜ਼...ਮੁਦਰਾਸਫੀਤੀ ਘਟੀ...ਵਿਕਾਸ ਦਰ...ਵਿੱਤ ਮੰਤ੍ਰੀ ਦਾ ਬਿਆਨ। ਬਿਆਨ ਦਾ ਅਸਰ... ਸੈਨਸੇਕਸ ਵਿਚ ਜ਼ਬਰਦਸਤ ਉਛਾਲ।

"ਫਿਰ ਵੀ, ਸੱਟੇਬਾਜੀ ਮ੍ਹਾਤੜਾਂ ਨੂੰ ਕਿਥੇ ਪੁੱਗਦੀ ਐ...?" ਉਸ ਨੇ ਸਵਾਲੀਆ ਨਜ਼ਰਾਂ ਨਾਲ ਮੇਰੇ ਵੱਲ ਤੱਕਿਐ।

ਮੇਰੇ ਕੋਲ ਕੋਈ ਜਵਾਬ ਨਹੀਂ।

"ਚਾਰ ਕਿੱਲੇ ਤਾਂ ਭੋਂਇ ਹੈ ਸਾਰੀ...ਥੋੜੀ-ਮੋਟੀ ਠੇਕੇ-ਠੁਕੇ 'ਤੇ ਲੈ ਕੇ ਆਵਦੀ ਖੇਤੀ ਦਾ ਆਹਰ ਜਾ ਬਣਿਆ ਹੋਇਐ...ਸਾਰੇ ਕਿਤੇ ਥੂ-ਥੂ ਹੋਜੂ ਬਾਈ...ਨਾਲੇ ਕੋਈ ਹੋਰ ਕੰਮ ਵੀ ਤਾਂ ਨਹੀਂ ਨਾ ਕਰਨਾ ਆਉਂਦਾਂ।" ਬਲਬੀਰ ਜਾਣੀ ਸ਼ਬਦ ਚੱਬ-ਚੱਬ ਕੇ ਬੋਲ ਰਿਹੈ।

ਮੈਂ ਉਸ ਨਾਲ ਤਰਕ ਕਰਨ ਦੀ ਹਿੰਮਤ ਜਿਹੀ ਕੱਠੀ ਕਰਦਾਂ। ਸਹੀ ਸ਼ਬਦ ਨਹੀਂ ਔੜ ਰਹੇ।

ਜੇ ਅੱਜ ਬਾਪੂ ਜੀ ਹੁੰਦੇ, ਬਲਬੀਰ ਨਾਲ ਡੱਟ ਕੇ ਖੜ੍ਹ ਜਾਣਾ ਸੀ।

ਇਕ ਵਾਰੀ ਮੈਨੂੰ ਬਲਬੀਰ ਦੀ ਥਾਵੇਂ ਖੜ੍ਹ ਕੇ ਸੋਚਣਾ ਚਾਹੀਦੈ। ਦੋਨੋਂ ਮੁੰਡੇ ਕੰਵਾਰੇ ਨੇ। ਛੋਟੇ ਦਾ ਤਾਂ ਚਲ ਨੌਕਰੀ ਕਾਰਨ ਕਿਤੇ ਰਿਸ਼ਤਾ ਹੋ ਵੀ ਜਾਊ ਪਰ ਵੱਡਾ? ਜ਼ਮੀਨ ਵਿਕਣ ਦੀ ਖਬਰ ਫੈਲੀ ਨਹੀਂ ਕਿ ਬਸ...। ਬਲਬੀਰ ਹੋਰ ਕਾਹਨੂੰ ਰੋ ਰਿਹੈ?

ਝਟ ਕੈਲਕੁਲੇਸ਼ਨ ਹਾਵੀ ਹੋ ਜਾਂਦੀ ਐ, ਵਕਤ ਦੀ ਚਾਲ ਨੂੰ ਵੀ ਪਹਿਚਾਨਣਾ ਚਾਹੀਦੈ ਕਨੀਂ ? ਪਰ...।

ਪਰ ਪੱਕੀ ਗੱਲ ਐ, ਮਿਥਾਂ ਜਦ ਟੁੱਟਦੀਆਂ ਨੇ ਤਾਂ ਭੜ੍ਹਾਕੇ ਪੈਂਦੇ ਨੇ। ਪਰੰਪਰਾਵਾਦੀ ਪਰਵਾਰਾਂ ਲਈ ਨਵੇਂ ਰਾਹਾਂ 'ਤੇ ਤੁਰਨਾ...?

"ਬਲਬੀਰ ਤੇਰੀਆਂ ਸਾਰੀਆਂ ਗੱਲਾਂ ਸਹੀ ਨੇ, ਪਰ...ਸਿਆਣਾ ਬੰਦੈਂ, ਤੈਨੂੰ ਤਾਂ ਯਾਰ ਸਭ ਪਤੈ। ਅੱਜ ਸਾਰੀ ਦੁਨੀਆ ਗਲੋਬਲ ਪਿੰਡ ਬਣ ਚੁਕੀ ਐ ਤੇ ਤੂੰ...।" ਟੀ.ਵੀ. ਵੱਲ ਦੇਖਦਿਆਂ ਕਹਿ ਰਿਹਾਂ। ਉਸ ਨੂੰ ਕੀ ਪਤਾ ਮੇਰੇ ਅੰਦਰ ਕੌਣ ਬੋਲ ਰਿਹੈ ।

"ਆਪਣੇ ਪਿੰਡ ਦਾ ਹੀ ਲਾ ਲੈ, ਪਲਾਟ ਤਾਂ ਇਥੇ ਵੀ ਕੱਟ 'ਤੇ ਨਾ ਲੋਕਾਂ ਨੇ...? ਕੀ ਨਹੀਂ ਹੈ ਆਪਣੇ ਪਿੰਡ 'ਚ... ਕੇਬਲ, ਟੇਲੀਫੋਨ, ਇੰਟਰਨੇਟ, ਕਈ ਕੰਪਨੀਆਂ ਦੇ ਮੋਬਾਇਲ ਟਾਵਰ, ਬ੍ਰਾਡਬੈਂਡ ਔਨ ਡਿਮਾਂਡ...ਤੇ ਇਹ ਦੇਖ ਅਮਰੀਕਾ ਦਾ ਟੀ.ਵੀ. ਚੈਨਲ, ਇਹ ਬੀ.ਬੀ.ਸੀ., ਇਹ ਡਿਸਕਵਰੀ...।" ਮੈਂ ਛੇਤੀ-ਛੇਤੀ ਚੈਨਲ ਬਦਲ ਰਿਹਾਂ। ਜਿਵੇਂ ਕਿਸੇ ਝੂਠ ਨੂੰ ਲੁਕੋਣ ਦੀ ਕੋਸ਼ਿਸ਼ ਕਰ ਰਿਹਾ ਹੋਵਾਂ।

ਮਿਊਟ ਹਟਾ ਕੇ ਪਤਾ ਨਹੀਂ ਕਦੋਂ ਆਪਣਾ ਪਸੰਦੀਦਾ ਚੈਨਲ ਲਗਾ ਲਿਐ। ਜਿਥੇ ਬਲਬੀਰ ਦਾ ਕਹਿਣਾ ਦੋ -ਤਿੰਨ ਸਾਉਣ ਦੇ ਅੰਨ੍ਹੇ ਬੈਠੇ ਬਜ਼ਾਰ ਬਾਰੇ ਚਰਚਾ ਕਰ ਰਹੇ ਨੇ।

"ਜਗਦੇਵ ਸਿਆਂ, ਸਿਆਣਿਆਂ ਨੇ ਊਈਂ ਨੀਂ ਕਿਹਾ, ਪੱਕੀ ਵੇਖ ਕੇ ਕੱਚੀ ਨੀਂ ਢਾਈਦੀ।"

"ਵੀਰ, ਏਸ ਪੱਕੀ ਨੂੰ ਤੂੰ ਕਿੰਨੀ ਕੁ ਪੱਕੀ ਸਮਝਦੈਂ? ਬਰਨਾਲੇ ਦੇ ਤਿੰਨ ਪਿੰਡਾਂ ਦਾ ਮਰਲਾ ਵੀ ਨਹੀਂ ਛੱਡਿਆ ਸਰਕਾਰ ਨੇ। ਸਾਰੀ ਅਕਵਾਇਰ ਕਰਕੇ ਪ੍ਰਾਈਵੇਟ ਕੰਪਨੀ ਦੇ ਹਵਾਲੇ ਕਰ 'ਤੀ।"

ਮੈਂ ਆਵਦੀ ਜਾਣ 'ਚ ਬੜਾ ਸੌਲਿਡ ਤਰਕ ਦਿੱਤੈ। ਪਰ ਉਸਨੇ ਸੁਣਿਆ ਤਕ ਨਹੀਂ।

ਲੱਗਦੈ ਇਹਦਾ ਫੰਡਾ ਕੋਈ ਨੀਂ ਕਲੀਅਰ ਕਰ ਸਕਦਾ।

ਉਸ ਦਿਨ... ਮੌਸਮ ਆਮ ਵਾਂਗ ਨਹੀਂ ਸੀ। ਮੌਸਮ 'ਚ ਸੰਤੁਲਨ ਤਾਂ ਪਿਛਲੇ ਕਈ ਸਾਲਾਂ ਤੋਂ ਰਿਹਾ ਹੀ ਨਹੀਂ। ਗਰਮੀ, ਸਰਦੀ, ਮੀਂਹ, ਹਨੇਰੀ, ਸਭ ਅਕਸਟਰੀਮ 'ਤੇ। ਕਾਫੀ ਸਮੇਂ ਬਾਅਦ ਅਸੀਂ ਕੱਠੇ ਬੈਠੇ ਸਾਂ। ਆਉਣ ਸਾਰ ਕਹਿੰਦਾ, "ਟੀ.ਵੀ. ਬੰਦ ਕਰ ਦੇ ਯਾਰ।"

ਮਤਲਬ ਦੁਨੀਆ ਦਾ ਗੇਟਵੇ ਬੰਦ ਕਰਨਾ। ਮੈਂ ਕੀ ਕਹਿੰਦਾ ਭਲਾ? ਅਲਮਾਰੀ 'ਚੋਂ ਬੋਤਲ ਤੇ ਗਿਲਾਸ ਕੱਢ ਲਏ। ਅੰਦਰੋਂ ਪਾਣੀ ਦਾ ਜੱਗ ਤੇ ਸਲਾਦ ਲੈ ਆਇਆ। ਜਦਕਿ ਉਸਨੂੰ ਪਤੈ ਟ੍ਰੈਕਟਰ ਦੀ ਬੈਟਰੀ ਨਾਲ ਚਲਾ ਲੈਂਦਾ ਹੁੰਦਾ ਸਾਂ ਮੈਂ ਟੀ.ਵੀ.। ਆਖਰ ਇਨਵਰਟਰ ਲਵਾ ਕੇ ਪਾਵਰ ਕੱਟ ਦਾ ਪੱਕਾ ਹਲ ਹੀ ਲੱਭ ਲਿਆ ਸੀ।

"ਵੀਰ, ਕੋਈ ਪਰੇਸ਼ਾਨੀ ਵਾਲੀ ਗੱਲ?" ਇਕ-ਇਕ ਪੈਗ ਅਸੀਂ ਲਾ ਚੁੱਕੇ ਤਾਂ ਮੈਂ ਹੀ ਖਾਮੋਸ਼ੀ ਭੰਗ ਕੀਤੀ ਸੀ।

"ਪਰੇਸ਼ਾਨੀ ਤਾਂ...। ਕੁਝ ਵੀ ਖਾਨੇ 'ਚ ਨਹੀਂ ਪੈ ਰਹੀ ਜਗਦੇਵ...।"

ਪਤਾ ਹੀ ਨਹੀਂ ਚਲਿਆ ਅਸੀਂ ਦੋ -ਦੋ ਪੈਗ ਮੁਕਾ ਲਏ। ਜਦਕਿ ਅਸੀਂ ਕਦੇ ਵੀ ਦੋ ਪੈਗਾਂ ਤੋਂ ਵੱਧ ਨਹੀਂ ਲਾਏ ਤੇ ਮਤਲਬ... ਚੰਗੀਆਂ ਘਰ-ਪਰਵਾਰ, ਦੇਸ਼-ਦੁਨੀਆ ਦੀਆਂ ਗੱਲਾਂ-ਬਾਤਾਂ। ਅਮਰੀਕ ਤੋਂ ਪ੍ਰਾਪਤ ਜਾਣਕਾਰੀ ਵੀ ਉਹ ਮੇਰੇ ਨਾਲ ਸਾਂਝੀ ਕਰਦਾ। ਟੀ.ਵੀ. ਵੀ ਚਲਦਾ ਰਹਿੰਦਾ। ਪਰ ਅੱਜ ਤਾਂ ਬਲਬੀਰ ਨੇ ਹਾਲੇ ਅੱਧਾ ਵਾਕ ਹੀ ਬੋਲਿਆ ਹੈ।

"ਸ਼ਮਸ਼ੇਰ ਲਈ ਮੇਰੀ ਵੱਖੀ ਵਿਲਕਦੀ ਰਹਿੰਦੀ ਐ ਛੋਟੇ ਬਾਈ।" ਉਸਨੇ ਵਾਕ ਪੂਰਾ ਕੀਤੈ।

"ਸ਼ਮਸ਼ੇਰ ਸ਼ਹਿਰ ਜਾ ਕੇ...। ਪਤਾ ਨਹੀਂ ਉਥੇ ਲੋਕ ਉਹਨੂੰ ਕੀ ਕਹਿ ਕੇ ਸਦਦੇ ਹੋਣੇ ਐ...।" ਉਸਨੇ ਅੱਗੇ ਕਿਹਾ।

ਮੈਂ ਤਾਂ ਇਸ ਤਰ੍ਹਾਂ ਕਦੇ ਸੋਚਿਆ ਹੀ ਨਹੀਂ ਸੀ। ਉਥੇ ਤਾਂ ਸਾਰੇ ਕਾਮੇ ਲੇਬਰ ਹੀ...? ਮੇਰੀ ਚੇਤਨਾ 'ਤੇ ਹਥੌੜਾ ਜਿਹਾ ਵੱਜਿਆ।

"ਕੰਮ-ਕਾਰ ਤਾਂ ਮੇਰੇ ਖਿਆਲ 'ਚ ਚੰਗਾ ਹੀ ਚਲ ਰਿਹੈ।" ਮੈਂ ਜਾਣੀ ਅੱਗੇ ਵੱਧ ਕੇ ਬੋਲਦਾਂ।

"ਇਥੇ ਮਾੜਾ ਚਲ ਰਿਹਾ ਸੀ?" ਬਲਬੀਰ ਨੇ ਸਵਾਲ ਕੀਤੈ। ਕੋਈ ਜਵਾਬ ਨਾ ਦੇ ਕੇ ਹੋਰ ਪੈਗ ਬਣਾਉਣ ਲੱਗ ਪਿਆਂ। ਮੈਥੋਂ ਕੁੱਝ ਲੁਕਿਆ ਹੋਇਐ?

"ਹੂੰ ! ਸ਼ਮਸ਼ੇਰ ਕਹਿੰਦਾ ਸੀ, ਬਾਪੂ ਹੁਣ ਤੂੰ 'ਰਾਮ ਕਰਿਆ ਕਰ। ਚਿੱਟੇ ਕਪੜੇ ਪਾ ਕੇ ਚੌਧਰ ਕਰਿਆ ਕਰ। ਖੇਤੀ ਬਾੜੀ ਮੈਂ ਆਪੇ ਸਾਂਭੂੰ...।" ਬਾਈ ਬੁੜਬੁੜਾਇਐ। ਲੱਗਦੈ ਮੇਰੇ ਵਾਂਗ ਉਸਦੇ ਵੀ ਬੁਲ੍ਹ ਭਾਰੇ ਹੋ ਗਏ ਨੇ। ਉਹ ਹੱਥ ਮਲ ਰਿਹੈ। ਹੱਥ ਆਪਣੇ ਮੂੰਹ 'ਤੇ ਫੇਰ ਰਿਹੈ।

ਭਾਰੇ ਬੁਲ੍ਹਾਂ 'ਚੋਂ ਫੇਰ ਆਵਾਜ਼ ਆਈ ਹੈ, "ਮੈਂ ਤਾਂ ਖੈਰ ਆਪਣੇ ਆਪ ਨੂੰ ਖੇਤੀ ਦੇ ਆਹਰ 'ਚ ਲਾ ਲਿਐ...ਉਹਦੀ ਬੀਬੀ ਕਲਪਦੀ ਰਹਿੰਦੀ ਐ...ਨਾ ਉਥੇ ਲੱਸੀ, ਨਾ ਦੁੱਧ...। ਪਾਣੀ ਵੀ ਮੁੱਲ ਦਾ...।"

"ਮਿਨਰਲ ਵਾਟਰ ਬਾਈ...! ਸ਼ਹਿਰ ਵਾਲਿਆਂ ਕੋਲ ਪੈਸੇ ਹੁੰਦੇ ਐ ਪਾਣੀ ਖਰੀਦਣ ਜੋਗੇ, ਤਾਂ ਮੁੱਲ ਵਿਕਦੈ।" ਮੈਂ ਵਿਸਕੀ ਦੀ ਬੋਤਲ ਵੱਲ ਦੇਖਦਿਆਂ ਕਹਿੰਦਾਂ, "ਬਜ਼ਾਰ ਦਾ ਆਪਣਾ ਗਣਿਤ ਹੁੰਦੈ ਵੀਰ...।" ਤੇ ਮੈਂ ਉਸ ਵੱਲ ਇੰਝ ਦੇਖਦਾਂ ਜਿਵੇਂ ਗਣਿਤ ਵਿਚ ਫਾਡੀ ਵਿਦਿਆਰਥੀ ਵੱਲ ਅਧਿਆਪਕ।

"ਉਥੇ ਪੀਜੇ-ਬਰਗਰ ਖਾਂਦੈ ਮੁੰਡਾ। ਚਲ ਮੁਕਾ, ਭੋਜਨ ਛਕੀਏ।" ਮੈਂ ਠਹਾਕਾ ਮਾਰ ਕੇ ਹੱਸਣ ਦੀ ਕੋਸ਼ਿਸ਼ ਕਰਦਾਂ।

ਉਹ ਨਹੀਂ ਹੱਸਦਾ। ਅੱਜਕਲ੍ਹ ਵੀਰ 'ਚ ਕੁੱਝ ਚੇਂਜ ਆਇਆ ਲੱਗਦੈ। ਜਿਵੇਂ ਸਾਥੀ ਅਮਰੀਕ ਦੀਆਂ ਗੱਲਾਂ ਨਾਲ ਅਸਹਿਮਤ ਹੁੰਦਾ ਰਹਿੰਦੈ, ਉਸੇ ਤਰ੍ਹਾਂ ਬਲਕਾਰ ਦੀਆਂ ਗੱਲਾਂ ਨਾਲ ਵੀ ਪੂਰਾ ਸਹਿਮਤ ਤਾਂ ਨਹੀਂ, ਵਿਚ-ਵਿਚਾਲੇ ਐ।

"ਹੁਣ ਸੱਤਰਵਿਆਂ ਦੇ ਦੌਰ ਦੀਆਂ ਫਿਲਮਾਂ ਦਾ ਜ਼ਮਾਨਾ? ਕਿਆ ਬਾਤਾਂ ਕਰਦੇ ਓਂ ਸ੍ਰੀਮਾਨ...?" ਬਲਕਾਰ ਦੀਆਂ ਕਈ ਗੱਲਾਂ ਅਪੀਲ ਤਾਂ ਕਰਦੀਆਂ ਨੇ ਪਰ...।

ਪਰ ਬਲਬੀਰ ਦੀਆਂ ਸਮੱਸਿਆਵਾਂ ਕਈ ਨੇ। ਸਮਾਂ ਪ੍ਰੀਵਰਤਨ ਦੀ ਸਪੀਡ ਉਸ ਦੀ ਤੋਰ ਨਾਲੋਂ ਕਿਤੇ ਵੱਧ ਰਹੀ ਹੈ। ਬਲਕਾਰ ਵਰਗੇ ਕਈ ਸਾਥੀ ਆਪਣੀ ਨਵੀਂ ਸੋਚ ਨਾਲ ਸੰਸਦਮਾਰਗੀ ਅਤੇ ਦੁੱਸਾਹਸੀਆਂ ਤੋਂ ਦੂਰੀ ਕਾਇਮ ਕਰ ਚੁੱਕੇ ਨੇ। ਜਦਕਿ ਬਲਬੀਰ ਹਾਲੇ ਪ੍ਰਤੀਬੱਧਤਾ ਦੇ ਮਾਅਨੇ ਸਮਝਣ 'ਚ ਹੀ ਲੱਗਿਆ ਰਿਹਾ। ਹੈ ਨਾ ਅਜੀਬ ਦਾਸਤਾਂ...ਜਦ ਗਲ਼ ਲੱਗ ਕੇ ਰੋਣ ਦਾ ਜੀਅ ਕੀਤਾ ਤਾਂ ਕੋਈ ਸੀਰੀ ਤੱਕ ਨਾ ਥਿਆਇਆ। ਕੁਝ ਕਿਸਾਨ ਬਹੁਤ ਵੱਡੇ ਹੋ ਗਏ ਤਾਂ ਕੁਝ ਛੋਟੇ ਹੀ ਨਾ ਰਹੇ। ਇਕ ਸਮੱਸਿਆ ਹੋਰ, ਜੱਟ ਤੇ ਕਿਸਾਨ ਹੁਣ ਪਰਿਆਇਵਾਚੀ ਸ਼ਬਦ ਨਾ ਰਹੇ। ਸ਼ਬਦਾਂ ਦੇ ਅਰਥ ਬਦਲ ਗਏ। ਅਰਥਾਂ ਦੇ ਅਨਰਥ ਹੋ ਗਏ। ਹੱਸਣ ਦੇ ਵੀ ਕਈ ਅਰਥ ਹੁੰਦੇ ਨੇ।

ਬਿੱਲੂ ਸ਼ਮਸ਼ੇਰ ਨੂੰ ਵੀ ਸ਼ਹਿਰ ਲੈ ਗਿਆ। ਛੋਟੀ ਕਿਸਾਨੀ। ਗੁਜ਼ਾਰਾ ਮਸੋਂ ਚਲਦਾ। ਖੇਤੀ ਦਾ ਸੀਜ਼ਨਲ ਕੰਮ। ਫੇਰ ਸ਼ਮਸ਼ੇਰ ਤੇ ਟ੍ਰੈਕਟਰ, ਦੋਨੋਂ ਵਿਹਲੇ। ਸ਼ਹਿਰ'ਚ, ਉਹ ਕਹਿੰਦੈ, ਕੰਮ ਹੀ ਕੰਮ। ਨਾਲੇ ਬਿੱਲੂ ਕਹਿੰਦਾ ਸੀ, "ਸ਼ਮਸ਼ੇਰ ਦੇ ਨਾਂ 'ਤੇ ਠੇਕੇਦਾਰੀ ਕਰਿਆ ਕਰਾਂਗੇ। ਛੋਟੇ-ਮੋਟੇ ਖਾਲਾਂ ਦੇ ਪੁਲ, ਸੜਕਾਂ ਦੀ ਮੁਰੰਮਤ ਵਗੈਰਾ। ਟ੍ਰੈਕਟਰ ਵਾਲੇ ਕੰਮ ਤਾਂ ਸ਼ਮਸ਼ੇਰ ਖੁਦ ਕਰ ਲਿਆ ਕਰੂ, ਜਿਵੇਂ ਅਰਥ ਵਰਕ, ਇੱਟਾਂ, ਮਿੱਟੀ ਢੋਣ ਦਾ ਕੰਮ। ਚਾਰ ਪੈਸੇ ਬਣਨਗੇ ਈ।" ਸੁਪਨੇ ਦੇਖਣ ਤੇ ਕੋਈ ਪਾਬੰਦੀ ਥੋੜ੍ਹੀ ਈ ਐ।

"ਤੇਰੇ ਜਜ਼ਬਾਤ ਮੈਂ ਸਮਝਦਾਂ ਵੀਰ।" ਮੈਂ ਸੋਚਦਾਂ। ਬਾਪੂ ਜੀ ਤੋਂ ਬੜੀਆਂ ਕਹਾਣੀਆਂ ਸੁਣੀਆਂ ਨੇ। ਸਾਰੀਆਂ ਇਨ-ਬਿਨ ਯਾਦ ਨੇ।

ਬਿੱਲੂ ਤਾਂ ਦੋ ਕਦਮ ਹੋਰ ਅੱਗੇ ਵੱਧ ਕੇ ਕਹਿੰਦੈ, "ਕਿਹੜੇ ਯੁਗ ਦੀਆਂ ਗੱਲਾਂ ਕਰਦੈਂ ਚਾਚਾ? ਪੂੰਜੀਵਾਦੀ ਵਿਵਸਥਾ ਵਿਚ ਤਾਂ ਕਦਰਾਂ-ਕੀਮਤਾਂ ਦਾ ਵੀ ਕੋਈ ਮੁੱਲ ਨਹੀਂ। ਅਤੇ ਬਿਨਾ ਮੁੱਲ ਵਾਲੀ ਕੋਈ ਵਸਤ ਵਜ਼ੂਦ ਵਿਚ ਨਹੀਂ ਰਹਿ ਸਕਦੀ।"

"ਤੇਰੇ ਨਾਲ ਹੋਈ ਕੋਈ ਗੱਲ ਬਿੱਲੂ ਦੀ?"

"ਨਾ...।"

"ਉਹਨੂੰ ਸਮਝਾਈਂ ਮੇਰੇ ਵੀਰ। ਬਿੱਲੂ ਤਾਂ ਬਹੁਤ ਮੰਨਦੈ ਤੇਰੀ। ਸੌ ਅੱਗਾ-ਪਿੱਛਾ ਦੇਖਣਾ ਪੈਂਦੈ। ਬਜ਼ਾਰ ਦਾ ਬਹੁਤਾ ਨਹੀਂ ਤਾਂ ਆਟੇ 'ਚ ਲੂਣ ਜਿੰਨਾ ਕੁ ਤਾਂ ਮੈਨੂੰ ਵੀ ਪਤੈ।" ਫੇਰ ਲੰਮਾ ਹੌਕਾ ਲੈਂਦਿਆਂ ਬੋਲਿਆ, "ਹਰ ਬੰਦਾ ਜਾ ਕੇ ਬਜ਼ਾਰ ਵਿਚ ਵੀ ਤਾਂ ਨਹੀਂ ਨਾ ਖੜ੍ਹ ਸਕਦਾ...।"

"ਕਰੂੰਗਾ ਵੀਰ ਮੈਂ ਉਹਦੇ ਨਾਲ ਗੱਲ।"

ਗੱਲ ਤਾਂ ਅਸੀਂ ਮੋਬਾਇਲ 'ਤੇ ਅਕਸਰ ਘੰਟਿਆਂ ਬੱਧੀ ਕਰਦੇ ਹੀ ਰਹਿੰਦੇ ਹਾਂ। ਜਦ ਵੀ ਉਸਦਾ ਫੋਨ ਆਵੇ, ਕੱਟ ਕੇ ਇਧਰੋਂ ਮਿਲਾ ਲੈਂਦਾ। ਮੈਨੂੰ ਪਤੈ ਗੱਲ ਲੰਮੀ ਚਲਣੀ ਹੁੰਦੀ ਹੈ। ਮਾਰਕਿਟ ਬਾਰੇ ਮੇਰੇ ਮੁੱਢਲੇ ਕਨਸੇਪਟ ਉਸੇ ਨੇ ਕਲੀਅਰ ਕੀਤੇ ਨੇ। ਕਹਿਣ ਨੂੰ ਭਾਵੇਂ ਉਹਨੂੰ 'ਭਤੀਜ' ਕਹੀਦੈ ਪਰ ਮਨੋ ਮੈਂ ਉਸ ਨੂੰ ਬਿਜ਼ਨੇਸ ਗੁਰੂ ਮੰਨਦਾਂ। ਪਿੰਡ ਵਿਚ ਰੀਅਲਟੀ ਮਾਰਕਿਟ ਬਾਰੇ ਇਕ-ਅੱਧੇ ਤੋਂ ਸਿਵਾ ਕਿਸੇ ਸਾਲੇ ਨੂੰ ਕੱਖ ਨੀਂ ਪਤਾ। ਮੈਨੂੰ ਪਤੈ ਤੇ ਪੱਲੇ ਵੀ ਬੜਾ ਕੁਝ ਹੈ। ਸਿਰਫ ਬਿੱਲੂ ਕਰਕੇ।

ਲੱਗਦੈ ਸਾਲੀ ਜਾਦੇ ਈ ਚੜ੍ਹਗੀ।

**ਰੀਅਲ** ਅਸਟੇਟ ਬੂਮ ਬਾਰੇ ਜੇ ਉਹਨੇ ਮੈਨੂੰ ਸਮੇਂ ਸਿਰ ਨਾ ਦੱਸਿਆ ਹੁੰਦਾ ਤਾਂ ਅੱਜ ਮੇਰੇ ਪੱਲੇ ਕੀ ਸੀ? ਮੈਂ ਵੀ ਕੋਹਲੂ ਦਾ ਬਲਦ ਹੀ ਸਾਂ? ਘਰ ਤੋਂ ਖੇਤ ਤੇ ਖੇਤ ਤੋਂ ਘਰ ਵਿਚਾਲੇ ਹੀ ਗੇੜੇ ਕੱਟ ਰਿਹਾ ਸਾਂ। ਅੱਜ ਵੀ ਕੱਟ ਰਿਹਾ ਹੁੰਦਾ। ਇਕ ਇਹੀ ਨਹੀਂ, ਉਸਨੇ ਮੇਰੇ ਕਈ ਫੰਡੇ ਕਲੀਅਰ ਕੀਤੇ ਨੇ।

"ਪਤਾ ਨਹੀਂ ਪਤੰਦਰ ਸ਼ਹਿਰ ਵਿਚ ਬੈਠਾ ਇਹੀ ਕੁਝ ਸੋਚਦਾ ਰਹਿੰਦੈ ਕਿ ਡਿਉਟੀ ਵੀ ਕਰਦੈ ? ਹਾ...ਹਾਹ...ਹਾ...!" ਇਕ ਦਿਨ ਮੈਂ ਪੁੱਛਿਆ ਤਾਂ ਕਹਿੰਦਾ, "ਚਾਚਾ, ਤੂੰ ਮੇਰੀਆਂ ਸਿਫਤਾਂ ਕਰਦੈਂ ਕਿ ਤਵਾ ਲਾਈ ਜਾਨੈਂ?"

ਇਕ ਵਾਰੀ ਦੀ ਗੱਲ, ਬਿੱਲੂ ਦਾ ਫੋਨ ਆਇਆ। ਮਖਿਆ, "ਕੁਝ ਨਾ ਪੁੱਛ ਬਿੱਲੂ, ਰਾਤ ਪਾਣੀ ਦੀ ਵਾਰੀ ਸੀ, ਨਾਲੇ ਕੱਦੂ ਕੀਤਾ, ਹੁਣ ਪਰਲੇ ਖੇਤ ਚੱਲਿਆਂ, ਭਈਆ ਭੱਜ ਗਿਆ, ਵੱਤਰ ਸੁੱਕ ਰਿਹੈ, ਬੁਰਾ ਹਾਲ, ਬਾਂਕੇ ਦਿਹਾੜੇ...!" ਤਾਂ ਕਹਿੰਦਾ, "ਚਾਚਾ, ਚੌਵੀ ਘੰਟੇ, ਤੀਹ ਦਿਨ, ਬਾਰਾਂ ਮਹੀਨੇ ਭਕਾਈ? ਰਵਣੀ, ਪਾੜ, ਸੁਹਾਗਾ, ਬਿਜਾਈ, ਗੋਡੀ, ਪੱਠੇ, ਟੋਕਾ, ਬਸ ਭੰਬੀਰੀ ਭਵੀਂ ਰਹਿੰਦੀ ਐ। ਕਦੇ ਸੁੱਖ ਦਾ ਸਾਹ ਲਿਐ? ਕਦੇ ਜ਼ਿੰਦਗੀ ਨੂੰ ਜਿਉ ਕੇ ਵੀ ਦੇਖਿਐ?"

ਮੈਂ ਸ਼ਰਮਿੰਦਾ ਜਿਹਾ ਹੋ ਗਿਆ। ਉਹ ਫੇਰ ਕਹਿੰਦਾ, "ਕਿੰਨਾ ਕੁ ਬਚ ਜਾਂਦੈ ਖੇਤੀ 'ਚੋਂ ?"

"ਬਚਣਾ ਕੀ ਹੈ ਭਤੀਜ, ਬਸ ਹੋਈ ਜਾਂਦੈ ਗੁਜ਼ਾਰਾ। ਉਧਾਰ ਮੰਗਣ ਨੀਂ ਜਾਣਾ ਪੈਂਦਾ ਕਿਸੇ ਤੋਂ।"

"ਇਹੀ ਤਾਂ ਥੋਨੂੰ ਪਤਾ ਨਹੀਂ। ਉਧਾਰ 'ਤੇ ਤਾਂ ਸਾਰੀ ਦੁਨੀਆ ਦੀ ਅਰਥਵਿਵਸਥਾ ਚਲਦੀ ਹੈ ਅੱਜਕਲ੍ਹ। ਚਾਚਾ ਸਿਆਂ, ਜੇ ਮੇਰੇ ਕੋਲ ਪੰਦਰਾਂ ਕਿੱਲੇ ਹੋਣ ਤਾਂ ਮੈਂ ਗੁਜ਼ਾਰਾ ਨਹੀਂ, ਐਸ਼ਕਰਾਂ। ਥੱਲੇ ਲੰਡੀ ਜੀਪ ਕਾਲੀ, ਡੱਬ 'ਚ ਅਮਰੀਕਨ ਪਿਸਟਲ, ਜੇਬ 'ਚ ਕ੍ਰੈਡਿਟ ਕਾਰਡ, ਚਿੱਟਾ ਚਾਦਰਾ... ਡਬਲ ਬਰ ਆਲਾ...।"

"ਐਸ਼ ਤਾਂ ਤੁਸੀਂ ਨੌਕਰੀ ਆਲੇ ਈ ਕਰਦੇ ਓਂ।"

"ਜਿਹਨੂੰ ਤੁਸੀਂ ਐਸ਼ ਸਮਝਦੇ ਓਂ ਨਾ, ਐਹੋ ਜੀ ਬਾਬੂਗਿਰੀ ਦੀ ਤਾਂ ਚੂਈ ਨਾ ਮਾਰਾਂ। ਪਰ ਕਰਾਂ ਕੀ? ਵਕਤ ਦੀ ਮਾਂ.....ਪਈ ਐ।"

ਮੈਨੂੰ ਚਾਰ ਸੌ ਚਾਲ੍ਹੀ ਵੋਲਟ ਦਾ ਕਰੰਟ ਵੱਜਿਆ ਸੀ। ਨਹੀਂ, ਕੰਨ ਨਾਲ ਲੱਗੇ ਨੋਕੀਏ ਦੀ ਜਾਣੀ ਬੈਟਰੀ ਫੁੱਟ ਗਈ ਸੀ। ਮੇਰੇ ਦੋ ਇਕਸਾਰ ਟੱਕ...ਅੱਠ ਕਿੱਲੇ ਝੋਨੇ ਵਾਲੀ ਜ਼ਮੀਨ...ਵਿਚ ਦੋ -ਦੋ ਸਬਮਰਸੀਬੱਲ ਮੋਟਰਾਂ...ਇਕੋ ਡਾਇਲਾਗ ਨਾਲ ਸੇਨਸੈਕਸ ਜਿਹਾ ਗਿਰਾਤਾ ਸੀ ਉਹਨੇ। ਮੈਂ ਵਿਹੜੇ ਵਿਚ ਖੜੇ ਟ੍ਰੈਕਟਰ ਵੱਲ ਦੇਖਿਆ। ਕੱਦੂ ਕਰਕੇ ਆਇਆ ਸਾਂ। ਮਿੱਟੀ-ਗਾਰੇ 'ਚ ਲਿਬੜਿਆ ਫੋਰਡ ਮੈਨੂੰ ਟੋਬੇ 'ਚੋਂ ਨਿਕਲੀ ਫੰਡਰ ਮੱਝ ਵਾਂਗ ਲੱਗਿਆ। ਮੈਂ ਜਾਣ ਕੇ ਦੋ -ਤਿੰਨ ਵਾਰੀ ਹੈਲੋ-ਹੈਲੋ ਕੀਤੀ ਤੇ, "ਰੇਂਜ ਕੱਟਦੀ ਐ।" ਕਹਿੰਦਿਆਂ ਮੋ ਬਾਇਲ ਦਾ ਲਾਲ ਬਟਨ ਦੱਬ ਦਿੱਤਾ ਸੀ।

ਮੇਰੀ ਸੋਚ ਖੁੰਢੀ ਹੋ ਚੁਕੀ ਸੀ। ਉਸਦੀ ਗੱਲ ਦਾ ਮਤਲਬ ਮੇਰੀ ਸਮਝ ਵਿਚ ਨਹੀਂ ਸੀ ਆ ਰਿਹਾ। ਕਿਉਂਕਿ ਉਸ ਨੇ ਮੈਨੂੰ, ਪੰਦਰਾਂ ਕਿੱਲਿਆਂ ਦੇ ਮਾਲਕ ਨੂੰ, ਹੀ ਭੁੰਜੇ ਨਹੀਂ ਸੀ ਸੁੱਟਿਆ ਬਲਕਿ ਉਹ ਤਾਂ ਆਪਣੀ ਨੌਕਰੀ ਨੂੰ ਵੀ ਨੀਚ ਗਰਦਾਨ ਰਿਹਾ ਸੀ।

ਸਾਰੀ ਰਾਤ ਇਹੀ ਕੁੱਝ ਦਿਮਾਗ਼ 'ਚ ਘੁੰਮਦਾ ਰਿਹਾ। ਅਗਲੇ ਦਿਨ ਜਦ ਮੈਂ ਫੋਨ ਕੀਤਾ ਤਾਂ ਉਸ ਵੱਲੋਂ ਉਹੀ ਰੁਟੀਨ ਗੱਲਾਂ। ਜਦਕਿ ਮੇਰੀ ਤਾਂ ਜਾਣੀ ਹਵਾ ਨਿਕਲੀ ਪਈ ਸੀ।

ਆਖਰ ਕਹਿੰਦਾ, "ਚਾਚਾ, ਮੈਨੂੰ ਤਾਂ ਛੁੱਟੀ ਹੈ ਨੀਂ , ਤੂੰ ਹੀ ਮਾਰ ਲੈ ਖਾਂ ਗੇੜਾ ਕਿਸੇ ਦਿਨ?"

ਕਿਸੇ ਦਿਨ ਤੋਂ ਉਸਦਾ ਭਾਵ ਹਮੇਸ਼ਾਂ ਐਤਵਾਰ ਤੋਂ ਹੁੰਦਾ ਸੀ।

ਆਪਣੇ ਕੁਝ ਸ਼ੇਅਰ ਵੇਚਣ ਬਾਰੇ ਸਲਾਹ ਕਰਨੀ ਸੀ। ਵਿਚੇ ਰਹਿ ਗਈ। ਪਤਾ ਨਹੀਂ ਉਸਦੀ ਕੀ ਪ੍ਰਤੀਕ੍ਰਿਆ ਹੋਣੀ ਸੀ। ਦਿਨੇ ਮਾਸਟਰ ਜੁਗਿੰਦਰ ਨਾਲ ਗੱਲ ਕੀਤੀ ਤਾਂ ਉਹ ਹੈਰਾਨ ਰਹਿ ਗਿਆ ਸੀ, "ਤੇਰਾ ਦਿਮਾਗ਼ ਖਰਾਬ ਹੋਇਆ? ਟ੍ਰੈਂਡ ਤਾਂ ਦੇਖ...!"

"ਪੈਸਿਆਂ ਦੀ ਸਖਤ ਲੋੜ ਤੀ।" ਮੈਂ ਗੰਭੀਰ ਸਾਂ।

"ਕੋਈ ਨਵਾਂ ਈਸੂ ਆਉਣ ਵਾਲਾ ਐ? ਮੈਨੂੰ ਵੀ ਦੱਸੀਂ ਯਾਰ।" ਪਰ ਉਸਨੂੰ ਕੀ ਪਤਾ ਕਿ ਕਿਹੜੀ ਗੱਲ ਮੇਰੇ ਲਈ ਈਸੂ ਬਣੀ ਹੋਈ ਹੈ।

**ਬੜੀ** ਬੇਸਬਰੀ ਨਾਲ ਮੈਂ ਐਤਵਾਰ ਨੂੰ ਉਡੀਕਦਾ ਰਿਹਾ ਅਤੇ ਪਹਿਲੀ ਬਸੇ ਪਹੁੰਚ ਗਿਆ ਬਿੱਲੂ ਕੋਲ। ਬਿੱਲੂ ਤੇ ਸ਼ਮਸ਼ੇਰ ਨਾਸ਼ਤਾ ਕਰ ਰਹੇ ਸੀ।

"ਸ਼ਮਸ਼ੇਰ ਬੜਾ ਫਿੱਕਾ-ਜਾ ਹੋਇਆ, ਕੀ ਗੱਲ?" ਉਸਨੂੰ ਦੇਖ ਕੇ ਸਹਿਜ ਹੀ ਮੇਰੇ ਮੂੰਹੋਂ ਨਿਕਲ ਗਿਆ ਸੀ। ਹੇਠਲਾ ਬੁਲ੍ਹ ਦੇਖ ਕੇ ਲੱਗਿਆ ਜਿਵੇਂ ਜਰਦਾ ਲਾਉਣ ਲੱਗ ਪਿਐ।

ਸਬਜ਼ੀ ਵਾਲੀ ਪਤੀਲੀ ਵਿਚੀਂ ਦੋਨੋਂ ਜੁਟੇ ਹੋਏ ਸੀ। ਦੇਖ ਕੇ ਕਾਲਜ ਦੇ ਦਿਨ ਯਾਦ ਆ ਗਏ, ਜੋ ਹਮਸੇ ਟਕਰਾਏਗਾ, ਚੂਰ-ਚੂਰ ਹੋ ਜਾਏਗਾ...! ਸਾਡੇ ਹੱਕ, ਐਥੇ ਰੱਖ...!

ਫੇਰ ਅਸੀਂ ਛੜਿਆਂ ਵਾਲੀ ਕੜਕ ਚਾਹ ਪੀਤੀ ਅਤੇ ਸ਼ਮਸ਼ੇਰ ਟ੍ਰੈਕਟਰ ਲੈ ਕੇ ਕੰਮ 'ਤੇ ਚਲਿਆ ਗਿਆ। ਦਸਦਾ ਸੀ, "ਫਿਲਹਾਲ ਤਾਂ ਕਿਸੇ ਸ਼ੈਲਰ ਵਿਚ ਬੋਰੀਆਂ ਢੋਣ ਦਾ ਕੰਮ ਮਿਲ ਗਿਐ। ਦਿਹਾੜੀ ਤਾਂ ਪੱਲੇ ਪੈ ਹੀ ਜਾਂਦੀ ਹੈ। ਕੰਪੀਟੀਸ਼ਨ ਦੀ ਤਾਂ", ਕਹਿ ਰਿਹਾ ਸੀ, "ਹੱਦ ਹੋਈ ਪਈ ਐ। ਜਿਵੇਂ ਸਾਰੇ ਕਿਸਾਨਾਂ ਦੇ ਟ੍ਰੈਕਟਰ ਮੰਡੀ ਵਿਚ ਆ ਖੜੇ ਹੋਣ। ਇਕ ਹਾਕ ਮਾਰੋ, ਵੀਹ ਹਾਜ਼ਰ।"

ਮੇਰੇ ਅੰਦਰ ਉਸ ਦਿਨ ਵਾਲੀ ਗੱਲ ਕਿਟਾਣੂਆਂ ਵਾਂਗ ਕੁਲਬੁਲਾ ਰਹੀ ਸੀ। ਉਸ ਦੇ ਇਕ ਡਾਇਲਾਗ ਨੇ ਜ਼ਮੀਨ ਪ੍ਰਤੀ ਜੱਟ ਦੇ ਮਨੋਵਿਗਿਆਨ ਦੀ ਨੀਂਹ ਹਿਲਾ ਦਿੱਤੀ ਸੀ। ਪਰ ਬਿੱਲੂ ਦੇ ਚਿਹਰੇ ਤੋਂ ਅਜਿਹਾ ਕੋਈ ਆਭਾਸ ਨਹੀਂ ਸੀ ਹੋ ਰਿਹਾ।

ਆਮ ਵਾਂਗ ਦੁਪਹਿਰ ਨੂੰ ਕਿਸੇ ਮਲਟੀਪਲੈਕਸ ਵਿਚ ਮੂਵੀ ਦੇਖਣ ਦੀ ਬਜਾਇ ਅੱਜ ਮੈਂ ਬੀਅਰ ਬਾਰ ਵਿਚ ਚਲਣ ਦਾ ਫੈਸਲਾ ਸੁਣਾਇਆ, "ਮਾਰ ਗੋਲੀ 'ਸਿੰਘ ਇਜ ਕਿੰਗ' ਨੂੰ! ਕੋਈ ਸਿੰਘ-ਸੁੰਘ ਕਿੰਗ ਨੀਂ ਹੁੰਦਾ...! ਮਾਰਕਿਟ, ਮਤਲਬ ਤੇ ਮਜਬੂਰੀ ਕਿੰਗ ਬਣਾਉਂਦੇ ਐ...।"

ਸ਼ੇਅਰ ਮਾਰਕਿਟ ਅਤੇ ਰਿਅਲ ਅਸਟੇਟ ਦਾ ਫੰਡਾ ਮੈਨੂੰ 'ਗ੍ਰੀਨ' ਵਿਚ ਬੈਠ ਕੇ ਹੀ ਕਲੀਅਰ ਹੋਇਆ ਸੀ। ਸਾਡੀਆਂ ਮਹੱਤਵਪੂਰਨ ਦੁਪਹਿਰਾਂ ਗ੍ਰੀਨ ਵਿਚ ਹੀ ਬੀਤਦੀਆਂ ਸਨ ਉਦੋਂ।

**ਨਿੱਤ** ਕਿੰਨਾ ਕੁਝ ਨਵਾਂ ਪਤਾ ਲੱਗ ਰਿਹਾ ਸੀ। ਮਾਰਕਿਟ ਬਾਰੇ ਸੂਚਨਾਵਾਂ ਦੇ ਕਿੰਨੇ ਹੀ ਬੂਹੇ ਰੋਜ਼ਾਨਾ ਖੁੱਲ ਰਹੇ ਸਨ। ਬਲਕਿ ਸੂਚਨਾਵਾਂ ਦਾ ਵਿਸਫੋਟ। ਕਿਸੇ ਨੇ ਸੱਚ ਹੀ ਕਿਹੈ, ਇਹ ਗਿਆਨ ਦਾ ਨਹੀਂ, ਸੂਚਨਾਵਾਂ ਦਾ ਯੁਗ ਹੈ। ਮੈਂ ਭਾਜੜੀਂ ਪਿਆ ਹੋਇਆ ਸਾਂ, ਖੁਦ ਨੂੰ ਅਪਡੇਟ ਕਰਨ ਲਈ। ਇਕ ਜਾਣਕਾਰੀ ਅਜੇ ਗ੍ਰਹਿਣ ਕਰਦਾ ਹੀ ਸਾਂ ਕਿ ਦੂਸਰੀ ਤਿਆਰ। ਅਪਰੂਵਡ ਕਲੋਨੀਆਂ, ਅਨਅਥੋਰਾਈਜ਼ਡ ਕਲੋਨੀਆਂ, ਸੈਕਟਰਾਂ ਵਿਚਲੇ ਪਲਾਟ...। ਸੈਕਟਰਾਂ ਵਿਚ ਵੀ ਪਾਰਕ ਫੇਸਿੰਗ, ਕੋਨੇ ਅਤੇ ਪ੍ਰਾਈਮ ਲੋਕੇਸ਼ਨ ਵਾਲੇ ਪਲਾਟ...। ਸਭ ਦਾ ਵੱਖੋ - ਵੱਖਰਾ ਪ੍ਰੀਮੀਅਮ। ਬਿੱਲੂ ਮੈਨੂੰ ਨਾਲੋ - ਨਾਲ ਸਮਝਾਉਂਦਾ ਰਹਿੰਦਾ। ਬਲਕਿ ਉਹ ਤਾ ਕਹਿੰਦਾ, "ਕਿਉਂ ਨਾ ਆਪਾਂ ਪਿੰਡ ਵਿਚ ਪ੍ਰਾਪਰਟੀ ਅਡਵਾਈਜਰ ਦੀ ਦੁਕਾਨ ਹੀ ਖੋਲ੍ਹ ਲਈਏ?"

ਇਸ ਮਾਮਲੇ ਵਿਚ ਅਸੀਂ ਹੋਰਾਂ ਤੋਂਪਿੱਛੇ ਸਾਂ। ਕਹਿੰਦੇ ਨੇ ਨਾ, ਜਦ ਮੈਂ ਸਮਝਣ ਜੋਗੀ ਹੋਈ, ਫੇਰ ਬਦਲ ਗਿਆ ਥਾਣਾ। ਹੁਣ ਤਾਂ ਇੱਟ ਪੁੱਟੇ ਤੋਂ ਪ੍ਰਾਪਟੀ ਡੀਲਰ ਨਿਕਲਦਾ ਸੀ। ਪਰਚੂਨ ਦੀ ਦੁਕਾਨ ਵਾਲਾ, ਨਾਈ, ਘੁਮਿਆਰ, ਸੁਨਿਆਰਾ, ਚੌਂਕੀਦਾਰ, ਸਭ ਪ੍ਰਾਪਰਟੀ ਡੀਲਰ। ਬਲਕਿ ਕਈ ਆਪਣਾ ਮੂਲ ਧੰਦਾ ਛੱਡ ਕੇ ਸਿਰਫ ਇਹੀ ਕਰਨ ਲੱਗ ਪਏ। ਜ਼ਮੀਨਾਂ ਵੀ ਹੁਣ ਤਾਂ ਇਹਨਾਂ ਰਾਹੀਂ ਵਿਕਣ ਲੱਗ ਪਈਆਂ ਸਨ। ਫਲਾਂ-ਫਲਾਂ ਪਿੰਡ ਵਿਚ ਜ਼ਮੀਨ ਖਰੀਦਣ ਲਈ ਸੰਪਰਕ ਕਰੋ...।

ਹਰ ਸੰਡੇ ਮੈਂ ਉਹਦੇ ਕੋਲ ਪਹੁੰਚ ਜਾਂਦਾ ਤੇ ਅਸੀਂ ਵੱਖ-ਵੱਖ ਕਲੋਨੀਆਂ ਤੇ ਲੋਕੇਸ਼ਨਾਂ ਵਿਜਿਟ ਕਰਦੇ। ਜਿਨਾਂ ਦੇ ਸ਼ਾਨਦਾਰ ਪ੍ਰਵੇਸ਼ ਦਵਾਰ ਬਣੇ ਹੁੰਦੇ। ਕਈ ਲੋਕੇਸ਼ਨਾਂ ਦੇ ਰਿਸਕ ਫੈਕਟਰ ਬਾਰੇ ਵੀ ਉਹ ਦਸਦਾ। ਨਾਲੇ ਇਹ ਵੀ ਕਿ ਚੜ੍ਹਾਈ ਵੇਲੇ ਕੋਈ ਰਿਸਕ ਫੈਕਟਰ ਕੰਮ ਨਹੀਂ ਕਰਦਾ। ਮੈਂ ਤਾਂ ਕਿਸੇ ਰਿਸਕ ਫੈਕਟਰ ਬਾਰੇ ਸੋਚਣਾ ਵੀ ਨਹੀਂ ਸਾਂ ਚਾਹੁੰਦਾ। ਫੇਰ ਅਸੀਂ ਬੀਅਰ ਬਾਰ ਵਿਚ ਜਾ ਬੈਠਦੇ।

ਪਿੱਛੇ ਕਈ ਸ਼ਹਿਰਾਂ ਵਿਚ ਨਵੇਂ ਕੱਟੇ ਰਿਹਾਇਸ਼ੀ ਸੈਕਟਰਾਂ ਬਾਰੇ ਨੋਟੀਫਿਕੇਸ਼ਨ ਹੋਈ ਤਾਂ ਅਖਬਾਰ ਦੇਖਣ ਸਾਰ ਸਵੇਰੇ-ਸਵੇਰੇ ਹੀ ਬਿੱਲੂ ਨੇ ਫੋਨ ਕੀਤਾ, "ਚਾਚਾ ਪਲਾਟ ਨਿਕਲੇ ਨੇ। ਕਈ ਵੱਡੇ ਸ਼ਹਿਰਾਂ ਵਿਚ ਚੰਗਾ ਪ੍ਰੀਮੀਅਮ ਹੈ।"

ਪ੍ਰੀਮੀਅਮ ਬਾਰੇ ਮੈਂ ਘਰਵਾਲੀ ਸਾਹਮਣੇ ਜ਼ਿਆਦਾ ਡਿਟੇਲ ਵਿਚ ਜਾਣਾ ਨਹੀਂ ਸੀ ਚਾਹੁੰਦਾ। ਘਰਵਾਲੀ ... ਜਦੋਂ ਦਾ ਪ੍ਰਾਪਰਟੀ ਦੇ ਕੰਮ 'ਚ ਪਿਆਂ, ਪਰੇਸ਼ਾਨ ਜਿਹੀ ਰਹਿੰਦੀ ਹੈ। ਜਿਵੇਂ ਕਿ ਲੁੱਟੀ ਗਈ ਹੋਵੇ। ਕਿਤੇ ਪੜ੍ਹਿਆ ਸੀ, ਪਹਿਲਾਂ ਔਰਤ ਪਰਵਾਰ ਦੀ ਮੁਖੀ ਹੁੰਦੀ ਸੀ। ਜਦ ਦਾ ਪ੍ਰਾਪਰਟੀ ਦਾ ਕਨਸੈਪਟ ਪੈਦਾ ਹੋਇਆ, ਔਰਤ ਦੀ ਹਾਲਤ ਗੁਲਾਮਾਂ ਵਾਲੀ ਹੁੰਦੀ ਚਲੀ ਗਈ।

ਹਾਲਤ ਮੇਰੀ ਵੀ ਬਹੁਤੀ ਚੰਗੀ ਨਹੀਂ ਸੀ ਪਰ ਬਿੱਲੂ ਨੇ ਸਭ ਸਮਝਾ ਦਿੱਤਾ। ਰਸਤਾ ਵੀ ਦੱਸਿਆ। ਪਲਾਟ ਦੀ ਪਰਚੀ ਨਿਕਲਣ ਸਾਰ ਲੱਖਾਂ ਰੁਪਏ ਦਾ ਪ੍ਰੀਮੀਅਮ? ਕੇਰਾਂ ਤਾਂ ਮੈਂ ਵੀ ਬਲਬੀਰ ਬਾਈ ਵਾਂਗ ਸੋਚਿਆ, ਫੇਰ ਰੀਅਲ ਅਸਟੇਟ ਕਾਹਦਾ? ਸੱਟਾ ਨਾ ਹੋਇਆ?

ਬਿੱਲੂ ਕਹਿੰਦਾ, "ਚਾਚਾ ਆਪਾਂ ਵੱਧ ਤੋਂ ਵੱਧ ਐਪਲੀਕੇਸ਼ਨਾਂ ਲਾਵਾਂਗੇ।" ਮੇਰੇ ਕੁਝ ਪੁੱਛਣ ਤੋਂ ਪਹਿਲਾਂ ਹੀ ਕਹਿੰਦਾ, "ਚਿੰਤਾ ਛੱਡੋ। ਸਾਰੇ ਬੈਂਕ ਫਾਈਨੈਂਸ ਕਰਨ ਲਈ ਤਿਆਰ ਬੈਠੇ ਨੇ। ਬਣਦੀ ਰਕਮ ਦਾ ਸਿਰਫ ਛੇ ਮਹੀਨਿਆਂ ਦਾ ਵਿਆਜ ਭਰਨਾ ਪੈਂਦੈ। ਬਸ। ਜੇ ਪਲਾਟ ਨਿਕਲ ਗਿਆ ਤਾਂ ਪ੍ਰੀਮੀਅਮ ਕਮਾਓ, ਨਹੀਂ ਛੁੱਟੀ।"

ਇੰਡੀਆ ਕਿਹੜਾ ਅਮਰੀਕਾ ਨਾਲੋਂ ਪਿੱਛੇ ਹੈ? ਤੇ ਆਪਾਂ ਕਿਹੜਾ ਕਿਸੇ ਟਾਟੇ-ਅੰਬਾਨੀ ਤੋਂ ਘੱਟ ਹਾਂ? ਸਾਰੇ ਇਸੇ ਤਰ੍ਹਾਂ ਬਣਦੇ ਐ। ਘਾਟੇ ਦਾ ਬਜਟ ਤੇ ਕਰਜ਼ੇ ਨਾਲ ਧੰਦਾ, ਖੂਬ ਫਲਦੇ ਐ। ਮੈਂ ਸੋਚਿਆ। ਫੇਰ ਤਾਂ ਸਾਰਾ ਕੰਮ ਦੋ ਦਿਨਾਂ ਵਿਚ ਹੀ ਫਤਿਹ। ਬਿੱਲੂ ਨੇ ਦੋ ਸ਼ਹਿਰਾਂ ਵਿਚ ਚਾਰ-ਚਾਰ ਮਰਲੇ ਦਾ ਇਕ-ਇਕ ਪਲਾਟ ਅਪਲਾਈ ਕੀਤਾ। ਮਖਿਆ "ਯਾਰ, ਚਾਰ-ਚਾਰ ਮਰਲੇ ਤਾਂ ਰੂੜੀ ਵਾਸਤੇ ਈ ਛੱਡ ਦੇਈਦੀਐ ਪਿੰਡ 'ਚ?"

ਮੈਂ ਤਾਂ, ਆੜ੍ਹਤੀ ਤੇ ਬੈਂਕ ਜ਼ਿੰਦਾਬਾਦ, ਬਸ ਤਸੱਲੀ ਕਰਾ 'ਤੀ। ਜੇ ਇਕ-ਦੋ ਹੀ ਨਿਕਲਗੇ ਤਾਂ ਬਿੱਲੂ ਦਾ ਕਹਿਣਾ...।

**ਬਿੱਲੂ** ਕਹਿੰਦਾ, "ਚਾਚਾ, ਅੱਜ ਬਿੱਲ ਮੈਂ ਪੇ ਕਰੂੰ।"

ਮਖਿਆ "ਯਾਰ, ਚਾਚਾ ਵੀ ਕਹਿੰਦੈਂ ਤੇ ਅੱਡ ਹੋਣ ਵਾਲੀਆਂ ਗੱਲਾਂ ਵੀ ਕਰਦੈਂ...। ਸ਼ਮਸ਼ੇਰ ਤੂੰ ਹੀ ਦੱਸ, ਜਚਦੀ ਐ ਗੱਲ?" ਮੈਂ ਸ਼ਮਸ਼ੇਰ ਨੂੰ ਵੀ ਗੱਲਾਂ-ਬਾਤਾਂ ਵਿਚ ਸ਼ਾਮਲ ਕਰਨਾ ਚਾਹੁੰਦਾਂ। ਉਹ ਹਾਂ-ਹੂੰ ਜੀ ਤਾਂ ਕਰਦੈ ਪਰ ਮੈਨੂੰ ਲੱਗਦੈ ਉਹ ਜ਼ਰਾ ਦੂਰ ਖੜ੍ਹਾ ਨਿਰਲੇਪ ਭਾਵ ਨਾਲ ਸਭ ਕੁਝ ਦੇਖ ਪਰਖ ਰਿਹੈ।

ਇਕ ਵਾਰੀ ਦੀ ਗੱਲ, ਬਿੱਲੂ ਕਹਿੰਦਾ, "ਚਾਚਾ, ਢਿੱਡ ਤਾਂ ਡੰਗਰ-ਪਸੂ, ਪੰਛੀ ਵੀ ਭਰਦੇ ਐ। ਆਪਣੇ ਪਿੰਡ ਵਿਚ ਸੱਤਰ ਫੀਸਦੀ ਲੋਕ ਦਾਰੂ ਪੀਂਦੇ ਨੇ। ਠੇਕੇ ਤੋਂ ਕੈਪਸੂਲਾਂ ਵਾਲੀ ਦੇਸੀ ਦਾ ਪਉਆ ਗਲ਼ 'ਚ ਸੁੱਟਿਆ, ਚਿੱਟਾ ਮੁਰਗਾ ਕਹਿ ਕੇ ਲੂਣ ਦੀ ਡਲੀ ਚੱਟੀ ਤੇ ਚਲ ਮੇਰੇ ਭਾਈ। ਏਦਾਂ ਸ਼ਾਨ ਨਾਲ ਵ੍ਹਿਸਕੀ ਦੇ ਪੈਗ ਕਿੰਨਿਆਂ ਕੁ ਨੂੰ ਸਰਵ ਹੁੰਦੇ ਨੇ? ਨਾਲੇ ਪਾਪੜ, ਪੀ-ਨਟਸ, ਵੈਜ ਮੰਚੂਰੀਅਨ, ਰੋਸਟਿਡ ਚਿਕਨ...। ਸਾਲੀ ਰੂਹ ਰੱਜ ਜਾਂਦੀਐ। ਮੈਂ ਤੈਨੂੰ ਦੱਸਾਂ।"

ਤੇ ਬਲਬੀਰ ਕਹਿ ਰਿਹਾ ਸੀ, "ਨਾ ਉਥੇ ਲੱਸੀ, ਨਾ ਦੁੱਧ...। ਪਾਣੀ ਵੀ ਮੁੱਲ ਦਾ...। ਕੀ ਰੀਸਾਂ ਨੇ ਜੇ ਸ਼ਾਮੀਂ ਦੁੱਧ ਤੇ ਸਵੇਰੇ ਲੱਸੀ ਦਾ ਛੰਨਾ ਭਰ ਕੇ ਪੀਤਾ ਹੋਵੇ, ਰੂਹ ਰੱਜ ਜਾਂਦੀਐ। ਸਿਹਤ ਵੀ ਟਨਾਟਨ... ਮੈਂ ਤੈਨੂੰ ਦੱਸਾਂ।"

ਬੀਅਰ ਦੇ ਮਗ ਆ ਗਏ। ਮੈਂ ਪੀ-ਨਟਸ ਦਾ ਇੰਤਜ਼ਾਰ ਵੀ ਨਹੀਂ ਕੀਤਾ ਅਤੇ ਮਗ ਚੁਕ ਕੇ ਬੀਅਰ ਅੰਦਰ ਸੁੱਟ ਲਈ। ਪਰ ਜੋ ਭਾਂਬੜ ਮੇਰੇ ਅੰਦਰ ਮਚ ਰਿਹਾ ਸੀ ਉਹ ਠੰਡੀ ਬੀਅਰ ਵੀ ਨਹੀਂ ਬੁਝਾ ਸਕੀ। ਹੁਣ ਤਕ ਦੋ ਵਾਰੀ ਪੁੱਛ ਚੁਕਾ ਸਾਂ, "ਹੋਰ ਸੁਣਾ, ਕੋਈ ਨਵੀ-ਤਾਜੀ?" ਮੇਰਾ ਸਬਰ ਜ਼ਵਾਬ ਦਿੰਦਾ ਜਾ ਰਿਹਾ ਸੀ।

"ਹਾਂ ਸੱਚ। ਓਦਣ ਕੀ ਕਹਿ ਰਿਹਾ ਸੀ ਤੂੰ?" ਆਖਰ ਕਿੰਨੀ ਕੁ ਦੇਰ ਆਪਣੇ ਆਪ 'ਤੇ ਕਾਬੂ ਰੱਖਦਾ ਮੈਂ ? ਜੇ ਕਿਸੇ ਸਾਲੇ ਨੂੰ ਸਜ਼ਾ ਦੇਣੀ ਹੋਵੇ ਤਾਂ ਇੰਤਜ਼ਾਰ ਕਰਨ ਲਈ ਕਹਿ ਦਿਓ।

ਬਿੱਲੂ ਨੇ ਮਿਨੂ ਤੋਂ ਧਿਆਨ ਹਟਾ ਕੇ ਮੇਰੇ ਵੱਲ ਦੇਖਿਆ। ਉਸਨੂੰ ਸ਼ਾਇਦ ਯਾਦ ਨਹੀਂ ਆ ਰਿਹਾ। ਮੈਥੋਂ ਸਬਰ ਨਹੀਂ ਹੁੰਦਾ। ਸਬਰ ਤਾਂ ਉਦੋਂ ਵੀ ਨਹੀਂ ਸੀ ਹੋਇਆ ਜਦੋਂ ਇਸ ਨੇ ਸ਼ੇਅਰ ਮਾਰਕਿਟ ਬਾਰੇ ਵਿਸਥਾਰ ਨਾਲ ਦੱਸਿਆ ਸੀ। ਬ੍ਰੋਕਰ ਕੋਲ ਲੈ ਕੇ ਗਿਆ ਸੀ। ਮੈਨੂੰ ਮਾਰਕਿਟ ਦਾ ਫੰਡਾ ਕਲੀਅਰ ਕਰਨ ਵਿਚ ਇਸਨੇ ਜਿੰਨਾ ਸਮਾਂ ਲਾਇਆ ਸੀ, ਸ਼ੇਅਰਾਂ ਵਿਚ ਇਨਵੇਸਟ ਕਰਨ ਦਾ ਫੈਸਲਾ ਲੈਣ ਵਿਚ ਤਾਂ ਮੈਂ ਉਸਦਾ ਇਕ ਪਰਸੈਂਟ ਵੀ ਨਹੀਂ ਸੀ ਲਾਇਆ। ਡੀਮੈਟ ਅਕਾਉਂਟ ਖੁਲ੍ਹਵਾਉਣ ਵਿਚ ਭਾਵੇਂ ਕੁਝ ਸਮਾਂ ਲੱਗ ਗਿਆ ਸੀ।

ਪਲਾਟ ਖਰੀਦਣ ਵੇਲੇ ਵੀ ਮੈਂ ਇਸੇ ਤਰ੍ਹਾਂ ਕੀਤਾ ਸੀ। ਪੈਸਿਆਂ ਦਾ ਇੰਤਜਾਮ ਕਰਨ ਵਿਚ ਕੁਝ ਸਮਾਂ ਭਾਵੇਂ ਲੱਗ ਗਿਆ ਹੋਵੇ। ਇਸ ਤੋਂ ਕਿਤੇ ਵੱਧ ਸਮਾਂ ਤਾਂ ਬਿੱਲੂ ਨੇ ਮਾਰਕਿਟ ਦੀ ਸਟੱਡੀ ਕਰਨ ਵਿਚ ਲਾ ਦਿੱਤਾ ਸੀ।

ਕੀਮਤਾਂ ਲਗਾਤਾਰ ਵੱਧਦੀਆਂ ਜਾ ਰਹੀਆਂ ਸਨ।

"ਛੇਤੀ ਕਰੀਏ ਬਿੱਲੂ।" ਆਖਰ ਇਕ ਦਿਨ ਮੈਂ ਕਹਿ ਹੀ ਦਿੱਤਾ ਸੀ, "ਕੀਮਤਾਂ ਯਾਰ...ਮੈਂ ਤਾਂ ਕਹਿਨਾਂ...।"

"ਕਮਾਲ ਹੈ ਚਾਚਾ, ਤੂੰ ਤਾਂ ਬੜੀ ਛੇਤੀ ਪ੍ਰਾਪਰਟੀ ਡੀਲਰਾਂ ਵਾਂਗ ਗੱਲਾਂ ਕਰਨ ਲੱਗ ਪਿਐਂ?"

ਪਰ ਆਪਣੇ ਕੋਲ ਸਬਰ ਕਿਥੇ? ਮੈਂ ਉਸ ਦਿਨ ਵਾਲੀ ਸਾਰੀ ਗੱਲ ਉਸ ਨੂੰ ਦੱਸੀ ਤਾਂ ਉਹ ਕਹਿੰਦਾ, "ਅੱਛਾ, ਅੱਛਾ ਉਹ ਤਾਂ ਦਰਅਸਲ...।" ਲਾਪਰਵਾਹੀ ਜਿਹੀ ਨਾਲ ਏਨਾ ਹੀ ਕਿਹਾ।

ਇਕ-ਇਕ ਮੱਗ ਅਸੀਂ ਹੋਰ ਚਕ 'ਤਾ।

ਬਿੱਲੂ ਉਠ ਕੇ ਟੋਇਲੇਟ ਵੱਲ ਚਲਾ ਗਿਐ।

ਅਸੀਂ ਸਵਾ-ਸਵਾ ਬੋਤਲ ਚੰਡ ਦਿੱਤੀ ਤੇ ਸ਼ਮਸ਼ੇਰ ਅਜੇ ਇਕੋ ਮੱਗ ਲਈ ਬੈਠਾ ਹੈ। ਮੈਂ ਉਸ ਨੂੰ ਕਹਿੰਦਾਂ, "ਪਤੰਦਰਾ, ਇਹਨੂੰ ਰੱਖੀ ਕਿਉਂ ਬੈਠੈਂ, ਗਰਮ ਹੋ ਕੇ ਬੋ ਮਾਰੂ ਇਹ ਸਾਲੀ...।" ਲੱਗਦੈ ਮੈਨੂੰ ਨਸ਼ਾ ਹੋ ਰਿਹੈ।

ਮੈਂ ਅੱਗੇ ਕਿਹਾ, "ਮੁਕਾ ਛੇਤੀ, ਹੋਰ ਮੰਗਾਈਏ।" ਪਰ ਸ਼ਮਸ਼ੇਰ ਮੁਸਕਰਾ ਰਿਹੈ। ਬੋਲਦਾ ਕੁਝ ਨਹੀਂ। ਕੀ ਇਹ ਕੋਈ ਹੋਰ ਨਸ਼ਾ ਕਰਨ ਲੱਗ ਪਿਐ?

ਬਿੱਲੂ ਦੇ ਨਾਲ-ਨਾਲ ਆ ਕੇ ਵੇਟਰ ਨੇ ਇਕ ਬੋਤਲ ਸਾਡੇ ਮੱਗਾਂ ਵਿਚ ਪਾਉਣੀ ਸ਼ੁਰੂ ਕਰ ਦਿੱਤੀ। ਝੱਗ ਨੀਂ ਉਠਣ ਦੇ ਰਿਹਾ ਬਿੱਲਕੁਲ ਵੀ। ਪਹਿਲੀ ਵਾਰੀ ਇਸੇ ਟੇਬਲ 'ਤੇ ਮੈਂ ਮੱਗ ਝੱਗ ਨਾਲ ਭਰ ਦਿੱਤੇ ਸੀ। ਬਿੱਲੂ ਹੱਸ ਕੇ ਕਹਿੰਦਾ, "ਚਾਚਾ, ਕਈ ਚੀਜ਼ਾਂ ਅਜੇ ਆਪਾਂ ਸਿੱਖਣੀਆਂ ਨੇ।" ਤੇ ਮੈਂ ਉਸੇ ਸਮੇਂ , ਉਸੇ ਪਲ ਸਿੱਖਣ ਵਿਚ ਜੁਟ ਗਿਆ ਸਾਂ। ਮੈਨੂੰ ਵੀ ਲੱਗਣ ਲੱਗ ਪਿਆ ਸੀ ਕਿ ਸਮੇਂ ਦੇ ਹਾਣ ਦਾ ਹੋਣਾ ਬਹੁਤ ਜ਼ਰੂਰੀ ਹੈ। ਫੇਰ ਤਾਂ ਵੇਟਰ ਨੂੰ ਟਿੱਪ ਦੇਣੀ ਕਿਉਂ ਜ਼ਰੂਰੀ ਹੈ, ਇਹ ਵੀ ਪਤਾ ਲੱਗ ਗਿਆ ਸੀ। ਫੇਰ ਕਦੇ ਮੱਗ ਝੱਗ ਨਾਲ ਭਰਨ ਦੀ ਨੌਬਤ ਨਹੀਂ ਸੀ ਆਈ।

ਮੱਗ ਫਟਾਫਟ ਅੰਦਰ ਸੁੱਟ ਕੇ ਮੈਂ ਟੋਇਲੇਟ ਜਾਣ ਲਈ ਉੱਠਦਾਂ। ਕੋਲ ਖੜਾ ਵੇਟਰ ਸਹਿਮਿਆ ਜਿਹਾ ਸਰ-ਸਰ ਕਰਦੈ। ਮੈਨੂੰ ਲੱਗਦੈ ਜਿਵੇਂ ਟਿੱਪ-ਟਿੱਪ ਕਰ ਰਿਹਾ ਹੋਵੇ। ਸਾਲੀ ਬੀਅਰ ਨਾਲ...ਪਹਿਲਾਂ ਤਾਂ ਨੀਂ ਕਦੇ ਏਨਾ ਨਸ਼ਾ ਹੋਇਆ? ਮੈਂ ਵਾਪਸ ਸੀਟ 'ਤੇ ਬੈਠ ਜਾਂਦਾਂ। ਬਿੱਲੂ ਨੂੰ ਕਹਿੰਦਾਂ, "ਗਰਮ ਹੋ ਕੇ ਬੋ ਮਾਰੂ ਇਹ ਸਾਲੀ...। ਖਤਮ ਕਰ ਛੇਤੀ ਹੋਰ ਮੰਗਾਈਏ।" ਸ਼ਮਸ਼ੇਰ ਨੂੰ ਸੰਬੋਧਤ ਹੁੰਦਾਂ, "ਹਾਂ ਫੇਰ ਕੀ ਗੱਲ ਸੀ ਓਦਣ?" ਸ਼ਮਸ਼ੇਰ ਬਿੱਲੂ ਵੱਲ ਦੇਖਦੈ। ਬਿੱਲੂ ਮੇਰੇ ਵੱਲ। ਮੈਂ ਵੇਟਰ ਵੱਲ ਦੇਖਦਾਂ। ਉਹ ਹੱਥ ਬੰਨ੍ਹੀ ਖੜਾ ਹੈ।

"ਵੇਟਰ, ਜਾਹ ਸ਼ੇਅਰ ਫਰਾਈ ਕਰਕੇ ਲਿਆ...।" ਉਹ ਹੈਰਾਨ ਜਿਹਾ ਮੂੰਹ ਅੱਡ ਲੈਂਦੈ। ਜਿਵੇਂ ਮੈਂ ਕੋਈ ਜੱਗੋਂ ਤੇਰ੍ਹਵੀਂ ਗੱਲ ਕਹਿ ਦਿੱਤੀ ਹੋਵੇ, "ਜਾਹ ਹੁਣ, ਮੂੰਹ ਕੀ ਦੇਖਦੈਂ? ਸਾਲੇ ਮੂੰਗਫਲੀਆਂ 'ਚ ਸੌਸ ਜਾ ਪਾ ਕੇ ਕਹਿੰਦੇ, ਪੀ-ਨਟਸ...।" ਬਾਈ ਦੀ ਗੱਲ ਯਾਦ ਆ ਜਾਂਦੀ ਐ, "ਸਾਡੀ ਮੂੰਗਫਲੀ ਦੀ ਕੀਮਤ, ਮੇਰੀ ਸਾਲੀ ਇਥੇ ਆਉਣ ਸਾਰ ਚੌਗੁਣੀ ਹੋਗੀ?"

"ਸ਼ੇਅਰ ਵੇਚਣੇ ਨੇ ਯਾਰ, ਨਹੀਂ...।" ਕਹਿੰਦਿਆਂ ਪਲੇਟ 'ਚੋਂ ਪੀ-ਨਟਸ ਚੁੱਕ ਕੇ ਮੂੰਹ ਵਿਚ ਪਾਉਣ ਲੱਗਦਾਂ। ਥੱਲੇ ਗਿਰ ਜਾਂਦੀ ਹੈ। ਵੇਟਰ ਦਾ ਹਾਸਾ ਨਿਕਲ ਜਾਂਦੈ। ਮੈਂ ਉਸ ਨੂੰ ਗਾਲ੍ਹ ਕੱਢਦਾਂ...ਆਪਣੇ ਪੰਦਰਾਂ ਕਿੱਲਿਆਂ ਬਾਰੇ ਦੱਸਦਾਂ। ਉਹ ਯਸ ਸਰ ਕਹਿੰਦੈ। ਇੱਕਾ- ਦੁੱਕਾ ਟੇਬਲਾਂ 'ਤੇ ਬੈਠੇ ਐਗਜਿਕਿਊਟਿਵ ਟਾਈਪ ਨੌਜਵਾਨ, ਜੋ ਲੰਚ ਕਰਨ ਜਾਂ ਬੀਅਰ ਪੀਣ ਲਈ ਆਏ ਹਨ, ਮੇਰੇ ਵੱਲ ਦੇਖਣ ਲੱਗਦੇ ਨੇ। ਮੈਂ ਸ਼ਮਸ਼ੇਰ ਵੱਲ ਦੇਖਦਾਂ। ਉਹਦੇ ਅਜੇ ਵੀ ਮੱਗ ਵਿਚ ਬੀਅਰ ਪਈ ਹੈ। ਸ਼ਮਸ਼ੇਰ ਫੇਰ ਬਿੱਲੂ ਵੱਲ ਦੇਖਦੈ। ਬਿੱਲੂ ਮੇਰੇ ਵੱਲ। ਮੈਂ ਪਰਵਾਹ ਨਹੀਂ ਕਰਦਾ।

ਬਲਕਿ "ਇਹ ਬੋਰੀ ਢੋਅ ਯਾਰ ਛੇਤੀ...।" ਕਹਿੰਦਿਆਂ ਮੈਂ ਉਸਨੂੰ ਪੁੱਛਦਾਂ, "ਤੇਰੇ ਟ੍ਰੈਕਟਰ ਨੇ ਕੀ ਦਿੱਤੈ ਐਤਕੀਂ? ਕੱਟਾ, ਕੱਟੀ?" ਮੈਨੂੰ ਮੇਰਾ ਫੰਡਰ ਫੋਰਡ ਯਾਦ ਆਇਆ। ਸ਼ਮਸ਼ੇਰ ਹੁਣ ਨਾ ਬੋਲਿਆ, ਨਾ ਮੁਸਕੁਰਾਇਆ।

ਮੈਨੂੰ ਹੋਰ ਵੀ ਕੁਝ ਯਾਦ ਆਇਆ। ਇਕ ਵਾਰੀ ਮੇਰੇ ਪੁਰਾਣੇ ਛੋਟੇ ਟ੍ਰੈਕਟਰ ਨੂੰ ਸਾਡੇ ਇਕ ਸ਼ਰੀਕ ਨੇ ਅਮਰੀਕਨ ਬਲਦ ਕਹਿ ਦਿੱਤਾ ਸੀ। ਅਗਲੇ ਦਿਨ ਮੈਂ ਉਸ ਨਾਲ ਦਾ ਹਿੰਦੁਸਤਾਨ ਟ੍ਰੈਕਟਰ ਘਰੇ ਲਿਆ ਖੜ੍ਹਾਇਆ ਸੀ। ਫੇਰ ਸ਼ਰੀਕਾਂ ਦੀ ਰੀਸੋ -ਰੀਸੀ ਫੋਰਡ। ਸ਼ਾਮੀਂ ਸੈਲੀਬ੍ਰੇਟ ਕਰਦਿਆਂ ਮੇਰੇ ਲੰਗੋਟੀਏ ਯਾਰ ਬਲਕਾਰ ਦੀ ਟਿੱਪਣੀ ਨੇ ਖੁਸ਼ੀ ਦੇ ਗੁੱਬਾਰੇ ਵਿਚ ਸੂਈ ਚੁਭਾ ਦਿੱਤੀ ਸੀ, "ਤੇਨੂੰ ਪਤੈ ਏਨੇ ਵੱਡੇ ਟ੍ਰੈਕਟਰ ਲਈ ਰੋਜ਼ਾਨਾ ਕਿੰਨੇ ਘੰਟੇ ਕੰਮ ਚਾਹੀਦੈ?"

"ਘੰਟਾ...! ਕਿਉਂ ਮੂਢ ਖਰਾਬ ਕਰਦੈਂ ਯਾਰ...?" ਮੈਂ ਕਹਿਣਾ ਚਾਹੁੰਦਾ ਸਾਂ ਪਰ ਚੁਪ ਰਿਹਾ।

ਉਹ ਫੇਰ ਬੋਲਿਆ, "ਕਿਰਾਇਆ ਤਾਂ ਤੈਂ ਕਮਾਉਣਾ ਨਹੀਂ...ਸੋ ਇਹ ਫੰਡਰ ਮੱਝ ਤੋਂ ਵੱਧ ਕੁਝ ਨਹੀਂ। ਫਿਰ ਵੀ ਚੀਅਰਸ...!"

"ਸਰਾਪੀਆਂ ਨਿਮਨ-ਮਧਵਰਗੀ ਰੂਹਾਂ ਨੂੰ ਕੁਝ ਪਲ ਖੁਸ਼ਫਹਿਮੀ ਵਿਚ ਜਿਉਣਾ ਵੀ ਨਸੀਬ ਨਹੀਂ?" ਮੈਂ ਖਿੱਝਦਾਂ।

ਉਂਝ ਬਲਕਾਰ ਅੱਜਕਲ੍ਹ ਗੱਲਾਂ ਹੀ ਅਜਿਹੀਆਂ ਕਰਦੈ ਕਿ ਕਈ ਰਵਾਇਤੀ ਥੰਮਾਂ ਦਾ ਵਿਸ਼ਵਾਸ ਵੀ ਡਗਮਗਾਉਣ ਲੱਗ ਪੈਂਦੈ।

ਮੈਂ ਤਾਂ ਦਰਅਸਲ ਪੁੱਛ-ਗਿੱਛ ਕਰਨ ਹੀ ਗਿਆ ਸੀ ਅਜੰਸੀ ਵਿਚ। ਉਸੇ ਦਿਨ ਫੋਰਡ ਘਰੇ ਛੱਡਗੇ ਪਤੰਦਰ। ਅਖੇ, "ਸਰਦਾਰ ਜੀ, ਵਾਹ ਕੇ ਦੇਖੋ, ਧੱਕੜ ਸਾਨ੍ਹ ਐ...ਖੱਸੀ ਨੀਂ ਕੀਤਾ ਹੋਇਆ।"

"ਚਾਚਾ ਚੱਲੀਏ?" ਬਿੱਲੂ ਨੇ ਦੱਸਣ ਵਾਂਗ ਪੁੱਛਿਆ ਤੇ ਪਤਾ ਨਹੀਂ ਕਦੋਂ ਇਸ਼ਾਰਾ ਕੀਤਾ, ਵੇਟਰ ਬਿੱਲ ਲੈ ਆਇਆ। ਬਿੱਲ ਦੇਖ ਕੇ ਉਸਨੇ ਸੌ-ਸੌ ਦੇ ਕੁਝ ਨੋਟ ਟਰੇਅ ਵਿਚ ਰੱਖ ਦਿੱਤੇ। ਵੇਟਰ ਬਕਾਇਆ ਮੋੜਨ ਆਇਆ ਤਾਂ ਉਸ ਨੇ ਹੱਥ ਦੇ ਇਸ਼ਾਰੇ ਨਾਲ ਸਾਰੇ ਰੱਖਣ ਲਈ ਕਹਿ ਦਿੱਤਾ।

ਮੇਰੀ ਬਾਂਹ ਫੜ ਲਈ। ਮੈਂ ਸ਼ਾਇਦ ਪੇਮੈਂਟ ਕਰਨ ਦਾ ਯਤਨ ਕੀਤਾ ਸੀ, ਪਰ ਬਿੱਲੂ ਨੇ ਗੌਲਿਆ ਹੀ ਨਹੀਂ। ਸਾਰਾ ਕੁਝ ਇਕ ਵਧੀਆ ਐਡਿਟ ਕੀਤੀ ਫਿਲਮ ਵਾਂਗ ਬੜੀ ਤੇਜ਼ੀ ਨਾਲ ਵਾਪਰ ਰਿਹਾ ਸੀ।

ਸ਼ਾਮ ਨੂੰ ਬਿੱਲੂ ਹਲੂਣ ਕੇ ਕਹਿ ਰਿਹਾ ਸੀ, "ਚਾਚਾ, ਉੱਠ ਚਾਹ...।" ਮੈਂ ਉਸ ਦੇ ਕਮਰੇ ਵਿਚ ਕਦੋਂ ਆਇਆ, ਕੁਝ ਵੀ ਯਾਦ ਨਹੀਂ। ਸ਼ਾਇਦ ਪ੍ਰਾਪਰਟੀ ਡੀਲਰ, ਨਹੀਂ ਯਾਰ, ਵੇਟਰ ਮੈਨੂੰ ਬਾਰ ਦੇ ਗੇਟ ਤੱਕ ਛੱਡਣ ਆਇਆ ਸੀ।

ਚਾਹ ਦੀਆਂ ਚੁਸਕੀਆਂ ਲੈਂਦੇ ਹੋਏ ਬਿੱਲੂ ਮੁਸਕੁਰਾ ਰਿਹਾ ਸੀ, "ਚਾਚਾ, ਪੈਸੇ ਵਿਚ ਬੜੀ ਤਾਕਤ ਹੁੰਦੀ ਹੈ। ਉਹ ਕਿਸੇ ਨੂੰ ਵੀ ਉਹਦੀ ਔਕਾਤ ਦੱਸ ਸਕਦੈ। ਗ੍ਰੀਨ ਵਰਗੇ ਏ-ਕਲਾਸ ਬੀਅਰ ਬਾਰ ਦੀ ਕੰਧ 'ਤੇ ਮੂਤ ਸਕਦੈ ਤੇ ਰਿਕਸ਼ੇ ਵਾਲੇ ਨੂੰ...।"

ਮੈਂ ਚਿੰਤਾ 'ਚ ਡੁੱਬ ਜਾਂਦਾਂ, ਕਿਤੇ ਕੋਈ ਐਸੀ-ਵੈਸੀ ਗੱਲ...?

ਸ਼ਮਸ਼ੇਰ ਬਾਰੇ ਪੁੱਛਦਾਂ ਤਾਂ ਉਹ ਕਹਿੰਦੈ, "ਬੋਰੀਆਂ ਢੋਣ ਗਿਆ...।"

ਗ੍ਰੀਨ ਦੇ ਸੁਰਮਈ ਮਾਹੌਲ ਵਿਚ ਤਸੱਲੀ ਨਾਲ ਬੀਅਰ ਦਾ ਮੱਗ ਫੜੀ ਬੈਠਾ ਬਿੱਲੂ ਕਹਿ ਰਿਹਾ ਸੀ, "ਚਾਚਾ, ਇਥੇ ਬੈਠੇ ਲੋਕਾਂ ਨੂੰ ਦੇਖ ਕੇ ਦੱਸ ਸਕਦੈਂ ਕਿਹੜਾ ਕਿੰਨਾ ਵੱਡਾ ਜਿਮੀਂਦਾਰ ਹੈ? ਈਵਨ ਜ਼ਾਤ ਵੀ?" ਪਤਾ ਨਹੀਂ ਕਿਉਂ ਪੁੱਛਿਆ ਸੀ। ਸੋਚ ਵਿਚ ਡੁੱਬ ਗਿਆਂ।

ਮੇਰਾ ਦਮ ਘੁਟਣ ਲੱਗਦੈ। ਜਾਣੀ ਗਰਕਦਾ ਜਾ ਰਿਹਾਂ। ਸਰੀਰ ਟੁੱਟਣ ਲੱਗਦੈ। ਬਲਬੀਰ, ਜਿਹਨੂੰ ਮੈਂ ਵੱਡਾ ਵੀਰ ਮੰਨਦਾਂ, ਆਪਣੇ ਮਨ ਦੀਆਂ ਸਾਰੀਆਂ ਮੇਰੇ ਨਾਲ ਸਾਂਝੀਆਂ ਕਰ ਲੈਂਦੈ...ਬਿੱਲੂ ਨੂੰ ਸਮਝਾਈਂ...ਸ਼ਮਸ਼ੇਰ ਦਾ ਕੋਈ ਹੱਲ ਕਰ...ਕਿਵੇਂ ਵੀ ਪਰਤ ਆਵੇ...। ਪਰ ਮੈਂ? ਆਪਣੇ ਫੰਡੇ ਹੀ ਕਲੀਅਰ ਕਰਦਾ ਰਹਿੰਦਾਂ...।

ਮੈਨੂੰ ਥੋੜ੍ਹਾ-ਥੋੜ੍ਹਾ ਯਾਦ ਆ ਰਿਹੈ, ਦੁਪਹਿਰ ਨੂੰ ਜਦ ਮੈਂ ਪੇਮੈਂਟ ਕਰਨ ਦੀ ਕੋਸ਼ਿਸ਼ ਕਰ ਰਿਹਾ ਸਾਂ ਤਾਂ ਬਿੱਲੂ ਨੇ ਕਿਹਾ ਸੀ, "ਚਾਚਾ, ਤੇਰਾ ਤਾਂ ਮੈਂ ਦੇਣਦਾਰ ਹਾਂ।"

ਕੁਝ ਰੁਪਏ ਇਹਨੇ ਮੈਥੋਂ ਉਧਾਰੇ ਲਏ ਸੀ। ਕਿਉਂਕਿ ਪਲਾਟ ਖਰੀਦਣ ਵੇਲੇ ਜ਼ਮੀਨ ਗਹਿਣੇ ਧਰ ਕੇ ਵੀ ਸਰਿਆ ਨਹੀਂ ਸੀ। ਮੇਰਾ ਲੱਖਾਂ ਦਾ ਫਾਇਦਾ ਕੀਤੈ ਇਸ ਨੇ। ਬਜ਼ਾਰ 'ਚ ਤਾਂ ਮੈਂ ਖੜ੍ਹਾਂ ਆ ਕੇ। ਬਜ਼ਾਰ ਦੀ ਜਿੰਦ ਜਾਨ, ਮੇਰੇ ਨਿੱਜੀ ਸੁਆਰਥ ਤੇ ਲਾਲਚ, ਰੀਅਲਟੀ ਮਾਰਕਿਟ ਵਾਂਗ ਹੀ ਵੱਧ-ਫੁੱਲ ਰਹੇ ਨੇ।

ਮੈਂ ਚਾਹ ਮਸੋਂ ਪੀਤੀ ਹੈ। ਸਮਝ ਵਿਚ ਨਹੀਂ ਆ ਰਿਹਾ ਹੁਣ ਕੀ ਕਰਾਂ? ਜੇਬ 'ਚੋਂ ਮੋਬਾਇਲ ਕੱਢ ਕੇ ਕਿਤੇ ਮਿਲਾਉਣ ਲੱਗਦਾਂ। ਸੋਚਦਾਂ ਕਿਥੇ ਮਿਲਾਵਾਂ? ਅਚਾਨਕ 'ਘਰ' ਡਾਇਲ ਹੋ ਜਾਂਦੈ। ਲੈਂਡਲਾਈਨ 'ਤੇ ਘੰਟੀ ਵੱਜਣ ਸਾਰ ਝਟ ਹੈਲੋ ਦੀ ਮਿੱਠੀ ਜਿਹੀ ਆਵਾਜ਼ ਆਉਂਦੀ ਹੈ। ਹੁਬ੍ਹ ਕੇ ਚੁਕਿਐ ਜਿਵੇਂ ਕਿ ਘਰਵਾਲੀ ਟੈਲੀਫੋਨ ਦੇ ਕੋਲ ਹੀ ਖੜੀ ਹੋਵੇ। ਲੈਂਡਲਾਈਨ 'ਤੇ ਅਕਸਰ ਉਸਦੇ ਰਿਸ਼ਤੇਦਾਰਾਂ ਦੇ ਫੋਨ ਹੀ ਆਉਂਦੈ ਨੇ। ਜਾਂ ਬੱਚਿਆਂ ਦੇ ਕਿਸੇ ਫ੍ਰੈਂਡ ਦਾ, ਹੋਮਵਰਕ ਵਗੈਰਾ ਬਾਰੇ ਗੱਲ ਕਰਨ ਲਈ।

ਕਦੇ ਸਾਰੇ ਮੁਹੱਲੇ ਵਾਲਿਆਂ ਦੇ ਫੋਨ ਇੱਥੇ ਆਉਂਦੇ ਸੀ, ਹੁਣ ਮੇਰਾ ਆਪਣਾ ਫੋਨ ਵੀ ਇਸ 'ਤੇ ਨਹੀਂ ਆਉਂਦਾਂ। ਜੇ ਆ ਵੀ ਜਾਵੇ ਤਾਂ ਮੈਂ ਅਟੈਂਡ ਨਹੀਂ ਕਰਦਾ, ਆਪੇ ਮੋਬਾਇਲ 'ਤੇ ਆਜੂ। ਭਾਵੇਂ ਬੈਠਕ ਵਿਚ ਪੈਰਲਲ ਟੇਲੀਫੋਨ ਵੀ ਲਾ ਰੱਖਿਐ।

"ਭਾਗਵਾਨੇ, ਮੈਂ ਥੋੜ੍ਹਾ ਲੇਟ ਆਊਂ...ਹਾਂ...ਹਾਂ, ਹੁਣ ਤਾਂ ਬਿੱਲੂ ਕੋਲ...ਨਹੀਂ, ਨਹੀਂ ਛੇਤੀ ਆਜੂੰ... ਸੈਰੀ ਤੇ ਰਿੰਪੀ? ਕੋਈ ਨਾ ਖੇਡਣ ਦੇ...ਅੱਛਾ, ਅੱਛਾ...ਠੀਕ ਐ...ਓਕੇ...ਰੱਖ ਦੇ...।" ਉਪਚਾਰਿਕਤਾ ਕਿੰਨੀ ਲਾਉਡ ਹੁੰਦੀ ਹੈ।

ਬਲਬੀਰ ਦੀਆਂ ਕਈ ਗੱਲਾਂ 'ਤੇ ਵੀ ਮੈਂ ਅਜਿਹੀ ਟਿੱਪਣੀ ਕਰ ਦਿੰਦਾਂ, "ਵੀਰ, ਖਬਰੇ ਤੇਰੀਆਂ ਗੱਲਾਂ ਸਹੀ ਵੀ ਹੋਣ ਪਰ ਤੂੰ ਲਾਉਡ ਬਹੁਤ ਹੋ ਜਾਨੈਂ...।"

**ਵੀਰ** ਦੀ ਸਿਆਣਪ ਤੇ ਸਮਝ ਦਾ ਹਮੇਸ਼ਾਂ ਤੋਂ ਕਾਇਲ ਰਿਹਾਂ। ਖੇਤੀ ਬਾੜੀ ਤੋਂ ਲੈ ਕੇ ਪਰਵਾਰਕ, ਹਰ ਮਸਲਾ ਅਸੀਂ ਡਿਸਕੱਸ ਕਰਦੇ, ਮੈਂ ਉਹਦੀ ਹਰ ਗੱਲ ਮੰਨਦਾ, ਪਰ ਹੁਣ ਲੱਗਦੈ ਟਿਊਨਿੰਗ 'ਚ ਗੜਬੜ ਜਿਹੀ ਹੋਗੀ। ਬਲਕਾਰ ਕਹਿੰਦਾ ਸੀ, "ਪੂੰਜੀ ਪਾੜਦੀ ਐ... ਬੰਦੇ ਨੂੰ ਬੰਦੇ ਤੋਂ ਦੂਰ ਕਰਦੀ ਐ...ਮਨ-ਮਸਤਕ ਵਿਚ, ਰਿਸ਼ਤਿਆਂ ਵਿਚ ਖਾਲੀਪਨ ਪੈਦਾ ਕਰਦੀ ਐ।"

ਦੋਸਤੀ ਦਾ ਮਤਲਬ ਸੁਖ-ਦੁਖ ਵਿਚ ਸਾਥ ਦੇਣਾ ਹੁੰਦੈ, ਹਰ ਕਿਤੇ ਸਹਿਮਤ ਹੋਣਾ ਨਹੀਂ। ਮੇਰਾ ਆਪਣਾ ਤਰਕ ਹੈ।

ਉਂਝ ਖਿਆਲ ਮੇਰੇ ਦਿਮਾਗ਼ ਵਿਚ ਵੀ ਬੜੇ ਪੁੱਠੇ-ਸਿੱਧੇ ਆਉਣ ਲੱਗ ਪਏ ਨੇ। ਓਦਣ...ਕਾਮਰੇਡ ਦੀ ਛਤਰੀ ਤਾਣਨ ਵਾਲੀ ਗੱਲ...ਮੇਰੀ ਸੋਚ 'ਤੇ ਕਾਬਜ਼ ਹੀ ਹੋ ਕੇ ਬਹਿ ਗਈ ਐ।

ਨਹੀਂ, ਨਹੀਂ ਮੈਨੂੰ ਇਸ ਤਰ੍ਹਾਂ ਨਹੀਂ ਸੋਚਣਾ ਚਾਹੀਦਾ।

"ਬੀ ਪੋਜਿਟਿਵ ਯਾਰ!" ਕਿਸੇ ਨੇ ਠੀਕ ਕਿਹੈ, ਬੀ ਪੋਜਿਟਿਵ ਸਿਰਫ ਬਲੱਡ ਗਰੁਪ ਹੀ ਨਹੀਂ ਜ਼ਿੰਦਗੀ ਜਿਉਣ ਲਈ ਇਕ ਨਜ਼ਰੀਆ ਵੀ ਹੈ। ਵਿਹਾਰਕ ਗੱਲਾਂ ਹੀ ਸੋਚਣੀਆਂ ਚਾਹੀਦੀਆਂ ਨੇ। ਨਿਗੇਟਿਵ ਕਿਉਂ ਸੋਚਾਂ?

ਸਿਰਫ ਇਕੋ ਬਿੰਦੂ ਤੇ ਧਿਆਨ ਕੇਂਦ੍ਰਤ ਕਰਨਾ ਚਾਹੀਦੈ। ਕਿਸੇ ਵੀ ਤਰ੍ਹਾਂ ਜ਼ਮੀਨ...। ਉਫ ! ਮੇਰੀ ਬਿਰਤੀ ਇਕ ਬਿੰਦੂ 'ਤੇ ਟਿਕਦੀ ਕਿਉਂ ਨਹੀਂ? ਟਿਕ ਵੀ ਕਿਵੇਂ ਸਕਦੀ ਐ? ਕੀ ਨਿੱਜੀ ਸੁਆਰਥ ਤੇ ਲਾਲਚ ਦੀ ਭਾਵਨਾ ਬੰਦੇ 'ਚ ਨਹੀਂ ਹੋਣੀ ਚਾਹੀਦੀ? ਫੇਰ ਤਾਂ ਉਹ ਸਾਧ ਹੀ ਬਣ ਜਾਵੇ? ਪਰ ਸਾਧ-ਸਨਿਆਸੀਆਂ ਤੇ ਮਠਾਂ-ਡੇਰਿਆਂ ਦੀ ਹਕੀਕਤ ਕਿਹੜੀ ਛਿਪੀ ਹੋਈ ਹੈ ਕਿਸੇ ਤੋ?

ਕਲ੍ਹ ਸ਼ਾਮੀਂ ਮਾਸਟਰ ਜੁਗਿੰਦਰ ਕੋਲ ਬੈਠੇ ਸਾਂ। ਅਮਰੀਕ ਵੀ ਸੀ। ਮੈਂ ਅਕਸਰ ਮਾਰਕਿਟ ਡਿਸਕੱਸ ਕਰਨ ਜਾਂਦਾਂ। ਉਂਝ ਬਜ਼ਾਰ ਬਾਰੇ ਗੱਲ-ਬਾਤ ਤਾਂ ਬਿੱਲੂ ਨਾਲ ਵੀ ਫੋਨ 'ਤੇ ਰੋਜ਼ਾਨਾ ਹੀ ਹੁੰਦੀ ਹੈ ਪਰ ਮਾਸਟਰ ਨਾਲ ਵੀ ਗੱਲ ਕਰਨੀ ਮੈਂ ਜ਼ਰੂਰੀ ਸਮਝਦਾਂ। ਕੁਲ ਮਿਲਾ ਕੇ ਤਾਂ ਮਾਸਟਰ ਬਿੱਲੂ ਦੀਆਂ ਗੱਲਾਂ ਦੀ ਤਾਇਦ ਹੀ ਕਰਦੈ। ਮੇਰਾ ਮਨ ਟਿਕ ਜਾਂਦੈ।

ਪਰ ਅਮਰੀਕ ਆਪਣੀ ਖਿੱਚੜੀ ਵੱਖਰੀ ਪਕਾਉਂਦੈ। ਕਹਿੰਦਾ, "ਥੋਡਾ ਇਹ ਸ਼ੇਅਰਾਂ-ਸੂਰਾਂ ਤੇ ਰਿਅਲ ਅਸਟੇਟ ਦਾ ਬੁਲਬੁਲਾ ਤਾਂ ਫੁੱਟਣ ਵਾਲਾ ਹੀ ਹੈ। ਜਿਵੇਂ ਅਮਰੀਕਾ ਵਿਚ ਭਾਂਡਾ ਫੁੱਟਿਐ, ਇੰਡੀਆ ਵਿਚ ਵੀ ਫੁੱਟੇਗਾ।"

ਗੱਲ ਤਾਂ ਉਸਨੇ ਹਾਸੇ ਵਿਚ ਹੀ ਕੀਤੀ ਸੀ। ਕੁਝ ਨਾ ਕੁਝ ਕਹਿੰਦਾ ਹੀ ਰਹਿੰਦੈ। ਉੱਨੀ ਸੌ ਤੀਹ ਤੋਂ ਲੈ ਕੇ ਡੌਟ-ਕੌਮ ਬੁਲਬੁਲਾ ਤੇ ਕਿੰਨਾ ਕੁਝ। ਅੱਜ ਫੇਰ ਦੁਖਦੀ ਰਗ 'ਤੇ ਹੱਥ ਧਰਿਆ ਸੀ। ਲੱਗੀ ਹੋਈ 'ਤੇ ਚੋਟ ਵੱਧ ਲੱਗਦੀ ਐ।

ਮਾਸਟਰ ਤੈਸ਼ ਵਿਚ ਆ ਗਿਆ, "ਕਾਮਰੇਡ, ਕਦੇ ਕਿਹਾ ਜਾਂਦਾ ਸੀ, ਮੀਂਹ ਰਸ਼ੀਆ ਵਿਚ ਪੈਂਦੈ ਤੇ ਇੰਡੀਆ ਵਿਚ ਕਾਮਰੇਡ ਸ਼ਤਰੀ ਤਾਣ ਲੈਂਦੇ ਨੇ। ਕੀ ਹੁਣ ਮੀਂਹ ਅਮਰੀਕਾ 'ਚ ਪੈਣ ਲੱਗ ਪਿਐ?" ਉਸ ਦਾ ਲਹਿਜਾ ਵਿਅੰਗਪੂਰਨ ਹੋ ਗਿਆ ਸੀ।

"ਮਾਸਟਰ ਜੀ, ਮੀਂਹ ਤਾਂ ਹੁਣ ਇੰਡਿਆ ਵਿਚ ਵੀ ਪਉ।" ਚਿਹਰੇ ਦੇ ਨਾਲ-ਨਾਲ ਬੋਲਾਂ 'ਚੋਂ ਵੀ ਅਮਰੀਕ ਦਾ ਕੋਈ ਦੁਖ ਝਲਕ ਰਿਹਾ ਸੀ। ਪਿੱਛੇ ਬਲਕਾਰ ਨੇ ਕਿਸੇ ਗੱਲ 'ਤੇ ਉਸ ਨੂੰ ਸੱਤਰਵਿਆਂ ਦੀਆਂ ਫਿਲਮਾਂ ਦਾ ਚਿਕਣਾ ਹੀਰੋ ਕਿਹਾ ਸੀ। ਅਖੇ, "ਹੁਣ ਖੁਰਦਰੇ ਯਥਾਰਥ ਨਾਲ ਭੇੜ ਕਰਨ ਦਾ ਸਮਾਂ ਆ ਗਿਐ ਸੰਸਦਜੀਵੀ ਸਾਥੀਓ...!" ਉਦੋਂ ਦਾ ਬਾਈ ਔਖਾ ਜਿਹਾ ਹੈ।

"ਤੁਸੀਂ ਵੀ ਯਾਰ ਮੌਸਮ ਦਾ ਹਾਲ ਛੇੜ ਕੇ ਬਹਿ ਗਏ ਓਂ। ਮੈਂ ਤਾਂ ਮਾਸਟਰ ਜੀ ਤੋਂ ਕੋਈ ਨਵਾਂ ਜੋਕ ਸੁਣਨਾ ਚਾਹੁੰਦਾ ਸੀ। ਭੈਣਜੀਆਂ ਬਾਰੇ ਆਉਣ ਦਿਓ ਮਾਸਟਰ ਜੀ...।" ਮੈਂ ਮਸੇਂ ਗੱਲ ਦਾ ਰੁਖ ਬਦਲਿਆ ਸੀ।

**ਅੱਜ** ਸੈਨਸੇਕਸ ਵਿਚ ਡੇਢ ਸੌ ਅੰਕਾਂ ਦੀ ਗਿਰਾਵਟ ਦਰਜ ਕੀਤੀ ਗਈ ਹੈ।

ਜਿਸ ਦਿਨ ਸੈਨਸੇਕਸ ਨੇ ਤੇਰਾਂ ਹਜ਼ਾਰ ਦੇ ਅੰਕੜੇ ਨੂੰ ਛੂਹਿਆ ਸੀ, ਮੈਂ ਬਿੱਲੂ ਕੋਲ ਠਹਿਰਿਆ ਹੋਇਆ ਸਾਂ। ਲਗਾਤਾਰ ਬ੍ਰੇਕਿੰਗ ਨਿਊਜ਼ ਆ ਰਹੀ ਸੀ ਤੇ ਬਿੱਲੂ ਟੀ.ਵੀ. ਤੋਂ ਨਜ਼ਰਾਂ ਵੀ ਨਹੀਂ ਸੀ ਹਟਾ ਰਿਹਾ। ਬਹੁਤ ਹੀ ਜ਼ਿਆਦਾ ਉਤੇਜਿਤ। ਫੇਰ ਰਾਤ ਗਿਆਰਾਂ ਵਜੇ ਤੱਕ ਮੈਨੂੰ ਇਸੇ ਬਾਰੇ ਦੱਸਦਾ ਰਿਹਾ ਸੀ।

ਅੰਕੜਾ ਸੋਲਾਂ ਹਜ਼ਾਰ ਟੱਪਣ ਤੋਂ ਪਹਿਲਾਂ ਹੀ ਮੈਂ ਬਜ਼ਾਰ ਵਿਚ ਵੜ ਗਿਆ ਸਾਂ। ਹੁਣ ਬਾਈ ਹਜ਼ਾਰ ਤਾਂ ਨਹੀਂ ਪਰ ਵੀਹ ਹਜ਼ਾਰ ਪਲੱਸ ਤਾਂ ਚਲ ਹੀ ਰਿਹੈ। ਅੱਜ ਦਾ ਟ੍ਰੈਂਡ ਡਿਸਕੱਸ ਕਰਨ ਲਈ ਮੈਂ ਬਿੱਲੂ ਦਾ ਮੋਬਾਇਲ ਮਿਲਾਉਂਦਾਂ। ਕਲ੍ਹ ਹੋਈ ਸਾਰੀ ਗੱਲ ਦੱਸਦਾਂ।

ਉਹ ਹੱਸ ਪੈਂਦੈ, "ਦਲਾਲ ਸਟ੍ਰੀਟ ਤੇ ਵਾਲ ਸਟ੍ਰੀਟ ਵਿਚਾਲੇ ਸੱਤ ਸਮੁੰਦਰਾਂ ਦਾ ਫਾਸਲਾ ਹੈ ਚਾਚਾ। ਕਿਸੇ ਖੂਹ ਦੇ ਡੱਡੂ ਨੂੰ ਇਹਨਾਂ ਚੀਜ਼ਾਂ ਬਾਰੇ ਕੀ ਪਤਾ?"

ਕਾਮਰੇਡ ਅਮਰੀਕ ਸਿੰਘ ਨੂੰ ਉਹ ਖੂਹ ਦਾ ਡੱਡੂ ਕਹਿ ਰਿਹਾ ਸੀ। ਮੈਂ ਸੋਚਣ ਲੱਗਿਆ।

ਫਿਰ ਕਹਿੰਦਾ, "ਚਾਚਾ, ਕਮਿਉਨਿਸਟਾਂ ਨੇ ਤਾਂ ਸਾਰੇ ਕੁਝ ਦਾ ਵਿਰੋਧ ਹੀ ਕਰਨਾ ਹੁੰਦੈ। ਤੈਨੂੰ ਪਤਾ ਈ ਐ , ਸਾਰੇ ਦੇਸ਼ 'ਚ ਜਿਸ ਦਾ ਵਿਰੋਧ ਕਰਦੇ ਐ, ਉਹੀ ਗੰਦ ਸਿੰਗੂਰ, ਨੰਦੀਗ੍ਰਾਮ ਵਿਚ ਪਾ ਦਿੰਦੇ ਐ।"

ਹਰ ਗੱਲ ਦਾ ਜਵਾਬ ਹੁੰਦੈ ਬਿੱਲੂ ਕੋਲ। ਮੈਂ ਉਸ ਦੀ ਤਾਰੀਫ ਕਰਦਾਂ। ਉਹ ਉਤਸ਼ਾਹਿਤ ਹੋ ਕੇ ਅੱਗੇ ਕਹਿੰਦੈ, "ਗਰੀਬ-ਗੁਰਬਿਆਂ ਦੇ ਹਿਮਾਇਤੀ ਬਣਦੇ ਨੇ, ਪਰ ਉਹਨਾਂ ਲਈ ਕੀਤਾ ਕੀ ਹੈ? ਧਰਨੇ, ਰੈਲੀਆਂ ਕਰਕੇ ਡਾਂਗਾਂ ਪਵਾ ਦਿੰਦੇ ਨੇ। ਬਸ। ਇਹ ਤਾਂ ਮੰਨੇਂਗਾ ਚਾਚਾ, ਥੱਕੇ-ਹਾਰੇ ਦਾ ਆਖਰੀ ਸਹਾਰਾ ਤਾਂ ਝੂਠਾ-ਸੱਚਾ ਰੱਬ ਈ ਹੁੰਦੈ। ਉਹ ਵੀ ਇਹਨਾਂ ਨੇ ਖੋਹ ਲਿਆ। ਕੀਹਦੇ ਲੜ ਲੱਗਣ ਹੁਣ ਵਿਚਾਰੇ? ਖੁਦਕੁਸ਼ੀਆਂ ਈ ਕਰਨਗੇ, ਹੋਰ ਕੀ?"

ਜਦ-ਕਦ ਪਤਾ ਨਹੀਂ ਕੀਹਦੀ ਭਾਸ਼ਾ ਬੋਲਣ ਲੱਗ ਪੈਂਦੈ ਬਿੱਲੂ, "ਤੇ ਧਰਮ? ਚਾਚਾ, ਰਾਜਸੱਤਾ ਤੇ ਪ੍ਰਸ਼ਾਸਨ ਆਮ ਲੋਕਾਂ ਲਈ ਹਮੇਸ਼ਾਂ ਦਮਨਕਾਰੀ ਸ਼ਕਤੀਆਂ ਰਹੀਆਂ ਨੇ...ਫਿਰ ਭਾਵੇਂ ਅਫੀਮ ਹੀ ਸਹੀ, ਹੋਰ ਕਿਥੇ ਜਾਣਗੇ ਉਹ?"

ਜਿੰਨਾ ਕੁ ਤਰਕ ਜਿਹਦੇ ਫਿਟ ਬੈਠੇ, ਜਦਕਿ ਧਰਮ ਨੂੰ ਵੀ ਤਾਂ ਆਮ ਲੋਕਾਂ ਅਤੇ ਦੱਬੇ-ਕੁਚਲਿਆਂ ਦੇ ਦਮਨ ਲਈ ਵਰਤਿਆ ਗਿਐ? ਹਾਲਾਂਕਿ ਅਜਿਹੇ ਸਟੀਰੀਓਟਾਈਪ ਤਰਕ ਮੈਂ ਕਈ ਬਾਰ ਸੁਣ ਚੁਕਾਂ ਫਿਰ ਵੀ ਫੌਰੀ ਤੌਰ ਤੇ ਤਸੱਲੀ ਹੋਈ।

ਤਸੱਲੀ ਇਸੇ ਤਰ੍ਹਾਂ ਬਲਬੀਰ ਦੀ ਵੀ ਕਰਵਾਉਣੀ ਪੈਂਦੀ ਹੈ। ਇਕ ਦਿਨ ਗੱਲ ਚੱਲੀ ਤਾਂ ਮੈਂ ਕਿਹਾ, "ਵੀਰ, ਨਵੇਂ ਦੌਰ ਦੇ ਨਵੇਂ ਤੌਰ ਤਰੀਕੇ, ਨਵੀ ਪਨੀਰੀ, ਨਵੀ ਸੋਚ...।" ਦੁਚਿੱਤੀ ਦੀ ਅਵਸਥਾ 'ਚੋਂ ਨਿਕਲਣ ਲਈ ਮੈਂ ਗੱਲ ਸ਼ੁਰੂ ਕਰਦਾਂ। ਗੱਲ ਚੱਲੂ ਤਾਂ ਹੀ ਕੋਈ ਸਿਰਾ ਥਿਆਊ।

"ਜਗਦੇਵ ਸਿਆਂ, ਮੈਂ ਕਦੇ ਨੀਂ ਕੀਰਨੇ ਪਾਏ ਕਿ ਇਹ ਮੇਰੀ ਬਣਾਈ ਹੋਈ ਜ਼ਮੀਨ ਹੈ...ਜਿਵੇਂ ਕਈ ਕਹਿੰਦੇ ਰਹਿੰਦੇ ਨੇ...ਮੈਂ ਇਹ ਕੀਤਾ, ਉਹ ਕੀਤਾ...। ਮੈਨੂੰ ਪਤੈ ਇਹ ਮੇਰਾ ਫਰਜ਼ ਸੀ, ਪਰ...।" ਉਹ ਗੱਲ ਨੂੰ ਹੋਰ ਪਾਸੇ ਲੈ ਜਾਂਦੈ।

"ਪਰ ਕੀ?" ਮੈਂ ਖਿੱਝਦਾਂ, "ਜਦ ਦੇਖੋ ਪਰ ਫੜਫੜਾਉਂਣ ਲੱਗ ਪੈਂਦੈ। ਏਨੇ ਤਰਕ ਵੀ ਨੀਂ ਸੋਂਹਦੇ।"

"ਕੋਈ ਸ਼ੱਕ ਵਾਲੀ ਗੱਲ ਹੈ ਜ਼ਰੂਰ। ਸਾਲ 'ਚ ਈ ਯਾਰ ਰੇਟ ਦੁਗਣੇ-ਤਿਗਣੇ ਹੋ ਜਾਣਾ...?" ਉਹ ਖਦਸ਼ਾ ਪ੍ਰਗਟਾਉਂਦੈ।

"ਵਿਕਾਸ ਦਰ ਦੇਖੀ, ਕਿੰਨੀ ਵਧੀਆ ਚਲ ਰਹੀ ਹੈ?" ਮੈਂ ਕਾਟ ਮਾਰਦਾਂ।

ਇਸੇ ਤਰ੍ਹਾਂ ਇਨਫਲੇਸ਼ਨ ਦਰ, ਬੈਂਕਾਂ ਦੀ ਰੈਪੋ ਰੇਟ, ਰਿਵਰਸ ਰੈਪੋ ਰੇਟ, ਸੈਨਸੇਕਸ ਨਿਫਟੀ, ਸਮਾਲ ਕੈਪ, ਮਿਡਕੈਪ ਆਦਿ ਅਜਿਹੇ ਜਾਦੂਈ ਸ਼ਬਦ ਜੋ ਅੱਜਕਲ੍ਹ ਆਮ ਵਰਤੋਂ ਵਿਚ ਹਨ, ਬਾਰੇ ਕਿੰਨੀ ਕੁ ਬਹਿਸ ਕੀਤੀ ਜਾ ਸਕਦੀ ਹੈ ਭਲਾ? ਸੋ ਉਹ ਚੁੱਪ ਕਰ ਗਿਆ।

ਉਹ ਤਾਂ ਚੁੱਪ ਕਰ ਗਿਆ ਪਰ ਹੁਣ ਤਾਂ ਬੋਲਤੀ ਮੇਰੀ ਵੀ ਬੰਦ ਹੋਈ ਪਈ ਹੈ। ਕੀਹਨੇ ਸੋਚਿਆ ਸੀ ਪਈ ਇਹ ਸਾਰੇ ਜਾਦੂਈ ਸ਼ਬਦ ਅੱਖ ਦੇ ਝਪਾਕੇ ਨਾਲ ਭਾਂਡੇ 'ਚ ਵੜ ਜਾਣਗੇ। ਬਾਣੀਏ ਦੀ ਵਹੀ ਅਕਸਰ ਅੱਖਾਂ ਸਾਹਵੇਂ ਆ ਖੜਦੀ ਐ।

ਬਾਪੂ ਜੀ ਦੀ ਕਹੀ ਗੱਲ ਯਾਦ ਆਈ। ਪਤਾ ਨਹੀਂ ਕਿਸ ਸੰਦਰਭ 'ਚ ਕਿਹਾ ਸੀ, "ਗਹਿਣੇ ਪਏ ਜੱਟ ਨੂੰ ਜ਼ਮੀਨ ਛੁੜਵਾ ਲੈਂਦੀ ਐ, ਪਰ ਗਹਿਣੇ ਪਈ ਜ਼ਮੀਨ ਨੂੰ...!" ਮੈਂ ਕੰਬ ਗਿਆ। ਫੇਰ ਮਨ ਟਿਕਾ ਕੇ ਸੋਚਿਆ। ਮਨ ਬਣਾਇਆ ਕਿ ਕੁਝ ਸ਼ੇਅਰ ਵੇਚ ਕੇ ਪਹਿਲਾਂ ਇਹ ਕੰਮ ਜ਼ਰੂਰੀ ਹੈ।

ਪਿਛੇ ਬਿੱਲੂ ਨਾਲ ਵੀ ਗੱਲ ਕੀਤੀ ਸੀ, "ਯਾਰ, ਕੁਝ ਸ਼ੇਅਰ ਵੇਚਣੇ ਐ?"

"ਕਿਹੜੇ?"

"ਆਈ.ਟੀ. ਵਾਲੇ। ਪਾਵਰ ਸੈਕਟਰ ਤਾਂ, ਮੈਂ ਸਮਝਦਾਂ ਪਲਾਂਟਾਂ 'ਚ ਪ੍ਰੋਡਕਸ਼ਨ ਤੋਂ ਬਾਅਦ ਤੇਜ਼ੀ ਫੜਨਗੇ...।" ਮੈਂ ਸਹਿਜੇ ਹੀ ਟੀ.ਵੀ. ਵਾਲੀ ਭਾਸ਼ਾ ਬੋਲ ਗਿਆ ਸੀ।

"ਮੈਂ ਤਾਂ ਕਹਿੰਦਾਂ ਚਾਚਾ, ਹਾਲੇ ਹੋਲਡ ਕਰਨਾ ਚਾਹੀਦੈ...।"

"ਪੈਸਿਆਂ ਦੀ ਲੋੜ ਤੀ ਭਤੀਜ।"

ਬਿੱਲੂ ਹੱਸ ਪਿਆ, "ਕਿਉਂ ਮਜ਼ਾਕ ਕਰਦੈਂ ਚਾਚਾ? ਨਾ ਵਿਆਹ-ਸ਼ਾਦੀ, ਨਾ ਕੋਈ ਕਾਣ-ਮੁਕਾਣ...?"

"ਤੂੰ ਵੀ ਭਤੀਜ...।" ਜੱਟ ਦਾ ਮਨੋਵਿਗਿਆਨ ਕੁਰਲਾਇਆ ਸੀ।

"ਠੀਕ ਹੈ ਫੇਰ, ਇਸ ਹਫਤੇ ਦਾ ਰੁਝਾਨ ਦੇਖ ਕੇ...।"

**ਭਵੰਤਰਿਆ** ਜਿਹਾ ਜਦ ਵੀ ਟੀ.ਵੀ. ਔਨ ਕਰਦਾਂ, ਭੈੜੀਆਂ-ਭੈੜੀਆਂ ਹੈਡ ਲਾਈਨਾਂ...। ਮੂਧੇ ਮੂੰਹ ਪਿਆ, ਅੱਖਾਂ ਵਿਚ ਗਿੱਢ, ਕਿਸੇ ਘਪਲੇ 'ਤੇ ਅਥਰੂ ਕੇਰਦਾ, ਸਾਨ੍ਹ ਰੋਜ਼ਾਨਾ ਅਖਬਾਰਾਂ 'ਚ ਦੇਖਦਾਂ। ਮਾਰਕਿਟ ਦਾ ਨਹੀਂ ਜੰਗਲ ਦਾ ਜਾਨਵਰ ਹੈ ਇਹ ਅੰਨ੍ਹਾ ਸਾਨ੍ਹ। ਵਿਚੇ ਏਦਾਂ ਵੀ ਸੋਚਦਾਂ।

ਕੀ ਕਰਾਂ? ਸੋਚ ਕਿਸੇ ਰਾਹ ਪੈਂਦੀ ਨਹੀਂ ਦਿੱਸ ਰਹੀ। ਕੋਈ ਹਮਦਰਦੀ ਪ੍ਰਗਟਾਉਣ ਵਾਲਾ ਵੀ ਨਹੀਂ।

ਹਮਦਰਦੀ? ਬਜ਼ਾਰ ਵਿਚ ਹਮਦਰਦੀ ਤੇ ਭਾਵੁਕਤਾ ਦਾ ਕੀ ਕੰਮ? ਕਦੇ ਮੈਂ ਵੀ ਆਹੀ ਕੁਝ ਕਹਿੰਦਾ ਹੁੰਦਾ ਸਾਂ ਨਾ? ਫੇਰ ਨਿੱਜੀ ਸੁਆਰਥ ਤੇ ਲਾਲਚ ਮਰ ਨਹੀਂ ਜਾਵੇਗਾ?

ਕਾਸ਼! ਕੋਈ ਮੋਢੇ 'ਤੇ ਹੱਥ ਧਰ ਕੇ ਕਹੇ, "ਕੋਈ ਨਾ ਸ਼ੇਰਾ, ਹਿੰਮਤ ਰੱਖ। ਸਾਨ੍ਹ ਦਾ ਕੀ ਐ, ਜਦ ਮਰਜੀ ਪੂੰਛ ਚੁਕ ਲਵੇ।"

ਪਰ ਕੌਣ ਕਹੇ? ਬਲਬੀਰ? ਉਹਨੂੰ ਵੀ ਕਿਥੇ ਪਤੈ ਮੇਰੀ ਹਕੀਕਤ। ਨਾਲੇ ਉਹਦਾ ਤਾਂ ਆਪ ਵਿਚਾਰੇ ਦਾ ਸੱਤਰਵਿਆਂ ਵਾਲਾ ਚਿਕਣਾ ਹੀਰੋ ਹੁਣ ਅਪ੍ਰਸੰਗਿਕ ਹੋ ਗਿਐ ਅਤੇ ਨਵੇਂ ਦੀ ਹਾਲੇ ਨੁਹਾਰ ਹੀ ਸਪਸ਼ਟ ਨਹੀਂ...?

ਬਿੱਲੂ? ਬਿੱਲੂ ਨੂੰ ਵੀ ਮੇਰਾ ਪੂਰਾ ਸੱਚ ਕਿਥੇ ਪਤੈ? ਪਰ ਮਾਰਕਿਟ ਦਾ ਸਚ ਨਾ ਉਸ ਤੋਂ ਛਿਪਿਐ ਨਾ ਮੈਥੋਂ। ਉਹਦੀ ਆਪਣੀ ਹਾਲਤ ਵੀ ਤਾਂ ਪਤਲੀ ਹੋਈ ਪਈ ਹੈ। ਪਰਸੋਂ ਫੋਨ 'ਤੇ ਕਹਿੰਦਾ ਸੀ, "ਚਾਚਾ, ਕਦੇ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ ਕਿ ਇੰਝ ਗਿੱਟਿਆਂ ਵਿਚ ਵੱਜੇਗੀ। ਬਜ਼ਾਰ ਦੇ ਤਾਂ ਆਪਣੇ ਹੀ ਵਿਧੀ-ਵਿਧਾਨ ਹੁੰਦੇ ਨੇ। ਉਹ ਪਰਵਾਰ, ਸਮਾਜ, ਰੁਤਬਾ, ਜ਼ਰੂਰਤ ਕੁਝ ਨਹੀਂ ਦੇਖਦਾ। ਤੇਰੇ ਪੈਸੇ ਵੀ ਚਾਚਾ... ਸਮਝ 'ਚ ਨਹੀਂ ਆ ਰਿਹਾ, ਕਿਵੇਂ ਕਰੀਏ?"

ਮੈਂ ਵਿਚਾਲੇ ਟੋਕਿਆ ਸੀ, "ਬਹੁਤੀ ਨਾ ਚਿੰਤਾ ਕਰ ਭਤੀਜ। ਉਂਝ ਵੀ ਮਣਾ ਦੇ ਟੋਏ ਕਣਾ ਨਾਲ ਕਿਥੇ ਪੂਰੇ ਹੁੰਦੇ ਨੇ...?" ਪਰ ਉਸ ਦੀਆਂ ਗੱਲਾਂ ਸੁਣ ਕੇ ਡਰ ਮੈਂ ਵੀ ਗਿਆ ਸਾਂ।

"ਮੇਰੇ ਤਾਂ ਚਾਚਾ, ਹੋਸ਼ ਉੱਡੇ ਪਏ ਨੇ। ਗਹਿਣੇ ਪਈ ਜਮੀਨ...ਸੁੱਤੇ ਪਏ ਦੇ ਕਾਲਜੇ 'ਤੇ ਬੋਝ ਜਿਹਾ ਪੈ ਜਾਂਦੈ। ਪਸੀਨੋ -ਪਸੀਨ ਹੋਇਆ ਹੱਬੜਵਾਹੇ ਉਠ ਖੜਦਾਂ। ਫੇਰ ਸਾਰੀ ਰਾਤ ਅੱਖਾਂ ਵਿਚ ਹੀ ਲੰਘਦੀ ਹੈ।" ਉਹ ਕਹਿ ਰਿਹਾ ਸੀ।

ਨੀਂਦ ਮੈਨੂੰ ਕਿਹੜੀ ਆਉਂਦੀ ਹੈ? ਨਾ ਟੀ.ਵੀ. ਚੰਗਾ ਲੱਗਦੈ ਨਾ ਰੋਟੀ-ਪਾਣੀ। ਪਹਿਲਾਂ ਕਦੇ ਰਤਾ ਵੱਧ ਪੀਤੀ ਤੋਂ ਹੁੰਦਾ ਸੀ, ਹੁਣ ਅਕਸਰ ਸਿਰਦਰਦ ਰਹਿਣ ਲੱਗ ਪਿਐ...ਬੇਮਤਲਬ ਮੂੰਹ 'ਚੋਂ ਗਾਲ੍ਹਾਂ...ਗੁੱਸਾ...ਜਣੇ-ਖਣੇ ਨਾਲ ਖਹਿਬੜ ਪੈਂਦਾਂ...। ਬਾਅਦ 'ਚ ਸੋਚਦਾਂ, ਗੱਲ ਕੀ ਤੀ ਯਾਰ...?

ਬੜਾ ਅਜੀਬ ਤਜ਼ੁਰਬਾ ਹੋਇਐ। ਜਦ ਬਜ਼ਾਰ ਡਾਉਨ ਆਉਣਾ ਸ਼ੁਰੂ ਹੋਇਆ, ਹਰ ਵੱਡੀ ਗਿਰਾਵਟ ਦੀ ਖਬਰਨਾਲ ਪੇਟ ਵਿਚ ਗੁੜਗੁੜ ਸ਼ੁਰੂ ਹੋ ਜਾਂਦੀ ਤੇ ਭੱਜ ਕੇ ਪਾਖਾਨੇ ਜਾਣਾ ਪੈਂਦਾ ਸੀ। ਹੁਣ ਜਦ ਦਾ ਸਾਨ੍ਹ ਮੂਧਾ ਪਿਐ, ਕਬਜੀ ਰਹਿਣ ਲੱਗ ਪਈ ਹੈ। ਪਿੱਛੇ ਛੱਡ ਦਿੱਤਾ ਸੀ, ਹੁਣ ਫੇਰ ਜਰਦਾ ਲਾਉਣਾ ਸ਼ੁਰੂ ਕਰ ਦਿੱਤੈ। ਪੈਗਾਂ ਦੀ ਗਿਣਤੀ ਵੱਧਦੀ ਜਾ ਰਹੀ ਹੈ। ਬਲਕਿ ਦੇਸੀ ਪੀਣ ਨੂੰ ਜੀਅ ਕਰਦੈ। ਸੋਚਦਾਂ, ਭੁੱਕੀ...ਕਦੇ ਵਾੜ੍ਹੀਆਂ 'ਚ ਭਈਆਂ ਨੂੰ ਪਿਆਉਂਦੈ ਹੁੰਦੇ ਸਾਂ ਚਾਹ ਵਿਚ ਉਬਾਲ ਕੇ।

**ਬਿੱਲੂ** ਕੋਲ ਬਿਨਾ ਫੋਨ ਕਰਿਆਂ ਹੀ ਪਹੁੰਚ ਗਿਆ ਸਾਂ। ਤਮਾਮ ਮਾਹੌਲ ਉਦਾਸੀ ਦੇ ਆਲਮ ਵਿਚ ਡੁੱਬਿਆ ਹੋਇਆ ਸੀ। ਕਿੰਨਾ ਕੁ ਸਮਾਂ ਹੋਇਐ, ਸ਼ਮਸ਼ੇਰ ਦੇ ਗੱਲ੍ਹਾਂ ਦੀਆਂ ਹੱਡੀਆਂ ਦਿਖਣ ਲੱਗੀਆਂ ਸਨ। ਸਿਰ ਸਿਕਰੀ ਨਾਲ ਭਰਿਆ ਹੋਇਆ। ਮੇਰੀਆਂ ਅੱਖਾਂ ਵਿਚ ਸਵਾਲ ਦੇਖ ਕੇ ਕਹਿੰਦਾ, "ਟੈਨਸ਼ਨ ਤੇ ਚਿੰਤਾ ਪੀ ਜਾਂਦੀ ਐ ਚਾਚਾ ਬੰਦੇ ਨੂੰ।"

ਮੇਰੇ ਕਹਿਣ ਤੇ ਆਪਣੇ ਦੋਸਤ ਅਜੈ ਸਕਸੇਨਾ ਨੂੰ ਵੀ ਬੁਲਾ ਲਿਆ ਸੀ ਬਿੱਲੂ ਨੇ। ਇਸੇ ਫੀਲਡ ਵਿਚ ਹੈ ਉਹ। ਬਿੱਲੂ ਨੇ ਦੱਸਿਆ ਸੀ ਕਿ ਸਕਸੇਨਾ ਅੱਜਕਲ੍ਹ ਟੈਨਸ਼ਨ ਵਿਚ ਹੈ। ਇਹਦੇ ਇੰਜੀਨੀਅਰ ਲੜਕੇ ਦੀ ਚੰਗੇ ਪੈਕੇਜ ਤੇ ਪਲੇਸਮੈਂਟ ਹੋ ਗਈ ਸੀ, ਹੁਣ ਕੰਪਨੀ ਨੇ ਜਵਾਬ ਦੇ ਦਿੱਤੈ। ਲੱਖਾਂ ਰੁਪਏ ਕਰਜ਼ਾ ਲੈ ਕੇ ਪੜ੍ਹਾਇਆ ਸੀ। ਐਜੂਕੇਸ਼ਨ ਵੀ ਸਾਲੀ ਬਿਜ਼ਨੈਸ ਬਣੀ ਪਈ ਐ।

ਬਿੱਲੂ ਨੂੰ ਹਾਲੇ ਵੀ ਵਿਸ਼ਵਾਸ ਨਹੀਂ ਸੀ ਹੋ ਰਿਹਾ ਕਿ ਮੈਨੂੰ ਪੈਸਿਆਂ ਦੀ ਸਖਤ ਲੋੜ ਹੈ। ਕਹਿੰਦਾ, "ਚਾਚਾ, ਪੈਨਿਕ ਕਰੀਏਟ ਹੋ ਗਿਐ ਜਾਂ...?"

ਸਕਸੇਨਾ ਕਹਿੰਦਾ, "ਬਰਾੜ ਸਾ'ਬ, ਆਈ.ਟੀ. ਸੈਕਟਰ ਤਾਂ ਥੋਨੂੰ ਪਤੈ ਲਿਟਿਆ ਪਿਐ। ਬਾਕੀ ਪਾਵਰ ਭਾਵੇਂ ਰੀਅਲਟੀ, ਅੱਜ ਦੀ ਡੇਟ ਵਿਚ ਤਾਂ ਅੱਧੀ ਕੀਮਤ ਮਸੇਂ ਮੁੜੂ। ਹੋਲਡ ਕਰ ਸਕੋ ਤਾਂ...।" ਉਸਦੇ ਚਿਹਰੇ 'ਤੇ ਉਦਾਸੀ ਪੋਚੀ ਹੋਈ ਸੀ।

ਮੇਰੇ ਬਾਰ-ਬਾਰ ਦੇ ਇਸਰਾਰ 'ਤੇ ਸਿਰ ਝਟਕਣ ਤੋਂ ਲੱਗਿਆ ਜਿਵੇਂ ਕਹਿ ਰਿਹਾ ਹੋਵੇ, "ਕਿਉਂ ਮਰਨਾ ਚਾਹੁੰਦੈਂ?"

ਉਹਨੂੰ ਕੀ ਪਤਾ ਕਿ ਸ਼ਰਧਾ, ਜਾਗਰਣ ਵਰਗੇ ਕਿੰਨੇ ਹੀ ਚੈਨਲ ਜੋ ਮੈਂ ਲੌਕ ਕੀਤੇ ਹੋਏ ਸੀ, ਖੋਲ੍ਹ ਲਏ ਨੇ। ਪਰ ਬਿਰਤੀ ਕਿਤੇ ਵੀ ਨਹੀਂ ਟਿਕਦੀ। ਭਗਵਾਨ ਦਾਸ ਨੇ ਕਿਸੇ ਡੇਰੇ ਵਾਲੇ ਦੀਆਂ ਸੀਡੀਆਂ ਲਿਆ ਕੇ ਦਿੱਤੀਆਂ ਸਨ, "ਸੁਣੋ, ਸ਼ਾਂਤੀ ਮਿਲੇਗੀ।"

ਬਥੇਰਾ ਦੇਖ-ਸੁਣ ਲਿਐ। ਕੋਰੇ ਉਪਦੇਸ਼...। ਭਾਵੇਂ ਬਹੁਤ ਸ਼ੰਕੇ ਨੇ ਮਨ ਵਿਚ, ਪਰ ਏਨਾ ਫੰਡਾ ਤਾਂ ਕਲੀਅਰ ਹੈ ਕਿ ਅਜਿਹੇ ਚੈਨਲ ਤੇ ਸੀਡੀਆਂ ਮੇਰੀ ਮੰਜਲ ਨਹੀਂ।

ਮੰਜਲ ਦਾ ਕੁਝ ਪਤਾ ਨਹੀਂ। ਬਾਈ ਅਮਰੀਕ ਤੇ ਬਲਬੀਰ ਵਾਂਗ ਅੱਜ ਮੈਂ ਵੀ ਚੁਰਾਹੇ ਵਿਚ ਖੜ੍ਹਾ ਹਾਂ। ਚੁਫੇਰੇ ਹਨੇਰਾ ਹੀ ਹਨੇਰਾ। ਕਿੰਨਾ ਕੁ ਅੱਕ ਚੱਬੀ ਬੈਠਾਂ, ਕਿਹੜਾ ਕਿਸੇ ਨੂੰ ਦੱਸਿਆ ਹੋਇਐ?

ਬਿੱਲੂ ਦੱਸੀ ਗਿਆ ਤੇ ਮੈਂ ਕਰੀ ਗਿਆ। ਕਿਤੇ ਵੱਧ-ਚੜ੍ਹ ਕੇ ਕੀਤਾ। ਬੜਾ ਕੁਝ ਉਸ ਤੋਂ ਓਹਲੇ ਵੀ ਕੀਤਾ। ਇਕ ਪਾਸੇ ਬਜ਼ਾਰ ਦੀ ਜਿੰਦ ਜਾਨ, ਮੇਰਾ ਨਿੱਜੀ ਸੁਆਰਥ ਤੇ ਲਾਲਚ, ਦੂਸਰੇ ਪਾਸੇ ਜੱਟ ਦਾ ਮਨੋਵਿਗਿਆਨ ਤੇ ਸਮਾਜ-ਵਿਗਿਆਨ। ਆੜ੍ਹਤੀਏ ਨੇ ਇਸ ਦਾ ਫਾਇਦਾ ਉਠਾਇਆ।

ਇਹ ਤਾਂ ਮੈਂ ਕਹਿ ਰਿਹਾਂ। ਉਹਦਾ ਆਪਣਾ ਤਰਕ ਹੋਊ। ਹਰੇਕ ਦੇ ਆਪਣੇ ਸੁਆਰਥ-ਪ੍ਰੇਰਿਤ ਤਰਕ ਹੁੰਦੇ ਨੇ।

**ਬਲਬੀਰ** ਨੂੰ ਸੁਨੇਹਾ ਘੱਲਿਆ ਸੀ ਆਉਣ ਲਈ। ਕੱਲੇ ਨੂੰ ਤਾਂ ਸਾਲੀ ਵਿਸਕੀ ਵੀ ਨਸ਼ਾ ਨਹੀਂ ਕਰਦੀ। ਦਿਨੇ ਮਾਸਟਰ ਕੋਲ ਗਿਆ ਸਾਂ। ਪਤਾ ਸੀ ਘਰੇ ਹੀ ਹੋਊਗਾ। ਬਾਰਾਂ ਵਜੇ ਤੱਕ ਅਖਬਾਰ ਈ ਚੱਟ ਰਿਹਾ ਸੀ। ਉਸਦੇ ਚਿਹਰੇ ਦੀਆਂ ਉਦਾਸ ਝੁਰੜੀਆਂ ਸੈਨਸੇਕਸ ਦਾ ਡਾਊਨ ਗ੍ਰਾਫ ਦਰਸਾ ਰਹੀਆਂ ਸਨ। ਅਖਬਾਰ 'ਤੇ ਝੁਕਿਆ ਹੋਇਆ, ਜਿਵੇਂ ਕਿ ਸਾਨ੍ਹ ਮੂਧਾ ਪਿਆ ਹੋਵੇ।

ਮੈਂ ਸਾਨ੍ਹ ਦੀ ਪੂੰਛ ਨੂੰ ਹੱਥ ਲਾਇਆ, "ਕੀ ਖਬਰ ਹੈ ਮਾਸਟਰ ਜੀ?" ਤਾਂ ਕਹਿੰਦਾ, "ਅੱਠ ਸੌ ਅੰਕ ਡਾਊਨ।"

"ਸਕੂਲ?"

"ਨਹੀਂ ਯਾਰ, ਸੈਨਸੇਕਸ।"

"ਮੈਂ ਕੀ ਪੁੱਛਿਐ?"

"ਗਿਆ ਸੀ ਯਾਰ ਸਕੂਲੇ ਵੀ, ਮਨ ਨੀਂ ਲੱਗਿਆ, ਮੁੜ ਆਇਆਂ।" ਤੇ ਅਖਬਾਰ ਛੱਡ ਕੇ ਉਸ ਨੇ ਟੀ.ਵੀ. ਔਨ ਕਰ ਲਿਆ।

...ਬ੍ਰੇਕਿੰਗ ਨਿਊਜ...ਇਹਤਿਆਤ ਕੇ ਤੌਰ ਪਰ ਮਾਰਕਿਟ ਸਮੇਂ ਸੇ ਪਹਿਲੇ ਬੰਦ...ਅਬ ਤਕ ਕੀ ਸਭ ਸੇ ਬੜੀ ਗਿਰਾਵਟ...। ਸਾਨ੍ਹ ਅਰੜਾ ਰਿਹਾ ਸੀ।

ਮਾਸਟਰ ਮਿਆਂਕਿਆ, "ਮੈਂ ਤਾਂ ਜੀ.ਪੀ.ਐਫ. ਵੀ ਸਾਰਾ...ਨਾਲੇ ਪਰਸਨਲ ਲੌਨ...ਇਸ ਜੱਦੀ ਘਰ 'ਤੇ ਵੀ ਹੋਮ ਲੌਨ ਕਰਾ ਲਿਆ ਤੀ ਲੈ ਦੇ ਕੇ...। ਐਤਕੀਂ ਤਾਂ ਕਿਸਾਨ ਕਾਰਡ ਵਾਲਾ ਕਰਜ਼ਾ ਵੀ...।"

"ਬਸ ਕਰ ਪਤੰਦਰਾ! ਦੀਵਾਲਾ ਕੱਢਣੈ ਸਰਕਾਰ ਦਾ...?" ਮੈਂ ਮਜ਼ਾਕ ਕੀਤੈ।

ਉਂਝ ਕਿਸਾਨ ਕਾਰਡ ਵਾਲਾ ਕਰਜ਼ਾ ਮੈਂ ਕਿਹੜਾ ਮੋੜਿਆ ਸੀ ਐਤਕੀਂ? ਮੋੜਨਾ ਕਾਹਦਾ, ਬਸ ਵਿਆਜ ਭਰ ਕੇ ਨਵਿਆਉਣਾ ਹੁੰਦੈ। ਦੂਜੀ ਛਿਮਾਹੀ ਲੰਘ ਰਹੀ ਹੈ, ਕੋਆਪਰੇਟਿਵ ਸੁਸਾਇਟੀ ਵੀ...। ਬਲਦੇਵ ਕਈ ਗੇੜੇ ਮਾਰ ਗਿਐ। ਬਥੇਰਾ ਕਹਿੰਦਾ ਸੀ ਵਿਚਾਰਾ, "ਭਾ'ਜੀ ਇਕ ਵਾਰੀ ਜਮਾ ਕਰਵਾ ਦਿਓ। ਟਾਰਗੈਟ ਪੂਰਾ ਕਰਨੈ। ਭਾਵੇਂ ਹੱਥੋ-ਹੱਥ ਈ ਕਢਵਾ ਲਿਆ ਜੇ।"

ਕੱਢਣ ਪਾਉਣ ਲਈ ਹੁਣ ਹੈ ਵੀ ਕੀ? ਪੈਸੇ ਕੋਈ ਅੱਕਾਂ ਨੂੰ ਲੱਗਦੇ ਐ? ਚੋਆ ਥੱਲੇ ਚਲਿਆ ਗਿਆ। ਬੋਰ 'ਤੇ ਮੱਛੀ-ਮੋਟਰ ਰਖਵਾਈ ਸੀ, ਉਹਦਾ ਕਰਜ਼ਾ ਵੀ, ਜਿਵੇਂ ਮੋਟਰ ਚੁਪ-ਚੁਪੀਤੇ ਪਾਣੀ ਖਿੱਚਦੀ ਰਹਿੰਦੀ ਐ, ਮੇਰਾ ਸਾਹ-ਸੱਤ ਖਿੱਚਦਾ ਰਹਿੰਦੈ।

"ਕਿਸੇ ਰਿਸ਼ਤੇਦਾਰ ਨੂੰ ਵੀ ਕੋਈ ਭੇਤ ਨਹੀਂ ਇਹਨਾਂ ਗੱਲਾਂ ਦਾ।" ਉਹ ਬੁੜਬੁੜਾਇਐ।

"ਯਾਰ, ਚੈਨਲਾਂ ਵਾਲੇ ਤਾਂ ਸਨਸਨੀ ਫੈਲਾਉਂਦੇ ਨੇ ਸਾਲੇ ਮੇਰੇ। ਤੇਰਾ ਅਖਬਾਰ ਕੀ ਕਹਿੰਦੈ?" ਮੈਥੋਂਕਿਹੜਾ ਕੁਝ ਲੁਕਿਆ ਹੋਇਐ। ਫੇਰ ਵੀ ਪੁੱਛਦਾਂ।

ਮਾਸਟਰਨੀ ਪਾਣੀ ਲੈ ਆਈ। ਸਰਬਜੀਤ ਤੇ ਜੁਆਕਾਂ ਦੀ ਖੈਰ ਸੁਖ ਪੁੱਛਣ ਦੀ ਉਪਚਾਰਿਕਤਾ ਪੂਰੀ ਕੀਤੀ। ਫੇਰ ਕਹਿੰਦੀ, "ਭਾਈ ਸਾ'ਬ ਇਸ ਟੀ.ਵੀ. ਦੇ ਬਾਰਾਂ ਹਜ਼ਾਰ ਲੱਗੇ ਸੀ...ਤੇ ਸਿਹਤ ਵੀ ਕੋਈ ਚੀਜ਼ ਹੁੰਦੀ ਐ ਕਿ ਨਹੀਂ...?" ਜਿਵੇਂ ਕਿ ਭਰੀ-ਪੀਤੀ ਬੈਠੀ ਹੋਵੇ।

ਮੈਂ ਨਾ ਸਮਝਣ ਦਾ ਸਾਂਗ ਕੀਤਾ। ਜਦਕਿ ਚੰਗੀ ਤਰ੍ਹਾਂ ਸਮਝਦਾ ਸਾਂ ਕਿ ਜੋ ਬਾਰਾਂ ਰੁਪਏ ਦਾ ਅਖਬਾਰ ਪਾੜ ਸਕਦੀ ਹੈ ਉਹ ਬਾਰਾਂ ਹਜ਼ਾਰ ਦਾ ਟੀ.ਵੀ. ਵੀ...? ਹਾਂ।

**ਬਲਬੀਰ** ਦੇ ਆਉਣ ਤੇ ਮੈਂ ਟੀ.ਵੀ. ਤੋਂ ਨਜ਼ਰ ਹਟਾ ਕੇ ਉਸ ਵੱਲ ਦੇਖਿਆ। ਵੋਲਿਉਮ ਘੱਟ ਕਰ ਦਿੱਤਾ। ਮੋਬਾਇਲ ਚੁੱਕ ਕੇ ਅਨਲੌਕ ਕੀਤਾ। ਉਹ ਫੇਰ ਲੌਕ ਹੋ ਗਿਆ। ਜਿਵੇਂ ਸਾਡੇ ਬੁੱਲ੍ਹਾਂ ਨੂੰ ਵੀ ਲੌਕ ਲੱਗਿਆ ਹੋਇਐ।

ਸੁੱਕੀਆਂ ਗੱਲਾਂ ਸੰਭਵ ਨਹੀਂ। ਮੈਂ ਅਲਮਾਰੀ 'ਚੋਂ ਬੋਤਲ, ਗਿਲਾਸ ਤੇ ਨਮਕੀਨ ਦਾ ਪੈਕਟ ਕੱਢ ਲਿਆ। ਬਲਬੀਰ ਉਪਚਾਰਿਕ ਨਾਂਹ ਜਿਹੀ ਕਰਦੈ। ਮੈਨੂੰ ਤੇ ਉਸ ਨੂੰ ਵੀ ਪਤੈ, ਅਜਿਹੇ ਮਾਹੌਲ ਵਿਚ ਇਹ ਕਿੰਨੀ ਜ਼ਰੂਰੀ ਹੈ।

ਇਕ-ਇਕ ਪੈਗ ਅਸੀਂ ਅੰਦਰ ਸੁੱਟ ਲਿਐ। ਕਮਰੇ ਵਿਚਲਾ ਸੰਨਾਟਾ ਅਜੇ ਭੰਗ ਨਹੀਂ ਹੋਇਆ। ਗੱਲ ਸ਼ੁਰੂ ਕਰਨ ਲਈ ਮੈਂ ਪੁੱਛਦਾਂ, "ਹੋਰ ਸੁਣਾ ਵੀਰ, ਗਾਜਰਾਂ ਨਹੀਂ ਬੀਜੀਆਂ ਐਤਕੀਂ?" ਉਹ ਇਕ ਦਮ ਹੈਰਾਨੀ ਜਿਹੀ ਨਾਲ ਮੇਰੇ ਵੱਲ ਝਾਕਦੈ। ਜਿਵੇਂ ਕਿ ਮੈਂ ਸ਼ੇਅਰ ਬਜ਼ਾਰ ਦੇ ਡੁੱਬਣ ਦਾ ਇਹੀ ਕਾਰਨ ਮੰਨਦਾ ਹੋਵਾਂ।

"ਨਹੀਂ, ਖੇਚਲ ਬਹੁਤ ਮੰਗਦੀਆਂ ਗਾਜਰਾਂ। ਪੱਟਣੀਆਂ, ਧੋਣੀਆਂ, ਪਰ-ਸਾਲ ਭਿਆਂ ਹੋਗੀ ਤੀ ਸਾਡੀ ਤਾਂ। ਮੁੰਡੂ ਤਾਂ ਰੋਣ ਲੱਗ ਪੈਂਦਾ ਸੀ ਵਿਚਾਰਾ। ਗੋਭੀ ਲਾਈ ਐ।"

"ਸਬਜੀਆਂ ਦੇ ਭਾਅ ਵੀ ਚੰਗੇ ਨੇ...ਗੋਭੀ ਭਾਵੇਂ ਗਾਜਰਾਂ...।"

"ਕਿਸਾਨਾਂ ਨੂੰ ਕਿਹੜਾ ਗੱਫੇ ਦਿੰਦੈ...?" ਉਹ ਬੁੜਬੁੜਾਇਆ।

ਕਦੇ ਪ੍ਰਗਤੀਸ਼ੀਲ ਕਿਸਾਨ ਵਜੋਂ ਜਾਣੇ ਜਾਂਦੇ ਬਲਬੀਰ ਲਈ ਉਹ ਸਮਾਂ ਕਿਸੇ ਸਦਮੇ ਤੋਂ ਘੱਟ ਨਹੀਂ ਸੀ ਜਦ ਸ਼ਮਸ਼ੇਰ ਨੇ ਸ਼ਹਿਰ ਜਾਣ ਦਾ ਫੈਸਲਾ ਲਿਆ ਸੀ। ਮੁੰਡਿਆਂ ਨੇ ਜ਼ਮੀਨ ਠੇਕੇ 'ਤੇ ਦੇਣ ਦੀ ਗੱਲ ਕੀਤੀ ਪਰ ਇਹਨੇ ਖੁਦ ਬੀਜਣ ਦੀ ਜਿੱਦ ਕਰ ਲਈ। ਬਿੱਲੂ ਨੇ ਕਿੱਲਾ ਵੇਚਣਾ ਚਾਹਿਆ ਪਰ ਇਹਨੇ ਵਾਹ ਨਾ ਲੱਗਣ ਦਿੱਤੀ। ਪਰ ਪੈਲੀ ਨੂੰ ਗਹਿਣੇ ਹੋਣੋ ਨਾ ਬਚਾ ਸਕਿਆ।

ਹੁਣ ਇਸੇ ਜ਼ਮੀਨ ਦਾ ਇਹਨੂੰ ਠੇਕਾ ਭਰਨਾ ਪੈਂਦੈ। ਪਰ ਹਿੰਮਤ ਨਹੀਂ ਹਾਰੀ। ਭਈਆ ਨੌਕਰ ਰੱਖਿਆ। ਚਾਰ ਕਨਾਲਾਂ 'ਚ ਸਬਜ਼ੀ ਬੀਜੀ। ਟ੍ਰੈਕਟਰ ਤਾਂ ਸ਼ਮਸ਼ੇਰ ਨਾਲ ਸ਼ਹਿਰ ਚਲਿਆ ਹੀ ਗਿਆ ਸੀ। ਇਥੇ ਰਹਿ ਗਈਆਂ ਸਨ ਟ੍ਰੈਕਟਰ ਦੀਆਂ ਬਾਕੀ ਕਿਸ਼ਤਾਂ ਤੇ ਕਦੇ- ਕਦਾਈਂ ਗੱਲਾਂ ਦੀ ਉਗਾਲੀ ਕਰਨ ਲਈ ਯਾਦਾਂ। ਮਸਲਨ, ਟ੍ਰੈਕਟਰ ਤਾਂ ਹਿੰਦੁਸਤਾਨ ਵੀ ਧੱਕੜ ਸੀ, ਪਰ ਕਿਆ ਬਾਤਾਂ ਬਈ ਫੋਰਡ ਦੀਆਂ... ਭਾਵੇਂ ਛੋਟਾ ਐ ਪਰ ਖਿਚਾਈ ਬਲਬੀਰ ਆਲੇ ਦੀ ਵੀ ਚੰਗੀ ਐ...। ਅੱਜਕਲ੍ਹ ਤਾਂ ਨਵੀ ਤਕਨੀਕ ਆਲੇ ਡੀ.ਆਈ...। ਸਮੇਂ -ਸਮੇਂ ਦੀ ਗੱਲ ਹੈ ਜੀ...।

ਸਮੇਂ ਦਾ ਪਹੀਆ ਉਲਟਾ ਘੁੰਮ ਗਿਆ ਸੀ। ਬਲਬੀਰ ਨੇ ਇਕ ਸਸਤਾ ਜਿਹਾ ਅਮਰੀਕਨ ਬਲਦ ਲਿਆ। ਰੇਹੜਾ ਬਣਵਾਇਆ ਤੇ ਕੰਮ ਜਿਹਾ ਚਲਾ ਲਿਆ।

"ਆਪਣੀ ਵੀ ਅਗੇਤੀ ਹੈ, ਹਫਤੇ ਦਸਾਂ ਦਿਨਾਂ ਨੂੰ ਸ਼ੁਰੂ ਹੋਜੂ।" ਇਕ ਵਾਰੀ ਤਾਂ ਲੱਗਿਆ ਜਿਵੇਂ ਬਲਬੀਰ ਥੋੜ੍ਹਾ ਜਿਹਾ ਖੁਲ੍ਹਿਐ, ਪਰ ਫੇਰ ਚੁਪ ਵੱਟ ਗਿਆ।

ਆਪਣਾ ਪੈਗ ਨਿਬੇੜ ਕੇ ਮੈਂ ਕਿਹੈ, "ਚੱਕ ਫੇਰ।" ਉਹ ਟੀ.ਵੀ. ਵੱਲ ਦੇਖ ਰਿਹੈ।

"ਬਿੱਲੂ ਨਾਲ ਤਾਂ ਨੀਂ ਗੱਲ ਹੋਈ ਇਹਨਾਂ ਦਿਨਾਂ 'ਚ?" ਮੈਨੂੰ ਪਤੈ ਉਹ ਕੀ ਪੁੱਛਣਾ ਚਾਹੁੰਦੈ।

"ਵੀਰ, ਖਬਰਾਂ ਤਾਂ ਕਿਤਿਓਂ ਵੀ ਚੰਗੀਆਂ ਨਹੀਂ ਆ ਰਹੀਆਂ। ਕਹਿੰਦਾ ਸੀ, ਕਈ ਪ੍ਰਾਪਰਟੀ ਡੀਲਰਾਂ ਨੂੰ ਨੋਟ ਕਰਵਾ ਰੱਖਿਐ। ਖਰੀਦਣ ਵਾਲਾ ਕੋਈ ਹੈ ਨੀਂ । ਵੇਚਣ ਲਈ ਸਾਰੇ ਤਿਆਰ ਬੈਠੇ ਨੇ। ਸੱਤ-ਅੱਠ ਮਹੀਨੇ ਤਾਂ ਮੈਨੂੰ ਹੋ ਗਏ ਨੇ। ਕਹਿੰਦੇ ਸੀ ਦੀਵਾਲੀ 'ਤੇ ਸੌਦੇ ਹੋਣਗੇ। ਕਿਸੇ ਨੇ ਪੁੱਛਿਆ ਤੱਕ ਨਹੀਂ।"

ਬਲਬੀਰ ਚਿੰਤਤ ਜਿਹਾ ਮੇਰੇ ਵੱਲ ਦੇਖਦੈ। ਮੈਂ ਹੈਰਾਨ ਹਾਂ ਇਹਨੇ ਬਿੱਲੂ ਨੂੰ ਇਕ ਵਾਰੀ ਵੀ ਕੋਈ ਦੋਸ਼ ਨਹੀਂ ਦਿੱਤਾ।

"ਜੋ ਦਾਤੇ ਨੂੰ ਮੰਜੂਰ।" ਮੈਨੂੰ ਪਤੈ ਅਜਿਹੇ ਵਚਨ ਅੰਧਵਿਸ਼ਵਾਸੀ ਅਤੇ ਨਿਕੰਮਿਆਂ ਦੇ ਆਭੂਸ਼ਣ ਹੁੰਦੇ ਨੇ। ਪਰ ਮੈਂ ਇਹਨੂੰ ਕੀ ਦੱਸਾਂ ਕਿ ਮੇਰੇ ਵਾਲੀ ਗਹਿਣੇ ਪਈ ਜ਼ਮੀਨ ਦੇ ਕਰਾਰ ਦੀ ਤਰੀਕ ਤਾਂ ਬਲਕਿ ਇਸ ਨਾਲੋਂ ਚਾਰ ਮਹੀਨੇ ਪਹਿਲਾਂ ਦੀ ਹੈ।

ਬਲਬੀਰ ਜਦ ਵੀ ਬਿੱਲੂ ਬਾਰੇ ਪੁੱਛਦੈ, ਮੇਰੇ ਦਿਮਾਗ਼ 'ਤੇ ਬੋਝ ਵੱਧ ਜਾਂਦੈ। ਖੁਦ ਨੂੰ ਦੋਸ਼ੀ ਸਮਝਣ ਲੱਗਦਾਂ। ਬਿੱਲੂ ਸ਼ਹਿਰ'ਚ ਪਲਾਟ ਖਰੀਦਣ ਲਈ ਇਕ ਕਿੱਲਾ ਵੇਚਣਾ ਚਾਹੁੰਦਾ ਸੀ। ਕਈ ਦਿਨ ਇਹ ਕਲੇਸ਼ 'ਚ ਵੀ ਪਏ ਰਹੇ। ਆਖਰ ਜ਼ਮੀਨ ਗਹਿਣੇ ਧਰਨ ਦੀ ਸਲਾਹ ਮੈਂ ਹੀ ਦਿੱਤੀ ਸੀ। ਉਦੋਂ ਇਕ ਕਿੱਲਾ ਹੀ ਜਾ ਰਹੀ ਸੀ।

ਹੌਸਲਾ ਜਿਹਾ ਦਿੰਦਾਂ, "ਅਜੇ ਤਾਂ ਪੂਰਾ ਸਾਲ ਪਿਐ ਵੀਰ। ਕੁੱਝ ਵੀ ਉਪਰ-ਥੱਲੇ ਹੋ ਸਕਦੈ?"

ਉਹ ਚੁੱਪ ਹੈ। ਮੈਨੂੰ ਪਤੈ ਇਹਦਾ ਅਮਰੀਕ ਬਾਈ ਨਾਲ ਹਾਲੇ ਵੀ ਉਠਣਾ-ਬਹਿਣਾ ਹੈ। ਅਮਰੀਕਾ ਵਿਚ ਸਬਪ੍ਰਾਈਮ ਲੈਂਡਿੰਗ ਅਤੇ ਹਾਉਸਿੰਗ ਬੂਮ ਦਾ ਬੁਲਬੁਲਾ ਫੁੱਟਣ ਵਰਗੀਆਂ ਗੱਲਾਂ ਅਕਸਰ ਹੁੰਦੀਆਂ ਰਹਿੰਦੀਆਂ। ਦੁਨੀਆਂ 'ਤੇ ਇਸਦੇ ਮਾਰੂ ਅਸਰ ਬਾਰੇ ਵੀ। ਉਹ ਤਾਂ ਸਾਲ ਪਹਿਲਾਂ ਹੀ ਅਜਿਹੀਆਂ ਗੱਲਾਂ ਕਰਨ ਲੱਗ ਪਿਆ ਸੀ। ਲੋਕ ਕਹਿੰਦੇ, ਕਦੇ ਚੜ੍ਹਦੀ ਕਲਾ ਦੀਆਂ ਗੱਲਾਂ ਵੀ ਸੁਣੀਆਂ ਇਹਨਾਂ ਦੇ ਮੂੰਹੋਂ?

**ਕਿੰਨੀ** ਤੇਜ਼ੀ ਨਾਲ ਸਾਰਾ ਪ੍ਰੀਦ੍ਰਿਸ਼ ਹੀ ਬਦਲ ਗਿਆ। ਲੋਕਾਂ ਦਾ ਰੁਝਾਨ ਵੀ ਪਤਾ ਨੀਂ ...? ਪੰਚਾਇਤ ਜਾਂ ਪਿੰਡ ਦੇ ਮੋਹਤਬਰ ਬੰਦਿਆਂ ਨੇ ਸਕੂਲ ਅਪਗ੍ਰੇਡ ਕਰਵਾਉਣ ਜਾਂ ਇਸਦੇ ਰਿਜ਼ਲਟ ਬਾਰੇ ਕਦੇ ਪਰਵਾਹ ਨਹੀਂ ਕੀਤੀ। ਆਪਣੇ ਬੱਚਿਆਂ ਨੂੰ ਸ਼ਹਿਰ ਭੇਜੀ ਜਾ ਰਹੇ ਨੇ। ਸਰਕਾਰੀ ਡਿਸਪੈਂਸਰੀ ਲਈ ਪੰਚਾਇਤ ਨੇ ਥਾਂ ਨਹੀਂ ਦਿੱਤੀ। ਪਲਾਟ ਕੱਟਣ ਲਈ ਤਿਆਰ ਬੈਠੇ ਨੇ। ਪਿੰਡ ਵਿਚ ਸਟੇਡੀਅਮ ਬਣਾਉਣ ਦੀ ਸਕੀਮ ਆਈ ਸੀ, ਲਿਟਗੀ...।

ਸਟੇਡੀਅਮ ਤੋਂ ਯਾਦ ਆਇਆ, ਅੱਜ ਤਾਂ ਗਲੀ ਕ੍ਰਿਕਟ ਦਾ ਫਾਈਨਲ ਮੈਚ ਹੈ। ਮੈਨੂੰ ਵੀ ਸੱਦਿਆ ਹੋਇਐ। ਰਾਤ ਮੁੰਡੇ ਦੱਸਦੇ ਸੀ, ਐਤਕੀਂ ਫਤੇਹਗੜ੍ਹ ਵਾਲਿਆਂ ਨਾਲ ਫਸਣਗੇ ਆਪਣੇ ਸਿੰਗ। ਟੀਮ ਬਰਾਬਰ ਦੀ ਹੈ। ਫਤੇਹਗੜ੍ਹ ਦਾ ਸਰਪੰਚ, ਉਹਨਾਂ ਦੇ ਕ੍ਰਿਕੇਟ ਕਲੱਬ ਦਾ ਪ੍ਰਧਾਨ, ਤਿੰਨ ਦਿਨਾਂ ਤੋਂ ਖੁਦ ਇਥੇ ਡਟਿਆ ਹੋਇਐ। ਨਿਤਰੂ ਵੜੇਵੇਂ ਖਾਣੀ...।

ਭੁਲੇਖਾ ਹੈ ਮੁੰਡਿਆਂ ਨੂੰ। ਅੱਜਕਲ੍ਹ ਸਾਰੀਆਂ ਹੀ ਵੜੇਵੇਂ ਖਾਂਦੀਆਂ ਨੇ। ਸੱਚਾਈ ਤਾਂ ਇਹ ਹੈ ਕਿ ਜਿਸ ਪਿੰਡ ਵਿਚ ਮੈਚ ਹੁੰਦੇ ਨੇ ਟ੍ਰਾਫੀ ਉਸੇ ਦੀ ਟੀਮ ਕੋਲ ਰਹਿੰਦੀ ਹੈ। ਨਹੀਂ ਡਾਂਗਾਂ ਨਾ ਖੜਕ ਜਾਣ।

ਛੋਟੇ ਹੁੰਦਿਆਂ ਦੇਖਦੇ ਹੁੰਦੇ ਸਾਂ ਕੱਬਡੀ, ਕੁਸ਼ਤੀ ਦੇ ਅਖਾੜੇ, ਢੋਲ-ਢਮਾਕੇ, ਪਹਿਲਵਾਨਾਂ ਦੀਆਂ ਝੰਡੀਆਂ...। ਅੱਜਕਲ੍ਹ ਤਾਂ ਗਲੀ- ਮੁਹੱਲੇ, ਹਰ ਕਿਤੇ ਕ੍ਰਿਕੇਟ ਦਾ ਕ੍ਰੇਜ਼। ਸ਼ਾਇਦ ਕ੍ਰਿਕੇਟ ਦੀ ਅਨਿਸ਼ਚਿਤਤਾ ਸਾਡੀ ਮਾਨਸਿਕਤਾ ਦੇ ਵਧੇਰੇ ਨੇੜੇ ਹੈ। ਤਾਈਓਂ ਇਸ ਖੇਡ ਨੇ ਏਨੀ ਪੈਂਠ ਬਣਾਈ ਹੈ। ਪਲਾਂ-ਛਿਣਾਂ ਵਿਚ ਰਾਜਾ ਤੋਂ ਰੰਕ ਅਤੇ ਰੰਕ ਤੋਂ ਰਾਜਾ ਬਣਨ ਦੀਆਂ ਕਿੱਸੇ ਕਹਾਣੀਆਂ ਨੂੰ ਅਸੀਂ ਇਥੇ ਪ੍ਰਤੱਖ ਹੁੰਦਿਆਂ ਦੇਖਦੇ ਹਾਂ। ਅਸਲ 'ਚ ਕ੍ਰਿਕੇਟ ਨੂੰ ਅਸੀਂ ਜ਼ਿੰਦਗੀ ਦੇ ਰੂਪਕ ਵਾਂਗ ਲੈਂਦੇ ਹਾਂ।

ਉਦਘਾਟਨ ਵਾਲੇ ਦਿਨ ਉਹਨਾਂ ਮੈਨੂੰ ਵੀ ਸੱਦ ਕੇ ਸਟੇਜ 'ਤੇ ਬਹਾਇਆ ਸੀ। ਮੈਂ ਆਪਣੇ ਪਿੰਡ ਦੇ 'ਸ਼ਹੀਦ ਭਗਤ ਸਿੰਘ ਕ੍ਰਿਕੇਟ ਕਲੱਬ' ਦੇ ਮੁੱਢਲੇ ਮੈਂਬਰਾਂ ਵਿੱਚੋਂ ਹਾਂ। ਚੰਦਾ ਹੁਣ ਵੀ ਚੰਗਾ ਦਿੰਦਾਂ। ਪਰ ਸਰਗਰਮੀ ਘਟਾ ਦਿੱਤੀ ਹੈ। ਟੂਰਨਾਮੈਂਟ ਹੁਣ ਸੱਭਿਆਚਾਰਕ ਮੇਲਿਆਂ ਵਿਚ ਬਦਲ ਗਏ ਨੇ। ਚੌਧਰ ਚਮਕਾਉ ਮੇਲੇ।

ਇਕ ਮਸ਼ਹੂਰ ਗਾਇਕ ਜੋੜੀ ਅਤੇ ਪ੍ਰਧਾਨਗੀ ਲਈ ਕਿਸੇ ਲੀਡਰ ਨੂੰ ਸੱਦਿਆ ਹੋਇਐ। ਗਾਇਕਾ ਖੂਬ ਲਟਕੇ-ਝਟਕੇ ਦਿਖਾਵੇਗੀ। ਲੀਡਰ ਚੰਗੇ ਪੈਸੇ ਦੇ ਕੇ ਜਾਵੇਗਾ। ਗਾਇਕ, ਗਾਇਕਾ, ਡੀ.ਸੀ., ਐਸ.ਪੀ., ਇਲਾਕੇ ਦਾ ਐਮ.ਐਲ.ਏ., ਐਮ.ਪੀ. ਅਤੇ ਕੁਝ ਐਨ.ਆਰ.ਆਈ. ਸਮੇਤ ਤੀਹ ਕੁ ਲੋਕਾਂ ਦੇ ਨਾਲ ਖੇਡ ਮੇਲੇ ਵਾਲੇ ਪੋਸਟਰ 'ਤੇ ਮੇਰਾ ਵੀ ਫੋਟੋ ਛਪਿਆ ਹੋਇਐ। ਜਾਣ ਸਾਰ ਪ੍ਰਬੰਧਕ ਝਟ ਸਟੇਜ 'ਤੇ ਬੁਲਾ ਲੈਣਗੇ। ਅੱਜਕਲ੍ਹ ਤਾਂ ਮੈਂ ਕਿਸੇ ਪੰਚਾਇਤ, ਇਕੱਠ ਵਗੈਰਾ ਵਿਚ ਜਾਣੋਂ ਵੀ ਟਲਦਾਂ।

ਬਸ ਬਹੁਤਾ ਸਮਾਂ ਟੀ.ਵੀ. ਸਾਹਮਣੇ ਹੀ...। ਟੀ.ਵੀ., ਜਿਥੇ ਸ਼ਾਇਦ ਕ੍ਰਿਕੇਟ ਵਾਂਗ ਹੀ ਨਿਰਮਮ ਯਥਾਰਥ ਤੋਂ ਭੱਜਣ ਵਾਲਿਆਂ ਨੂੰ ਸ਼ਰਨ ਮਿਲਦੀ ਹੈ।

ਬਲਬੀਰ ਬਾਈ ਟੀ.ਵੀ. ਤੋਂ ਬਹੁਤ ਚਿੜ੍ਹਦੈ, "ਟੀ.ਵੀ. ਵਾਲੇ ਸਾਡੇ ਸੱਭਿਆਚਾਰ ਦਾ ਬੇੜਾ ਗਰਕ...ਨਾਲੇ ਕਿੰਨਾ ਗਲਤ ਪ੍ਰਚਾਰ ਕਰਦੇ ਰਹਿੰਦੇ ਨੇ। ਅਖੇ ਕਿਸਾਨਾਂ ਦੀ ਫਿਜ਼ੂਲਖਰਚੀ...। ਖੇਤੀ ਭਈਆਂ ਹੱਥ...? ਆਪਣੀ ਲਗਾਮ ਤਾਂ ਪੂੰਜੀਪਤੀਆਂ ਦੇ ਹੱਥ ਐ ਸਹੁਰਿਓ ! ਅਨਾਜ ਪੈਦਾ ਕਰੀਏ ਅਸੀਂ ਤੇ ਉਸ ਦਾ ਘੱਟੋ -ਘੱਟ ਮੁੱਲ ਤੈਅ ਕਰਦੇ ਨੇ ਉਹ।" ਪੁਰਾਣਾ ਰਾਗ ਅਲਾਪਣਾ ਸ਼ੁਰੂ ਕਰ ਦਿੰਦੈ।

"ਘੱਟੋ-ਘੱਟ ਕੀਮਤ 'ਤੇ ਖਰੀਦ ਵੀ ਲੈਂਦੇ ਨੇ। ਮੁੜ ਉਹੀ ਚੀਜ਼ ਸਾਨੂੰ ਵੱਧੋ-ਵੱਧ ਖੁਦਰਾ ਕੀਮਤ 'ਤੇ ਵੇਚਦੇ ਨੇ...?" ਮੈਂ ਵੀ ਉਸੇ ਵਹਾਅ 'ਚ ਵਹਿ ਜਾਂਦਾਂ।

**ਕਾਗਜ਼ਾਂ** ਦਾ ਪੁਲਿੰਦਾ ਹੱਥ ਵਿਚ ਲਈ ਪਤਾ ਨਹੀਂ ਕੀ-ਕੀ ਸੋਚੀ ਜਾ ਰਿਹਾਂ। ਕਦੇ ਟੀ.ਵੀ., ਕ੍ਰਿਕੇਟ, ਕਦੇ ਮਾਰਕਿਟ ਬਾਰੇ। ਪਿੰਡ 'ਚ ਸ਼ਾਮਲਾਟ 'ਤੇ ਪਲਾਟ ਕੱਟਣ ਦੀਆਂ ਸਕੀਮਾਂ ਬਣ ਰਹੀਆਂ ਨੇ। ਜੰਟੇ ਮੈਂਬਰ ਨੇ ਤਾਂ ਪਿੰਡ ਦੀ ਫਿਰਨੀ ਨਾਲ ਲੱਗਦੀ ਆਪਣੀ ਜ਼ਮੀਨ 'ਚੋਂ ਪਲਾਟ ਕੱਟ ਵੀ ਦਿੱਤੇ ਨੇ। ਸ਼ਹਿਰਾਂ ਵਿਚਲੀਆਂ ਕਲੋਨੀਆਂ ਦੀ ਤਰਜ 'ਤੇ ਸੜਕਾਂ ਦੀ ਨਿਸ਼ਾਨਦੇਹੀ ਕਰਕੇ ਥੋੜ੍ਹੀ-ਮੋਟੀ ਰੋੜੀ ਵੀ ਪਵਾ ਦਿੱਤੀ। ਬਰਾੜ ਅਸਟੇਟ।

ਬਰਾੜ ਅਸਟੇਟ ਦੇ ਖੂੰਜੇ 'ਤੇ ਸ਼ਟਰ ਵਾਲੀ ਦੁਕਾਨ- ਬਰਾੜ ਪ੍ਰਾਪਰਟੀ ਅਡਵਾਈਜਰ। ਸ਼ਟਰ ਚੁੱਕਣ ਸਾਰ ਸ਼ੀਸ਼ੇ ਪਿਛੇ ਜੰਟਾ ਸਿੰਘ ਦੀ ਰਿਵਾਲਵਿੰਗ ਚੇਅਰ। ਟੇਬਲ 'ਤੇ ਸ਼ੀਸ਼ੇ ਥੱਲੇ ਪਲਾਟਾਂ ਦਾ ਕੰਪਿਊਟਰਾਈਜ਼ਡ ਰੰਗੀਨ ਨਕਸ਼ਾ। ਨਕਸ਼ੇ ਵਿਚ ਮੁਖ ਸੜਕ ਨਾਲ ਪ੍ਰਾਈਮ ਲੋਕੇਸ਼ਨਵਾਲੇ ਪਲਾਟ ਉਂਝ ਤਾਂ ਪਹਿਲਾਂ ਹੀ ਵਿਕ ਚੁਕੇ ਨੇ। ਪਰ ਕਈ ਰੀਸੇਲ 'ਤੇ ਉਪਲਬਧ ਹਨ। ਬਸ ਹਜ਼ਾਰ ਕੁ ਰੁਪਏ ਫੀ ਗਜ ਪ੍ਰੀਮੀਅਮ ਚਲ ਰਿਹੈ।

ਕਿੰਨੇ ਹੀ ਲੋਕਾਂ ਨੂੰ ਇਸ ਪ੍ਰੀਮੀਅਮ ਨੇ ਸ਼ਹਿਰਾਂ ਵੱਲ ਖਿੱਚਿਐ।

ਅਮਰੀਕ ਭਾਵੇਂ ਮੇਰਾ ਕਲਾਸ ਫੈਲੋ ਰਿਹੈ, ਪਰ ਉਸ ਨਾਲ ਮੈ ਇਸ ਬਾਰੇ ਸਲਾਹ ਮਸ਼ਵਰਾ ਨਹੀਂ ਕਰਦਾ। ਬਸ ਹੈਲੋ -ਹਾਇ ਤਕ ਹੀ ਸੀਮਤ ਹੈ। ਖਾਸ ਸੂਤ ਨੀਂ ਬਹਿੰਦੀ ਉਸ ਨਾਲ। ਗੱਲ-ਗੱਲ ਤੇ ਸਾਮਰਾਜਵਾਦ, ਪੂੰਜੀਵਾਦ...। ਇਕ ਦਿਨ ਨੰਬੜਦਾਰਾਂ ਦਾ ਗੁਰਦੇਵ ਬਹਿਸੀ ਜਾਵੇ, "ਕਿਹੜੀਆਂ ਗੱਲਾਂ ਕਰਦੈਂ ਭਰਾਵਾ? ਦੁਨੀਆ ਇਕ ਗਲੋਬਲ ਪਿੰਡ ਬਣ ਚੁਕੀ ਹੈ।" ਤਾਂ ਅਮਰੀਕ ਕਹਿੰਦਾ, "ਗਲੋਬਲ ਪਿੰਡ ਬਣੀ ਹੈ ਸਿਰਫ ਮਲਟੀ ਨੈਸ਼ਨਲ ਕੰਪਨੀਆਂ ਦੇ ਵਪਾਰ ਲਈ। ਬਾਕੀ ਤਾਂ ਤੇਰੇ ਸਾਹਮਣੇ ਈ ਐ। ਬਲਕਿ ਕਿੰਨੇ ਹੀ ਦੇਸ਼ਾਂ ਨੂੰ ਤੇਰੇ ਇਸ ਖੜਪੰਚ ਨੇ ਕੁੱਤਾ-ਲੜਾਈ 'ਚ ਉਲਝਾ ਰੱਖਿਐ।"

ਫੇਰ ਕਹਿੰਦਾ, "ਅਮਰੀਕਾ ਆਪਣੇ ਵਪਾਰਕ ਹਿਤਾਂ ਤੋਂ ਸਿਵਾ ਹੋਰ ਕੋਈ ਸਾਂਝ ਪਾਉਣ ਵੀ ਨਹੀਂ ਦਿੰਦਾ ਕਿਸੇ ਨੂੰ...ਸਿਰਫ ਖੁੱਲੇ ਬਜ਼ਾਰ ਦਾ ਪੈਰੋਕਾਰ...।"

"ਖੁੱਲੀ ਬਜ਼ਾਰ ਵਿਵਸਥਾ ਦੇ ਪੈਰੋਕਾਰਾਂ ਦੇ ਹੁਣ ਹੱਥਾਂ ਦੇ ਤੋਤੇ ਉਡੇ ਹੋਏ ਨੇ। ਆਰਥਿਕ ਖੁੱਲੇਪਣ ਦਾ ਤਲਿਸਮ ਟੁੱਟ ਰਿਹੈ।" ਕਾਮਰੇਡ ਬੜੇ ਜੋਸ਼ ਨਾਲ ਦੱਸ ਰਿਹਾ ਸੀ, "ਸਾਥੀਓ ! ਮੀਡੀਆ ਸਭ ਤੋਂ ਵੱਡਾ ਕੰਜਰ ਹੈ...। ਅਮਰੀਕੀ ਨੀਤੀਆਂ ਤੇ ਵਰਲਡ ਬੈਂਕ, ਮੁਦਰਾ ਕੋਸ਼ ਦੇ ਨੁਸਖਿਆਂ ਨੂੰ ਸਾਡੇ ਲੋਕਾਂ ਦੇ ਦਿਮਾਗ਼ ਵਿਚ ਇਸੇ ਨੇ ਬਿਠਾਇਐ।"

ਪਲ ਕੁ ਲਈ ਕਾਮਰੇਡ ਰੁਕਿਆ। ਫਿਰ ਉਸਦੀ ਮੁੱਠੀ ਹਵਾ ਵਿਚ ਲਹਿਰਾਈ, "ਭਾਵੇਂ ਹੁਣ ਤਾਂ ਕਾਫੀ ਕੁਝ ਨਿਤਰ ਕੇ ਸਾਹਮਣੇ ਆ ਗਿਐ। ਫੇਰ ਵੀ ਉਦਾਰਵਾਦ ਦੇ ਨਾਂ 'ਤੇ ਹੋ ਰਹੇ ਫਰਾਡ ਨੂੰ ਮੀਡੀਆ ਲੋਕਾਂ ਸਾਹਮਣੇ ਨਹੀਂ ਆਉਣ ਦੇ ਰਿਹਾ...।"

"ਕਾਮਰੇਡ ਠੀਕ ਕਹਿ ਰਿਹੈ ਦੋਸਤੋ ! ਮਧਵਰਗ ਦੀ ਲਾਲਚੀ ਪ੍ਰਵਿਰਤੀ ਦਾ ਮੀਡੀਏ ਨੇ ਸ਼ੋਸ਼ਣ ਕੀਤਾ, ਸੁਪਨੇ ਦਿਖਾਏ, ਸੁਪਨੇ ਜਗਾਏ, ਭੋਗਵਾਦੀ ਕਲਚਰ ਪੈਦਾ ਕਰਕੇ ਆਹ ਸਾਰਾ ਕੁਝ ਨਸ਼ੇ ਵਾਂਗ ਸਾਡੇ ਲੋਕਾਂ ਦੇ ਹੱਡਾਂ ਵਿਚ ਰਚਾ ਦਿੱਤਾ। ਮਕੜਜਾਲ ਵਿਚ ਫਸਾ ਲਿਆ।" ਬੰਤ ਜਾਣੀ ਅਮਰੀਕ ਦੀ ਗੱਲ ਦੀ ਵਿਆਖਿਆ ਕਰ ਰਿਹਾ ਸੀ।

"ਭਰਾਵੋ ! ਸਾਡੀ ਇਹ ਬਹੁਤ ਵੱਡੀ ਤ੍ਰਾਸਦੀ ਹੈ ਕਿ ਸੱਚੀ ਗੱਲ ਕਹਿਣ ਵਾਲੇ ਨੂੰ ਭਾਸ਼ਣਬਾਜ ਕਿਹਾ ਜਾਂਦੈ। ਇਹ ਵੀ ਇਕ ਸਾਜਿਸ਼ ਹੈ, ਸਾਡੇ ਲੋਕਾਂ ਨੂੰ ਸਹੀ ਦਿਸ਼ਾ ਵਿਚ ਸੋਚਣ ਤੋਂ ਰੋਕਣ ਦੀ। ਵੱਡਾ ਬਾਈ ਜੁਗਿੰਦਰ ਬੈਠੈ, ਤੇ ਸਾਥੀ ਜਗਦੇਵ...।"

ਮੇਰੇ ਵੱਲ ਦੇਖ ਕੇ ਉਹ ਰਤਾ ਮੁਸਕੁਰਾਇਆ, "ਕਾਮਰੇਡ ਜਗਦੇਵ ਵੀ ਲੋਕ ਪੱਖੀ ਕੰਮਾਂ ਵਿਚ ਮੋਹਰੀ ਰਿਹੈ ਕਿਸੇ ਵੇਲੇ, ਸਾਰੀ ਸਥਿਤੀ ਸਮਝਦੈ...।"

"ਕਿਸੇ ਵੇਲੇ? ਹੁਣ ਕੀ...?" ਮੈਂ ਕਹਿਣਾ ਚਾਹੁੰਦਾਂ ਪਰ ਕੁਝ ਵੀ ਕਹਿ ਨਾ ਹੋਇਆ। ਜਿਵੇਂ ਬਲਕਾਰ ਅੱਖਾਂ ਸਾਹਵੇਂ ਆ ਖੜਿਆ ਹੋਵੇ। ਇਕ ਹੱਦ ਤੋਂ ਬਾਅਦ ਦੁਚਿੱਤੀ ਵੀ ਪਲਾਇਨ ਵਾਂਗ ਹੁੰਦੀ ਹੈ।

"ਗੁਲਾਬੀ ਅਖਬਾਰ...।" ਉਸ ਨੇ ਫੇਰ ਮਾਸਟਰ ਜੁਗਿੰਦਰ ਤੇ ਮੇਰੇ ਵੱਲ ਤੱਕਦਿਆਂ ਅੱਗੇ ਕਿਹਾ, "ਅਤੇ ਗੁਲਾਬੀ ਚੈਨਲ ਪੂੰਜੀਪਤੀਆਂ ਦੀ ਦਲਾਲੀ ਕਰ ਰਹੇ ਨੇ। ਪਹਿਲੇ ਦਿਨੋਂ ਹੀ। ਫਲਾਂ ਭਾਰਤੀ ਉਧਯੋਗਪਤੀ ਦੁਨੀਆ ਦੇ ਧਨ-ਕੁਬੇਰਾਂ ਦੀ ਲਿਸਟ ਵਿਚ ਫਲਾਨੇ ਨੰਬਰ 'ਤੇ। ਇਹ ਸਭ ਸਾਨੂੰ ਸਾਡੀ ਪ੍ਰਾਪਤੀ ਵਾਂਗ ਦਿਖਾਇਆ ਜਾਂਦੈ। ਤੇ ਅਸੀਂ ਇਹ ਭੁੱਲ ਜਾਂਦੇ ਹਾਂ ਕਿ ਜਿੰਨੇ ਉਹ ਅਮੀਰ ਹੋਏ ਨੇ ਓਨੇ ਅਸੀਂ ਗਰੀਬ ਵੀ ਤਾਂ ਹੋਏ ਹਾਂ...ਪਾੜਾ ਵਧਿਆ ਹੀ ਹੈ...ਕਿ ਨਹੀਂ?" ਕਹਿੰਦਿਆਂ ਉਸ ਨੇ ਉਥੇ ਬੈਠੇ ਲੋਕਾਂ ਵੱਲ ਦੇਖਿਆ। ਫੇਰ ਨਜ਼ਰ ਮੇਰੇ 'ਤੇ ਟਿਕਾ ਲਈ।

ਮੈਂ ਉਸ ਨਾਲ ਨਜ਼ਰ ਮਿਲਾਉਣ ’ਚ ਵੀ ਔਖ ਮਹਿਸੂਸ ਕਰ ਰਿਹਾਂ। ਜੇਬ ਵਿਚ ਪਿਆ ਮੋਬਾਇਲ ਟੋਂਹਦਾਂ। ਕਾਸ਼ ! ਹੁਣੇ ਕੋਈ ਕਾਲ ਆ ਜਾਵੇ, ਮੈਂ ਝਟ ਉਠ ਕੇ ਬਾਹਰ ਚਲਿਆ ਜਾਵਾਂ। ਉਹ ਬਾਰ-ਬਾਰ ਮੈਨੂੰ ਸਾਥੀ ਅਤੇ ਕਾਮਰੇਡ ਕਹਿ ਕੇ ਸੰਬੋਧਤ ਹੋ ਰਿਹੈ। ਉਸਦੀ ਗੱਲ-ਬਾਤ ਵਿਚ ‘ਆਪਣੇ ਲੋਕ’ ਸ਼ਬਦ ਬਾਰ-ਬਾਰ ਆ ਰਿਹੈ।

ਮੈਂ ਯਾਦ ਕਰਨ ਦੀ ਕੋਸ਼ਿਸ਼ ਕਰਦਾਂ। ਕਦੇ ਮੈਂ ਵੀ ‘ਆਪਣੇ ਲੋਕਾਂ’ ਬਾਰੇ ਗੱਲ ਕਰਦਾ ਹੁੰਦਾ ਸਾਂ। ਹੁਣ...।

ਹੁਣ ਕੀ ਹੋ ਗਿਐ ਮੈਨੂੰ? ਆਪਣਾ ਸਿਰ ਝਟਕਦਾਂ। ਸਮੇਂ ਦੇ ਨਾਲ ਤਾਂ ਚਲਣਾ ਹੀ ਪੈਂਦੈ। ਕਦੇ ਮਾਡਲ ਰਿਹਾ ਰਸ਼ੀਆ ਵੀ ਤਾਂ ਸਮੇਂ ਦੇ ਨਾਲ ਬਦਲਿਆ ਹੀ ਹੈ...? ਤੇ ਚੀਨ...? ਬਿੱਲਕੁਲ। ਭਾਵੁਕ ਹੋਣ ਦਾ ਹੁਣ ਸਮਾਂ ਨਹੀਂ। ਇਕ ਵਾਰੀ ਫੇਰ ਫੈਸਲੇ ਦੀ ਘੜੀ...। ਮਨ ਟਿਕਾ ਕੇ, ਤਰਕ ਨਾਲ ਸੋਚਣਾ ਚਾਹੀਦੈ। ਵਿਚੇ ਸੋਚਦਾਂ, ਬਹੁਤੀਆਂ ਦਲੀਲਾਂ ਵੀ ਕੀ ਕਰਨੀਆਂ?

ਭਟਕਦੇ ਮਨ ’ਚ ਤਰਕ-ਵਿਤਰਕ ਦੀ ਇਕ ਦੌੜ ਸ਼ੁਰੂ ਹੋ ਜਾਂਦੀ ਐ। ਉਸਦੇ ਕਈ ਸਵਾਲਾਂ ਦਾ ਜਵਾਬ ਮੇਰੇ ਕੋਲ ਨਹੀਂ। ਲੱਗਦੈ ਪੂਰਾ ਸੱਚ ਸਾਹਮਣੇ ਨਹੀਂ ਆ ਰਿਹਾ।

“ਕਿਸੇ ਟਾਟੇ-ਬਿੜਲੇ ਨੇ ਜੇ ਕੋਈ ਮਲਟੀਨੇਸ਼ਨਲ ਕੰਪਨੀ ਖਰੀਦ ਲਈ ਤਾਂ ਕੀ ਇੰਡਿਆ ਨੇ ਦੁਨੀਆ ਫਤੇਹ ਕਰ ਲਈ? ਪਰ ਮੀਡੀਆ ਤਾਂ ਇਸੇ ਤਰ੍ਹਾਂ ਦਿਖਾਉਂਦੈ। ਉਹ ਇਹ ਕਦੇ ਨਹੀਂ ਦਿਖਾਉਂਦਾ ਕਿ ਮਲਟੀਨੇਸ਼ਨਲ ਕੰਪਨੀਆਂ ਨੇ ਕਿੰਨੀਆਂ ਭਾਰਤੀ ਕੰਪਨੀਆਂ ਨੂੰ ਬਰਬਾਦ ਕਰ ਦਿੱਤੈ ਜਾਂ ਕਿੰਨੀਆਂ ਨੂੰ ਖਰੀਦ ਕੇ ਉਹਨਾਂ ਦਾ ਨਾਮ-ਨਿਸ਼ਾਨ ਮਿਟਾ ਦਿੱਤੈ। ਮੀਡੀਏ ਨੇ ਕਦੀ ਇਹ ਰਿਪੋਰਟ ਨਹੀਂ ਦਿਖਾਈ ਕਿ ਨਵੀ ਆਰਥਿਕ ਨੀਤੀ ਨੇ ਕਿਵੇਂ ਛੋਟੇ-ਛੋਟੇ ਕਾਰਖਾਨਿਆਂ ਨੂੰ ਤਬਾਹ ਕਰ ਦਿੱਤੈ ਤੇ ਲੱਖਾਂ ਲੋਕ ਬੇਰੁਜ਼ਗਾਰ ਹੋ ਕੇ ਭੁੱਖੇ ਮਰਨ ਲਈ ਮਜਬੂਰ ਹਨ। ਸਰਕਾਰਾਂ ਨੇ ਸਿਹਤ, ਸਿੱਖਿਆ ਤੇ ਹੋਰ ਲੋਕ ਹਿਤੂ ਕੰਮਾਂ ਦਾ ਬਜਟ ਘਟਾ ਦਿੱਤੈ।” ਉਸਦਾ ਭਾਸ਼ਣ ਪੂਰੀ ਰਵਾਨੀ ’ਤੇ ਸੀ, “ਮਜ਼ਾਕ ਤੇ ਤਰਸ ਦਾ ਪਾਤਰ ਬਣ ਕੇ ਰਹਿ ਗਿਐ ਆਮ ਆਦਮੀ...।”

ਇਕ ਟੁੱਟੇ ਹੋਏ ਕਿਸਾਨ ਨੇ ਹੌਕਾ ਲਿਆ। ਜੋ ਮੇਰੇ ਅੰਦਰ ਉਤਰ ਗਿਆ।

ਮੇਰੀ ਬੇਚੈਨੀ ਵਧਦੀ ਜਾ ਰਹੀ ਹੈ। ਬੇਚੈਨ ਮਨ ਨੂੰ ਕਿਤੇ ਵੀ ਚੈਨ ਨਹੀਂ...ਸੋਚ-ਸੋਚ ਕੇ ਹਾਰ ਚੁੱਕਾਂ...ਸੋਚਾਂ ਦੇ ਵਾਵਰੋਲਿਆਂ ਵਿਚ ਫਸਿਆ ਬੁਰੀ ਤਰ੍ਹਾਂ ਝਿੰਝੋੜਿਆ ਗਿਆਂ...ਵਾ-ਵਰੋਲੇ ਦੀ ਟੀਸੀ ਤਕ ਜਾ ਕੇ ਇਕਦਮ ਧਰਤੀ ’ਤੇ ਆ ਡਿੱਗਦਾਂ...ਡੂੰਘੀ ਖਾਈ ਵਿਚ ਲੁੜਕ ਜਾਂਦਾਂ...ਨਾ ਮੇਰਾ ਪਿਆਰਾ ਅਖਬਾਰ, ਨਾ ਕੋਈ ਚੈਨਲ, ਕਿਤੇ ਵੀ ਮਨ ਨਹੀਂ ਟਿਕ ਰਿਹਾ...।

“ਕਿਸੇ ਦੇ ਮਨ ਦਾ ਕੀ ਪਤਾ ਚਲਦੈ ਭੈਣ ਜੀ, ਹਿਸਾਬੀ ਹੋ ਗਏ ਨੇ ਸਾਰੇ।” ਕੰਧ ਦੀ ਮੋਰੀ ’ਚੋਂ ਕਿਸੇ ਗੱਲ ਤੇ ਗਵਾਂਢਣ ਕਹਿ ਰਹੀ ਸੀ। ਸਰਬਜੀਤ ਨੇ ਝਟ ਮੇਰੇ ਵੱਲ ਦੇਖਿਆ। ਮੈਂ ਕੰਬ ਗਿਆ।

ਜ਼ਿੰਦਗੀ ਦੇ ਸਾਨ੍ਹ ਨੂੰ ਸਿੰਗਾਂ ਤੋਂ ਫੜਨ ਦੀ ਕੋਸ਼ਿਸ਼ ਕਰਦਾਂ। ਬੱਚਿਆਂ ਦਾ ਖਿਆਲ ਆਉਂਦੈ ...ਇੱਜਤ ਦਾ ਵੀ...ਪਤਨੀ ਵੀ ਜਾਣੀ ਸਾਹਮਣੇ ਆ ਖੜੋਂਦੀ ਐ...। ਰਾਤ ਨੂੰ ਜੇ ਅੱਖ ਲੱਗਦੀ ਵੀ ਹੈ ਤਾਂ ਊਲ-ਜਲੂਲ ਸੁਪਨੇ ਆਉਂਦੈ ਨੇ। ਸੁਪਨੇ ਵਿਚ ਕਦੇ ਬਾਪੂ ਜੀ, “ਫਸਲ- ਬਾੜੀ ਦਾ ਕੀ ਹਾਲ ਐ ਪੁੱਤਰਾ? ਖੇਤੀ ਖਸਮਾਂ ਸੇਤੀ ਭਾਈ...।” ਤਾਂ ਕਦੇ ਘਰਵਾਲੀ, “ਤੁਸੀਂ ਤਾਂ ਜੀ ਕੈਲਕੁਲੇਟਰ...।” ਫੇਰ ਨੀਂਦ ਉਡੱ ਜਾਂਦੀ ਐ।

ਬੈਡਰੂਮ ਵਿਚ ਕੈਲਕੁਲੇਟਰ ਲਿਜਾਣਾ ਬੰਦ ਕਰ ਦਿੱਤੈ। ਬਲਕਿ ਬੈਠਕ ਵਿਚ ਵੀ ਅਫੀਮ ਵਾਂਗ ਲਕੋ ਕੇ ਰੱਖਦਾਂ।

ਮੈਂ ਤਾਂ ਟੇਲੀਵਿਜ਼ਨ ਵੀ ਬੈਠਕ ਵਿਚ...। ਪਤਾ ਨਹੀਂ ਕਿਹੜੀ ਮਿੱਟੀ ਦੀ ਬਣੀ ਹੋਈ ਹੈ। ਲੋਕਾਂ ਦੀਆਂ ਔਰਤਾਂ ਤਾਂ ਟੀ.ਵੀ. ਸੀਰੀਅਲਾਂ ਦੀਆਂ ਮਾਰੀਆਂ ਦਿਨ ਛਿਪਦੇ ਨੂੰ ਮੰਡੇ ਪਕਾ ਕੇ ਧਰ ਦਿੰਦੀਆਂ ਨੇ। ਹਾਲੀ ਆ ਕੇ ਆਪੇ ਠੰਡੇ ਟੁੱਕੜ ਖਾਈ ਜਾਣ।

ਪਤਾ ਨਹੀਂ ਮੇਰਾ ਵਹਿਮ ਹੀ ਖਾਈ ਜਾ ਰਿਹਾ ਹੈ ਜਾਂ...? ਇਕ ਦਿਨ ਕਿਸੇ ਗੱਲ ’ਤੇ ਸਰਬਜੀਤ ਕਹਿੰਦੀ, “ਆਹੋ ਜੀ, ਪ੍ਰਾਈਵੇਸੀ ਦਾ ਬੜਾ ਕਿਹਾ ਤੁਸੀਂ...!” ਤੇ ਟੀ.ਵੀ. ਵੱਲ ਦੇਖਦਿਆਂ ਸਵਾਲੀਆ ਨਿਸ਼ਾਨ ਵਿਚ ਤਬਦੀਲ ਹੋ ਗਈ। ਮੇਰੇ ਦਿਮਾਗ਼ ਵਿਚ ਆਲ-ਜੰਜਾਲ ਚਲਣ ਲੱਗਿਆ। ਚਲਦਾ ਰਿਹਾ। ਅੱਖ ਲੱਗੀ ਨਹੀਂ ਕਿ ਲੱਗੀ ਕਵਿਤਾ ਕਹਿਣ, ‘....ਲੋਕਾਂ ਦਾ ਹਜੂਮ ਸਾਡੇ ਬੈਡਰੂਮ ਵਿਚ/ਦੇਖਤਾ ਹੈ ਤੂੰ ਕਿਆ/ਦੋ ਤੇ ਦੋ ਵੀ ਪੰਜ ਹੋਏ ਕਦੀ? ਇਹ ਕੇਹੀ ਹਵਸ? ਕਦੀ ਫੁਰਸਤ ਵਿਚ ਸੋਚਿਓ/ਪ੍ਰਾਈਮ ਟਾਈਮ ਤੋਂ ਬਾਅਦ/ਕਿ ਜਵਾਕ ਕਿੱਥੇ ਲੁੜਕੇ ਹੋਏ/ਪਤਨੀ ਕਿਥੇ/ਕਿ ਉਹਨਾਂ ਦੇ ਨਾਲ ਉਹ ਵੀ ਹੈ/ਹੋਣਾ ਚਾਹੀਦਾ ਜਿਸ ਨੂੰ/ਜਾਂ ਕਿ ਹਜੂਮ ਲੋਕਾਂ ਦਾ? ਇਹ ਅਨਹੋਣੀ ਕਿੰਝ ਵਾਪਰੀ?’ ਤ੍ਰਭਕ ਕੇ ਉਠ ਖੜਦਾਂ। ਹਮੇਸ਼ਾਂ ਵਾਂਗ ਕੁਝ ਵੀ ਪੱਲੇ ਨਹੀਂ ਪੈਂਦਾ। ਨੀਂਦ ਜ਼ਰੂਰ ਉੱਡ ਗਈ।

ਕਦੇ-ਕਦੇ ਲੱਗਦੈ ਇਹਨੂੰ ਮੇਰੀ ਗਲੋਬਲ ਪੂੰਜੀ ਵਿਚ ਏਨੀ ਐਕਟਿਵ ਹਿੱਸੇਦਾਰੀ ਬਾਰੇ ਸ਼ੱਕ ਹੋ ਗਿਐ। ਬੇਸ਼ੱਕ ਇਸ ਨੇ ਕਦੇ ਕਿਹਾ ਕੁਝ ਨਹੀਂ। ਪਰ ਬੈਡਰੂਮ ਤੇ ਬਾਹਰਲੀ ਬੈਠਕ ਵਿਚਾਲੜੀ ਵਿੱਥ ਕੋਹਾਂ ਲੰਮੀ ਹੋ ਚੁਕੀ ਹੈ। ਅਜਨਬੀ ਬਣ ਕੇ ਰਹਿ ਗਿਆਂ। ਪਤਾ ਨਹੀਂ ਖੁੱਲ੍ਹ ਕੇ ਹੱਸੇ ਨੂੰ ਕਿੰਨਾ ਚਿਰ ਹੋ ਗਿਐ? ਆਖਰੀ ਬਾਰ ਮੈਂ ਸੈਰੀ ਤੇ ਰਿੰਪੀ ਨੂੰ ਜੋਕ ਕਦੋਂ ਸੁਣਾਏ ਸੀ? ਅਸੀਂ ਚਾਰੇ ਕੱਠੇ ਕਦੋਂ ਕੈਰਮ ਖੇਡੇ ਸੀ? ਕਦ ਰਿੰਪੀ ਸੰਗ ਬੈਠ ਕੇ ਮੈਂ ਚਿੱਤਰ ਬਣਵਾਏ ਸੀ? ਕਦੋਂ ਬੱਚੇ...?

ਨਿੱਕੇ-ਨਿੱਕੇ ਬੱਚੇ ਵੀ ਕਿਵੇਂ ਮਾਹੌਲ ਨੂੰ ਪੜ੍ਹ ਲੈਂਦੇ ਨੇ। ਕਈ ਵਾਰੀ ਮਾਂ ਨਾਲ ਗੱਲਾਂ ਕਰ ਰਹੇ ਹੁੰਦੇ ਨੇ, ਮੈਨੂੰ ਦੇਖਣ ਸਾਰ ਚੁੱਪ। ਪਿਛਲੇ ਕਈ ਮਹੀਨਿਆਂ ਤੋਂ ਮੈਂ ਇਹਨਾਂ ਦੀ ਟੀਚਰ-ਪੇਰੇਂਟਸ ਮੀਟ ਵਿਚ ਵੀ ਨਹੀਂ ਜਾ ਸਕਿਆ। ਹੋ ਸਕਦੈ ਇਸੇ ਕਰਕੇ ਨਰਾਜ਼ ਹੋਣ। ਮੇਰੇ ਮਨ ਦਾ ਚੋਰ ਪਤਾ ਨਹੀਂ ਕੀ ਊਲ-ਜਲੂਲ ਸੋਚੀ ਜਾ ਰਿਹੈ।

**ਅੱਜ** ਦੀਆਂ ਖਬਰਾਂ ਨੇ ਮੇਰੀ ਪਰੇਸ਼ਾਨੀ ਹੋਰ ਵਧਾ ਦਿੱਤੀ ਹੈ। ਕਈ ਦਿਨਾਂ ਤੋਂ ਚੰਗੀ ਤਰ੍ਹਾਂ ਨੀਂਦ ਵੀ ਨਹੀਂ ਆ ਰਹੀ। ਬਿਜ਼ਨੇਸ ਚੈਨਲ, ਮੈਨੂੰ ਹੁਣ ਲੱਗਦੈ, ਪਹਿਲੇ ਦਿਨੋਂ ਹੀ ਝੂਠ ਬੋਲਦੇ ਰਹੇ ਨੇ। ਮੈਂ ਰੱਬ ਵਰਗਾ ਵਿਸ਼ਵਾਸ ਕਰਦਾ ਰਿਹਾ।

ਜਦ ਮੈਂ ਸ਼ੇਅਰ ਮਾਰਕਿਟ ਵਿਚ ਵੜਿਆ, ਸੈਨਸੇਕਸ ਸੋਲਾਂ ਹਜ਼ਾਰ 'ਤੇ ਸੀ। ਅਤੇ ਚੈਨਲਾਂ ਵਾਲੇ, ਜਿਨ੍ਹਾਂ ਨੂੰ ਅਮਰੀਕ ਗਲੋਬਲੀਕਰਨ ਦੇ ਰੱਥਵਾਨ ਕਹਿੰਦੈ, ਦੱਸ ਰਹੇ ਸੀ ਕਿ ਹੁਣ ਇਨਵੈਸਟਮੈਂਟ ਕਰਨ ਦਾ ਸਹੀ ਸਮਾਂ ਹੈ। ਜਦ ਬਾਈ ਹਜ਼ਾਰ 'ਤੇ ਪਹੁੰਚਿਆ ਉਦੋਂ ਵੀ ਤੇ ਹੁਣ ਗਿਰ ਕੇ ਅੱਠ ਹਜ਼ਾਰ 'ਤੇ ਆ ਗਿਐ, ਤਾਂ ਵੀ ਇਨਵੈਸਟਮੈਂਟ ਦਾ ਸਹੀ ਸਮਾਂ ਦੱਸ ਰਹੇ ਨੇ?

ਕਦੇ ਸੁਣ ਕੇ ਨਸ਼ਾ ਜਿਹਾ ਛਾ ਜਾਂਦਾ ਸੀ। ਹੁਣ ਤਾਂ ਇਨ੍ਹਾਂ ਦੀ ਭਾਸ਼ਾ ਰਤਾ ਵੀ ਨਹੀਂ ਪੋਂਹਦੀ ਮੈਨੂੰ। ਪਾਵਰ ਸੈਕਟਰ, ਪੈਟਰੋ, ਆਈ.ਟੀ., ਬੈਂਕਿੰਗ ਸੈਕਟਰ...ਸਭ ਬਕਵਾਸ...! ਸਾਲਿਓ, ਅਮਰੀਕਾ ਦੇ ਵੱਡੇ-ਵੱਡੇ ਬੈਂਕ ਲਿਟ ਗਏ...ਤੇ ਡੱਬੀ ਵਰਗਾ ਪਲਾਟ, ਪ੍ਰਾਈਮ ਲੋਕੇਸ਼ਨ...ਬਿੱਲੂ ਕਲ੍ਹ ਈ ਕਹਿੰਦਾ ਸੀ, "ਗਧੀ ਨਹੀਂ ਪੁੱਛਦੀ ਚਾਚਾ।"

ਊਠ 'ਤੇ ਚੜ੍ਹੇ ਨੂੰ ਕੁੱਤਾ ਖਾ ਗਿਐ। ਜਿਉਂ-ਜਿਉਂ ਕਰਾਰ ਦੀ ਤਰੀਕ ਨੇੜੇ ਆਉਂਦੀ ਜਾ ਰਹੀ ਹੈ, ਮੇਰਾ ਦਿਲ ਬੈਠਦਾ ਜਾ ਰਿਹੈ। ਚੰਗੇ-ਭਲੇ ਗਹਿਣੇ ਸੀ ਘਰਵਾਲੀ ਦੇ, ਕੋਈ ਅਣਸਰਦੇ ਨੂੰ ਵੇਚੇ ਤਾਂ ਵੀ ਹੈ, ਪਰ...। ਮਾਰੀ ਗਈ ਮੱਤ। ਹੁਣ ਸੋਨਾ ਵੀ ਅਸਮਾਨ ਛੂ ਰਿਹੈ। ਤੇ ਬੇਚੈਨੀ? ਕੁਝ ਨਾ ਪੁੱਛੋ। ਰਿਮੋਟ ਦੇ ਬਟਨ ਦੱਬੀ ਜਾ ਰਿਹਾਂ। ਹਥੇਲੀ 'ਚ ਪਸੀਨਾ ਆ ਰਿਹੈ। ਖਿੜਕੀ 'ਚੋਂ ਠੰਡੀ ਹਵਾ ਦਾ ਬੁੱਲਾ ਆਇਐ। ਕਾਂਬਾ ਜਿਹਾ ਚੜ੍ਹ ਗਿਆ। ਦਮ ਘੁਟਦਾ ਮਹਿਸੂਸ ਹੋਇਆ ਤਾਂ ਖਿੜਕੀ ਖੋਲ੍ਹ ਲਈ ਸੀ। ਹੁਣ ਬੰਦ ਕਰਨ ਲਈ ਉੱਠਣਾ ਵੀ ਮੁਹਾਲ ਹੋ ਰਿਹੈ। ਬਾਰ-ਬਾਰ ਸੀਲਿੰਗ ਫੈਨ ਅੱਖਾਂ ਸਾਹਵੇਂ ਆ ਜਾਂਦੈ। ਮੈਂ ਉਧਰੋਂ ਨਜ਼ਰਾਂ ਹਟਾ ਕੇ ਧਿਆਨ ਟੀ.ਵੀ. ਵੱਲ ਲਾਉਣ ਦੀ ਕੋਸ਼ਿਸ਼ ਕਰਦਾਂ। ਬੀ ਪੋਜਿਟਿਵ ਯਾਰ...।

ਹਾਂ, ਮੈਂ ਕਿਉਂ ਪੰਖੇ ਵੱਲ ਝਾਕਾਂ? ਮੈਨੂੰ ਤਾਂ ਫਸਾਇਆ ਗਿਐ। ਮੇਰੀ ਜ਼ਮੀਨ 'ਤੇ ਉਹਨਾਂ ਦੀ ਅੱਖ ਸੀ। ਸਪੈਸ਼ਲ ਇਕਨੋਮਿਕ ਜੋਨ ਦਾ ਬਹਾਨਾ ਨਹੀਂ ਬਣਾ ਸਕੇ ਤਾਂ ਐਦਾਂ ਅੜਾ ਲਿਆ। ਸਾਰੇ ਰਲੇ ਹੋਏ ਨੇ, ਅਖਬਾਰ ਵਾਲੇ, ਚੈਨਲਾਂ ਵਾਲੇ, ਵਿੱਤ ਮੰਤਰੀ, ਪ੍ਰਧਾਨਮੰਤਰੀ, ਪ੍ਰਾਪਰਟੀ ਡੀਲਰ, ਆੜ੍ਹਤੀਆ ਤੇ ਉੱਲੂ ਦਾ ਪੱਠਾ ਮੇਰਾ ਡਿਮੈਟ ਅਕਾਉਂਟ ਖੁਲ੍ਹਵਾਉਣ ਵਾਲਾ ਕੈਪੀਟਲ ਇਨਵੇਸਟਮੈਂਟ ਕੰਪਨੀ ਦਾ ਏਜੰਟ ਸਾਲਾ ਗੰਜਾ ਜਿਹਾ। ਸਾਰਿਆਂ ਦੀ ਸਾਜਿਸ਼ ਹੈ...।

ਸਜ਼ਾ ਤਾਂ ਇਹਨਾਂ ਸਾਰਿਆਂ ਨੂੰ ਮਿਲਣੀ ਚਾਹੀਦੀ ਹੈ...। ਝੂਠ ਬੋਲਣ ਦੀ, ਗੁਮਰਾਹ ਕਰਨ ਦੀ, ਜ਼ੇਰੇ ਦਫਾ ਜੋ ਵੀ, ਇਹਨਾਂ 'ਤੇ ਮੁਕੱਦਮਾ ਚਲਣਾ ਚਾਹੀਦੈ। ਕਿਸੇ ਦਾ ਬੀ.ਪੀ. ਘਟਾਉਣ ਦੀ ਘੱਟੋ -ਘੱਟ ਕਿੰਨੀ ਸਜ਼ਾ ਹੋ ਸਕਦੀ ਹੈ? ਬੰਦਾ ਮਰ ਵੀ ਸਕਦੈ? ਕਈ ਮਹੀਨਿਆਂ ਤੋਂ ਕਬਜੀ ਨਹੀਂ ਟੁੱਟ ਰਹੀ। ਜੁਆਕ ਓਪਰਿਆਂ ਵਾਂਗ ਝਾਕਦੇ ਐ। ਕਿੰਨਾ ਚਿਰ ਹੋ ਗਿਐ, ਘਰਵਾਲੀ ਨਾਲ ਬੋਲਿਆ ਵੀ ਨਹੀਂ ਚਜ ਨਾਲ। ਸਾਲਿਓ, ਚੰਗੇ-ਭਲੇ ਬੰਦੇ ਨੂੰ ਤੁਸੀਂ ਖੱਸੀ ਕਰ ਕੇ ਰੱਖ ਛੱਡਿਐ।

ਅਮਰੀਕ ਬਾਈ ਠੀਕ ਕਹਿੰਦਾ ਸੀ, "ਇਕ ਬੇਰਹਿਮ ਦੌਰ 'ਚੋਂ ਗੁਜਰ ਰਹੇ ਹਾਂ। ਸਾਨੂੰ ਸੋਚ ਸਮਝ ਕੇ...।"

"ਸੋਚਦੇ-ਸਮਝਦੇ ਕੁਝ ਨਹੀਂ। ਇਹ ਜੋ ਨਿਮਨ ਮੱਧ ਵਰਗ ਹੈ ਨਾ, ਹਰ ਕੰਮ ਭਾਵਨਾਵਾਂ ਦੇ ਵੇਗ ਵਿਚ ਕਰਦੈ।" ਬਲਕਾਰ ਅਕਸਰ ਅਜਿਹੇ ਕੁਮੈਂਟ ਕਰ ਦਿੰਦੈ।

**ਮੈਂ** ਫਟਾਫਟ ਚੈਨਲ ਬਦਲਦਾਂ। ਇਕ ਥਾਂ ਕਲ੍ਹ ਸ਼ਾਮ ਵਾਲਾ ਲਾਈਵ ਫੋਨ-ਇਨ ਪ੍ਰੋਗਰਾਮ ਰਪੀਟ ਹੋ ਰਿਹੈ। ਇਕ ਦਰਸ਼ਕ ਪੁੱਛਦੈ, "ਮੈਂ ਬ੍ਰਾਈਟ ਕੰਪਨੀ ਦੇ ਸ਼ੇਅਰ ਲਏ ਸੀ ਜੀ। ਹੁਣ ਤਾਂ ਨਾ ਕਿਤਿਓਂ ਰੇਟ ਪਤਾ ਲੱਗ ਰਿਹੈ ਨਾ ਹੋਰ...ਕੰਪਨੀ ਦੇ ਪਤੇ ਤੋਂ ਚਿੱਠੀਆਂ ਵੀ ਬੇਰੰਗ ਮੁੜ ਆਈਆਂ?"

ਐਕਸਪਰਟ ਮੁਸਕੁਰਾਉਂਦੇ ਹੋਏ ਦੱਸਦੈ, "ਕਾਗਜ਼ ਸਾਂਭ ਕੇ ਰੱਖੋ,ਖਬਰੇ ਕਿਸੇ ਦਿਨ ਕਿਸਮਤ ਜਾਗ ਪਵੇ।"

ਕਿਸਮਤ ਤਾਂ ਮੈਨੂੰ ਵੀ ਲੱਗਦਾ ਸੀ ਜਾਗ ਪਈ ਹੈ। ਰਾਸ਼ੀਫਲ 'ਚ ਰੋਜ਼ਾਨਾ ਲਿਖਿਆ ਹੁੰਦਾ ਸੀ- ਵਪਾਰ ਮੇਂ ਫਾਇਦਾ ਹੋਗਾ...ਸ਼ੇਅਰ ਬਜ਼ਾਰ ਮੈਂ ਇਨਵੇਸਟ ਕਰੇਂ...। ਇਹ ਵੀ ਰਲੇ ਹੋਏ ਸੀ। ਕਿਸੇ ਵੀ ਸਾਲੇ ਜੋਤਸ਼ੀ ਨੇ ਕਦੇ ਨੀਂ ਲਿਖਿਆ ਪਈ ਖੇਤੀ 'ਚ ਵੀ ਫਾਇਦਾ ਹੋਊ, ਮਿਹਨਤ ਕਰੋ।

ਏਨੀ ਬੇਚੈਨੀ ਵੀ ਕੀ ਕਿ ਕਿਸੇ ਚੈਨਲ 'ਤੇ ਕੁਝ ਪਲ ਵੀ ਰੁਕ ਨਹੀਂ ਹੁੰਦਾ? ਇਕ ਚੈਨਲ ਤੇ ਬਾਬਾ ਰਾਮ ਦੇਵ ਨੇ ਫਟਫਟੀਆ ਜਿਹਾ ਚਲਾ ਰੱਖਿਐ। ਅਨੁਲੋਮ, ਵਿਲੋਮ...ਕਪਾਲ ਭਾਤੀ...ਆਪਕੋ ਇਸੇ ਕਰਨੇ ਕਾ ਤਰੀਕਾ ਬਤਾਊਂਗਾ। ਮੈਨੂੰ ਸੁਣਦੈ, ਆਨ-ਲਾਇਨ ਮਾਰਕੇਟਿੰਗ ਸਿਖਾਊਂਗਾ...ਆਪ ਕਾ ਨਾਮ ਹੀ ਆਪ ਕਾ ਯੂਜ਼ਰ ਆਈ.ਡੀ. ਹੈ...।

ਇਸ ਯੂਜ ਐਂਡ ਥਰੋਅ ਦੇ ਜ਼ਮਾਨੇ ਵਿਚ ਪਤਾ ਨਹੀਂ ਕੌਣ ਕੀਹਨੂੰ ਯੂਜ ਕਰ ਰਿਹੈ?

ਹੁਣ ਨੂੰ ਤਾਂ ਮੈਂ ਵੀ ਕੰਪਿਊਟਰ ਲੈ ਆਉਣਾ ਸੀ। ਇਕ ਦਿਨ ਟੀ.ਵੀ. 'ਚ ਸਕਰੋਲਿੰਗ ਪੱਟੀ ਤੋਂ ਸ਼ੇਅਰਾਂ ਦੇ ਰੇਟ ਦੇਖ ਕੇ ਕੈਲਕੁਲੇਸ਼ਨ ਕਰ ਰਿਹਾ ਸਾਂ ਕਿ ਬਿੱਲੂ ਆ ਗਿਆ। ਕਹਿੰਦਾ, "ਚਾਚਾ ਸਿਆਂ, ਦੁਨੀਆ ਬਹੁਤ ਅੱਗੇ ਪਹੁੰਚ ਗਈ ਹੈ। ਆਪਣੀ ਤਾਂ ਇਹੀ ਟ੍ਰੈਜਡੀ ਹੈ ਕਿ ਜਿੰਨਾ ਮਰਜੀ ਜ਼ੋਰ ਲਾ ਲਈਏ, ਜ਼ਮਾਨੇ ਦੀ ਰਫਤਾਰ ਨੂੰ ਅੱਪੜ ਈ ਨੀਂ ਸਕਦੇ।" ਤੇ ਉਸਨੇ ਦੱਸਿਆ, "ਇਹ ਰੇਟ ਕਾਫੀ ਪਹਿਲਾਂ ਦੇ ਨੇ। ਹੋ ਸਕਦੈ ਹੁਣ ਨੂੰ ਸਾਨ੍ਹ ਮੂਧਾ ਪਿਆ ਹੋਵੇ। ਆਨ-ਲਾਈਨ ਹੋਣਾ ਪੈਣੈ ਚਾਚਾ... ਫੇਰ ਤਾਂ ਇਕ ਕਲਿੱਕ ਨਾਲ ਜਦ ਮਰਜ਼ੀ ਸ਼ੇਅਰ ਵੇਚੋ, ਭਾਵੇਂ ਖਰੀਦੋ...। ਅਜੇ ਤਾਂ ਆਪਾਂ ਹੈਂਡੀਕੈਪ ਈ ਹਾਂ...।"

ਬਲਕਾਰ ਵੀ ਕਹਿੰਦਾ ਸੀ, "ਦੁਨੀਆਂ ਨਾਲ ਤਾਰਾਂ ਜੋੜ ਲਓ ਬਾਬੇਓ, ਦਿਨੇ ਏਸ਼ੀਆ ਦੀਆਂ, ਯੋਰਪ ਦੀਆਂ ਮੰਡੀਆਂ ਦੀ ਸਟੱਡੀ ਕਰੋ, ਰਾਤੀਂ ਬਿਡ ਪਾ ਦਿਓ... ਅਗਲੇ ਦਿਨ ਬਜ਼ਾਰ ਖੁਲ੍ਹਣ ਤੇ ਦੇਖਿਓ ਕਿਵੇਂ ਬੁਲਬੁਲੇ ਪਾਟਦੇ ਐ...! ਉਹਨਾਂ ਨੂੰ ਉਹਨਾਂ ਦੇ ਹਥਿਆਰਾਂ ਨਾਲ ਈ ਮਾਰਨਾ ਪੈਣੈ...!"

**ਐਕਸਚੇਂਜ** ਆਫਰ। ਘਰ ਦਾ ਸਾਰਾ ਸਮਾਨ ਬਦਲ ਲਓ। ਜ਼ੀਰੋ ਫੀਸਦ ਵਿਆਜ 'ਤੇ ਫਾਈਨੈਂਸ...ਨਾਲੇ ਕ੍ਰੈਡਿਟ ਕਾਰਡ...। ਮੈਂ ਫੇਰ ਚੈਨਲ ਬਦਲਦਾਂ।

ਇਹ ਕੀ? ਬਲਬੀਰ...? ਨਜ਼ਰ ਟੀ.ਵੀ. ਸਕਰੀਨ 'ਤੇ ਟਿਕਾ ਲੈਂਦਾਂ।

ਟੀ.ਵੀ. ਸਕਰੀਨ 'ਤੇ ਵੱਡੇ-ਵੱਡੇ ਅੱਖਰਾਂ 'ਚ ਲਿਖਿਆ ਆ ਰਿਹੈ...ਬ੍ਰੇਕਿੰਗ ਨਿਊਜ...ਬਲਬੀਰ ਸਿੰਘ ਕੀ ਲਲਕਾਰ...! ਸਾਵਧਾਨ ਏ ਬਾਜ਼ਾਰ...!

ਵਿਚੇ ਬਲਬੀਰ ਕੰਧਾਂ 'ਤੇ ਪਰਚੇ ਚਿਪਕਾਉਂਦਾ ਹੋਇਆ। ਕਿਤੇ ਮੈਂ ਸੁਪਨਾ ਤਾਂ ਨੀਂ ਦੇਖ ਰਿਹਾ? ਕਿਸੇ ਹੋਰ ਚੈਨਲ 'ਤੇ...? ਇਥੇ ਵੀ ਉਹੀ ਕੁਝ। ਸੁਰਖੀਆਂ ਜ਼ਰਾ ਬਦਲੀਆਂ ਹੋਈਆਂ, ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ...!

ਬਾਜ਼ਾਰ ਕੋ ਫਟਕਾਰ...! ਐਂਕਰ ਵੀ ਇਹੀ ਕੁਝ ਚੀਕ-ਚੀਕ ਕੇ ਬੋਲ ਰਿਹੈ।

"ਅਭੀ ਏਕ ਬੜੀ ਖਬਰ ਆ ਰਹੀ ਹੈ। ਆਪਕੋ ਭੀ ਵਹਾਂ ਲਿਏ ਚਲਤੇ ਹੈਂ। ਹਮਾਰੇ ਸੰਵਾਦਦਾਤਾ ਮੌਕੇ ਪਰ ਮੌਜੂਦ ਹੈਂ। ਜੀ ਰਮਨ, ਕਿਆ ਆਪ ਬਤਾਏਂਗੇ, ਬਲਬੀਰ ਸਿੰਘ ਦੁਆਰਾ ਚਿਪਕਾਏ ਇਨ ਪੋਸਟਰੋਂ ਮੇਂ ਕਿਆ ਲਿਖਾ ਹੈ?" ਐਂਕਰ ਰਿਪੋਰਟਰ ਨੂੰ ਪੁੱਛਦੈ।

"ਜੀ ਸੁਧੀਰ, ਦੇਖੀਏ ਇਸ ਵਕਤ ਮੈਂ ਸ਼ਹਿਰ ਕੀ ਮੇਨ ਸਬਜ਼ੀ ਮੰਡੀ ਮੇਂ ਹੂੰ। ਆਪ ਕੋ ਬਤਾ ਦੂੰ ਯਹਾਂ ਸੇ ਆਸਪਾਸ ਕੇ ਇਲਾਕੇ ਕੇ ਅਲਾਵਾ ਕਈ ਬੜੇ ਸ਼ਹਿਰੋਂ ਕੋ ਭੀ ਸਬਜ਼ੀ ਸਪਲਾਈ ਹੋਤੀ ਹੈ। ਔਰ ਜਹਾਂ ਤਕ ਸਵਾਲ ਹੈ ਪੋਸਟਰ ਕਾ, ਤੋ ਉਸ ਮੇਂ ਕਈ ਮਹੱਤਵਪੂਰਨ ਮੁੱਦੇ ਉਠਾਏ ਗਏ ਹੈਂ। ਹਮ ਅਪਨੇ ਦਰਸ਼ਕੋਂ ਕੋ ਬਤਾਨਾ ਚਾਹੇਂਗੇ, ਯੇ ਹਾਥ ਸੇ ਲਿਖੇ ਹੁਏ ਪਰਚੇ ਹੈਂ...।**

"ਜੀ ਰਮਨ, ਹਮ ਵਹੀ ਜਾਨਨਾ ਚਾਹਤੇ ਹੈਂ, ਪੋਸਟਰ ਕੀ ਤਹਿਰੀਰ ਕੇ ਬਾਰੇ ਮੈਂ ਕੁਛ ਬਤਾਈਏ...ਕਿਆ ਆਪ ਪੋਸਟਰ ਕੋ ਨਜ਼ਦੀਕ ਸੇ ਦਿਖਾ ਸਕਤੇ ਹੈ?"

"ਜੀ ਸੁਧੀਰ, ਜਹਾਂ ਤਕ ਤਹਿਰੀਰ ਕੀ ਬਾਤ ਹੈ, ਇਸੇ ਸਮਝਨੇ ਕੇ ਲਿਏ ਖੇਤੀ-ਬਾਜ਼ਾਰ-ਵਿਵਸਥਾ ਕੋ ਦੁਬਾਰਾ ਪਰਿਭਾਸ਼ਿਤ ਕਰਨਾ ਪੜੇਗਾ। ਸੀਧੇ-ਸੀਧੇ ਸ਼ਬਦੋਂ ਮੇਂ ਕਹੂੰ ਤੋ ਹਰ ਤਰਹਾਂ ਕੀ ਕ੍ਰਿਸ਼ੀ ਉਪਜ ਪਰ ਰਾਇਲਟੀ ਮਾਂਗੀ ਗਈ ਹੈ।" ਐਂਕਰ ਦੇ ਚਿਹਰੇ 'ਤੇ ਮੁਸਕਰਾਹਟ ਫੈਲਣ ਲੱਗੀ। ਪਤਾ ਨਹੀਂ ਇਹ ਮੁਸਕਾਨ ਰਾਇਲਟੀ ਵਾਲੀ ਗੱਲ ਕਰਕੇ ਸੀ ਜਾਂ ਬਾਜ਼ਾਰ ਨੂੰ ਦੁਬਾਰਾ ਪਰਿਭਾਸ਼ਿਤ ਕਰਨ ਵਾਲੀ ਗੱਲ 'ਤੇ।

ਰਿਪੋਰਟਰ ਬੋਲੀ ਜਾ ਰਿਹਾ ਸੀ, "ਕੁਛ ਔਰ ਬਾਤੇਂ ਭੀ ਹੈਂ...ਮੈਂ ਅਪਨੇ ਕੈਮਰਾਮੈਨ ਸੇ ਕਹੂੰਗਾ ਕਿ ਵੋ ਪੋਸਟਰ ਕੋ ਨਜ਼ਦੀਕ ਸੇ ਦਿਖਾਏ...ਇਸ ਮੇਂ ਕਹਾ ਗਿਆ ਹੈ ਕਿ....।" ਪੋਸਟਰ ਜ਼ੂਮ ਇਨ ਹੁੰਦੈ। ਇਸ ਤੋਂਪਹਿਲਾਂ ਕਿ ਰਿਪੋਰਟਰ ਕੁਝ ਦੱਸੇ...।

"ਜੀ ਰਮਨ, ਆਪ ਬਨੇ ਰਹੀਏ ਹਮਾਰੇ ਸਾਥ ਔਰ ਹਮ ਅਪਨੇ ਦਰਸ਼ਕੋਂ ਕੋ ਬਤਾ ਦੇਂ ਕਿ ਏਕ ਛੋਟੇ ਕਿਸਾਨ ਬਲਬੀਰ ਸਿੰਘ ਨੇ ਯਹ ਮੁੱਦਾ ਜਿਸ ਦਿਲੇਰੀ ਕੇ ਸਾਥ ਉਠਾਇਆ ਹੈ ਵੋ ਦੇਖਨੇ ਵਾਲੀ ਬਾਤ ਹੈ। ਇਸ ਵਕਤ ਹਮਾਰੇ ਸਾਥ ਸਟੂਡੀਓ ਮੇਂ ਮੌਜੂਦ ਹੈਂ ਆਰਥਿਕ ਮਾਮਲੋਂ ਕੇ ਮਾਹਿਰ...ਅਪਨੇ ਮਹਿਮਾਨ ਸੇ ਭੀ ਬਾਤ ਕਰੇਂਗੇ...ਫਿਲਹਾਲ ਲੇਤੇ ਹੈਂ ਏਕ ਛੋਟਾ ਸਾ ਬ੍ਰੇਕ...ਕਹੀਂ ਜਾਈਏਗਾ ਨਹੀਂ...ਅਭੀ ਹਾਜ਼ਰ ਹੋਤੇ ਹੈਂ...।"

ਮੈਂ ਚੈਨਲ ਬਦਲ ਲੈਂਦਾਂ।

"ਬਲਬੀਰ ਸਿੰਘ ਜੀ ਆਪ ਕੋ ਪੂਰਾ ਦੇਸ਼ ਦੇਖ ਰਹਾ ਹੈ...ਅਪਨੀ ਮਾਂਗੋਂ ਕੇ ਬਾਰੇ ਮੇਂ ਜ਼ਰਾ ਵਿਸਥਾਰ ਸੇ ਬਤਾਈਏ?"

"ਇਕੋ ਮੰਗ ਹੈ ਜੀ, ਸਾਡੀਆਂ ਜਿਨਸਾਂ ਦੀ ਪੂਰੀ ਕੀਮਤ ਮਿਲਣੀ ਚਾਹੀਦੀ।" ਬਲਬੀਰ ਦੀ ਮੁੱਠੀ ਹਵਾ ਵਿਚ ਲਹਿਰਾਈ ਹੈ।

"ਪੂਰੀ ਕੀਮਤ ਸੇ ਆਪ ਕਾ ਕਿਆ ਮਤਲਬ ਹੈ? ਸਰਕਾਰ ਹਰ ਸਾਲ ਨਿਉਨਤਮ ਸਮਰਥਨ ਮੁੱਲ ਨਿਰਧਾਰਿਤ ਕਰਤੀ ਤੋ ਹੈ?"

"ਸਮਰਥਨ ਮੁੱਲ ਦਾ ਕੀ ਮਤਲਬ ਹੋਇਆ? ਪੂਰੀ ਕੀਮਤ।"

"ਆਪ ਕਾ ਆਧਾਰ ਕਿਆ ਹੈ ਪੂਰੀ ਕੀਮਤ ਤੈਅ ਕਰਨੇ ਕਾ?"

"ਆਧਾਰ ਇਕਦਮ ਸਪਸ਼ਟ ਹੈ। ਮਾਨ ਲੋ ਕੋਈ ਮੂਲੀਆਂ ਪੈਦਾ ਕਰਤਾ ਹੈ।" ਉਹ ਹਿੰਦੀ 'ਚ ਸਮਝਾਉਣ ਲੱਗਦੈ, "ਜਿਸਕੇ ਲਿਏ ਮਹਿੰਗੇ ਬੀਜ਼, ਖਾਦ, ਕੀਟਨਾਸ਼ਕ, ਪਾਣੀ ਔਰ ਮਿਹਨਤ ਕੇ ਬਦਲੇ ਉਸੇ ਮਿਲਤਾ ਹੈ ਏਕ ਰੁਪਿਆ। ਉਸੀ ਮੂਲੀ ਕੋ ਖਰੀਦ ਕਰ ਦੁਕਾਨਦਾਰ ਉਸੀ ਦਿਨ ਤੀਨ ਰੁਪਏ ਮੈਂ ਬੇਚਤਾ ਹੈ। ਜ਼ਰਾ ਸੀ ਦੇਰ ਮੈਂ ਦੋ ਰੁਪਏ ਕਮਾ ਲਿਏ। ਜਬਕਿ ਕਿਸਾਨ ਕਾ ਤੋ ਖਰਚਾ ਭੀ ਮੁਸ਼ਕਲ ਸੇ ਪੂਰਾ ਹੁਆ। ਔਰ ਦੂਸਰੀ ਬਾਤ...।"

"ਜੀ ਪੰਕਜ, ਆਪ ਬਨੇ ਰਹੀਏ ਹਮਾਰੇ ਸਾਥ, ਡਾਕਟਰ ਸਾਹਬ, ਪ੍ਰਥਮ ਦ੍ਰਿਸ਼ਟੀ ਆਪ ਕੈਸੇ ਲੇਤੇ ਹੈਂ ਇਸ ਘਟਨਾਕ੍ਰਮ ਕੋ?"

"ਦੇਖੀਏ, ਜਿਤਨਾ ਸਿੰਪਲ ਯਹ ਮਾਮਲਾ ਲਗਤਾ ਹੈ, ਉਤਨਾ ਹੈ ਨਹੀਂ। ਇਸ ਛੋਟੇ ਕਿਸਾਨ ਨੇ ਜਿਸ ਮੌਕੇ ਪਰ ਔਰ ਜਿਸ ਤਰਹਾ ਸੇ ਯਹ ਮੁੱਦਾ ਉਠਾਇਆ ਹੈ, ਮੇਰੇ ਖਿਆਲ ਸੇ ਸਿੱਧਾ-ਸਿੱਧਾ ਵਰਤਮਾਨ ਆਰਥਿਕ ਨੀਤੀਓਂ ਪਰ ਸਵਾਲੀਆ ਨਿਸ਼ਾਨ ਲਗਾਇਆ ਹੈ। ਆਰਥਿਕ ਨੀਤੀਆਂ ਆਪ ਜਾਨਤੇ ਹੀ ਹੈਂ ਆਜਕੱਲ੍ਹ ਕਿਨਕੇ ਇਸ਼ਾਰੇ ਪਰ ਔਰ ਕਿਨਕੇ ਲੀਏ ਬਨਤੀ ਹੈਂ। ਔਰ...।" ਐਂਕਰ ਵਿਚਾਲੇ ਟੋਕਣ ਲੱਗਦੈ ਤਾਂ, "ਪਲੀਜ਼ ਸੁਨੀਏ। ਜਹਾਂ ਤੱਕ ਹਮੈਂ ਪਤਾ ਚਲਾ ਹੈ, ਉਸ ਹਿਸਾਬ ਸੇ ਤੋ ਕਿਸਾਨ ਭੀ ਕਹਾਂ ਰਹਿ ਗਿਆ ਹੈ ਅਬ ਯਹ? ਔਰ...।"

"ਵਰਤਮਾਨ ਆਰਥਿਕ ਨੀਤੀਓਂ ਪਰ ਸਵਾਲੀਆ ਨਿਸ਼ਾਨ ਲਗਾਇਆ ਹੈ...ਏਕ ਬੜਾ ਸਵਾਲ ਉਠ ਖੜਾ ਹੁਆ ਹੈ ਯਹਾਂ, ਜੀ ਪੰਕਜ, ਇਨ ਸੇ ਪੂਛੀਏ, ਕੈਸੇ ਜਸਟੀਫਾਈ ਕਰੇਂਗੇ ਅਪਨੀ ਮਾਂਗ ਕੋ?"

ਬਲਬੀਰ, "ਛੇ ਮਹੀਨੇ ਮਿਹਨਤ ਕਰਕੇ ਅਨਾਜ਼, ਫਲ-ਸਬਜ਼ੀਆਂ ਪੈਦਾ ਕਰਦੇ ਹਾਂ ਅਸੀਂ। ਖਰਚਾ ਲਾਉਂਦੇ ਹਾਂ। ਰਿਸਕ ਉਠਾਉਂਦੇ ਹਾਂ। ਕਈ ਵਾਰੀ ਤਾਂ ਕੁਦਰਤ ਵੀ ਸਭ ਕੁਝ ਤਬਾਹ ਕਰ ਦਿੰਦੀ ਐ। ਤਾਂ ਕਿਤੇ, ਤੁਸੀਂ ਆਪ ਹਿਸਾਬ ਲਾ ਲਓ, ਜਿਵੇਂ ਆਲੂ ਦਾ ਭਾਅ ਮਿਲਦੈ ਮਸੇਂ ਦੋ-ਤਿੰਨ ਰੁਪਏ। ਜਦਕਿ ਚਿਪਸ ਤਿਆਰ ਕਰਕੇ ਉਹ ਸਾਨੂੰ ਵੇਚਦੇ ਨੇ ਹਜ਼ਾਰ ਰੁਪਏ ਕਿਲੋ। ਕਣਕ ਦਾ ਹੀ ਲਾ ਲਓ...ਅਸੀਂ ਮਜਬੂਰ ਹਾਂ ਸਰਕਾਰ ਵੱਲੋਂ ਤੈਅ ਸਮਰਥਨ ਮੁੱਲ 'ਤੇ ਵੇਚਣ ਲਈ ਅਤੇ ਉਸੇ ਤੋਂ ਬਣੀਆਂ ਚੀਜ਼ਾਂ ਸਾਨੂੰ ਮਿਲਦੀਆਂ ਨੇ ਖੁਦ ਉਹਨਾਂ ਵੱਲੋਂ ਤੈਅ ਵੱਧੋ-ਵੱਧ ਖੁਦਰਾ ਮੁੱਲ 'ਤੇ...?"

"ਬਲਬੀਰ ਜੀ, ਆਪ ਕੋ ਆਲੂ ਕੀ ਚਿਪਸ ਕੀ ਕੀਮਤ ਤੋ ਨਜ਼ਰ ਆ ਗਈ ਪਰ ਆਪ ਨੇ ਯਹ ਨਹੀਂ ਸੋਚਾ ਕਿ ਫੈਕਟ੍ਰੀ ਵਾਲੇ ਨੇ ਕਿਤਨਾ ਨਿਵੇਸ਼ ਕੀਆ ਹੈ। ਕਿਆ ਕਹਿਨਾ ਚਾਹੇਂਗੇ ਆਪ?"

"ਜ਼ਮੀਨ ਅਤੇ ਖੇਤੀ ਦੇ ਸੰਦਾਂ ਦੀ ਕੀਮਤ ਦਾ ਤੁਹਾਨੂੰ ਅੰਦਾਜਾ ਨਹੀਂ ਜਾਂ ਤੁਸੀਂ ਜਾਣਬੁਝ ਕੇ ਅਣਜਾਣ ਬਣ ਰਹੇ ਹੋ? ਇਹ ਨਿਵੇਸ਼ ਘੱਟ ਹੈ?" ਰਿਪੋਰਟਰ ਝਿਪ ਗਿਆ।

"ਜੀ ਪੰਕਜ, ਹਮ ਅਪਨੇ ਦਰਸ਼ਕੋਂ ਕੋ ਬਤਾ ਦੇਂ ਕਿ ਪਹਿਲੀ ਬਾਰ...।" ਐਂਕਰ ਨੇ ਮੋਰਚਾ ਸਾਂਭ ਲਿਆ, "ਪਹਿਲੀ ਬਾਰ ਕਿਸੀ ਨੇ ਇਤਨੇ ਤਰਕ ਕੇ ਸਾਥ ਕਿਸਾਨ ਕੇ ਹੱਕ ਮੇਂ ਅਪਨੀ ਬਾਤ ਰੱਖੀ ਹੈ। ਹਾਲਾਂਕਿ ਹੋਤਾ ਯਹ ਆਇਆ ਹੈ ਕਿ ਹਰ ਸਾਲ ਸਰਕਾਰ ਨਿਊਨਤਮ ਸਮਰਥਨ ਮੁੱਲ ਦਸ-ਬੀਸ ਰੁਪਏ ਬਢਾ ਦੇਤੀ ਹੈ। ਜੀ ਪੰਕਜ, ਇਨਸੇ ਪੂਛੀਏ, ਏਕ ਸਾਥ ਦੋ -ਦੋ ਧਿਰੋਂ ਕੀ ਖਿਲਾਫਤ ਕਰਤੇ ਹੁਏ ਇਨਹੇਂ ਡਰ ਨਹੀਂ ਲਗਾ?"

ਮੇਰੇ ਕੀੜੀਆਂ ਜਿਹੀਆਂ ਚੜ੍ਹਨ ਲੱਗਦੀਆਂ ਨੇ।

"ਬਲਬੀਰ ਜੀ, ਏਕ ਤਰਫ ਜਹਾਂ ਆਪ ਨੇ ਸਰਕਾਰ ਕੀ ਨੀਤੀਓਂ ਪਰ ਸਵਾਲ ਉਠਾਇਆ ਹੈ ਵਹੀਂ ਬੜੇ-ਬੜੇ ਸ਼ਾਪਿੰਗ ਮਾਲਜ਼ ਕੋ ਲਲਕਾਰਾ ਹੈ, ਆਪ ਕੋ ਯਾਦ ਹੋਗਾ ਕੁਛ ਸਮੇਂ ਪਹਿਲੇ ਜ਼ਰਾ ਸੀ ਆਵਾਜ਼ ਉਠਾਨੇ ਪਰ ਏਕ ਮਲਟੀ ਨੈਸ਼ਨਲ ਕੰਪਨੀ ਕੇ ਕਰਮਚਾਰੀਓਂ ਕੋ ਪੀਟ-ਪੀਟ ਕਰ ਉਨਕਾ ਹੁਲੀਆ ਬਿਗਾੜ ਦੀਆ ਥਾ...। ਸ਼ਾਪਿੰਗ ਮਾਲਜ਼ ਔਰ ਬੜੇ-ਬੜੇ ਕੋਲਡ ਸਟੋਰੋਂ ਕੇ ਮਾਲਿਕ ਔਰ ਆੜ੍ਹਤੀਏ ਇਸ ਸਬਜ਼ੀ ਮੰਡੀ ਕੇ ਕਰਤਾ-ਧਰਤਾ ਹੈਂ। ਵਰਤਮਾਨ ਮੇਂ ਜਬ ਸਮਾਜ ਕੀ ਦਸ਼ਾ ਔਰ ਦਿਸ਼ਾ ਬਾਜ਼ਾਰ ਹੀ ਤੈਅ ਕਰਤਾ ਹੈ, ਨੀਤੀ ਨਿਰਧਾਰਕ ਹੈ, ਐਸੇ ਸ਼ਕਤੀਸ਼ਾਲੀ ਬਾਜ਼ਾਰ ਸੇ ਟਕਰਾਨੇ ਦੀ ਜੁਰੱਅਤ ਕਰਤੇ ਸਮੇਂ ਆਪਕੋ ...?"

"ਓਸ ਸੱਚੇ ਪਾਤਸ਼ਾਹ ਤੋਂ ਸਿਵਾ ਮੈਂ ਹੋਰ ਕਿਸੇ ਤੋਂਨਹੀਂ ਡਰਦਾ।"

"ਓਸ ਸੱਚੇ ਪਾਤਸ਼ਾਹ ਤੋਂ ਸਿਵਾ ਮੈਂ ਹੋਰ ਕਿਸੇ ਤੋਂ ਨਹੀਂ ਡਰਦਾ, ਐਸਾ ਕਹਿਨਾ ਹੈ ਬਲਬੀਰ ਸਿੰਘ ਕਾ। ਇਨਕਾ ਕਹਿਨਾ ਹੈ ਕਿ ਸ਼ਾਪਿੰਗ ਮਾਲ ਖੁਲ੍ਹਨੇ ਕੇ ਬਾਅਦ ਯਹ ਘਪਲੇਬਾਜੀ ਬਢੀ ਹੈ। ਡਾਕਟਰ ਸਾਹਬ ਆਪ ਕਿਆ ਕਹਿਨਾ ਚਾਹੇਂਗੇ?" ਐਂਕਰ ਆਰਥਿਕ ਵਿਸ਼ੇਸ਼ਗ ਨੂੰ ਮੁਖਾਤਿਬ ਹੁੰਦੈ।

"ਪਹਿਲੀ ਬਾਤ ਤੋ ਸ਼ਾਪਿੰਗ ਮਾਲ ਵਾਲੋਂ ਕੇ ਖਰਚੇ ਬਹੁਤ ਹੈਂ। ਬਲਕਿ ਫਿਜ਼ੂਲ-ਖਰਚੇ। ਸਟਾਫ, ਬਿਜਲੀ-ਪਾਣੀ, ਫ੍ਰਿਜ, ਏ.ਸੀ., ਚਮਕ-ਦਮਕ, ਕਿਤਨਾ ਕੁਛ ਔਰ ਦੂਸਰੀ ਬਾਤ, ਵੋ ਮੁਨਾਫਾ ਭੀ ਅੱਛਾ ਚਾਹਤੇ ਹੈਂ। ਕੁਛ ਹਦ ਤਕ ਵੋ ਠੀਕ ਭੀ ਹੋ ਸਕਤੇ ਹੈਂ ਪਰ ਇਤਨਾ ਅੰਤਰ ਨਹੀਂ ਹੋਨਾ ਚਾਹੀਏ।"

"ਇਤਨਾ ਅੰਤਰ ਨਹੀਂ ਹੋਨਾ ਚਾਹੀਏ...ਡਾਕਟਬ ਸਾਹਬ ਆਪ ਕਿਸੇ ਦੋਸ਼ੀ ਮਾਨਤੇ ਹੈਂ?"

"ਦੇਖਿਏ, ਦੋਸ਼ੀ ਤੋ ਹਮਾਰੇ ਨੀਤੀ ਨਿਰਧਾਰਕ ਹੀ ਹੈਂ। ਹਮਾਰਾ ਸਾਮਾਜਿਕ ਸਿਸਟਮ ਐਸਾ ਨਹੀਂ ਹੈ ਜਿਸ ਤਰਹਾ ਕਾ ਵਿਵਹਾਰ ਅਬ ਕੀਆ ਜਾ ਰਹਾ ਹੈ। ਹਮਾਰੇ ਗਾਂਵ-ਦਿਹਾਤ ਕੇ ਆਰਥਿਕ ਵਿਵਹਾਰ ਕੋ ਸਮਝਨਾ ਹੋਗਾ। ਸ਼ਾਪਿੰਗ ਮਾਲਜ਼ ਔਰ ਗ੍ਰਾਮੀਣ ਭਾਰਤ ਕੇ ਕਲਚਰ ਮੈਂ ਅਭੀ ਬੜਾ ਅੰਤਰ ਹੈ। ਬਲਕਿ ਮੈਂ ਤੋ ਕਹਿਤਾ ਹੂੰ ਕਿਸਾਨੋਂ ਕੋ ਕਈ ਬਾਰ ਨਿਊਨਤਮ ਸਮਰਥਨ ਮੂਲਯ ਭੀ ਨਹੀਂ ਮਿਲਤਾ।"

"ਕੌਨ ਮਜਬੂਰ ਕਰਤਾ ਹੈ ਕਿਸਾਨੋਂ ਕੋ ਇਸ ਤਰਹਾ ਬੇਚਨੇ ਕੇ ਲਿਏ?"

"ਬਈ ਕੋਈ ਸਿਸਟਮ ਨਹੀਂ ਹੈ ਨਾ ਮਾਰਕਿਟਿੰਗ ਕਾ। ਕਹਾਂ ਜਾਏ ਕਿਸਾਨ ਬੇਚਾਰਾ?"

"ਚਲੀਏ ਆਪ ਕੇ ਕਹਨੇ ਕਾ ਮਤਲਬ ਹੈ ਕਿ ਅਸਲ ਗੜਬੜ ਨਿਊਨਤਮ ਸਮਰਥਨ ਮੁੱਲ ਨਿਰਧਾਰਨ ਔਰ ਮਾਕੂਲ ਮਾਰਕਿਟਿੰਗ ਸਿਸਟਮ ਨਾ ਹੋਨੇ ਕੀ ਹੈ। ਆਪ ਬਨੇ ਰਹੀਏ ਹਮਾਰੇ ਸਾਥ...ਅਭੀ ਲੇਤੇ ਹੈਂ ਏਕ ਛੋਟਾ ਸਾ...।"

ਚਰਚਾ ਦੌਰਾਨ ਅੱਧੇ ਸਕਰੀਨ 'ਤੇ ਬਲਬੀਰ ਤੇ ਉਸਦੇ ਪੋਸਟਰ ਮੌਜੂਦ ਸਨ। ਅਰਥਸ਼ਾਸਤਰੀ ਦੀਆਂ ਗੱਲਾਂ ਸੁਣ ਕੇ ਹੈਰਾਨੀ ਹੋਈ। ਕਿਸਾਨ-ਮਜ਼ਦੂਰ ਦੀ ਚਿੰਤਾ? ਜਦਕਿ ਅਰਥਸ਼ਾਸਤਰ ਤਾਂ ਮਨ ਕੇ ਹੀ ਚਲਦੈ ਕਿ ਉਪਭੋਕਤਾ ਵਿਵੇਕਸ਼ੀਲ ਹੁੰਦੀ ਐ।

ਮੈਂ ਚੈਨਲ ਬਦਲ ਲੈਂਦਾਂ। ਇਥੇ ਸਕਰੀਨ 'ਤੇ ਇਕੋ ਸਮੇਂ ਦੋ ਤਸਵੀਰਾਂ। ਅੱਧੇ ਸਕਰੀਨ 'ਤੇ ਬਲਬੀਰ ਅਤੇ ਅੱਧੇ 'ਤੇ ਕੁਝ ਹੋਰ ਲੋਕ, ਜਿੰਨਾਂ ਕੋਲ ਸਿਰਫ ਦੋ-ਦੋ ਹੱਥ ਹੀ ਹਨ, ਜਿਹਨਾਂ ਵਿਚ ਤਖ਼ਤੀਆਂ ਲਈ ਬੈਠੇ ਹਨ। ਜਿਹਨਾਂ 'ਤੇ ਲਿਖਿਆ ਹੋਇਐ "ਖਾਓ ਦਾਲ ਜਿਹੜੀ ਨਿਭੇ ਨਾਲ।" ਜਿਉਂ ਹੀ ਇਹ ਤਸਵੀਰ ਪੂਰੇ ਸਕਰੀਨ 'ਤੇ ਫੈਲੀ, ਇਕ ਵਿਅੰਗ ਜਿਹਾ ਫਿਜ਼ਾਂ ਵਿਚ ਘੁਲਣ ਲੱਗਿਆ।

ਐਂਕਰ ਦੀ ਆਵਾਜ਼ ਆ ਰਹੀ ਹੈ, "ਜੰਤਰ-ਮੰਤਰ ਕੇ ਬਾਹਰ ਧਰਨੇ ਪਰ ਬੈਠੇ ਯੇ ਲੋਗ, ਹਮਾਰੇ ਸੰਵਾਦਾਤਾ ਸੇ ਜਾਨਤੇ ਹੈਂ ਕਿ ਇਨਕੀ ਮਾਂਗੇਂ ਕਿਆ ਹੈਂ, ਜੀ ਸੁਦੀਪ?"

"ਜੀ ਅਜੈ, ਯੇ ਸ਼ਾਇਦ ਸ਼ਾਪਿੰਗ ਮਾਲ ਬੰਦ ਕਰਵਾਨਾ ਚਾਹਤੇ ਹੈਂ। ਇਨਕਾ ਕਹਿਨਾ ਹੈ ਕਿ ਮਾਲ ਕਲਚਰ ਹੀ ਮਹਿੰਗਾਈ ਕਾ ਕਾਰਨ ਹੈ। ਕੀਮਤੇਂ ਲਗਾਤਾਰ ਬਢਾਈ ਜਾ ਰਹੀ ਹੈਂ ਔਰ ਪੈਕਿੰਗ ਕਾ ਵਜ਼ਨ ਘਟਾਇਆ ਜਾ ਰਹਾ ਹੈ। ਕੋਈ ਪੂਛਨੇ ਵਾਲਾ ਨਹੀਂ।"

"ਕੋਈ ਪੂਛਨੇ ਵਾਲਾ ਨਹੀਂ...ਜੀ ਸੁਦੀਪ ਔਰ ਕਿਆ ਕਹਿਨਾ ਹੈ ਇਨਕਾ?"

"ਇਨਕਾ ਕਹਿਨਾ ਹੈ ਕਿ ਮਾਲਜ਼ ਸੇ ਸਬਜ਼ੀਆਂ ਔਰ ਦੂਸਰੀ ਚੀਜ਼ੋਂ ਕਾ ਬਾਇਕਾਟ ਕੀਆ ਜਾਏ। ਏਕ-ਦੋ ਦਿਨ ਸੇ ਤੋ ਕੋਈ ਫਰਕ ਨਹੀਂ ਪੜਨੇ ਵਾਲਾ। ਜੇ ਕੁਛ ਕਰੋੜ ਕੀ ਸਬਜ਼ੀ ਖਰਾਬ ਹੋ ਭੀ ਗਈ ਤੋ ਯਹ ਜ਼ਰ ਲੇਂਗੇ। ਕਿਉਂਕਿ ਬੜੇ ਫਾਇਦੇ ਕੇ ਲਿਏ ਛੋਟਾ ਨੁਕਸਾਨ ਉਠਾਇਆ ਜਾ ਸਕਤਾ ਹੈ। ਸੋ ਕਮ-ਅਜ਼-ਕਮ ਏਕ ਮਹੀਨਾ...। ਔਰ ਸਰਕਾਰ ਖੱਧ-ਅੰਨ ਕਾ ਸਮਰਥਨ ਮੁੱਲ ਬਢਾਨਾ ਬੰਦ ਕਰੇ।"

"ਸੁਦੀਪ, ਕਿਆ ਯੇ ਸਪਨਲੋਕ ਕੇ ਵਾਸੀ ਹੈਂ?" ਐਂਕਰ ਮੁਸਕੁਰਾਉਂਦੈ। ਬੇਸ਼ੱਕ ਟੀ.ਵੀ. ਚੈਨਲਾਂ ਨੂੰ ਇਖਤਿਆਰ ਹੈ ਕਿ ਉਹ ਕਚਹਿਰੀ ਲਾ ਸਕਦੇ ਨੇ। ਫੈਸਲਾ ਸੁਣਾ ਸਕਦੇ ਨੇ। ਕਿਸੇ ਦਾ ਮਜ਼ਾਕ ਵੀ ਉੜਾ ਸਕਦੇ ਨੇ।

"ਹੈਂ ਤੋ ਯੇ ਕਰੂਰ ਯਥਾਰਥ ਕੀ ਜ਼ਮੀਨ ਪਰ ਰਹਿਨੇ ਵਾਲੇ ਲੋਗ, ਜਹਾਂ ਸੇ ਇਨਹੋਂ ਨੇ ਸੰਘਰਸ਼ ਕਰਨਾ ਸੀਖਾ ਹੈ ਔਰ ਦੋ ਵਕਤ ਕੀ ਰੋਟੀ ਕੇ ਲਿਏ ਅਪਨਾ ਯੇ ਛੋਟਾ ਸਾ ਅਜੈਂਡਾ ਲੇ ਕਰ ਯਹਾਂ ਪਹੁੰਚੇ ਹੈਂ।"

"ਜੀ ਸੁਦੀਪ, ਲਗਤਾ ਹੈ ਇਨਹੇਂ ਮਾਲ ਸੰਸਕ੍ਰਿਤੀ ਕੀ ਅੱਛੀ ਖਾਸੀ ਸਮਝ ਹੈ । ਪਰ ਦਾਲ ਨੇ ਤੋ ਕਬ ਕਾ ਗਰੀਬੋਂ ਸੇ ਨਿਬਾਹਨਾ ਛੋੜ ਦਿਆ ਹੈ। ਕਿਆ ਕਹਨਾ ਚਾਹੇਂਗੇ?"

"ਜੀ ਅਜੈ, ਜੰਤਰ-ਮੰਤਰ ਮੈਂ ਜਹਾਂ ਭੂਲ-ਭੁਲਇਆ ਹੈ ਵਹੀਂ ਗ੍ਰਹੋਂ ਕੀ ਚਾਲ ਔਰ ਵਕਤ ਕਾ ਗਿਆਨ ਭੀ ਹੋਤਾ ਹੈ। ਐਸੀ ਜਗਾਹ ਖੜੇ ਹੋ ਕਰ ਇਨਕਾ ਕਹਿਨਾ ਹੈ ਕਿ ਸ਼ੇਅਰ ਬਾਜ਼ਾਰ ਔਰ ਸ਼ਾਪਿੰਗ ਮਾਲ ਵੋ ਤੋਤਾ ਹੈ ਜਿਸਮੇਂ ਪੂੰਜੀਵਾਦ ਕੀ ਜਾਨ ਹੈ।"

"ਜਿਸਮੇਂ ਪੂੰਜੀਵਾਦ ਕੀ ਜਾਨ ਹੈ...ਛੋਟਾ ਮੂੰਹ ਬੜੀ ਬਾਤ, ਲਗਤਾ ਹੈ ਰੋਟੀ ਕਪੜਾ ਇਨਕਾ ਮਸਲਾ ਨਹੀਂ, ਯੇ ਤੋ ਪੂੰਜੀਵਾਦ ਕੀ ਗਰਦਨ ਢੂੰਢਨੇ ਕੇ ਲਿਏ ਯਹਾਂ ਆਏ ਹੈਂ। ਆਪ ਬਨੇ ਰਹੀਏ ਹਮਾਰੇ ਸਾਥ। ਹਮ ਇਨ ਦੋਨੋਂ ਘਟਨਾਓਂ ਕਾ ਅੰਤਰਸੰਬੰਧ ਸਮਝਨੇ ਕੀ ਕੋਸ਼ਿਸ਼ ਕਰੇਂਗੇ। ਫਿਲਹਾਲ...।"

ਮੈਂ ਬਲਬੀਰ ਨੂੰ ਢੂੰਢਣ ਲਈ ਚੈਨਲ ਬਦਲ ਲੈਂਦਾਂ।

"ਬਲਬੀਰ ਸਿੰਘ ਜੀ, ਏਕ ਅਹਿਮ ਸਵਾਲ, ਔਰ ਕਿਤਨੇ ਲੋਗ ਹੈਂ ਆਪਕੇ ਸਾਥ?"

ਝਟ ਮੇਰੇ ਮੂਹਰੇ ਬਲਕਾਰ ਆ ਖੜਦੈ , "ਕਿਸਾਨ ਤੇ ਮਜ਼ਦੂਰ ਹੁਣ ਇਕ-ਦੂਜੇ ਨੂੰ ਜੱਫੀਆਂ ਪਾਉਣਗੇ, ਭੁੱਲ ਜਾਓ। ਸਭਨਾਂ ਦੇ ਆਪੋ-ਆਪਣੇ ਹਿੱਤ ਨੇ...।" ਉਸਨੂੰ ਵੀ ਖਿਆਲ ਆਇਆ ਹੋਣੈ।

"ਆਪ ਹੋ ਨਾ ਮੇਰੇ ਨਾਲ !" ਬਲਬੀਰ ਫੇਰ ਵੀ ਹਿੰਮਤ ਜਿਹੀ ਨਾਲ ਕਹਿੰਦੈ, "ਹਰ ਆਮ ਆਦਮੀ ਮੇਰੇ ਨਾਲ ਹੈ। ਆਓ ਇਸ ਮੁੱਦੇ 'ਤੇ ਕਾਫਲਾ ਬਣਾਈਏ ਤੇ ਇਹ ਜੰਗ ਜਿੱਤੀਏ...।"

"ਆਓ ਕਾਫਲਾ ਬਣਾਈਏ ਤੇ ਇਹ ਜੰਗ ਜੀਤੀਏ। ਐਸਾ ਕਹਿਨਾ ਹੈ ਬਲਬੀਰ ਸਿੰਘ ਕਾ। ਬਲਬੀਰ ਜੀ, ਹਮਾਰਾ ਸਵਾਲ ਥਾ ਕਿ ਆਪ ਕਿਸ ਕੇ ਪ੍ਰਤੀਨਿਧੀ ਕੇ ਤੌਰ ਪਰ ਯਹਾਂ ਹੈਂ, ਕਿਸਾਨ ਯਾ ਮਜ਼ਦੂਰ...?" ਬਲਬੀਰ ਝਿਝਕਦੈ। ਫੇਰ ਜਾਣੀ ਅੱਧੇ ਸਕਰੀਨ 'ਤੇ ਤਖਤੀਆਂ ਲਈ ਬੈਠੇ ਦੋ-ਦੋ ਹੱਥਾਂ ਵਾਲਿਆਂ ਵੱਲ ਦੇਖਦੈ। ਜ਼ਰੂਰ ਬਲਕਾਰ ਦੇ ਸ਼ਬਦ ਉਸ ਦੇ ਕੰਨਾਂ ਵਿਚ ਗੂੰਜ ਰਹੇ ਹੋਣੇ, "ਮੰਡੀ ਵਿਚ ਕੁੱਤਾ-ਘੜੀਸੀ ਵੀ ਨਾ ਹੋਵੇ ਅਤੇ ਮਾਲ ਦੀ ਮਾਲਕੀ ਵੀ ਬਣੀ ਰਹੇ, ਇਹ ਮਜ਼ਦੂਰ ਦੀ ਪੁਜੀਸ਼ਨ ਨਹੀਂ...।"

ਉਸ ਨੂੰ ਕੁਝ ਵੀ ਨਹੀਂ ਔੜ ਰਿਹਾ। ਔਖਾ ਜਿਹਾ ਹੁੰਦਾ ਵੀਰ ਮੈਥੋਂ ਦੇਖਿਆ ਨੀਂ ਜਾ ਰਿਹਾ।

ਮੈਂ ਰਿਮੋਟ ਦਾ ਚੈਨਲਾਂ ਵਾਲਾ ਬਟਨ ਦੱਬ ਦਿੱਤੈ। ਹਰ ਕਿਤੇ ਇਹੀ ਖਬਰ। ਰਿਮੋਟ ਲਗਾਤਾਰ ਆਪਣਾ ਕੰਮ ਕਰ ਰਿਹੈ। ਮੇਰੇ ਅੰਦਰ ਉਤੇਜਨਾ ਵੱਧ ਰਹੀ ਹੈ। ਆਓ ਕਾਫਲਾ ਬਣਾਈਏ ਤੇ ਇਹ ਜੰਗ ਜਿੱਤੀਏ...। ਬਲਬੀਰ ਕਹਿ ਰਿਹੈ...ਬਲਬੀਰ ਪਿਛੇ ਖੜੇ ਲੋਕਾਂ ਨੂੰ ਪਹਿਚਾਨਣ ਦੀ ਕੋਸ਼ਿਸ਼ ਕਰਦਾਂ। ਸਭ ਕੁਝ ਧੁੰਦਲਾ ਜਿਹਾ। ਹੌਲੀ-ਹੌਲੀ ਨਾਹਰਿਆਂ ਦਾ ਸ਼ੋਰ ਵੀ ਦਬਣ ਲੱਗਦੈ। ਮੈਨੂੰ ਨਿਰਾਸ਼ਾ ਘੇਰਨ ਲੱਗਦੀ ਹੈ।

**ਓਦਣ** ਕਿੰਨਾ ਨਿਰਾਸ਼ ਸੀ ਬਲਬੀਰ...।

ਨਿਰਾਸ਼ ਤਾਂ ਮੈਂ ਵੀ ਬਹੁਤ ਸਾਂ। ਜਰਨੈਲ ਦੇ ਸੰਸਕਾਰ ਤੋਂ ਮੁੜਿਆ ਸਾਂ। ਅਖਬਾਰ, ਟੀ. ਵੀ., ਸਭ ਮੈਨੂੰ ਦੁਸ਼ਮਣ ਜਾਪ ਰਹੇ ਸਨ। ਬੈਠਕ 'ਚ ਪਿਆ ਛੱਤ ਵੱਲ ਦੇਖ ਰਿਹਾ ਸਾਂ...ਅੰਦਰ ਜਾਣ ਨੂੰ ਵੀ ਮਨ ਨਹੀਂ ਸੀ ਕਰ ਰਿਹਾ। ਅਜਿਹੇ ਸਮੇਂ 'ਚ ਬਲਬੀਰ ਦਾ ਆਉਣਾ ਮੈਨੂੰ ਚੰਗਾ ਲੱਗਿਆ ਸੀ। ਪਰ ਉਸਦੀ ਸ਼ਕਲ ਦੇਖ ਕੇ ਚਿੰਤਾ ਹੋਈ ਸੀ।

"ਸਮਝ ਨੀਂ ਆਉਂਦੀ, ਕੀ ਹੋ ਰਿਹੈ?" ਮੇਰੀ ਸਵਾਲੀਆ ਨਜ਼ਰ ਦੇ ਜ਼ਵਾਬ ਵਿਚ ਉਹ ਬੁੜਬੁੜਾਇਆ ਸੀ।

ਮੈਂ ਕੀ ਕਹਿੰਦਾ ਭਲਾ? ਮੈਨੂੰ ਤਾਂ...ਮੈਂ ਤਾਂ ਆਪ ਜਾਣੀ ਚੱਕਰਵਿਊ 'ਚ ਫਸਿਆ, ਹਨੇਰੇ 'ਚ ਲੱਤਾਂ-ਬਾਹਵਾਂ ਮਾਰ ਰਿਹਾ ਸੀ। ਜਰਨੈਲ ਵਾਲੀ ਘਟਨਾ ਨੇ ਤਾਂ ਹਿਲਾ ਕੇ ਰੱਖ ਦਿੱਤਾ ਸੀ। ਹਫਤੇ ਬਾਅਦ ਉਸਦੀ ਲੜਕੀ ਦਾ ਵਿਆਹ ਸੀ। ਮੁੰਡੇ ਵਾਲਿਆਂ ਦੀ ਮੰਗ ਅਨੁਸਾਰ ਸ਼ਹਿਰ ਵਿਚ ਪੈਲੇਸ ਵੀ ਬੁਕ ਕਰਵਾ ਦਿੱਤਾ ਸੀ। ਬਾਕੀ ਤਿਆਰੀਆਂ ਵੀ ਜ਼ੋਰਾਂ 'ਤੇ ਸਨ...।

ਅੰਤਮ ਸੰਸਕਾਰ ਸਵੇਰੇ-ਸਵੇਰੇ ਤੁਰਤ-ਫੁਰਤ ਨਿਪਟਾ ਦਿੱਤਾ ਗਿਆ। ਸੰਸਕਾਰ 'ਤੇ ਜਿੰਨੇ ਮੂੰਹ ਓਨੀਆਂ ਗੱਲਾਂ, "ਕਦੀ ਤਾਪ ਵੀ ਨੀਂ ਚੜਿਆ ਜੀ ਵਿਚਾਰੇ ਨੂੰ। ਦਿਨ-ਰਾਤ ਖੇਤ 'ਚ ਹੀ ਮਿੱਟੀ ਨਾਲ ਮਿੱਟੀ ਹੋਇਆ ਰਹਿੰਦਾ ਸੀ।"

"ਰੁੱਖੀ-ਸੁੱਕੀ ਜੋ ਵੀ ਮਿਲ ਜਾਵੇ, ਰੋਟੀ ਦਾ ਈ ਨਸ਼ਾ ਸੀ ਜੀ ਉਹਨੂੰ ਤਾਂ।"

"ਸੁੱਤੇ ਪਏ ਦਾ ਈ ਹਰਟ ਫੇਲ੍ਹ ਹੋ ਗਿਆ...।" ਕੋਈ ਕਹਿ ਰਿਹਾ ਸੀ।

"ਕਾਹਨੂੰ, ਵਿਚਲੀ ਗੱਲ ਕੋਈ ਹੋਰ ਈ ਤੀ...। ਓਧਰ ਆੜ੍ਹਤੀ ਤੇ ਇਧਰ ਕਰਜਾ ਮਾਫੀ ਕਨੀਓਂ ਸਰਕਾਰ ਝੁੱਗਾ ਚੁੱਕਗੀ। ਅਖੇ, ਡਿਫਾਲਟਰ ਨੀਂ ਹੈ...।" ਕੋਈ ਹੋਰ ਦੱਬੀ ਆਵਾਜ਼ 'ਚ ਕਹਿ ਰਿਹਾ ਸੀ।

ਕਿਉਂ ਮ੍ਹਾਤੜ ਚੰਗਾ ਪਹਿਨ-ਪਚਰ ਨੀਂ ਸਕਦੇ? ਕੀ ਪੈਲਸਾਂ 'ਚ ਵਿਆਹ ਜਾਂ ਦਾਜ 'ਚ ਮਾਰੂਤੀ ਦੇਣਾ ਸਿਰਫ ਸਾਡੇ ਲਈ ਹੀ ਗੁਨਾਹ ਹੈ? ਵਾਕਈ ਇਹ ਮਸਲਾ ਹੈ ਜਾਂ ਵਿਚਲੀ ਗੱਲ ਕੋਈ ਹੋਰ ਹੈ? ਮੈਂ ਬਲਬੀਰ ਨਾਲ ਜਰਨੈਲ ਦੇ ਬਹਾਨੇ ਇਹ ਗੱਲਾਂ ਕਰਨੀਆਂ ਚਾਹੁੰਦਾਂ...। ਇਹਦੇ ਮਨ 'ਚ ਵੀ ਸ਼ਾਇਦ ਇਹੀ ਉਥਲ-ਪੁਥਲ ਚਲ ਰਹੀ ਹੋਵੇ?

ਮੈਂ ਕਹਿਣਾ ਚਾਹੁੰਦਾਂ, "ਵੀਰ, ਉਹ ਤਾਂ ਖਬਰ ਵੀ ਨਹੀਂ ਬਣਿਆ?"

ਚੁਫੇਰੇ ਖਾਮੋਸ਼ੀ ਪਸਰੀ ਹੋਈ ਹੈ।

"ਮੁੰਡਾ ਕਹਿੰਦਾ ਸੀ, ਬਾਪੂ 'ਰਾਮ ਕਰਿਆ ਕਰ, ਖੇਤੀ-ਬਾੜੀ ਮੈਂ ਆਪੇ ਸਾਂਭੂੰ...। ਹੁਣ...? ਬੋਲ ਕੇ ਨੀਂ ਕਹਿੰਦਾ ਤਾਂ ਕੀ...ਬਾਪ ਦੀ ਹਿੱਕ 'ਚੋਂ ਤਾਂ...।" ਉਸਦਾ ਗਲ ਭਰ ਆਇਆ।

"ਵੀਰ, ਤੂੰ ਵੀ ਬਸ...।" ਮੈਨੂੰ ਕੁਝ ਵੀ ਨਹੀਂ ਸੀ ਸੁਝ ਰਿਹਾ, ਕੀ ਕਹਾਂ?

"ਮੈਂ ਵੀ ਤਾਂ ਹੁਣ ਇਥੇ ਮਜ਼ਦੂਰ ਈ ਆਂ ਜੱਗੇ...। ਸਭ ਤੋਂ ਪਹਿਲਾਂ ਆਪਾਂ ਈ ਲਪੇਟੇ 'ਚ ਆ ਗੇ...।"

ਬਲਕਾਰ ਇਕ ਦਿਨ ਕਿਸੇ ਗੱਲ 'ਤੇ ਵੀਰ ਬਾਰੇ ਕਹਿ ਰਿਹਾ ਸੀ, "ਜੋਸ਼ 'ਚ ਕੁਝ ਵੀ ਕਰ ਸਕਦੈ। ਭਾਵੁਕ ਬੰਦੇ ਦਾ ਅਸਲ 'ਚ ਖੁਦ 'ਤੇ ਕਾਬੂ ਨਹੀਂ ਹੁੰਦਾ...।"

"ਹੁਣ ਤਾਂ ਕੋਈ ਅੰਦੋਲਨ ਹੀ...।" ਉਸਦੇ ਬੋਲ ਜਿਵੇਂ ਪੱਥਰ 'ਤੇ ਉਕਰ ਰਹੇ ਸਨ।

"ਅੰਦੋਲਨ ਹੁਣ ਕੌਣ ਕਰੇਗਾ ਵੀਰ? ਮੁਲਾਜਮਾਂ ਨੂੰ ਚੰਗੀਆਂ ਤਨਖਾਹਾਂ...ਵੱਡੇ ਕਿਸਾਨ ਆਪਣੀਆਂ ਜ਼ਮੀਨਾਂ ਦੀ ਕੀਮਤ ਫਲਾ-ਫਲਾ ਕੇ ਹੀ ਮੋਹਤ ਹੋਏ ਰਹਿੰਦੇ ਨੇ। ਗਰੀਬ-ਗੁਰਬੇ ਅੱਜ ਇਸ ਲਾਇਕ ਬਚੇ ਹੀ ਕਿੱਥੇ ਨੇ ਕਿ...।"

ਸਰਬਜੀਤ ਨੂੰ ਖਬਰੇ ਕਿਵੇਂ ਪਤਾ ਲੱਗਿਆ, ਬਿਨਾ ਕਿਹਾਂ ਹੀ ਚਾਹ ਲੈ ਆਈ ਸੀ। ਉਸਦੇ ਚਿਹਰੇ ਤੋਂ ਪੜ੍ਹਿਆ, ਇਸ ਸਮੇਂ ਬਲਬੀਰ ਦਾ ਆਉਣਾ ਉਸ ਨੂੰ ਵੀ ਚੰਗਾ ਲੱਗਿਐ। ਮੇਰਾ ਬੇਚੈਨੀ 'ਚ ਉਸੱਲਵੱਟੇ ਲੈਣਾ ਉਸ ਤੋਂ ਲੁਕਿਆ ਨਹੀਂ ਸੀ ਹੋਇਆ। ਸਵੇਰੇ ਵੀ ਚਾਟੀ ਵਿਚ ਇਲੈਕਟ੍ਰਿਕ ਮਧਾਣੀ ਲਾਉਂਦਿਆਂ ਪੁੱਛ ਰਹੀ ਸੀ, "ਕੀ ਗੱਲ ਚਿੱਤ ਠੀਕ ਨਹੀਂ ਸੀ ਰਾਤੀਂ? ਕੀ ਹੋਇਆ ਆਪਣੀ ਜ਼ਮੀਨ ਨੂੰ?" ਭੇਤ ਭਰੀਆਂ ਨਜ਼ਰਾਂ ਨਾਲ ਮੇਰੇ ਵੱਲ ਤੱਕਿਆ ਸੀ। ਮੈਂ ਤ੍ਰਭਕਿਆ। ਇਹ ਕੀ ਹੋ ਗਿਆ ਯਾਰ! ਕਿਤੇ ਨੀਂਦ ਵਿਚ?

ਨਜ਼ਰਾਂ ਮਿਲਾਉਣਾ ਵੀ ਔਖਾ ਹੋ ਰਿਹਾ ਸੀ।

ਉਸਨੇ ਜਿਠਾਣੀ ਦਾ ਹਾਲ ਪੁੱਛਿਆ। ਸਾਡੀ ਗੱਲ-ਬਾਤ ਵਿਚ ਸ਼ਾਮਲ ਹੋਣਾ ਚਾਹੁੰਦੀ ਸੀ। ਪਹਿਲਾਂ ਵੀ ਇਕ ਦਿਨ ਪੁੱਛਦੀ ਸੀ, "ਅੱਜਕਲ੍ਹ ਖਬਰਾਂ ਕਿਹੋ ਜਿਹੀਆਂ, ਅਜੀਬ-ਅਜੀਬ?"

ਕੀ ਇਹ ਮੇਰੇ ਵਾਲਾ ਅਖਬਾਰ ਵੀ ਪੜ੍ਹਦੀ ਐ ? ਕੀ ਇਹਨੂੰ ਪਤੈ ਅਮਰੀਕਾ ਦੇ ਕਿੰਨੇ ਬੈਂਕ ਡੁੱਬ ਗਏ ਨੇ? ਕੀ ਇਹਨੂੰ ਦੱਸ ਦੇਣਾ ਚਾਹੀਦੈ? ਨਹੀਂ, ਨਹੀਂ ਹੁਣ ਬਹੁਤ ਦੇਰ ਹੋ ਚੁਕੀ ਹੈ...ਮੈਂ ਪੱਖੇ ਵੱਲ...।

**ਮੈਂ** ਟੀ. ਵੀ. ਵੱਲ ਦੇਖਦਾਂ। ਬਲਬੀਰ ਦਾ ਮੁੱਕਾ ਹਵਾ ਵਿਚ ਲਹਿਰਾਅ ਰਿਹੈ...ਆਓ ਇਹ ਜੰਗ ਜਿੱਤੀਏ...।

ਕੋਈ ਸੋਚ ਵੀ ਨਹੀਂ ਸਕਦਾ ਕਿ ਅਜਿਹੀ ਬੇਸ਼ਰਮ ਖਾਮੋਸ਼ੀ ਨਾਲ ਗ੍ਰੱਸੇ ਮਾਹੌਲ ਵਿਚ, ਜਦ ਹਰ ਕਿਸੇ ਨੂੰ ਆਪਣੀ ਰੋਜ਼ੀ-ਰੋਟੀ ਦੀ ਦੀ ਪਈ ਹੋਵੇ, ਕੋਈ ਇਸ ਤਰ੍ਹਾਂ ਆਵਾਜ਼ ਵੀ ਉਠਾ ਸਕਦੈ...? ਇਕ ਪੱਥਰ ਤੋ ਤਬੀਅਤ ਸੇ ਉਛਾਲੋ ਯਾਰੋ...!

"ਸਰਬਜੀਤ...!" ਯਾਦ ਨਹੀਂ ਆ ਰਿਹਾ ਮੈਂ ਉਸ ਨੂੰ ਇਸ ਤਰ੍ਹਾਂ, ਮਤਲਬ ਇੰਨੇ ਚਾਅ ਜਿਹੇ ਨਾਲ ਆਖਰੀ ਬਾਰ ਕਦੋਂ ਸੱਦਿਆ ਸੀ।

ਉਹ ਪਲਾਂ ਛਿਣਾਂ ਵਿਚ ਹੀ ਮੇਰੇ ਕੋਲ ਆ ਖੜੀ ਹੋਈ। ਜਿਵੇਂ ਕਿ ਉਹ ਇਸ ਹਾਕ ਦਾ ਵਰ੍ਹਿਆਂ ਤੋਂ ਇੰਤਜ਼ਾਰ ਕਰ ਰਹੀ ਹੋਵੇ।

"ਉਹ ਦੇਖ ਬਲਬੀਰ...!" ਮੈਂ ਸੱਜਾ ਹੱਥ ਉਸ ਵੱਲ ਵਧਾਇਆ ਤੇ ਖੱਬੇ ਹੱਥ ਦੀ ਉਂਗਲੀ ਟੀ.ਵੀ. ਵੱਲ ਕੀਤੀ।

ਅਜਲਾਂ ਤੋਂ ਘਰ ਵਿਚ ਛਾਈ ਮੁਰਦਨੀ ਵਰਗੀ ਖਾਮੋਸ਼ੀ ਟੁੱਟੀ ਸੀ। ਉਸਨੇ ਮੇਰਾ ਹੱਥ ਆਪਣੇ ਦੋਨਾਂ ਹੱਥਾਂ ਵਿਚ ਲੈ ਲਿਆ। ਮੰਜੇ 'ਤੇ ਬੈਠ ਗਈ। ਆਪਣੇ ਵੀਰ ਦੇ ਇਸ ਕਾਰਨਾਮੇ ਬਾਰੇ ਮੈਂ ਖੁਦ ਉਸਨੂੰ ਦੱਸਣਾ ਚਾਹੁੰਦਾਂ। ਭਾਵੁਕਤਾ ਤਾਰੀ ਹੋ ਚੁਕੀ ਹੈ। ਜ਼ਬਾਨ ਸਾਥ ਨਹੀਂ ਦੇ ਰਹੀ। ਅਸੀਂ ਇਕ-ਟਕ ਟੀ.ਵੀ. ਵੱਲ ਦੇਖ ਰਹੇ ਹਾਂ।

ਬਾਈ ਚੈਨਲ ਵਾਲਿਆਂ ਨੂੰ ਦੱਸ ਰਿਹੈ, "ਸਾਡੇ ਪੁਰਖਿਆਂ ਨੇ ਜਿਨ੍ਹਾਂ ਖਿਲਾਫ ਲੜਾਈਆਂ ਲੜੀਆਂ, ਅੱਜ ਅਸੀਂ ਫੇਰ ਉਹਨਾਂ ਦੇ ਪੈਰਾਂ ਵਿਚ ਗਿਰ ਰਹੇ ਹਾਂ। ਉਪਨਿਵੇਸ਼ਾਂ ਵੇਲੇ ਦੀ ਸਥਿਤੀ ਫੇਰ ਪੈਦਾ ਹੋ ਚੁਕੀ ਹੈ। ਬਹੁਰਾਸ਼ਟਰੀ ਕੰਪਨੀਆਂ ਪੂੰਜੀ ਬਾਹਰ ਲਿਜਾ ਰਹੀਆਂ ਨੇ। ਸਾਡੇ ਪਿੰਡਾਂ ਨੂੰ ਹੁਣ ਸ਼ਹਿਰਾਂ ਨੇ ਉਪਨਿਵੇਸ਼ ਬਣਾ ਲਿਐ। ਸਸਤੀ ਲੇਬਰ ਇਥੋਂ...ਕੱਚਾ ਮਾਲ ਇਥੋਂ...ਮੁੜ ਤਿਆਰ ਮਾਲ ਵੇਚ ਕੇ ਪੂੰਜੀ ਵੀ ਇਥੋਂ..।"

"ਇਹ ਬਜ਼ਾਰ ਦਾ ਸੰਕਟ ਹੈ ਭਾਈ ਸਾਹਬ। ਸਾਡੇ ਲੋਕਾਂ ਦਾ ਨਹੀਂ। ਫੇਲ੍ਹ ਪੂੰਜੀ-ਬਜ਼ਾਰ ਆਖਰੀ ਝਪੱਟਾ ਮਾਰਨ ਦੀ ਕੋਸ਼ਿਸ਼ ਕਰ ਰਿਹੈ। ਜਾਅਲੀ ਬੈਲੇਂਸ ਸ਼ੀਟਾਂ ਬਣਾਉਣ ਵਾਲੇ ਸਾਡੀ ਸਬਸਿਡੀ ਦਾ ਵਿਰੋਧ ਕਰਦੇ ਨੇ ਤੇ ਆਪ ਪੈਕੇਜ ਭਾਲਦੇ ਨੇ? ਸਾਡੇ ਲੋਕ ਇਹ ਨਹੀਂ ਹੋਣ ਦੇਣਗੇ।"

"ਆਪਕੇ ਕੌਨ ਲੋਗ? ਬਤਾਈਏ ਬਲਬੀਰ ਜੀ, ਸਾਰਾ ਦੇਸ਼ ਆਪਕੋ ਦੇਖ ਰਹਾ ਹੈ। ਕਿਨ ਲੋਗੋਂ ਕੀ ਬਾਤ ਕਰ ਰਹੇ ਹੈਂ?"

"ਉਹ ਲੋਕ ਜਿਨਾਂ ਨੂੰ ਖੁਦ 'ਤੇ ਭਰੋਸਾ ਹੈ।" ਬਲਬੀਰ ਨੇ ਪੈਂਤਰਾ ਬਦਲਿਐ, "ਉਹ ਲੋਕ ਜਿਹਨਾਂ ਨੇ ਕਦੇ ਬਾਪੂ ਗਾਂਧੀ 'ਤੇ ਭਰੋਸਾ ਕੀਤਾ ਸੀ...ਖੇਤ, ਮਿਲ-ਮਜ਼ਦੂਰ, ਛੋਟੇ ਕਿਸਾਨ, ਦੱਬੇ-ਕੁਚਲੇ, ਪੇਂਡੂ ਲੋਕ...! ਸਾਡੇ ਲੋਕਾਂ ਦੇ ਨਾਂ ਤੋਂ ਸਰਮਾਇਦਾਰਾਂ ਦੇ ਪਿੰਡੂ ਚਿੜ੍ਹਦੇ ਕਿਉਂ ਨੇ? ਮਾਰਕਸ ਨੇ ਕਿਹਾ ਸੀ...।"

"ਬਲਬੀਰ ਜੀ, ਯਹਾਂ ਹਮ ਆਪਕੋ ਟੋਕਨਾ ਚਾਹੇਂਗੇ...।" ਝਟ ਬਲਬੀਰ ਦੀ ਆਵਾਜ਼ ਸਟੂਡੀਓ ਵਾਲਿਆਂ ਨੇ ਦੱਬ ਲਈ।

ਭਾਵੇਂ ਬਹੁਤ ਵਾਰੀ ਬੜਾ ਕੁਝ ਸੁਣਿਐ ਪਰ ਇਕ ਵਾਰੀ ਫੇਰ ਮੈਂ ਬਲਬੀਰ ਦੇ ਮੂੰਹੋਂ ਸੁਣਨਾ ਚਾਹੁਦਾਂ, ਮਾਰਕਸ ਨੇ ਕੀ ਕਿਹਾ ਸੀ।

ਐਂਕਰ ਪੁੱਛ ਰਿਹੈ, "ਹਾਂ ਸੁਧੀਰ ਕਿਆ ਆਪ ਹਮੇਂ ਸੁਨ ਪਾ ਰਹੇ ਹੈਂ? ਬਲਬੀਰ ਸਿੰਘ ਸੇ ਪੂਛਨਾ ਚਾਹੇਂਗੇ ਕਿ ਵੋ ਤੋ ਨਾਅਰੇ ਲਗਾਨੇ ਲਗੇ ਹੈਂ। ਬੜਾ ਸਵਾਲ, ਏਕ ਬੜਾ ਸਵਾਲ ਯਹਾਂ ਉਠਤਾ ਹੈ , ਕਿਆ ਨਾਅਰੇਬਾਜੀ ਸੇ ਕਿਸੀ ਸੱਮਸਿਆ ਕਾ ਹਲ ਹੋ ਸਕਤਾ ਹੈ?"

ਰਿਪੋਰਟਰ ਵੱਲੋਂ ਇਹੀ ਪੁੱਛਣ 'ਤੇ ਬਲਬੀਰ ਨੇ ਮੁੱਠੀ ਹਵਾ ਵਿਚ ਲਹਿਰਾਅ ਕੇ ਪੂਰੇ ਜੋਸ਼ ਨਾਲ ਕਿਹਾ, "ਹਾਂ, ਮੈਂ ਨਾਅਰੇ ਲਾ ਰਿਹਾਂ। ਭਗਤ ਸਿੰਘ ਨੇ ਬੰਬ ਵੀ ਸੁਟਿਆ ਸੀ...।"

"ਲੇਕਿਨ ਹੱਲ...!"

"ਹੱਲ ਤਾਂ ਪੂੰਜੀਵਾਦ ਦੇ ਵੱਡੇ ਘੜੰਮ ਚੌਧਰੀ ਨੂੰ ਵੀ ਕੋਈ ਨਹੀਂ ਸੁੱਝ ਰਿਹਾ।"

ਐਂਕਰ ਮੁਸਕੁਰਾਉਂਦੈ, "ਅਬ ਤੋ ਸਾਰਾ ਦੇਸ਼ ਆਪ ਸੇ ਆਸ ਲਗਾਏ ਬੈਠਾ ਹੈ ਨਾ?"

"ਜਿਹੜਾ ਤੁਸੀਂ ਮਜ਼ਾਕ ਉਡਾ ਰਹੇ ਓਂ ਨਾ, ਸਾਡੀਆਂ ਨਿੱਕੀਆਂ-ਨਿੱਕੀਆਂ ਕੋਸ਼ਿਸ਼ਾਂ ਹੀ ਥੋਡੇ ਸਾਨ੍ਹ ਨੂੰ ਨੱਥ ਪਾਉਣਗੀਆਂ...ਸਾਡੀ ਜਿੱਤ ਤੇ ਤੁਹਾਡੀ ਹਾਰ ਇਕੋ ਜਿੰਨੀ ਅਟੱਲ ਹੈ...।"

"ਬਲਬੀਰ ਜੀ ਆਪ ਕਿਆ ਚਾਹਤੇ ਹੈਂ, ਸ਼ੇਅਰ ਬਜ਼ਾਰ ਔਰ ਸ਼ਾਪਿੰਗ ਮਾਲਜ਼ ਪਰ ਬੰਬ ਗਿਰਾ ਦੀਏ ਜਾਏਂ?"

"ਜਿਹਨਾਂ ਨੇ ਸਾਡੀ ਬੇੜੀ ਵਿਚ ਵੱਟੇ ਪਾਏ ਅਸੀਂ ਉਹਨਾਂ ਦਾ ਬੇੜਾ ਵੀ ਡੋਬਣਾ ਈ ਐ। ਤੁਸੀਂ ਜੋ ਮਰਜ਼ੀ ਸਮਝੀ ਜਾਓ...।" ਬਲਬੀਰ ਬੌਂਦਲ ਗਿਐ। ਤੈਸ਼ 'ਚ ਆ ਗਿਐ। ਅਕਸਰ ਬਹਿਸਾਂ ਦੌਰਾਨ ਕਹੀਆਂ ਬਲਕਾਰ ਦੀਆਂ ਕਈ ਗੱਲਾਂ ਹੁਣ ਉਸ ਨੂੰ ਦੁਚਿੱਤੀ 'ਚ ਪਾ ਰਹੀਆਂ ਨੇ।

ਲੱਗਦਾ ਨਹੀਂ ਕਿ ਹੁਣ ਇਹ ਖਬਰ ਜ਼ਿਆਦਾ ਦੇਰ ਚੱਲੇਗੀ। ਉਹ ਲੋਕ ਇੰਨੇ ਬੇਵਕੂਫ ਨਹੀਂ। ਹੁਣ ਤਕ ਤਾਂ ਚੈਨਲਾਂ ਦੇ ਦਫਤਰਾਂ ਵਿਚ ਫੋਨ ਖੜਕਾ ਵੀ ਦਿੱਤੇ ਹੋਣੇ। ਪਰ ਬੇਵਕੂਫ ਚੈਨਲਾਂ ਵਾਲੇ ਵੀ ਨਹੀਂ। ਜਿੱਧਰੋਂ ਵੀ ਜਿੰਨਾ ਕੁ ਦਾਅ ਲੱਗਦੈ, ਲਾ ਲੈਂਦੇ ਨੇ। ਹਰ ਭਾਰਤੀ ਅੰਦਰ ਇਕ ਬਲਬੀਰ ਜ਼ਰੂਰ ਬੈਠਾ ਹੁੰਦੈ।

"....ਇਹ ਜੋ ਸਿੱਲ੍ਹੀ-ਸਿੱਲ੍ਹੀ ਆਉਂਦੀ ਏ ਹਵਾ..." ਮੋਬਾਇਲ ਦੀ ਘੰਟੀ ਵੱਜੀ ਹੈ....ਬਿੱਲੂ ਕਾਲਿੰਗ...।

"ਚਾਚਾ, ਟੀ.ਵੀ. ਦੇਖਿਐ ਅੱਜ...?" ਬਟਨ ਦੱਬਣ ਸਾਰ ਆਵਾਜ਼ ਆਈ ਹੈ।

"ਬਿੱਲੂ? ਕੀ ਹੋਇਆ?" ਮੈਂ ਸਹਿਜ ਹੁੰਦਿਆਂ ਪੁੱਛਦਾਂ। ਉਸ ਦਾ ਜਾਣੀ ਸਾਹ ਚੜ੍ਹਿਆ ਹੋਇਆ ਹੈ।

"ਹੋਣਾ ਕੀ ਐ ਚਾਚਾ...। ਤੂੰ ਟੀ.ਵੀ. ਲਾ ਕੇ ਤਾਂ ਦੇਖ... ਬਾਪੂ....।"

"ਠੀਕ ਐ...।"

"ਕਿੰਨਾ ਕਿਹਾ ਸੀ ਮੋਬਾਇਲ ਲੈ ਲਓ...ਵੀਹ-ਵੀਹ ਰੁਪਏ ਵਿਚ ਸਿਮ ਰੁਲਦੇ ਨੇ...ਚਾਚਾ ਤੂੰ ਇਓਂ ਕਰ, ਜਿਪਸੀ ਕੱਢ ਤੇ ਫਟਾਫਟ ਸ਼ਹਿਰ ਪਹੁੰਚ...ਸਬਜ਼ੀ ਮੰਡੀ 'ਚ...ਬਾਪੂ ਉਥੇ ਖਾਹਮਖਾਹ ਪੰਗਾ ਲੈ ਰਿਹੈ...। ਮੈਂ ਤਾਂ, ਤੈਨੂੰ ਪਤੈ ਚਾਚਾ, ਸਰਕਾਰੀ ਮੁਲਾਜਮ ਹਾਂ...।"

"ਕੋਈ ਨਾ ਤੂੰ ਫਿਕਰ ਨਾ ਕਰ...।"

ਬਿੱਲੂ ਫੇਰ ਇਸਰਾਰ ਕਰ ਰਿਹੈ, "ਪੁਲੀਸ ਵੀ ਪਹੁੰਚ ਚੁਕੀ ਐ...ਜਾ ਕੇ ਸਮਝਾ। ਅੰਨ੍ਹੇਵਾਹ ਦੌੜ ਰਹੇ ਪੂੰਜੀਵਾਦ ਦੇ ਰੱਥ ਨੂੰ ਆਪਾਂ ਨੀਂ ਠੱਲ ਸਕਦੇ। ਬਜ਼ਾਰ ਦੀ ਕਿੰਨੀ ਕੁ ਸਮਝ ਹੈ ਉਹਨੂੰ? ਘੱਟੋ -ਘੱਟ ਫੰਡਾ ਤਾਂ...।"

"ਮੈਂ ਦੇਖਦਾਂ...।" ਕਹਿੰਦਿਆਂ ਮੈਂ ਇਕ ਲੰਮਾ ਹੌਕਾ ਲਿਐ।

"ਤੇਨੂੰ ਕੀ ਪਤੈ ਭਤੀਜ, ਉਹਨੂੰ ਕਿੰਨੀ ਕੁ ਸਮਝ ਹੈ...। ਓਏ ਕੋਈ ਮੌਕਾ ਈ ਹੁੰਦੈ...।" ਮੈਂ ਕਹਿਣਾ ਚਾਹੁੰਦਾਂ ਪਰ...।

ਟੀ.ਵੀ. ਸਕਰੀਨ 'ਤੇ ਬਲਬੀਰ ਨਾਲ ਜੁੜੇ ਲੋਕਾਂ ਦੇ ਪੈਰਾਂ ਨਾਲ ਉੱਡੀ ਗਰਦ ਵਿਚ ਧੂੜ ਚੱਟਦਾ ਹੋਇਆ...ਮੁਖ ਸੇ ਝੱਗ ਸੀਂਢ ਬਹੁ ਨਾਸਾ...ਸਾਨ੍ਹ ਦੇ ਪਦੀੜ ਪਈ ਜਾਂਦੇ ਐ...। ਸੁਪਨਾ ਚੰਗਾ ਹੋਵੇ, ਦੇਖਣ 'ਚ ਹਰਜ ਈ ਕੀ ਐ...?

ਉਧਰੋਂ ਬਿੱਲੂ ਦੀ ਆਵਾਜ਼ ਆ ਰਹੀ ਹੈ, "ਚਾਚਾ, ਤੂੰ ਹੁਣੇ ਜਾ...।"

"ਕੋਈ ਨਾ, ਮੈਂ ਦੇਖਦਾਂ...।"

ਸ਼ਬਦ ਜਿਵੇਂ ਬਿੱਲੂ ਦੇ ਨਹੀਂ, ਟੀ.ਵੀ. ਸਕਰੀਨ 'ਤੇ ਖੜੇ ਬਲਬੀਰ ਦੇ ਕੰਨਾਂ ਵਿਚ ਪਏ ਹੋਣ। ਗੁੱਸੇ, ਉਤੇਜਨਾ ਅਤੇ ਉਤਸ਼ਾਹ ਨਾਲ ਭਰੇ ਬਲਬੀਰ ਦੇ ਚਿਹਰੇ 'ਤੇ ਹਲਕੀ ਜਿਹੀ ਮੁਸਕੁਰਾਹਟ ਉਭਰ ਆਈ। ਇਹ ਸ਼ਾਇਦ ਬਲਬੀਰ ਦੀ ਮਸਕੁਰਾਹਟ ਦੀ ਚਮਕ ਹੀ ਸੀ ਜੋ ਰਹਿ-ਰਹਿ ਕੇ ਮੇਰੇ ਉਪਰ ਪੈ ਰਹੀ ਸੀ।

ਮੋਬਾਇਲ 'ਤੇ ਡਰੀ, ਸਹਿਮੀ ਜਿਹੀ ਆਵਾਜ਼ ਫੇਰ ਆਈ, "ਚਾਚਾ...!"

ਅਸਹਿਜ ਜਿਹਾ ਹੁੰਦਿਆਂ ਮੇਰੇ ਮੂੰਹੋਂ ਫੇਰ ਨਿਕਲ ਗਿਆ, "ਹਾਂ, ਹਾਂ ਮੈਂ ਦੇਖਦਾਂ...।"●●

---

## ਪਾਠਕਾਂ ਦੇ ਨਾਂ

ਜਿਵੇਂ ਤੁਸੀਂ ਜਾਣਦੇ ਹੋ ਕਿ ਅਸੀਂ ਹਰ ਤਿੰਨ ਮਹੀਨਿਆਂ ਬਾਅਦ ਵਤਨ ਦਾ ਨਵਾਂ ਅੰਕ ਅਪਲੋਡ ਕਰਕੇ ਉਸ ਬਾਰੇ ਉਹਨਾਂ ਪਾਠਕਾਂ ਨੂੰ ਈ-ਮੇਲ ਰਾਹੀਂ ਸੂਚਨਾ ਭੇਜਦੇ ਹਾਂ ਜਿਹਨਾਂ ਦੇ ਈ-ਮੇਲ ਐਡਰਸ ਸਾਡੀ ਈ-ਮੇਲ ਲਿਸਟ ਵਿੱਚ ਸ਼ਾਮਲ ਹਨ। ਜੇ ਤੁਸੀਂ ਵਤਨ ਆਨਲਾਈਨ ਪੜ੍ਹਦੇ ਹੋ ਪਰ ਤੁਹਾਨੂੰ ਇਸ ਦੇ ਅਪਲੋਡ ਹੋਣ ਬਾਰੇ ਸੂਚਨਾ ਨਹੀਂ ਮਿਲਦੀ ਤਾਂ ਤੁਸੀਂ ਸਾਨੂੰ ਆਪਣਾ ਈ-ਮੇਲ ਐਡਰਸ ਜ਼ਰੂਰ ਭੇਜੋ। ਅਸੀਂ ਤੁਹਾਨੂੰ ਹਰ ਤਿੰਨ ਮਹੀਨਿਆਂ ਬਾਅਦ ਵਤਨ ਦਾ ਨਵਾਂ ਅੰਕ ਅਪਲੋਡ ਕਰਕੇ ਉਸ ਬਾਰੇ ਸੂਚਨਾ ਭੇਜਾਂਗੇ। ਇਸ ਨਾਲ ਤੁਹਾਨੂੰ ਵਤਨ ਦੇ ਨਵੇਂ ਅੰਕ ਦੇ ਅਪਲੋਡ ਹੋਣ ਬਾਰੇ ਜਾਣਕਾਰੀ ਮਿਲੇਗੀ ਅਤੇ ਸਾਨੂੰ ਇਹ ਪਤਾ ਲੱਗੇਗਾ ਕਿ ਸਾਡੇ ਪਾਠਕਾਂ ਦਾ ਘੇਰਾ ਕਿੰਨਾ ਕੁ ਵੱਡਾ ਹੈ। ਤੁਸੀਂ ਆਪਣੀ ਈ ਮੇਲ ਇਹਨਾਂ ਪਤਿਆਂ ਉੱਤੇ ਭੇਜ ਸਕਦੇ ਹੋ: sukhwanthundal123@gmail.com ਜਾਂ sadhu.binning@gmail.com; ਜਾਂ hsekha@hotmail.com. ਈ-ਮੇਲ ਵਿੱਚ ਸਿਰਫ ਏਨਾ ਹੀ ਲਿਖੋ: **Please add my name to the Watan mailing list.** ●

**ਹਿੰਦੀ ਨਾਵਲ ਦਾ ਅਨੁਵਾਦ – ਕਿਸ਼ਤ 14**

# ਧਰਤੀ ਧਨ ਨਾ ਆਪਣਾ

## ਜਗਦੀਸ਼ ਚੰਦਰ

(ਧਰਤੀ ਧਨ ਨਾ ਆਪਣਾ' ਪੰਜਾਬ ਦੇ ਇੱਕ ਪਿੰਡ ਬਾਰੇ ਹਿੰਦੀ ਵਿੱਚ ਲਿਖਿਆ ਗਿਆ ਨਾਵਲ ਹੈ। ਇਹ ਨਾਵਲ ਪੰਜਾਬ ਦੇ ਪਿੰਡਾਂ ਬਾਰੇ ਲਿਖੇ ਬਹੁਤੇ ਨਾਵਲਾਂ ਤੋਂ ਇਸ ਲਈ ਵੱਖਰਾ ਹੈ ਕਿ ਇਸ ਵਿੱਚ ਪੰਜਾਬ ਦੇ ਪੇਂਡੂ ਦਲਿਤਾਂ ਦੀ ਜਿਸ ਦਸ਼ਾ ਦਾ ਵਰਣਨ ਹੈ, ਉਹ ਹੁਣ ਤੱਕ ਬਹੁਤ ਘੱਟ ਪੰਜਾਬੀ ਨਾਵਲਾਂ ਵਿੱਚ ਪ੍ਰਗਟ ਹੋਈ ਹੈ। ਬੇਸ਼ੱਕ ਇਹ ਨਾਵਲ 1970ਵਿਆਂ ਵਿੱਚ ਛਪਿਆ ਸੀ, ਪਰ ਪੰਜਾਬ ਦੇ ਸਾਹਿਤਕ ਜਗਤ ਵਿੱਚ ਇਸ ਦੀ ਕੋਈ ਬਹੁਤੀ ਚਰਚਾ ਨਹੀਂ ਹੋਈ। ਅਸੀਂ ਇਸ ਨਾਵਲ ਨੂੰ ਵਤਨ ਵਿੱਚ ਲੜੀਵਾਰ ਛਾਪਣ ਦਾ ਫੈਸਲਾ ਕੀਤਾ ਹੈ। ਪੇਸ਼ ਹੈ ਇਸ ਦੀ **ਚੌਦਵੀਂ ਕਿਸ਼ਤ**। ਪਹਿਲੀਆਂ ਕਿਸ਼ਤਾਂ ਪੜ੍ਹਨ ਲਈ ਪਿਛਲੇ ਅੰਕ ਦੇਖੋ। ਜੇ ਤੁਹਾਡੇ ਕੋਲ ਪਿਛਲੇ ਅੰਕ ਸਾਂਭੇ ਹੋਏ ਨਹੀਂ ਹਨ ਤਾਂ ਸਾਨੂੰ ਈ-ਮੇਲ ਭੇਜੋ। ਤੁਹਾਨੂੰ ਉਹ ਅੰਕ ਭੇਜ ਕੇ ਸਾਨੂੰ ਖੁਸ਼ੀ ਹੋਵੇਗੀ -ਸੰਪਾਦਕ)

**41**

ਚਮਾਰੀਆਂ ਆਪਣੇ ਮਰਦਾਂ ਦੇ ਕਹਿਣ ਅਨੁਸਾਰ ਮੂੰਹ-ਹਨ੍ਹੇਰੇ ਹੀ ਚੌਧਰੀਆਂ ਦੀਆਂ ਹਵੇਲੀਆਂ ਵੱਲ ਤੁਰ ਪਈਆਂ। ਕੁੱਝ ਮਰਦ ਚੌਧਰੀਆਂ ਦਾ ਪ੍ਰਤੀਕਰਮ ਜਾਣਨ ਲਈ ਚਗਾਨ ਵਿੱਚ ਇਕੱਠੇ ਹੋ ਗਏ ਅਤੇ ਬਾਕੀ ਲੋਕ ਘਾਹ ਖੋਤਣ ਲਈ ਆਪਣੀਆਂ ਚਾਦਰਾਂ ਅਤੇ ਰੰਬੇ ਲੈ ਕੇ ਬਾਹਰ ਨਿਕਲ ਗਏ।

ਚਮਾਰੀਆਂ ਮੁੜਦੇ ਪੈਰੀਂ ਮੁੜ ਆਈਆਂ ਅਤੇ ਆਪਣੇ ਮਰਦਾਂ ਨੂੰ ਕੋਸਦੀਆਂ ਚੌਧਰੀਆਂ ਨੂੰ ਗਾਲ੍ਹਾਂ ਕੱਢਣ ਲੱਗੀਆਂ। ਚੌਧਰੀਆਂ ਨੇ ਉਹਨਾਂ ਨੂੰ ਚਮ੍ਹਾਰਲੀ ਦੇ ਬਾਹਰੋਂ ਖੂਹ ਦੇ ਨੇੜਿਉਂ ਹੀ ਮੋੜ ਦਿੱਤਾ ਸੀ ਅਤੇ ਨਾਲ ਹੀ ਉਹਨਾਂ ਨੂੰ ਬਹੁਤ ਬੁਰੀਆਂ ਗੱਲਾਂ ਕਹੀਆਂ ਸਨ। ਪ੍ਰਸਿੰਨੀ ਆਪਣਾ ਟੋਕਰਾ ਸੁੱਟਦੀ ਹੋਈ ਗੁੱਸੇ ਭਰੀ ਅਵਾਜ਼ ਵਿੱਚ ਬੋਲੀ:

"ਸੂਲ ਪਏ ਮੋਏ ਚੌਧਰੀਆਂ ਨੂੰ। ਸਾਥੋਂ ਕੰਮ ਨਹੀਂ ਕਰਾਉਣਾ ਤਾਂ ਨਾ ਸਹੀ, ਅਬਾਤਬਾ ਬੋਲਣ ਦਾ ਕੀ ਹੱਕ ਹੈ।"

"ਮੋਇਆਂ ਦੇ ਆਪਣੇ ਘਰੀਂ ਵੀ ਮਾਵਾਂ ਭੈਣਾਂ ਹੈਗੀਆਂ, ਬੁਰਾ ਕੰਮ ਉਹਨਾਂ ਦੇ ਨਾਲ ਕਰਨ।"

ਚਮਾਰੀਆਂ, ਚੌਧਰੀਆਂ ਨੂੰ ਗਾਲ੍ਹਾਂ ਕੱਢਦੀਆਂ ਆਪਣੀ-ਆਪਣੀ ਆਪ ਬੀਤੀ ਸੁਣਾ ਰਹੀਆਂ ਸਨ ਕਿ ਘਾਹ ਖੋਤਣ ਗਏ ਮਰਦ ਵੀ ਵਾਪਸ ਆ ਗਏ। ਉਹ ਬਹੁਤ ਖਿੱਝੇ ਹੋਏ ਸਨ। ਉਹਨਾਂ ਦੇ ਆਉਣ 'ਤੇ ਔਰਤਾਂ ਦਾ ਰੌਲਾ ਬੰਦ ਹੋ ਗਿਆ। ਤਾਇਆ ਬਸੰਤਾ ਜ਼ਮੀਨ ਉੱਤੇ ਆਪਣੀ ਚਾਦਰ ਸੁੱਟ ਕੇ ਬੈਠ ਗਿਆ ਅਤੇ ਆਪਣੇ ਸਿਰ ਨੂੰ ਦੋਹਾਂ ਹੱਥਾਂ ਵਿੱਚ ਫੜਦਾ ਹੋਇਆ ਬੋਲਿਆ:

"ਕਹਿਰ ਖੁਦਾ ਦਾ, ਆਦਮੀ, ਆਦਮੀ ਦਾ ਰਾਜ਼ਕ ਬਣ ਬੈਠਾ ਹੈ। ਏਨਾ ਹੰਕਾਰ ਤਾਂ ਸ਼ਾਇਦ ਬਾਦਸ਼ਾਹਾਂ ਨੂੰ ਵੀ ਨਹੀਂ ਹੁੰਦਾ ਹੋਣਾ ਜਿੰਨਾ ਇਸ ਪਿੰਡ ਦੇ ਚੌਧਰੀਆਂ ਦਾ ਹੋ ਗਿਆ ਹੈ।"

"ਕੀ ਹੋਇਆ ਤਾਇਆ?" ਸੰਤੂ ਨੇ ਉਤਸੁਕਤਾ ਨਾਲ ਪੁੱਛਿਆ। ਉਹਦੇ ਵੱਲੋਂ ਜੁਆਬ ਦੇਣ ਤੋਂ ਪਹਿਲਾਂ ਹੀ ਕਾਲੀ ਅਤੇ ਜੀਤੂ ਵੀ ਮੋਢਿਆਂ ਉੱਤੇ ਚਾਦਰਾਂ ਰੱਖੀ ਅਤੇ ਹੱਥਾਂ ਵਿੱਚ ਰੰਬੇ ਲਟਕਾਈ ਆ ਗਏ। ਤਾਏ ਬਸੰਤੇ ਨੇ ਉਹਨਾਂ ਨੂੰ ਦੇਖਦਿਆਂ ਹੀ ਪੁੱਛਿਆ:

"ਤੁਸੀਂ ਕਿੱਧਰ ਗਏ ਸੀ?"

"ਪਿੰਡ ਦੇ ਪੱਛਮ 'ਚ... ਗੱਪੀਆਂ ਦੇ ਖੇਤਾਂ ਵੱਲ।"

"ਕੀ ਹੋਇਆ... ਮੁੜ ਕਿਉਂ ਆਏ?"

"ਚੋਅ ਤੱਕ ਤਾਂ ਕਿਸੇ ਨੇ ਕੁਛ ਨਹੀਂ ਕਿਹਾ। ਵੱਡੇ ਰਾਹ ਉੱਤੇ ਤੁਰਿਆ ਜਾਂਦਿਆਂ ਨੂੰ ਵੀ ਕਿਸੇ ਨੇ ਨਹੀਂ ਰੋਕਿਆ ਪਰ ਜਿਉਂ ਹੀ ਖੇਤਾਂ ਵੱਲ ਮੁੜੇ ਤਾਂ ਗੱਪੀਆਂ ਦੇ ਡਾਂਗਾਂ ਵਾਲੇ ਮੁੰਡਿਆਂ ਨੇ ਰੋਕ ਦਿੱਤਾ।" ਕਾਲੀ ਨੇ ਜੁਆਬ ਦਿੱਤਾ।

"ਮੈਂ ਦੱਖਣ ਵੱਲ ਗਿਆ ਸੀ। ਮੇਰੇ ਨਾਲ ਨਿੱਕੂ ਦਾ ਅਮਰੂ ਸੀ। ਅਸੀਂ ਤਕੀਏ ਤੋਂ ਪਰ੍ਹੇ ਜਾ ਕੇ ਡੰਡੀ ਵੱਲ ਮੁੜੇ ਤਾਂ ਚੌਧਰੀ ਮੁਨਸ਼ੀ ਦਾ ਪੁੱਤ ਮੇਰੀ ਵੱਲ ਲਾਠੀ ਉਲਾਰਦਾ ਬੋਲਿਆ ਕਿ ਜੇ ਉਹਦੇ ਖੇਤ ਵਿੱਚ ਗਿਆ ਤਾਂ ਲੱਤਾਂ ਤੋੜ ਦਊਗਾ।"

"ਚਾਰੀਂ ਪਾਸੀਂ ਨਾਕਾਬੰਦੀ ਕੀਤੀ ਹੋਈ ਹੈ। ਸਵੇਰੇ ਮੁਹੱਲੇ ਦੀਆਂ ਕੁਛ ਤੀਵੀਂਆਂ ਜੰਗਲ ਪਾਣੀ ਲਈ ਖੇਤਾਂ ਵਿੱਚ ਜਾ ਕੇ ਬੈਠੀਆਂ ਹੀ ਸਨ ਕਿ ਚੌਧਰੀਆਂ ਦੇ ਮੁੰਡਿਆਂ ਨੇ ਉਹਨਾਂ ਨੂੰ ਉਠਾ ਦਿੱਤਾ ਅਤੇ ਉਹ ਹੱਥਾਂ ਵਿੱਚ ਨਾਲੇ ਫੜੀ ਖੂਹ ਵੱਲ ਦੌੜ ਆਈਆਂ।"

ਏਨੇ ਚਿਰ ਵਿੱਚ ਗਿਆਨੋ ਨੇ ਸਿਰ ਤੋਂ ਟੋਕਰਾ ਲਾਹ ਕੇ ਦਰਵਾਜ਼ੇ ਵੱਲ ਸੁੱਟ ਦਿੱਤਾ ਅਤੇ ਬਿਫਰੀ ਹੋਈ ਅਵਾਜ਼ ਵਿੱਚ ਬੋਲੀ:

"ਮੈਂ ਮੋਏ ਬੇਲਾ ਸਿੰਘ ਅਤੇ ਮੁਨਸ਼ੀ ਦੇ ਘਰ ਕਦੇ ਨਹੀਂ ਜਾਊਂਗੀ। ਮੋਇਆ ਪਾਲਾ ਲਾਠੀ ਲੈ ਕੇ ਮੇਰੇ ਪਿੱਛੇ ਦੌੜਿਆ ਅਤੇ ਮੇਰੀ ਗੁੱਤ ਫੜ ਲਈ। ਮੈਂ ਵੀ ਮੋਏ ਨੂੰ ਟੋਕਰੇ ਨਾਲ ਕੁੱਟਿਆ।" ਗਿਆਨੋ ਨੂੰ ਇਹ ਕਹਿੰਦਿਆਂ-ਕਹਿੰਦਿਆਂ ਆਪਣੀਆਂ ਛਾਤੀਆਂ ਵਿੱਚ ਕਸਕ ਜਿਹੀ ਮਹਿਸੂਸ ਹੋਈ ਅਤੇ ਉਹਦਾ ਗੁੱਸਾ ਹੋਰ ਵੀ ਵੱਧ ਗਿਆ। "ਮੋਏ ਬੇਇੱਜ਼ਤੀ ਕਰਨ 'ਤੇ ਉੱਤਰ ਆਏ ਹਨ।"

ਸਾਰੇ ਲੋਕ ਗਿਆਨੋ ਵੱਲ ਦੇਖਣ ਲੱਗੇ। ਜਿਹੜੀਆਂ ਤੀਵੀਂਆਂ ਚੌਧਰੀਆਂ ਦੀਆਂ ਹਵੇਲੀਆਂ ਵੱਲ ਗਈਆਂ ਸਨ, ਉਹਨਾਂ ਨੇ ਆਪਣਾ ਆਪਣਾ ਦੁਖਾਂਤ ਸੁਣਾਇਆ ਤਾਂ ਤਾਇਆ ਬਸੰਤਾ ਉੱਚੀ ਅਵਾਜ਼ ਵਿੱਚ ਬੋਲਿਆ:

"ਸਾਡੀਆਂ ਨੋਹਾਂ-ਧੀਆਂ ਦੀ ਬੇਇੱਜ਼ਤੀ ਕਰਨ ਵਾਲੇ ਇਹ ਕੌਣ ਹੁੰਦੇ ਹਨ। ਅਸੀਂ ਇਹਨਾਂ ਦੀਆਂ ਨੋਹਾਂ-ਧੀਆਂ ਦੀ ਬੇਇੱਜ਼ਤੀ ਕਰਾਂਗੇ।"

ਉਹਦੇ ਕੋਲ ਖੜ੍ਹੇ ਨੌਜਵਾਨ ਚਮਾਰਾਂ ਦੀਆਂ ਰਗਾਂ ਫੜਕਣ ਲੱਗੀਆਂ। ਬੰਤੂ ਕਾਲੀ ਦੀ ਬਾਂਹ ਫੜਦਾ ਹੋਇਆ ਬੋਲਿਆ:

"ਕਾਲੀ, ਤੁਰੋ ਲਾਠੀਆਂ ਲੈ ਕੇ ਜਿਹੜਾ ਵੀ ਸਾਲਾ ਰਾਹ 'ਚ ਆਵੇ ਉਹਦਾ ਸਿਰ ਪਾੜ ਦਿਓ। ਅੱਜ ਘਰੋਂ ਮਰਨ ਜਾਂ ਮਾਰਨ ਦਾ ਫੈਸਲਾ ਕਰ ਕੇ ਤੁਰੋ।"

ਕਾਲੀ ਦਾ ਧਿਆਨ ਪਾਲੇ ਵੱਲ ਸੀ ਅਤੇ ਉਹ ਬਹੁਤ ਗੰਭੀਰਤਾ ਨਾਲ ਸੋਚ ਰਿਹਾ ਸੀ ਕਿ ਉਹਦੇ ਕੋਲੋਂ ਗਿਆਨੋ ਦੀ ਬੇਇੱਜ਼ਤੀ ਦਾ ਬਦਲਾ ਲੈ ਕੇ ਰਹੇਗਾ। ਉਹਨੇ ਬੰਤੂ ਵੱਲ ਧਿਆਨ ਨਾਲ ਦੇਖਿਆ ਅਤੇ ਸਾਰੇ ਲੋਕਾਂ ਨੂੰ ਸੰਬੋਧਿਤ ਹੋ ਕੇ ਬੋਲਿਆ:

"ਕੰਮ ਕਰਨਾ ਅਤੇ ਕਰਵਾਉਣਾ ਉਹਨਾਂ ਦੀ ਅਤੇ ਸਾਡੀ ਮਰਜ਼ੀ ਹੈ ਪਰ ਉਹਨਾਂ ਨੂੰ ਸਾਡੇ ਮੁਹੱਲੇ ਦੀਆਂ ਤੀਵੀਂਆਂ ਅਤੇ ਕੁੜੀਆਂ ਦੀ ਬੇਇੱਜ਼ਤੀ ਕਰਨ ਦਾ ਕੋਈ ਹੱਕ ਨਹੀਂ।"

"ਬਾਬੇ ਫੱਤੇ ਅਤੇ ਤੂੰ ਹੀ ਸਲਾਹ ਦਿੱਤੀ ਸੀ ਕਿ ਤੀਵੀਂਆਂ ਨੂੰ ਸਵੇਰੇ ਚੌਧਰੀਆਂ ਦੀ ਹਵੇਲੀ ਵਿੱਚ ਕੰਮ ਕਰਨ ਜਾਣਾ ਚਾਹੀਦਾ।" ਬੰਤੂ ਨੇ ਵਿਅੰਗ ਕਰਦਿਆਂ ਕਿਹਾ।

"ਸਾਨੂੰ ਕੀ ਪਤਾ ਸੀ ਕਿ ਉਹ ਇਹਨਾਂ ਦੀ ਬੇਇੱਜ਼ਤੀ ਕਰਨ 'ਤੇ ਉਤਾਰੂ ਹੋ ਜਾਣਗੇ।"

ਸਾਰੇ ਲੋਕ ਚੌਧਰੀਆਂ ਦੀ ਜ਼ਿਆਦਤੀ ਦਾ ਸਹੀ ਜੁਆਬ ਦੇਣ ਬਾਰੇ ਸੋਚ ਰਹੇ ਸਨ ਕਿ ਬੱਗਾ ਦੌੜਦਾ ਦੌੜਦਾ ਚਗਾਨ ਵਿੱਚ ਆਇਆ। ਉਹਦਾ ਸਾਹ ਫੁੱਲਿਆ ਹੋਇਆ ਸੀ। ਉਹਦੇ ਪਿੱਛੇ ਪਿੱਛੇ ਗਾਲ੍ਹਾਂ ਕੱਢਦਾ ਹੋਇਆ ਪਾਲਾ ਆ ਰਿਹਾ ਸੀ। ਉਹਨੂੰ ਦੇਖਦਿਆਂ ਹੀ ਕਾਲੀ ਭੜਕ ਪਿਆ ਅਤੇ ਲਪਕ ਕੇ ਉਹਦੀ ਵੱਲ ਵੱਧਦਾ ਹੋਇਆ ਬੋਲਿਆ:

"ਖੜ੍ਹ ਜਾ ਆਪਣੀ ਮਾਂ ਦਿਆ ਯਾਰਾ। ਮੈਂ ਤੇਰੀ ਬਦਮਾਸ਼ੀ ਕੱਢਦਾਂ।"

"ਫੜ੍ਹ ਲਉ ਸਾਲੇ ਨੂੰ। ਜਦੋਂ ਇਹ ਸਾਨੂੰ ਆਪਣੇ ਮੁਹੱਲੇ ਅਤੇ ਖੇਤਾਂ ਵਿੱਚ ਆਉਣ ਤੋਂ ਰੋਕ ਸਕਦੇ ਹਨ ਤਾਂ ਇਹਨਾਂ ਦਾ ਸਾਡੇ ਮੁਹੱਲੇ 'ਚ ਆਉਣ ਦਾ ਕੀ ਕੰਮ।"

ਕਾਲੀ ਨੂੰ ਆਪਣੀ ਵੱਲ ਆਉਂਦਾ ਦੇਖ ਪਾਲਾ ਠਿਠਕ ਗਿਆ ਅਤੇ ਪਿੱਛੇ ਮੁੜ ਪਿਆ ਪਰ ਕਾਲੀ ਨੇ ਦੌੜ ਕੇ ਉਹਨੂੰ ਗਲੀ ਦੇ ਮੋੜ ਦੇ ਨੇੜੇ ਫੜ ਲਿਆ ਅਤੇ ਸਿਰ ਦੇ ਵਾਲਾਂ ਤੋਂ ਫੜ ਕੇ ਉਹਨੂੰ ਝੰਜੋੜਦਾ ਹੋਇਆ ਬੋਲਿਆ:

"ਤੇਰੇ 'ਤੇ ਕੋਈ ਅਨੋਖੀ ਜਵਾਨੀ ਆਈ ਹੈ। ਉਸ ਆਪਣੀ ਮਾਂ 'ਤੇ ਤੂੰ ਹੱਥ ਚੁੱਕਿਆ। ਮੈਂ ਤੇਰਾ ਖੂਨ ਪੀ ਜਾਊਂਗਾ।"

ਕਾਲੀ ਨੇ ਪਾਲੇ ਨੇ ਚੰਗੀ ਤਰ੍ਹਾਂ ਝੰਜੋੜਿਆ ਅਤੇ ਉਹਦੇ ਚਿੱਤੜਾਂ 'ਤੇ ਲੱਤ ਮਾਰਦਾ ਹੋਇਆ ਬੋਲਿਆ:

"ਜੇ ਫਿਰ ਕਦੀ ਏਦਾਂ ਦੀ ਹਰਕਤ ਕੀਤੀ ਤਾਂ ਕੱਚੇ ਨੂੰ ਖਾ ਜਾਊਂਗਾ।"

ਕਾਲੀ ਜਦੋਂ ਚਗਾਨ ਵਿੱਚ ਵਾਪਸ ਆਇਆ ਤਾਂ ਬਹੁਤ ਸੰਤੁਸ਼ਟ ਸੀ। ਬੱਗੇ ਦਾ ਸਾਹ ਠੀਕ ਹੋਇਆ ਤਾਂ ਕਈ ਜਣਿਆਂ ਨੇ ਇਕੱਠਿਆਂ ਹੀ ਉਹਦੇ ਉੱਤੇ ਸਵਾਲਾਂ ਦੀ ਵਾਸ਼ੜ ਕਰ ਦਿੱਤੀ। ਉਹ ਹਕਲਾਉਂਦਾ ਬੋਲਿਆ, "ਮੈਂ ਚੋਅ 'ਚ ਬੈਠਾ ਸੀ, ਪਾਲਾ ਪੱਠਿਆਂ ਦੀ ਪੰਡ ਚੁੱਕੀ ਆ ਰਿਹਾ ਸੀ। ਉਹ ਮੇਰੇ ਨਜ਼ਦੀਕ ਪੰਡ ਸੁੱਟ ਕੇ ਦਮ ਲੈਣ ਲੱਗਾ ਅਤੇ ਸਾਹ ਲੈਣ ਤੋਂ ਬਾਅਦ ਮੈਨੂੰ ਪੰਡ ਚੁਕਾਉਣ ਨੂੰ ਕਿਹਾ। ਮੇਰੇ ਨਾਂਹ ਕਰਨ 'ਤੇ ਉਹਨੇ ਮੈਨੂੰ ਗਾਲ੍ਹਾਂ ਕੱਢੀਆਂ। ਮੈਂ ਵੀ ਜੁਆਬ 'ਚ ਗਾਲ੍ਹਾਂ ਕੱਢੀਆਂ ਤਾਂ ਉਹ ਮੈਨੂੰ ਧਮਕੀਆਂ ਦੇਣ ਲੱਗਾ। ਉਹਦੇ ਜਵਾਬ 'ਚ ਮੈਂ ਆਪਣੀ ਧੋਤੀ ਖੋਲ੍ਹ ਦਿੱਤੀ ਤਾਂ ਉਹ ਮੇਰੇ ਪਿੱਛੇ ਦੌੜ ਪਿਆ।"

ਲੋਕ ਖਿੜਖਿੜਾ ਕੇ ਹੱਸ ਪਏ ਅਤੇ ਕੁੱਝ ਪਲਾਂ ਲਈ ਸਭ-ਕੁੱਝ ਭੁੱਲ ਗਏ। ਤਾਇਆ ਬਸੰਤਾ ਪਿਆਰ ਨਾਲ ਗਾਲ੍ਹ ਕੱਢ ਕੇ ਬੱਗੇ ਦੀਆਂ ਸ਼ਰਾਰਤਾਂ ਦਾ ਜ਼ਿਕਰ ਕਰਨ ਲੱਗਾ।

ਚਮਾਰਾਂ ਦਾ ਮਨ ਸਵੇਰ ਦੀਆਂ ਘਟਨਾਵਾਂ ਵਿੱਚ ਫਸਿਆ ਹੋਇਆ ਸੀ ਕਿ ਦਾਸੂ ਚੌਂਕੀਦਾਰ ਢੰਡੋਰਾ ਪਿਟਦਾ ਆ ਗਿਆ ਅਤੇ ਜ਼ਿਆਦਾਤਰ ਚਮਾਰਾਂ ਨੂੰ ਚਗਾਨ ਵਿੱਚ ਇਕੱਠੇ ਦੇਖ ਕੇ ਉੱਚੀ ਅਵਾਜ਼ ਵਿੱਚ ਬੋਲਿਆ:

"ਕੋਈ ਚਮਾਰ ਚੌਧਰੀਆਂ ਦੇ ਖੇਤਾਂ ਵਿੱਚ, ਉਹਨਾਂ ਵਿਚਲੀਆਂ ਡੰਡੀਆਂ 'ਤੇ, ਉਹਨਾਂ ਦੇ ਮੁਹੱਲੇ ਦੀਆਂ ਗਲੀਆਂ ਵਿੱਚ, ਪਿੰਡ ਦੀਆਂ ਦੁਕਾਨਾਂ 'ਤੇ ਨਹੀਂ ਆ ਸਕਦਾ। ਜੋ ਆਊਗਾ, ਆਪਣੇ ਕੀਤੇ ਦੀ ਸਜ਼ਾ ਪਾਊਗਾ।"

"ਉਹਨਾਂ ਨੂੰ ਕਹਿ ਦਈਂ ਆਪਣੇ ਖੇਤਾਂ ਨੂੰ ਆਪਣੀ ਮਾਂ...।" ਤਾਏ ਬਸੰਤੇ ਨੇ ਜ਼ੋਰ ਨਾਲ ਥੁੱਕਦਿਆਂ ਕਿਹਾ ਅਤੇ ਉਸ ਦੇ ਨੇੜੇ ਖੜ੍ਹੇ ਲੋਕ ਰੌਲਾ ਪਾਉਣ ਲੱਗੇ।

ਦਾਸੂ ਚਮ੍ਹਾਰਲੀ ਵਿੱਚ ਢੰਡੋਰਾ ਪਿੱਟਣ ਤੋਂ ਬਾਅਦ ਚੌਧਰੀਆਂ ਦੇ ਮੁਹੱਲਿਆਂ ਵੱਲ ਮੁੜ ਗਿਆ। ਉਹ ਥੋੜ੍ਹੇ ਥੋੜ੍ਹੇ ਸਮੇਂ ਬਾਅਦ ਉੱਚੀ ਅਵਾਜ਼ ਵਿੱਚ ਕਹਿੰਦਾ:

"ਪਿੰਡ ਦੀ ਪੰਚਾਇਤ ਨੇ ਫੈਸਲਾ ਕੀਤਾ ਹੈ ਕਿ ਕੋਈ ਜ਼ਿਮੀਂਦਾਰ, ਦੁਕਾਨਦਾਰ ਚਮਾਰਾਂ ਨੂੰ ਆਪਣੀ ਹਵੇਲੀ, ਮਕਾਨ, ਖੇਤ ਅਤੇ ਦੁਕਾਨ 'ਤੇ ਨਾ ਆਉਣ ਦੇਵੇ। ਉਹਨਾਂ ਨੂੰ ਕੰਮ 'ਤੇ ਨਾ ਲਾਏ। ਜੋ ਕੋਈ ਏਦਾਂ ਕਰੂਗਾ, ਪਿੰਡ ਵਾਲੇ ਉਸ ਦਾ ਹੁੱਕਾ-ਪਾਣੀ ਬੰਦ ਕਰ ਦੇਣਗੇ।"

ਢੰਡੋਰੇ ਤੋਂ ਬਾਅਦ ਡਾਕਟਰ ਨੇ ਵਿਸ਼ਨਦਾਸ ਨੇ ਹੁੱਕੇ ਦੀ ਨੜੀ ਛੱਡ ਦਿੱਤੀ ਅਤੇ ਚੰਨਣ ਸਿੰਘ ਨੂੰ ਅੱਖ ਮਾਰ ਕੇ ਇਸ਼ਾਰਾ ਕਰਦਾ ਬੋਲਿਆ:

"ਚਾਚਾ ਤੀਰਥ ਰਾਮਾ, ਇਹਨਾਂ ਢੰਡੋਰਿਆਂ ਦਾ ਕੋਈ ਫਾਇਦਾ ਨਹੀਂ। ਪ੍ਰੋਲੇਤਾਰੀ ਤਬਕੇ ਨਾਲ ਜ਼ਿਆਦਤੀ ਹੋ ਰਹੀ ਹੈ।" ਮਹਾਸ਼ੇ ਦੀ ਦੁਕਾਨ ਉੱਤੇ ਬੈਠੇ ਚੌਧਰੀ ਡਾਕਟਰ ਉੱਤੇ ਨਜ਼ਰ ਸੁੱਟ ਇਕ ਦੂਸਰੇ ਵੱਲ ਦੇਖ ਕੇ ਮੁਸਕਰਾ ਪਏ। ਡਾਕਟਰ ਹੁੱਕੇ ਦੇ ਦੋ-ਚਾਰ ਹੋਰ ਕਸ਼ ਖਿੱਚ ਕੇ ਬੋਲਿਆ:

"ਸਾਰੀ ਦੁਨੀਆਂ ਚਮਾਰਾਂ ਦੇ ਨਾਲ ਹੈ। ਕਿਉਂ ਚੰਨਣ ਸਿਹਾਂ?"

ਉਹਨੇ ਹਾਂ ਵਿੱਚ ਸਿਰ ਹਿਲਾਇਆ ਤਾਂ ਮਹਾਸ਼ਾ ਹਸਦਾ ਹੋਇਆ ਬੋਲਿਆ:

"ਆਤਮਾ ਅਤੇ ਪਰਮਾਤਮਾ ਵਿੱਚ ਤਾਂ ਸਾਰੀ ਸ੍ਰਿਸ਼ਟੀ ਮੰਨੀ ਜਾਂਦੀ ਸੀ, ਤੂੰ ਤੇ ਚੰਨਣ ਸਿੰਘ ਕਦ ਤੋਂ ਸਾਰਾ ਸੰਸਾਰ ਬਣ ਗਏ ਹੋ।"

ਡਾਕਟਰ ਨੇ ਜੋਸ਼ ਵਿੱਚ ਆ ਕੇ ਕਿਹਾ:

"ਮੈਂ ਗਲਤ ਨਹੀਂ ਕਹਿ ਰਿਹਾ। ਸਾਰੇ ਦੇਸ਼ ਦੇ ਮਿਹਨਤਕਸ਼, ਸਾਰੀ ਦੁਨੀਆਂ ਦੇ ਲੋਕ, ਪਿੰਡ ਦੇ ਚਮਾਰਾਂ ਦੇ ਨਾਲ ਹਨ। ਸਾਡੇ ਪਿੰਡ ਵਿੱਚ ਇਨਕਲਾਬ ਵੱਲ ਇਹ ਪਹਿਲਾ ਕਦਮ ਹੈ। ਜਿੰਨਾ ਜ਼ਿਆਦਾ ਜ਼ੁਲਮ ਵਧੇਗਾ, ਉਨੀ ਹੀ ਕਲਾਸ-ਸਟ੍ਰਗਲ ਤੇਜ਼ ਹੋਊਗੀ ਅਤੇ ਆਖਿਰ ਵਿੱਚ ਪ੍ਰੋਲੇਤਾਰੀ ਜਮਾਤ ਦੀ ਜਿੱਤ ਹੋਊਗੀ ਅਤੇ ਪੈਦਾਵਾਰ ਦੇ ਤਮਾਮ ਸਾਧਨ – ਜ਼ਮੀਨਾਂ, ਮਸ਼ੀਨਾਂ ਜਨਤਾ ਦੀ ਮਲਕੀਅਤ ਬਣ ਜਾਣਗੀਆਂ।"

ਉੱਥੇ ਬੈਠੇ ਲੋਕ ਡਾਕਟਰ ਦੇ ਮੂੰਹੋਂ ਇਸ ਤਰ੍ਹਾਂ ਦੀਆਂ ਗੱਲਾਂ ਪਹਿਲੀ ਵਾਰ ਨਹੀਂ ਸੁਣ ਰਹੇ ਸਨ। ਪਰ ਜਦੋਂ ਉਹ ਪਿੰਡ ਦੇ ਲੋਕਾਂ ਬਾਰੇ ਬੋਲਣ ਲੱਗਾ ਤਾਂ ਮਹਾਸ਼ਾ ਭੜਕ ਪਿਆ:

"ਜਾ ਤੂੰ ਵੀ ਆਪਣਾ ਡੰਡਾ-ਡੇਰਾ ਚੁੱਕ ਕੇ ਚਮ੍ਹਾਰਲੀ 'ਚ ਚਲਾ ਜਾ। ਤੂੰ ਉਹਨਾਂ ਨੂੰ ਸਕੇ ਸ਼ਰੀਕ ਬਣਾ ਰਿਹਾ ਹੈਂ।"

ਡਾਕਟਰ ਮਹਾਸ਼ੇ ਨੂੰ ਉਤੇਜਿਤ ਹੋਇਆ ਦੇਖ ਕੇ ਹੋਰ ਵੀ ਜ਼ਿਆਦਾ ਜੋਸ਼ ਵਿੱਚ ਆ ਗਿਆ ਅਤੇ ਉਹਨੂੰ ਰੂਸ ਦੇ ਇਨਕਲਾਬ ਵਿੱਚੋਂ ਉਦਾਹਰਨਾਂ ਦੇ ਕੇ ਸਮਝਾਉਣ ਲੱਗਾ। ਜਦੋਂ ਡਾਕਟਰ ਬੋਲਦਾ ਹੀ ਗਿਆ ਤਾਂ ਮਹਾਸ਼ਾ ਉਹਨੂੰ ਝਿੜਕਦਾ ਹੋਇਆ ਬੋਲਿਆ:

"ਦੇਖ ਵਿਸ਼ਨਦਾਸਾ, ਤੂੰ ਆਪਣਾ ਅਜੀਜ਼ ਹੈਂ। ਮੈਨੂੰ ਸਿਰਫ ਏਨਾ ਹੀ ਦੱਸ ਦੇ ਕਿ ਤੂੰ ਚਮਾਰਾਂ ਦੇ ਸਹਾਰੇ ਪਿੰਡ ਵਿੱਚ ਜ਼ਿੰਦਗੀ ਕੱਟ ਸਕਦਾ ਹੈਂ?"

ਡਾਕਟਰ ਦੇ ਜਵਾਬ ਦੇਣ ਤੋਂ ਪਹਿਲਾਂ ਹੀ ਮੰਗੂ ਨੇ ਪੱਠਿਆਂ ਦੀ ਪੰਡ ਮਹਾਸ਼ੇ ਦੇ ਥੜ੍ਹੇ ਉੱਤੇ ਸੁੱਟ ਦਿੱਤੀ। ਮਹਾਸ਼ਾ ਹਰੇ ਪੱਠੇ ਦੇਖ ਕੇ ਖੁਸ਼ ਹੋ ਗਿਆ ਅਤੇ ਉਹਦੇ ਵੱਲ ਵੱਧਦਾ ਹੋਇਆ ਬੋਲਿਆ:

"ਚੌਧਰੀ ਹਰਨਾਮ ਸਿੰਘ ਨੂੰ ਕਹੀਂ ਕਿ ਮੌਕਾ ਕੱਢ ਕੇ ਇੱਧਰ ਦਾ ਵੀ ਚੱਕਰ ਲਾ ਜਾਵੇ।"

"ਮਹਾਸ਼ਾ ਜੀ, ਅੱਜ ਬਹੁਤ ਕੰਮ ਹੈ। ਚੌਧਰੀ ਜੀ ਆਪ ਵੀ ਪੱਠੇ-ਦੱਥੇ ਵਿੱਚ ਲੱਗੇ ਹੋਏ ਹਨ।"

ਮੰਗੂ ਦੇ ਜਾਣ ਬਾਅਦ ਡਾਕਟਰ ਬੋਲਿਆ:

"ਇਹ ਚਮਾਰਾਂ ਵਿੱਚ ਕਾਲੀ ਭੇਡ ਹੈ, ਫਿਫਥ ਕਾਲਮਿਸਟ ਹੈ, ਰੀਐਕਸ਼ਨਰੀ ਬੁਰਜ਼ਵਾ ਲੋਕਾਂ ਦਾ ਪਿੱਠੂ ਹੈ। ਏਦਾਂ ਦੇ ਲੋਕ ਹੀ ਪ੍ਰੋਲੇਤਾਰੀ ਇਨਕਲਾਬ ਨੂੰ ਸਾਬੋਤਾਜ਼ ਕਰਦੇ ਹਨ।"

ਮਹਾਸ਼ਾ ਡਾਕਟਰ ਦੀ ਗੱਲ ਅਣਸੁਣੀ ਕਰਕੇ ਚੌਧਰੀ ਮੁਨਸ਼ੀ ਨੂੰ ਕਹਿਣ ਲੱਗਾ:

"ਚੌਧਰੀ, ਦੇਖ ਲਾ, ਮੰਗੂ ਦੇ ਬਾਪ ਨੇ ਚੌਧਰੀ ਹਰਨਾਮ ਸਿੰਘ ਤੋਂ ਪੰਜ ਸੌ ਰੁਪੱਈਏ ਉਧਾਰ ਲਏ ਸਨ। ਉਹ ਸਾਰੀ ਉਮਰ ਕੰਮ ਕਰਦਾ ਮਰ ਗਿਆ ਪਰ ਕਰਜ਼ਾ ਨਹੀਂ ਲੱਥਾ। ਪੰਜ-ਸੱਤ ਸਾਲ ਤਾਂ ਇਹਨੂੰ ਵੀ ਚੌਧਰੀ ਦਾ ਕੰਮ ਕਰਦੇ ਨੂੰ ਹੋ ਗਏ ਹੋਣਗੇ। ਤੂੰ ਵੀ ਏਦਾਂ ਦਾ ਕਾਮਾ ਰੱਖ ਲੈਂਦਾ ਤਾਂ ਅਰਾਮ ਨਾਲ ਰਹਿੰਦਾ। ਸਾਰੀ ਚਮ੍ਹਾਰਲੀ ਨੇ ਕੰਮ ਕਰਨ ਤੋਂ ਨਾਂਹ ਕਰ ਦਿੱਤੀ ਹੈ ਪਰ ਮੰਗੂ ਨਾਂਹ ਨਹੀਂ ਕਰ ਸਕਦਾ।"

"ਇਹ ਸਲੇਵਰੀ (ਗੁਲਾਮੀ) ਦੀ ਨਿਸ਼ਾਨੀ ਹੈ। ਸਲੇਵਰੀ ਤੋਂ ਬਾਅਦ ਜਗੀਰਦਾਰੀ ਸਿਸਟਮ ਆਇਆ। ਇਸ ਤੋਂ ਬਾਅਦ ਪੂੰਜੀਵਾਦ ਅਤੇ ਇਸ ਦਾ ਖਾਤਮਾ ਕਰਕੇ ਹੁਣ ਸਮਾਜਵਾਦ ਆਏਗਾ।" ਡਾਕਟਰ ਨੇ ਕਿਹਾ।

"ਵਿਸ਼ਨਦਾਸਾ, ਸਾਨੂੰ ਵੀ ਗੱਲ ਕਰ ਲੈਣ ਦੇ। ਜਦੋਂ ਦਾ ਤੂੰ ਆਇਆਂ ਟਰ-ਟਰ ਲਾਈ ਹੋਈ ਹੈ। ਜੇ ਤੂੰ ਚਮਾਰਾਂ ਦੇ ਹੱਕ 'ਚ ਜ਼ਿਆਦਾ ਗੱਲਾਂ ਕਰੇਂਗਾ ਤਾਂ ਤੇਰਾ ਹੁੱਕਾ-ਪਾਣੀ ਬੰਦ ਕਰ ਦਿੱਤਾ ਜਾਏਗਾ।" ਚੌਧਰੀ ਮੁਨਸ਼ੀ ਨੇ ਗੁੱਸੇ ਭਰੀ ਅਵਾਜ਼ ਵਿੱਚ ਕਿਹਾ।

"ਅਸੀਂ ਘਰ-ਘਰ ਵਿੱਚ, ਗਲੀ-ਗਲੀ ਵਿੱਚ, ਪਿੰਡ-ਪਿੰਡ ਵਿੱਚ ਇਸ ਸਟ੍ਰਗਲ ਦੀ ਖਬਰ ਪਹੁੰਚਾ ਦੇਵਾਂਗੇ ਅਤੇ ਸਾਰਾ ਇਲਾਕਾ ਤੁਹਾਡੇ ਖਿਲਾਫ ਖੜਾ ਹੋ ਜਾਊਗਾ।" ਡਾਕਟਰ ਨੇ ਜੋਸ਼ ਵਿੱਚ ਕਿਹਾ।

"ਤੇਰੀ ਗੱਲ ਤੇਰੇ ਘਰ ਵਿੱਚ ਕੋਈ ਨਹੀਂ ਸੁਣਦਾ, ਬਾਹਰ ਕੌਣ ਸੁਣੇਗਾ।" ਮਹਾਸ਼ੇ ਨੇ ਮਜ਼ਾਕ ਕਰਦਿਆਂ ਕਿਹਾ।

ਦੁਪਹਿਰ ਤੋਂ ਬਾਅਦ ਬਹੁਤ ਸਾਰੇ ਚੌਧਰੀ ਕੰਮ-ਕਾਜ ਤੋਂ ਵਿਹਲੇ ਹੋ ਕੇ ਮਹਾਸ਼ੇ ਦੀ ਦੁਕਾਨ 'ਤੇ ਇਕੱਠੇ ਹੋ ਗਏ। ਚੌਧਰੀ ਬੇਲਾ ਸਿੰਘ ਨੇ ਦੱਸਿਆ ਕਿ "ਅੱਜ ਚਮਾਰਾਂ ਦੀ ਪੂਰੀ ਨਾਕਾਬੰਦੀ ਕੀਤੀ ਗਈ। ਚਮਾਰੀਆਂ ਕੰਮ ਕਰਨ ਆਈਆਂ ਤਾਂ ਉਹਨਾਂ ਨੂੰ ਗਾਲ੍ਹਾਂ ਕੱਢ ਕੇ ਮੋੜ ਦਿੱਤਾ ਗਿਆ। ਜਿਹੜੇ ਚਮਾਰ ਘਾਹ ਖੋਤਣ ਆਏ ਉਹਨਾਂ ਨੂੰ ਦੌੜਾ ਦਿੱਤਾ ਗਿਆ। ਸਵੇਰੇ ਚਮਾਰੀਆਂ ਜੰਗਲ-ਪਾਣੀ ਲਈ ਖੇਤਾਂ ਵਿੱਚ ਆਈਆਂ ਤਾਂ ਮੁੰਡਿਆਂ ਨੂੰ ਦੇਖ ਕੇ ਉਹ ਨਾਲੇ ਹੱਥਾਂ ਵਿੱਚ ਫੜੀ ਦੌੜ ਗਈਆਂ। ਸਾਲਿਆਂ ਨੂੰ ਦੋ ਦਿਨਾਂ ਵਿੱਚ ਹੋਸ਼ ਆ ਜਾਊਗਾ... ਕੱਲ੍ਹ ਤੱਕ ਕੰਨ ਫੜ ਕੇ ਨੱਕ ਨਾ ਰੱਗੜਣ ਤਾਂ ਨਾਂ ਬਦਲ ਦਿਉ।"

ਡਾਕਟਰ ਉਹਨਾਂ ਦੀਆਂ ਗੱਲਾਂ ਵਿੱਚ ਦਖਲ ਦੇਣ ਦੀ ਕੋਸ਼ਿਸ਼ ਕਰਦਾ ਤਾਂ ਉਹਨਾਂ ਵਿੱਚੋਂ ਕੋਈ-ਨਾ-ਕੋਈ ਉਹਨੂੰ ਝਾੜ ਦਿੰਦਾ ਅਤੇ ਉਹ ਉਦਾਸ ਅਤੇ ਖਸਿਆਣਾ ਜਿਹਾ ਹੋ ਕੇ ਹੁੱਕਾ ਗੁੜਗੁੜਾਉਂਦਾ ਹੋਇਆ ਇਹ ਸੋਚ ਕੇ ਆਪਣੇ ਆਪ ਨੂੰ ਤਸੱਲੀ ਦਿੰਦਾ ਕਿ ਇਨਕਲਾਬ ਆਉਣ ਤੋਂ ਬਾਅਦ ਉਹ ਇਕ-ਇਕ ਤੋਂ ਬਦਲਾ ਲਵੇਗਾ।

ਚੰਨਣ ਸਿੰਘ ਚਮਾਰਾਂ ਦੇ ਪੱਖ ਵਿੱਚ ਬੋਲਣ ਲੱਗਾ ਤਾਂ ਬਹੁਤ ਸਾਰੇ ਚੌਧਰੀ ਇਕੱਠੇ ਹੀ ਉਹਨੂੰ ਗਾਲ੍ਹਾਂ ਕੱਢਣ ਲੱਗੇ ਅਤੇ ਉਹ ਵੀ ਖਸਿਆਣਾ-ਜਿਹਾ ਹੋ ਕੇ ਚੁੱਪ ਹੋ ਗਿਆ। ਡਾਕਟਰ ਉਹਨੂੰ ਉੱਠਣ ਦਾ ਇਸ਼ਾਰਾ ਕਰਦਾ ਹੋਇਆ ਬੋਲਿਆ:

"ਇਸ ਤਬਕੇ ਦੇ ਹੁਣ ਦਿਨ ਪੂਰੇ ਹੋਣ ਵਾਲੇ ਹਨ। ਰਿਐਕਸ਼ਨਰੀ ਤਬਕਾ ਜਦੋਂ ਖਤਮ ਹੋਣ 'ਤੇ ਆਉਂਦਾ ਤਾਂ ਉਸ ਵਿੱਚ ਫ੍ਰਸਟਰੇਸ਼ਨ ਆ ਜਾਂਦੀ ਹੈ।"

ਡਾਕਟਰ ਲੋਕਾਂ ਦੀ ਦੁਰ-ਦੁਰ ਵਿੱਚ ਚੰਨਣ ਸਿੰਘ ਨੂੰ ਨਾਲ ਲੈ ਕੇ ਆਪਣੀ ਦੁਕਾਨ 'ਤੇ ਆ ਗਿਆ।

ਸ਼ਾਮ ਨੂੰ ਚੌਧਰੀ ਅਤੇ ਚਮਾਰ ਇਕ-ਦੂਸਰੇ ਤੋਂ ਅਲੱਗ ਆਪਣੇ-ਆਪਣੇ ਕੰਮ ਕਾਜ ਵਿੱਚ ਰੁਝ ਗਏ। ਡਾਕਟਰ ਵਿਸ਼ਨਦਾਸ ਆਪਣੀ ਦੁਕਾਨ 'ਤੇ ਬੈਠਾ ਪਿੰਡ ਵਿੱਚ ਚੱਲ ਰਹੇ ਜਮਾਤੀ-ਸੰਘਰਸ਼ ਨੂੰ ਵਿਆਪਕ ਰੂਪ ਦਿੰਦਾ ਹੋਇਆ ਇਨਕਲਾਬ ਦੇ ਕਦਮਾਂ ਦੀ ਚਾਪ ਸੁਣਦਾ ਰਿਹਾ।

## 42

ਚੌਧਰੀਆਂ ਦੇ ਬਾਈਕਾਟ ਦੇ ਪਹਿਲੇ ਕੁੱਝ ਦਿਨ ਚਮਾਰਾਂ ਦਾ ਵਤੀਰਾ ਇਸ ਤਰ੍ਹਾਂ ਰਿਹਾ ਜਿਵੇਂ ਉਹ ਛੁੱਟੀ 'ਤੇ ਹੋਣ। ਚਮਾਰੀਆਂ ਚਗਾਨ ਵਿੱਚ ਬੇਰੀ ਦੇ ਹੇਠਾਂ ਬੈਠੀਆਂ ਸੂਤ ਦੀਆਂ ਅੱਟੀਆਂ ਅਟੇਰਦੀਆਂ ਆਪਸ ਵਿੱਚ ਗੱਪਾਂ-ਸ਼ੱਪਾਂ ਮਾਰਦੀਆਂ ਅਤੇ ਚੌਧਰੀਆਂ ਨੂੰ ਗਾਲ੍ਹਾਂ ਕੱਢਦੀਆਂ। ਮਰਦ ਛਕੜੀ, ਚੌਪਟ ਅਤੇ ਤਾਸ਼ ਖੇਡ ਕੇ ਦਿਨ ਗੁਜਾਰਦੇ। ਜੀਤੂ ਅਤੇ ਬੰਤੂ ਇਸ ਦੌਰਾਨ ਸ਼ਹਿਰ ਦਾ ਚੱਕਰ ਵੀ ਲਾ ਆਏ ਸਨ।

ਚੌਥੇ ਦਿਨ ਚਮ੍ਹਾਰਲੀ 'ਤੇ ਬਾਈਕਾਟ ਦਾ ਅਸਰ ਮਹਿਸੂਸ ਹੋਣ ਲੱਗਾ। ਅੰਨ ਦੇ ਨਾਲ ਨਾਲ ਬਾਲਣ ਅਤੇ ਪਾਥੀਆਂ ਵੀ ਖਤਮ ਹੋਣ ਲੱਗੀਆਂ ਅਤੇ ਉਹਨਾਂ ਨੂੰ ਚਿੰਤਾ ਹੋਣ ਲੱਗੀ ਕਿ ਜੇ ਬਾਈਕਾਟ ਖਤਮ ਨਾ ਹੋਇਆ ਤਾਂ ਸ਼ਾਇਦ ਫਾਕਿਆਂ ਤੱਕ ਨੌਬਤ ਆ ਜਾਏਗੀ। ਪਰ ਉਹ ਇਕ-ਦੂਸਰੇ ਦਾ

ਹੌਂਸਲਾ ਵਧਾਉਂਦੇ ਰਹੇ। ਇਸ ਹਾਲਤ ਨੇ ਉਹਨਾਂ ਨੂੰ ਆਪਸ ਵਿੱਚ ਬਹੁਤ ਨੇੜ੍ਹੇ ਕਰ ਦਿੱਤਾ। ਔਰਤਾਂ ਆਪਸ ਵਿੱਚ ਬਹੁਤ ਘੱਟ ਲੜਦੀਆਂ ਝਗੜਦੀਆਂ। ਉਹ ਸਾਰੇ ਕਿਸੇ ਕਿਲੇ ਵਿੱਚ ਘਿਰੀ ਫੌਜ ਵਾਂਗ ਚੌਕਸ ਰਹਿੰਦੇ ਹੋਏ ਇਕ-ਦੂਜੇ ਦਾ ਹੱਥ ਵਟਾਉਂਦੇ।

ਪੰਜਵੇਂ ਦਿਨ ਪ੍ਰੀਤੋ ਦੇ ਘਰ ਵਿੱਚ ਖਾਣ ਨੂੰ ਕੁੱਝ ਨਹੀਂ ਸੀ। ਉਹ ਚੋਰੀ-ਛਿੱਪੀਂ ਮੰਗੂ ਕੋਲ ਗਈ ਅਤੇ ਰੋਂਦੀ ਹੋਈ ਫਰਿਆਦ ਕਰਨ ਲੱਗੀ ਕਿ ਨਿੱਕੂ ਅਤੇ ਅਮਰੂ ਨੂੰ ਚੌਧਰੀ ਦੀ ਹਵੇਲੀ ਕੰਮ ਦਿਵਾ ਦੇਵੇ। ਮੰਗੂ ਨੇ ਮੁਹੱਲੇ ਦੇ ਲੋਕਾਂ ਵੱਲੋਂ ਰੌਲਾ ਪਾਉਣ ਦੀ ਗੱਲ ਕੀਤੀ ਤਾਂ ਉਹ ਭੜਕ ਪਈ:

"ਅੱਗ ਲੱਗੇ ਮੁਹੱਲੇ ਨੂੰ। ਮੇਰੇ ਬੱਚੇ ਭੁੱਖ ਨਾਲ ਵਿਲਕ ਰਹੇ ਹਨ। ਉਹ ਮੈਨੂੰ ਕਿਹੜੇ ਪਕਵਾਨ ਪਕਾ ਕੇ ਭੇਜਦੇ ਹਨ। ਤੂੰ ਉਹਨਾਂ ਨੂੰ ਕੰਮ ਦਿਵਾ ਦੇ, ਮੁਹੱਲੇ ਨੂੰ ਮੈਂ ਆਪਣੇ ਆਪ ਸੰਭਾਲ ਲਊਂਗੀ।"

ਮੰਗੂ ਘਰੋਂ ਨਿਕਲਿਆ ਹੀ ਸੀ ਕਿ ਗਿਆਨੋ ਨੇ ਕਾਲੀ ਨੂੰ ਖਬਰ ਦਿੱਤੀ ਕਿ ਪ੍ਰੀਤੋ ਨੇ ਨਿੱਕੂ ਅਤੇ ਅਮਰੂ ਨੂੰ ਚੌਧਰੀ ਦੀ ਹਵੇਲੀ ਵਿੱਚ ਕੰਮ ਦਿਵਾਉਣ ਲਈ ਮੰਗੂ ਨੂੰ ਕਿਹਾ ਹੈ। ਕਾਲੀ ਝੱਟ ਹੀ ਪ੍ਰੀਤੋ ਦੇ ਘਰ ਗਿਆ ਅਤੇ ਉਹਦੇ ਭੁੱਖ ਨਾਲ ਵਿਲਕ ਰਹੇ ਬੱਚਿਆਂ ਨੂੰ ਦੇਖ ਕੇ ਉਲਟੇ ਪੈਰੀਂ ਵਾਪਸ ਆ ਗਿਆ। ਉਹਨੇ ਆਪਣੇ ਅਨਾਜ ਦਾ ਘੜਾ ਚੁੱਕਿਆ ਅਤੇ ਪ੍ਰੀਤੋ ਦੇ ਕੋਲ ਜਾ ਕੇ ਬੋਲਿਆ:

"ਚਾਚੀ, ਲੈ ਨਿਆਣਿਆਂ ਨੂੰ ਰੋਟੀ ਪਕਾ ਕੇ ਖਿਲਾ। ਇਹ ਮੁਸੀਬਤ ਅਸੀਂ ਮੰਗੀ ਨਹੀਂ ਹੈ, ਸਾਡੇ 'ਤੇ ਜ਼ਬਰਦਸਤੀ ਠੋਸੀ ਗਈ ਹੈ। ਹੌਂਸਲਾ ਰੱਖ। ਜੇ ਰੋਟੀ ਖਾਵਾਂਗੇ ਤਾਂ ਸਾਰੇ ਖਾਵਾਂਗੇ, ਭੁੱਖੇ ਰਹਾਂਗੇ ਤਾਂ ਸਾਰੇ ਰਹਾਂਗੇ।"

ਕਾਲੀ ਦੀ ਗੱਲ ਸੁਣਕੇ ਪ੍ਰੀਤੋ ਦਾ ਮਨ ਖੁਸ਼ ਹੋ ਗਿਆ ਅਤੇ ਉਹ ਆਪਣੀ ਹਰਕਤ 'ਤੇ ਸ਼ਰਮਿੰਦੀ-ਜਿਹੀ ਹੋਈ ਬੋਲੀ:

"ਦੇਖ ਨਾ, ਮੈਂ ਆਟਾ ਮੰਗਣ ਮੰਗੂ ਦੇ ਘਰ ਗਈ ਸੀ। ਉਹ ਹੋਇਆ ਚੌਧਰੀ ਦਾ ਪਿੱਠੂ ... ਕਹਿਣ ਲੱਗਾ, ਫਾਕੇ ਕਿਉਂ ਕੱਟ ਰਹੀ ਹੈਂ - ਚੌਧਰੀ ਨੂੰ ਕਹਿ ਕੇ ਅਮਰੂ ਨੂੰ ਕੰਮ ਦਿਵਾ ਦਿੰਦਾ ਹਾਂ। ਮੈਂ ਨਾਂਹ ਕਰ ਦਿੱਤੀ... ਮੈਂ ਸਾਫ ਕਹਿ ਦਿੱਤਾ ਕਿ ਫਾਕੇ ਕੱਟ ਲਵਾਂਗੇ ਪਰ ਮੁਹੱਲੇ ਦਾ ਸਾਥ ਨਹੀਂ ਛੱਡਾਂਗੇ।"

ਕਾਲੀ ਚੁੱਪਚਾਪ ਉਹਦੀਆਂ ਗੱਲਾਂ ਸੁਣਦਾ ਰਿਹਾ ਅਤੇ ਉਹਨੂੰ ਹੌਂਸਲਾ ਦੇ ਕੇ ਬਾਬੇ ਫੱਤੇ ਦੇ ਘਰ ਚਲਾ ਗਿਆ। ਬਾਬੇ ਦੇ ਘਰ ਵੀ ਖਾਣ ਲਈ ਕੁੱਝ ਨਹੀਂ ਸੀ ਅਤੇ ਕਮਜ਼ੋਰੀ ਨਾਲ ਉਹਦੇ ਗਲ ਵਿੱਚੋਂ ਅਵਾਜ਼ ਨਹੀਂ ਨਿਕਲ ਰਹੀ ਸੀ। ਉੱਥੋਂ ਉਹ ਤਾਈ ਨਿਹਾਲੀ ਦੇ ਘਰ ਗਿਆ ਤਾਂ ਉਹ ਵੀ ਇਸ ਤਰ੍ਹਾਂ ਦਾ ਦੁੱਖ ਹੀ ਲੈ ਕੇ ਬੈਠ ਗਈ। ਬੰਤੂ ਦਾ ਜੋਸ਼ ਵੀ ਬਹੁਤ ਠੰਢਾ ਪੈ ਗਿਆ ਸੀ। ਤਾਏ ਬਸੰਤੇ ਦੇ ਕੋਲ ਗਿਆ ਤਾਂ ਉਹ ਵੀ ਉਦਾਸ ਜਿਹਾ ਮੰਜੇ 'ਤੇ ਲੰਮਾ ਪਿਆ ਸੀ। ਕਾਲੀ ਨੇ ਹਾਲ ਪੁੱਛਿਆ ਤਾਂ ਉੱਠਣ ਦੀ ਕੋਸ਼ਿਸ਼ ਕਰਦਾ ਹੋਇਆ ਬੋਲਿਆ:

"ਪਹਿਲਾਂ ਦੋ ਰੋਟੀਆਂ ਖਾਂਦਾ ਸੀ, ਫਿਰ ਇਕ 'ਤੇ ਆ ਗਿਆਂ, ਹੁਣ ਅੱਧੀ 'ਤੇ, ਕੱਲ੍ਹ ਚੱਪਾ ਰਹਿ ਜਾਊਗੀ ਅਤੇ ਪਰਸੋਂ ਸ਼ਾਇਦ ਫਾਕਾ ਕੱਟਣਾ ਪਵੇ।"

ਕਾਲੀ ਫਿਕਰ ਵਿੱਚ ਡੁੱਬਿਆ ਆਪਣੇ ਘਰ ਆ ਗਿਆ ਅਤੇ ਕੁੱਝ ਦੇਰ ਤੱਕ ਬੈਠਾ ਰਿਹਾ। ਉਹਨੂੰ ਮਹਿਸੂਸ ਹੋ ਰਿਹਾ ਸੀ ਕਿ ਮੁਹੱਲੇ ਦੇ ਲੋਕਾਂ ਦਾ ਹੌਂਸਲਾ ਟੁੱਟ ਰਿਹਾ ਸੀ। ਕੁੱਝ ਮਿਲਣਾ-ਮਿਲਾਉਣਾ ਵੀ ਨਹੀਂ ਅਤੇ ਬੇਇੱਜ਼ਤੀ ਅਲੱਗ ਹੋਵੇਗੀ।

ਖੇਤਾਂ ਵਿੱਚ ਹੜਾਂ ਦਾ ਪਾਣੀ ਸੁੱਕ ਗਿਆ ਸੀ ਅਤੇ ਚਿਕਨੀ ਜ਼ਮੀਨ ਉੱਤੇ ਪੇਪੜੀਆਂ ਜਿਹੀਆਂ ਬਣ ਗਈਆਂ ਸਨ। ਮੱਕੀ ਦੇ ਡੰਡਲਾਂ ਦੀਆਂ ਜੜ੍ਹਾਂ ਜਿਵੇਂ ਕਿਵੇਂ ਉਸ ਵਿੱਚ ਫਸੀਆਂ ਹੋਈਆਂ ਸਨ ਅਤੇ ਉਹ ਕੁਮਲਾਉਣ ਲੱਗੇ ਸਨ। ਚੌਧਰੀਆਂ ਨੇ ਆਪਣੇ ਸਕੂਲ ਵਿੱਚ ਪੜ੍ਹਦੇ ਨਿਆਣਿਆਂ ਨੂੰ ਵੀ ਗੋਡੀ ਦੇ ਕੰਮ ਉੱਤੇ ਲਾ ਲਿਆ ਸੀ। ਚੌਧਰਾਣੀਆਂ ਨੇ ਢੋਰ-ਡੰਗਰ ਸਾਂਭ ਲਏ ਸਨ। ਪਰ ਉਹਨਾਂ ਦੀਆਂ ਅਣਥੱਕ ਕੋਸ਼ਿਸ਼ਾਂ ਦੇ ਬਾਵਜੂਦ ਮੱਕੀ ਦੀ ਬਚੀ-ਖੁਚੀ ਫਸਲ ਬਰਬਾਦ ਹੋ ਰਹੀ ਸੀ।

ਹਰ ਚੌਧਰੀ ਬਾਜੀਗਰਾਂ ਦੇ ਕੋਠਿਆਂ ਤੱਕ ਜਾ ਆਇਆ ਸੀ। ਬਹੁਤੇ ਬਾਜੀਗਰ ਗੁਡ-ਗੁਡਾਈ ਦਾ ਕੰਮ ਕਰਨਾ ਹੀ ਨਹੀਂ ਚਾਹੁੰਦੇ ਸਨ। ਹਜ਼ਾਰ ਹਜ਼ਾਰ ਨਖਰੇ ਕਰਨ ਬਾਅਦ ਜੇ ਕੋਈ ਮੰਨਦਾ ਸੀ ਤਾਂ ਉਹ ਦੁੱਗਣੀ ਦਿਹਾੜੀ ਮੰਗਦਾ ਸੀ। ਬਾਹਰ ਤੋਂ ਕੰਮ ਕਰਨ ਲਈ ਕੋਈ ਚਮਾਰ ਤਿਆਰ ਨਹੀਂ ਸੀ ਕਿਉਂਕਿ ਇਕ ਤਾਂ ਉਹਨਾਂ ਲਈ ਆਪਣੇ ਪਿੰਡ ਵਿੱਚ ਹੀ ਬਹੁਤ ਕੰਮ ਸੀ, ਦੂਜਾ ਆਪਣੀ ਬਰਾਦਰੀ ਦਾ ਵੀ ਲਿਹਾਜ਼ ਸੀ। ਗਰਮੀ ਦੇ ਸਤਾਏ ਹੋਏ ਅਤੇ ਥਕਾਵਟ ਨਾਲ ਚੂਰ ਚੌਧਰੀ ਚਮਾਰਾਂ ਨੂੰ ਗਾਲ੍ਹਾਂ ਕੱਢਦੇ ਉਹਨਾਂ ਦੀ ਹਠਧਰਮੀ ਅਤੇ ਮੂਰਖਤਾ ਨੂੰ ਕੋਸਦੇ ਰਹਿੰਦੇ ਅਤੇ ਮਨ ਹੀ ਮਨ ਚਾਹੁੰਦੇ ਕਿ ਝਗੜੇ ਦਾ ਜਲਦੀ ਤੋਂ ਜਲਦੀ ਨਿਪਟਾਰਾ ਹੋ ਜਾਵੇ। ਚਮਾਰ ਸੁੱਕ ਰਹੀ ਮੱਕੀ ਨੂੰ ਦੇਖ ਕੇ ਦਿਲ ਹੀ ਦਿਲ ਵਿੱਚ ਕੁੜਦੇ ਅਤੇ ਚੌਧਰੀਆਂ ਨੂੰ ਬੁਰਾ-ਭਲਾ ਕਹਿੰਦੇ ਕਿ ਆਪਣੇ ਹੱਠ ਨਾਲ ਫਸਲ ਬਰਬਾਦ ਕਰ ਰਹੇ ਹਨ।

ਇਸ ਝਗੜੇ ਦੇ ਸ਼ੁਰੂ ਦੇ ਦਿਨਾਂ ਵਿੱਚ ਛੱਜੂ ਸ਼ਾਹ ਅਤੇ ਮਹਾਸ਼ਾ ਦੋਨੋਂ ਖੁਸ਼ ਸਨ। ਉਹਨਾਂ ਨੂੰ ਖੁਸ਼ੀ ਇਸ ਗੱਲ ਦੀ ਸੀ ਕਿ ਘਰ ਬੈਠਿਆਂ-ਬਿਠਾਇਆਂ ਹੀ ਮੁਫਤ ਪੱਠੇ ਮਿਲ ਰਹੇ ਸਨ। ਤਿੰਨ ਦਿਨ ਤੱਕ ਤਾਂ ਚੌਧਰੀ ਉਹਨਾਂ ਦੇ ਘਰ ਪੱਠੇ ਪਹੁੰਚਾਉਂਦੇ ਰਹੇ ਪਰ ਬਾਅਦ ਵਿੱਚ ਉਹਨਾਂ ਨੇ ਬੰਦ ਕਰ ਦਿੱਤਾ। ਛੱਜੂ ਸ਼ਾਹ ਨੇ ਚੌਥੇ ਦਿਨ ਬੇਲਾ ਸਿੰਘ ਕੋਲ ਸ਼ਿਕਾਇਤ ਕੀਤੀ ਤਾਂ ਉਹ ਭੜਕ ਪਿਆ ਅਤੇ ਛੱਜੂ ਸ਼ਾਹ ਨਾਲ ਤਲਖ ਅਵਾਜ਼ ਵਿੱਚ ਬੋਲਿਆ ਕਿ ਉਹ ਉਹਦੀ ਮੱਝ ਲਈ ਪੱਠੇ ਲਿਆਵੇ ਤਾਂ ਆਪਣਾ ਡੰਗਰ-ਬੱਛਾ ਸਾਂਭੇ। ਜ਼ਰੂਰਤ ਹੈ ਤਾਂ ਆਪ ਜਾ ਕੇ ਉਹਦੇ ਖੇਤ 'ਚੋਂ ਪੱਠੇ ਵੱਢ ਲਿਆਵੇ। ਉਹ ਉਹਦਾ ਨੌਕਰ ਨਹੀਂ।

ਛੱਜੂ ਸ਼ਾਹ ਨੂੰ ਦੂਸਰਾ ਨੁਕਸਾਨ ਇਹ ਹੋਇਆ ਕਿ ਉਹਦੀ ਦੁਕਾਨ 'ਤੇ ਵਿੱਕਰੀ ਬੰਦ ਹੋ ਗਈ। ਚੌਧਰੀ ਲੋਕ ਲੂਣ ਤੇਲ ਤੋਂ ਬਿਨਾਂ ਘੱਟ ਹੀ ਚੀਜ਼ਾਂ ਖ੍ਰੀਦਦੇ ਸਨ। ਉਹਦੇ ਜ਼ਿਆਦਾ ਗਾਹਕ ਚਮਾਰ ਹੀ ਸਨ ਜਿਹਨਾਂ ਨੂੰ ਆਪਣੀ ਹਰ ਜ਼ਰੂਰਤ ਲਈ ਉਹਦੇ ਕੋਲ ਆਉਣਾ ਪੈਂਦਾ ਸੀ।

ਪੰਜਵੇਂ ਦਿਨ ਚੌਧਰੀ ਹਰਨਾਮ ਸਿੰਘ ਦੇ ਖੇਤ ਵਿੱਚ ਪੱਠੇ ਲਿਆਉਂਦਿਆਂ ਰਾਹ ਵਿੱਚ ਮਹਾਸ਼ੇ ਤੀਰਥ ਰਾਮ ਦੀ ਗਰਦਨ ਵਿੱਚ ਵਲ ਪੈ ਗਿਆ। ਉਹ ਬਹੁਤ ਮੁਸ਼ਕਿਲ ਨਾਲ ਪਿੰਡ ਤੱਕ ਪਹੁੰਚਿਆ ਅਤੇ ਆਪਣੀ ਦੁਕਾਨ ਤੋਂ ਥੋੜ੍ਹਾ ਪਰ੍ਹੇ ਹੀ ਪੱਠਿਆਂ ਦੀ ਭਰੀ ਸੁੱਟ ਕੇ ਬੈਠ ਗਿਆ। ਉਹਨੂੰ ਨਿਢਾਲ ਦੇਖ ਕੇ ਘੜੰਮ ਚੌਧਰੀ ਥੜ੍ਹੇ ਤੋਂ ਹੇਠਾਂ ਉਤਰ ਆਇਆ ਅਤੇ ਹਸਦਾ ਹੋਇਆ ਬੋਲਿਆ:

"ਰੰਡੀਆਂ ਨੂੰ ਵੀ ਚਰਖਾ ਕੱਤਣਾ ਪੈ ਗਿਆ ਹੈ। ਮਹਾਸ਼ੇ, ਪੱਠੇ ਢੋਣੇ ਡੰਡੀਮਾਰਾਂ ਅਤੇ ਸੂਦਖੋਰਾਂ ਦੇ ਵੱਸ ਦੀ ਗੱਲ ਨਹੀਂ।"

ਮਹਾਸ਼ੇ ਨੂੰ ਗੁੱਸਾ ਤਾਂ ਬਹੁਤ ਆਇਆ ਪਰ ਉਹ ਗੱਲ ਨੂੰ ਟਾਲਦਾ ਹੋਇਆ ਬੋਲਿਆ:

"ਇਹਨਾਂ ਚਮਾਰਾਂ ਨੇ ਨੱਕ ਵਿੱਚ ਦਮ ਕਰ ਦਿੱਤਾ ਹੈ। ਸਾਲੇ ਫਾਕੇ ਕੱਟ ਰਹੇ ਹਨ ਪਰ ਸੀਸ ਨਹੀਂ ਨਿਵਾਉਂਦੇ।"

ਡਾਕਟਰ ਵਿਸ਼ਨਦਾਸ ਚਹਿਕਦਾ ਹੋਇਆ ਬੋਲਿਆ:

"ਚਾਚਾ ਤੀਰਥ ਰਾਮਾ, ਪ੍ਰੋਲੇਤਾਰੀ ਦੁਨੀਆ ਦੀ ਸਭ ਤੋਂ ਵੱਡੀ ਇਨਕਲਾਬੀ ਤਾਕਤ ਹੈ। ਉਹਨਾਂ ਦੇ ਅੱਗੇ ਕੋਈ ਨਹੀਂ ਠਹਿਰ ਸਕਦਾ। ਉਹਨਾਂ ਦਾ ਮੁਕਾਬਲਾ ਲੱਖਾਂ ਕ੍ਰੋੜਾਂ ਫੌਜਾਂ ਦਾ ਮਾਲਕ ਰੂਸ ਦਾ ਮਹਾਰਾਜਾ, ਜ਼ਾਰ ਨਾ ਕਰ ਸੱਕਿਆ ਤਾਂ ਇਸ ਪਿੰਡ ਦੇ ਚੌਧਰੀ ਕਿਸ ਬਾਗ ਦੀ ਮੂਲੀ ਹਨ।"

ਮਹਾਸ਼ੇ ਨੇ ਘੂਰ ਕੇ ਡਾਕਟਰ ਵੱਲ ਦੇਖਿਆ ਅਤੇ ਤਲਖ ਅਵਾਜ਼ ਵਿੱਚ ਬੋਲਿਆ:

"ਵਿਸ਼ਨਦਾਸਾ, ਇਸ ਵੇਲੇ ਦੌੜ ਜਾ ਇੱਥੋਂ। ਸਾਰੀ ਉਮਰ ਦੀ ਰੱਖੀ-ਰਖਾਈ ਵਿਗੜ ਜਾਊਗੀ।"

"ਇੰਪੀਰੀਅਲਿਸਟ ਅਤੇ ਕੈਪਟਲਿਸਟ ਤਬਕੇ ਆਪਣੀ ਹਾਰ ਤੋਂ ਪਹਿਲਾਂ ਬੁਖਲਾਹਟ ਦਾ ਸ਼ਿਕਾਰ ਹੋ ਹੀ ਜਾਂਦੇ ਹਨ। ਉਸ ਵੇਲੇ ਉਹਨਾਂ ਨੂੰ ਆਪਣੇ-ਪਰਾਏ ਦਾ ਹੋਸ਼ ਨਹੀਂ ਰਹਿੰਦਾ।"

ਡਾਕਟਰ ਮਹਾਸ਼ੇ ਦੇ ਜਵਾਬ ਦੀ ਉਡੀਕ ਕੀਤੇ ਬਿਨਾਂ ਹੀ ਤੇਜ਼-ਤੇਜ਼ ਕਦਮ ਚੁੱਕਦਾ ਗਲੀ ਵਿੱਚ ਵੜ ਗਿਆ ਤਾਂ ਕਿ ਕਾਮਰੇਡ ਟਹਿਲ ਸਿੰਘ ਨਾਲ ਨਵੀਂ ਸਥਿਤੀ ਬਾਰੇ ਗੱਲਬਾਤ ਕਰ ਸਕੇ।

ਚਮ੍ਹਾਰਲੀ ਦੇ ਖੂਹ ਉੱਤੇ ਬੈਠਾ ਕਾਲੀ, ਡਾਕਟਰ ਨੂੰ ਦੇਖਦਿਆਂ ਹੀ ਉੱਠ ਕੇ ਉਹਦੇ ਵੱਲ ਵਧਿਆ।

"ਡਾਕਟਰ ਜੀ, ਮੈਂ ਤੁਹਾਡਾ ਹੀ ਰਸਤਾ ਦੇਖ ਰਿਹਾ ਸੀ।"

"ਤੂੰ ਮੇਰੇ ਨਾਲ ਨਾ ਆ। ਚੋਅ ਦੇ ਰਸਤੇ ਟਾਹਲੀਆਂ ਦੀ ਝਿੜੀ ਵਿੱਚ ਪਹੁੰਚ ਜਾ। ਮੈਂ ਕਾਮਰੇਡ ਟਹਿਲ ਸਿੰਘ ਨੂੰ ਲੈ ਕੇ ਉੱਥੇ ਆਉਂਦਾ। ਉੱਥੇ ਮੀਟਿੰਗ ਕਰਾਂਗੇ।" ਡਾਕਟਰ ਅੱਗੇ ਵੱਧ ਗਿਆ।

ਕਾਲੀ ਨੂੰ ਡਾਕਟਰ ਦੇ ਰਵੱਈਏ 'ਤੇ ਕੁੱਝ ਹੈਰਾਨੀ ਵੀ ਹੋਈ ਅਤੇ ਕੁੱਝ ਗੁੱਸਾ ਵੀ ਆਇਆ। ਪਰ ਉਹ ਉੱਥੇ ਹੀ ਰੁਕ ਗਿਆ। ਪਰ ਇਸ ਆਸ ਨਾਲ ਉਹ ਟਾਹਲੀਆਂ ਦੀ ਝਿੜੀ ਵੱਲ ਤੁਰ ਪਿਆ ਕਿ ਸ਼ਾਇਦ ਉਹ ਕੁਝ ਮਦਦ ਕਰ ਸਕਣ ਅਤੇ ਫਾਕਿਆਂ ਤੱਕ ਨੌਬਤ ਨਾ ਆਵੇ।

ਦਿਨ ਕਾਫੀ ਢਲ ਗਿਆ ਸੀ ਜਦੋਂ ਕਾਲੀ ਨੂੰ ਡਾਕਟਰ ਅਤੇ ਕਾਮਰੇਡ ਟਹਿਲ ਸਿੰਘ ਝਿੜੀ ਵੱਲ ਆਉਂਦੇ ਦਿਖਾਈ ਦਿੱਤੇ। ਉਹ ਉਤਸੁਕਤਾ ਨਾਲ ਉਹਨਾਂ ਦੀ ਉਡੀਕ ਕਰਨ ਲੱਗਾ ਅਤੇ ਉਹਨਾਂ ਦੀ ਰਫਤਾਰ ਸੁਸਤ ਦੇਖ ਉਹ ਉਹਨਾਂ ਵੱਲ ਵੱਧ ਗਿਆ। ਉਹ ਉਹਨਾਂ ਦੇ ਕੋਲ ਪਹੁੰਚਿਆ ਤਾਂ ਟਹਿਲ ਸਿੰਘ ਨੇ ਲਾਲ ਸਲਾਮ ਕਰਕੇ ਕਾਲੀ ਦੇ ਨਾਲ ਹੱਥ ਮਿਲਾਇਆ। ਉਹਨੂੰ ਟਹਿਲ ਸਿੰਘ ਦੇ ਨਾਲ ਹੱਥ ਮਿਲਾ ਕੇ ਖੁਸ਼ੀ ਹੋਈ ਕਿਉਂਕਿ ਗਰੀਬ ਤੋਂ ਗਰੀਬ ਜੱਟ ਵੀ ਚਮਾਰ ਦੇ ਨਾਲ ਹੱਥ ਨਹੀਂ ਮਿਲਾਉਂਦਾ ਸੀ।

ਝਿੜੀ ਦੇ ਕੋਲ ਪਹੁੰਚ ਕੇ ਉਹ ਘੁੰਮ ਕੇ ਚੋਅ ਵਿੱਚ ਡੂੰਘੇ ਟੋਏ ਦੀ ਢਲਾਨ ਵਿੱਚ ਜਾ ਬੈਠੇ। ਕਾਮਰੇਡ ਟਹਿਲ ਸਿੰਘ ਨੇ ਡਾਕਟਰ ਅਤੇ ਕਾਲੀ ਨੂੰ ਸਿਗਰਟ ਦੇ ਕੇ ਆਪ ਵੀ ਸਿਗਰਟ ਸੁਲਗਾ ਲਈ ਅਤੇ ਦੋ ਚਾਰ ਕਸ਼ ਖਿੱਚ ਕੇ ਬੋਲਿਆ:

"ਕਾਮਰੇਡ, ਕੀ ਪੁਜੀਸ਼ਨ ਹੈ। ਡਾਕਟਰ ਪਹਿਲਾਂ ਤੂੰ ਦੱਸ ਕਿ ਕੈਪਟਲਿਸਟ ਕੈਂਪ ਦਾ ਕੀ ਹਾਲ ਹੈ?"

"ਉਹਨਾਂ ਦੇ ਕਦਮ ਡਗਮਗਾ ਗਏ ਹਨ। ਆਪਣੀ ਹਾਰ ਤੋਂ ਪਹਿਲਾਂ ਉਹ ਬੁਖਲਾਹਟ ਦਾ ਸ਼ਿਕਾਰ ਹੋ ਗਏ ਹਨ। ਉਹਨਾਂ ਵਿੱਚ ਆਪਸੀ ਫੁੱਟ ਪੈਣ ਲੱਗੀ ਹੈ।" ਡਾਕਟਰ ਜੋਸ਼ ਵਿੱਚ ਆ ਗਿਆ। "ਉਹਨਾਂ ਉੱਤੇ ਥੋੜ੍ਹਾ-ਜਿਹਾ ਦਬਾਅ ਹੋਰ ਪਾਇਆ ਜਾਏ ਤਾਂ ਉਹ ਮੈਦਾਨ ਛੱਡ ਦੇਣਗੇ।"

ਕਾਮਰੇਡ ਟਹਿਲ ਸਿੰਘ ਡਾਕਟਰ ਦੀ ਹਰ ਗੱਲ 'ਤੇ ਸਿਰ ਹਿਲਾਉਂਦਾ ਰਿਹਾ ਅਤੇ ਪਹਿਲੀ ਸਿਗਰਟ ਖਤਮ ਹੋ ਗਈ ਤਾਂ ਉਹਦੇ ਨਾਲ ਹੀ ਨਵੀਂ ਸਿਗਰਟ ਸੁਲਗਾ ਕੇ ਕਾਲੀ ਵੱਲ ਦੇਖਦਾ ਹੋਇਆ ਬੋਲਿਆ:

"ਕਾਮਰੇਡ, ਤੇਰੇ ਮੁਹੱਲੇ 'ਚ ਕੀ ਪੁਜੀਸ਼ਨ ਹੈ?"

"ਬਹੁਤ ਬੁਰੀ ਹੈ।" ਕਾਲੀ ਨੇ ਝੱਟ ਜੁਆਬ ਦਿੱਤਾ ਅਤੇ ਫਿਰ ਆਪਣੀ ਗੱਲ ਦੀ ਵਿਆਖਿਆ ਕਰਦਾ ਹੋਇਆ ਬੋਲਿਆ:

"ਕੁੱਛ ਲੋਕਾਂ ਕੋਲ ਚੁੱਲ੍ਹਿਆਂ ਵਿੱਚ ਬਾਲਣ ਲਈ ਬਾਲਣ ਅਤੇ ਪਕਾਉਣ ਲਈ ਅੰਨ ਨਹੀਂ ਹੈ। ਉਹਨਾਂ ਦੇ ਹੌਂਸਲੇ ਟੁੱਟ ਰਹੇ ਹਨ। ਇਕ ਔਰਤ ਤਾਂ ਚੌਧਰੀ ਹਰਨਾਮ ਸਿੰਘ ਦੇ ਕਾਮੇ ਮੰਗੂ ਦੇ ਘਰ ਗਈ ਸੀ ਕਿ ਉਹ ਉਹਦੇ ਘਰ ਵਾਲੇ ਅਤੇ ਪੁੱਤ ਨੂੰ ਕੰਮ ਦਿਵਾ ਦੇਵੇ। ਮੈਂ ਉਹਨੂੰ ਆਪਣਾ ਸਾਰਾ ਅੰਨ ਦਿੱਤਾ ਤਾਂ ਫਿਰ ਕਿਤੇ ਜਾ ਕੇ ਉਹਨੇ ਆਪਣਾ ਇਰਾਦਾ ਬਦਲਿਆ।"

"ਕਾਮਰਡੇ, ਤੇਰੀ ਅਪਰੋਚ ਰਿਫਾਰਮਿਸਟ (ਸੁਧਾਰਵਾਦੀ) ਹੈ। ਏਦਾਂ ਦੀਆਂ ਗੱਲਾਂ ਨਾਲ ਪ੍ਰੋਲੇਤਾਰੀ ਤਬਕੇ ਦੀ ਇਨਕਲਾਬੀ ਸਪਿਰਟ ਕਮਜ਼ੋਰ ਹੋ ਜਾਂਦੀ ਹੈ। ਉਹਨਾਂ ਨੂੰ ਸਮਝਾਉ ਕਿ ਕੁਰਬਾਨੀ ਲਈ ਤਿਆਰ ਰਹਿਣ ... ਅੱਛਾ ਅੱਗੇ ਦੱਸ।"

ਕਾਲੀ ਹੈਰਾਨੀ ਨਾਲ ਉਹਦੇ ਵੱਲ ਦੇਖਦਾ ਹੋਇਆ ਬੋਲਿਆ:

"ਜੇ ਇਹ ਹਾਲਤ ਰਹੀ ਤਾਂ ਲੋਕ ਜ਼ਿਆਦਾ ਤੋਂ ਜ਼ਿਆਦਾ ਇਕ ਦੋ ਦਿਨ ਹੋਰ ਕੱਢ ਸਕਣਗੇ। ਕੰਮ ਧੰਦਾ ਮਿਲਦਾ ਨਹੀਂ, ਪਹਿਲਾਂ ਪੈਸਾ ਨਹੀਂ ਹੈ ... ਏਦਾਂ ਦੀ ਹਾਲਤ ਵਿੱਚ ਉਹ ਕਿੰਨੇ ਦਿਨ ਮੁਕਾਬਲਾ ਕਰਨਗੇ। ਇਕ ਦਿਨ ਫਾਕਾ ਕੱਟਣਾ ਪਿਆ ਤਾਂ ਉਹ ਚੌਧਰੀਆਂ ਦੇ ਪੈਰਾਂ 'ਚ ਜਾ ਡਿਗਣਗੇ।"

ਕਾਮਰੇਡ ਟਹਿਲ ਸਿੰਘ ਸੋਚ ਵਿੱਚ ਪੈ ਗਿਆ ਅਤੇ ਡਾਕਟਰ ਨੂੰ ਸੰਬੋਧਿਤ ਹੁੰਦਾ ਬੋਲਿਆ:

"ਕਾਮਰੇਡ, ਏਦਾਂ ਲੱਗਦਾ ਹੈ ਕਿ ਤੇਰੇ ਪਿੰਡ ਵਿੱਚ ਪ੍ਰੋਲੇਤਾਰੀ ਤਬਕੇ ਦੀ ਜਥੇਬੰਦੀ ਕਮਜ਼ੋਰ ਹੈ ਅਤੇ ਇਹਨਾਂ ਦੀ ਜਥੇਬੰਦੀ ਉਦੋਂ ਹੀ ਕਮਜ਼ੋਰ ਹੁੰਦੀ ਹੈ ਜਦੋਂ ਉਹਨਾਂ ਦੇ ਜ਼ਿਹਨ ਸਾਫ ਨਾ ਹੋਣ ਅਤੇ ਉਹ ਆਈਡਿਲੌਜੀਕਲੀ ਅਜੇ ਕੱਚੇ ਹੋਣ।... ਮੇਰੇ ਖਿਆਲ ਵਿੱਚ ਤੂੰ ਸਮੇਂ ਤੋਂ ਪਹਿਲਾਂ ਹੀ ਸਟ੍ਰਗਲ ਸ਼ੁਰੂ ਕਰਾ ਦਿੱਤੀ ਹੈ।"

"ਕਾਮਰੇਡ, ਮੇਰਾ ਖਿਆਲ ਹੈ ਕਿ ਪ੍ਰੋਲੇਤਾਰੀ ਤਬਕੇ ਦਾ ਜ਼ਿਹਨ ਸਟ੍ਰਗਲ ਦੇ ਦੌਰਾਨ ਹੀ ਪੱਕਾ ਹੁੰਦਾ ਹੈ। ਇਹ ਗੱਲ ਇਤਿਹਾਸਕ ਹਵਾਲਿਆਂ ਨਾਲ ਵੀ ਸਿੱਧ ਹੋ ਜਾਂਦੀ ਹੈ। ਰੂਸ ਵਿੱਚ ਪਹਿਲਾ ਇਨਕਲਾਬ ਇਸ ਲਈ ਕਾਮਯਾਬ ਨਹੀਂ ਹੋਇਆ ਸੀ ਕਿਉਂਕਿ ਜਨਤਾ ਨੇ ਪਹਿਲਾਂ ਕੋਈ ਸਟ੍ਰਗਲ ਨਹੀਂ ਕੀਤੀ ਸੀ।"

"ਪਰ ਦੂਸਰੇ ਕਾਮਯਾਬ ਇਨਕਲਾਬ ਨਾਲ ਇਹ ਗੱਲ ਵੀ ਸਿੱਧ ਹੁੰਦੀ ਹੈ ਕਿ ਪ੍ਰੋਲੇਤਾਰੀ ਤਬਕੇ ਦੇ ਜ਼ਿਹਨ ਜਦੋਂ ਸਾਫ ਹੋਣ ਅਤੇ ਉਹ ਆਈਡਿਲੌਜੀਕਲੀ ਪੱਕੇ ਹੋਣ ਤਾਂ ਕਾਮਯਾਬੀ ਯਕੀਨੀ ਹੈ।" ਕਾਮਰੇਡ ਟਹਿਲ ਸਿੰਘ ਨੇ ਜੁਆਬ ਦਿੱਤਾ।

ਹਨ੍ਹੇਰਾ ਵੱਧ ਗਿਆ ਸੀ ਅਤੇ ਉਹਨਾਂ ਦੀ ਬਹਿਸ ਦਾ ਕੋਈ ਅੰਤ ਨਜ਼ਰ ਨਹੀਂ ਆਉਂਦਾ ਸੀ। ਕਾਲੀ ਬੇਚੈਨੀ ਨਾਲ ਪਾਸਾ ਬਦਲਦਾ ਹੋਇਆ ਬੋਲਿਆ:

"ਜੇ ਤੁਸੀਂ ਅੰਨ ਦਾ ਬੰਦੋਬਸਤ ਕਰ ਦਿਉ ਤਾਂ ਬਾਈਕਾਟ ਜਾਰੀ ਰੱਖਿਆ ਜਾ ਸਕਦਾ ਹੈ।"

"ਕਾਮਰੇਡ, ਮੈਂ ਤੈਨੂੰ ਪਹਿਲਾਂ ਵੀ ਸਮਝਾ ਚੁੱਕਿਆ ਹਾਂ ਕਿ ਇਹ ਗੱਲ ਇਨਕਲਾਬੀ ਸਪਿਰਟ ਦੇ ਖਿਲਾਫ ਹੈ। ... ਮੇਰੇ ਖਿਆਲ ਵਿੱਚ ਇਸ ਬਾਰੇ ਪ੍ਰਾਪੇਗੰਡੇ ਦੀ ਰਫਤਾਰ ਤੇਜ਼ ਕਰ ਦੇਣੀ ਚਾਹੀਦੀ ਹੈ। ਇਸ ਮੁਕਾਮੀ (ਸਥਾਨਕ) ਸਟ੍ਰਗਲ ਨੂੰ 'ਮਾਸ ਮੂਵਮੈਂਟ' ਬਣਾਉਣਾ ਜ਼ਰੂਰੀ ਹੈ।... ਕਾਮਰੇਡ ਸਮਾਂ ਆ ਗਿਆ ਹੈ ਕਿ ਅਸੀਂ ਖੁਲ੍ਹ ਕੇ ਮੈਦਾਨ ਵਿੱਚ ਆ ਜਾਈਏ ਅਤੇ ਜਲਸਿਆਂ ਦਾ ਪ੍ਰੋਗਰਾਮ ਸ਼ੁਰੂ ਕੀਤਾ ਜਾਵੇ। ਪਹਿਲਾ ਜਲਸਾ ਤੁਹਾਡੇ ਪਿੰਡ ਵਿੱਚ ਹੀ ਕੀਤਾ ਜਾਵੇਗਾ।" ਟਹਿਲ ਸਿੰਘ ਨੇ ਡਾਕਟਰ ਨੂੰ ਸੰਬੋਧਿਤ ਹੁੰਦਿਆਂ ਕਿਹਾ।

"ਕਿਸ ਦਿਨ?" ਡਾਕਟਰ ਨੇ ਉਤਸੁਕਤਾ ਨਾਲ ਪੁੱਛਿਆ।

"ਪਰਸੋਂ ਸ਼ਾਮ ਨੂੰ ਰੱਖ ਲਉ। ਪਿੰਡ ਵਿੱਚ ਜਲਸੇ ਲਈ ਲੰਮੀ-ਚੌੜੀ ਤਿਆਰੀ ਦੀ ਜ਼ਰੂਰਤ ਨਹੀਂ ।"

"ਠੀਕ ਹੈ।" ਡਾਕਟਰ ਨੇ ਖੁਸ਼ ਹੋ ਕੇ ਜੁਆਬ ਦਿੱਤਾ ਅਤੇ ਉਹ ਕੱਪੜੇ ਝਾੜਦੇ ਹੋਏ ਉੱਠ ਖੜ੍ਹੇ ਹੋਏ ਅਤੇ ਲਾਲ-ਸਲਾਮ ਕਹਿ ਕੇ ਆਪਣੇ-ਆਪਣੇ ਪਿੰਡ ਵੱਲ ਹੋ ਤੁਰੇ।

ਘੋੜੇਵਾਹੇ ਦੀ ਡੰਡੀ ਤੱਕ ਕਾਲੀ ਅਤੇ ਡਾਕਟਰ ਨਾਲ ਨਾਲ ਆਏ। ਡਾਕਟਰ ਉਹਨੂੰ ਸਮਝਾਉਂਦਾ ਰਿਹਾ ਕਿ ਪਿੰਡ ਦੀ ਇਸ ਛੋਟੀ-ਜਿਹੀ ਸਟ੍ਰਗਲ ਨੂੰ ਕਿਵੇਂ ਜਨਤਾ ਦੇ ਸੰਘਰਸ਼ ਵਿੱਚ ਬਦਲ ਦਿੱਤਾ ਜਾਏਗਾ। ਪਰ ਕਾਲੀ ਦਾ ਇਹ ਸੋਚ ਕੇ ਦਿਲ ਬੈਠਦਾ ਜਾ ਰਿਹਾ ਸੀ ਕਿ ਲੋਕ ਕੱਲ੍ਹ ਨੂੰ ਖਾਣ-ਪੀਣ ਦਾ ਬੰਦੋਬਸਤ ਨਾ ਕਰ ਸਕੇ ਤਾਂ ਉਹ ਚੌਧਰੀਆਂ ਦੇ ਪੈਰਾਂ ਉੱਤੇ ਜਾ ਡਿਗਣਗੇ। ਡੰਡੀ ਦੇ ਕੋਲ ਆ ਕੇ ਕਾਲੀ ਚੋਅ ਦੇ ਰਸਤੇ ਰਾਹੀਂ ਅਤੇ ਡਾਕਟਰ ਖੇਤਾਂ ਵਿੱਚ ਦੀ ਹੁੰਦਾ ਹੋਇਆ ਪਿੰਡ ਵੱਲ ਨੂੰ ਹੋ ਤੁਰਿਆ।

ਕਾਲੀ ਦੇ ਘਰ ਪਹੁੰਚਦਿਆਂ ਹੀ ਗਿਆਨੋ ਆ ਗਈ ਅਤੇ ਉਹਦੇ ਕੰਨ ਵਿੱਚ ਬੋਲੀ:

"ਤੂੰ ਆਪਣਾ ਸਾਰਾ ਅੰਨ ਪ੍ਰੀਤੋ ਨੂੰ ਦੇ ਦਿੱਤਾ?"

"ਤੈਨੂੰ ਕਿਹਨੇ ਦੱਸਿਆ?"

"ਮੈਨੂੰ ਪਤਾ।" ਉਹ ਚਹਿਕਦੀ ਹੋਈ ਬੋਲੀ:

"ਪਰ ਇਹ ਦੱਸ ਤੂੰ ਹੁਣ ਕਿੱਥੋਂ ਖਾਊਂਗਾ? ਕੀ ਭੁੱਖਾ ਰਹੂੰਗਾ?"

"ਮੈਂ ਵੀ ਬਾਕੀ ਮੁਹੱਲੇ ਦੇ ਨਾਲ ਹਾਂ।"

"ਇਹ ਲੈ ਰੋਟੀ।" ਗਿਆਨੋ ਨੇ ਝੋਲੀ ਵਿੱਚੋਂ ਰੋਟੀਆਂ ਕੱਢ ਕੇ ਉਹਦੇ ਹੱਥਾਂ 'ਤੇ ਰੱਖ ਦਿੱਤੀਆਂ। ਕਾਲੀ ਹੈਰਾਨੀ ਨਾਲ ਉਹਦੀ ਵੱਲ ਦੇਖਣ ਲੱਗਾ।

ਗਿਆਨੋ ਦੇ ਜਾਣ ਬਾਅਦ ਛੇਤੀਂ ਹੀ ਪ੍ਰੀਤੋ ਅੰਦਰ ਆਈ ਤਾਂ ਕਾਲੀ ਦਾ ਰੰਗ ਫਕ ਹੋ ਗਿਆ। ਪ੍ਰੀਤੋ ਸੁੰਘਦੀ ਹੋਈ ਬੋਲੀ:

"ਵੇ ਕਾਲੀ, ਅੰਬ ਦੇ ਅਚਾਰ ਦੀ ਖੁਸ਼ਬੂ ਆ ਰਹੀ ਹੈ... ਕੀ ਤੇਰੇ ਘਰ ਵਿੱਚ ਅਚਾਰ ਹੈਗਾ?"

ਰੋਟੀਆਂ ਬਿਲਕੁਲ ਸਾਹਮਣੇ ਪਈਆਂ ਸਨ। ਇਸ ਲਈ ਕਾਲੀ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਉਹਨਾਂ ਨੂੰ ਲੁਕਾ ਨਾ ਸਕਿਆ ਅਤੇ ਅਚਾਰ ਚੁੱਕ ਕੇ ਪ੍ਰੀਤੋ ਦੀ ਤਲੀ 'ਤੇ ਰੱਖ ਦਿੱਤਾ।

"ਰੋਟੀ ਕਿੱਥੋਂ ਲਿਆਇਆਂ ... ਕੀ ਤੂੰ ਆਪ ਪਕਾਈ ਸੀ?" ਸਭ-ਕੁੱਝ ਦਾ ਪਤਾ ਹੁੰਦਿਆਂ ਵੀ ਪ੍ਰੀਤੋ ਨੇ ਪੁੱਛਿਆ।

"ਚਾਚੀ, ਤੈਨੂੰ ਅਚਾਰ ਚਾਹੀਦਾ ਸੀ, ਉਹ ਮਿਲ ਗਿਆ।" ਕਾਲੀ ਨੇ ਤਲਖ ਅਵਾਜ਼ ਵਿੱਚ ਕਿਹਾ।

"ਮੈਂ ਤਾਂ ਪੁੱਛਣ ਆਈ ਸੀ ਕਿ ਰੋਟੀ ਪਕਾਉਣੀ ਹੈ ਤਾਂ ਆਟਾ ਦੇ ਦੇ।" ਉਹ ਹੱਸਦੀ ਹੱਸਦੀ ਬਾਹਰ ਨਿਕਲ ਗਈ।

ਕਾਲੀ ਡਿਉਢੀ ਨੂੰ ਤਾਲਾ ਲਾ ਕੇ ਚਗਾਨ ਵਿੱਚ ਆ ਗਿਆ। ਉੱਥੇ ਤਾਇਆ ਬਸੰਤਾ, ਜੀਤੂ, ਬੰਤੂ, ਸੰਤੂ, ਬਾਬਾ ਫੱਤਾ ਅਤੇ ਮੁਹੱਲੇ ਦੇ ਕਈ ਹੋਰ ਮਰਦ ਬੈਠੇ ਆਪਸ ਵਿੱਚ ਸਲਾਹ-ਮਸ਼ਵਰਾ ਕਰ ਰਹੇ ਸਨ। ਕੁੱਝ ਦੂਰੀ 'ਤੇ ਮੁਹੱਲੇ ਦੀਆਂ ਤੀਵੀਂਆਂ ਖੁਸਰ-ਫੁਸਰ ਵਿੱਚ ਲੱਗੀਆਂ ਹੋਈਆਂ ਸਨ। ਦੋਨਾਂ ਦੇ ਸਾਹਮਣੇ ਇਕ ਹੀ ਸਮੱਸਿਆ ਸੀ ਕਿ ਫਾਕਿਆਂ ਤੋਂ ਕਿਵੇਂ ਬਚਿਆ ਜਾਵੇ। ਤੀਵੀਂਆਂ ਬੱਚਿਆਂ ਦੀ ਸੰਹੁ ਖਾ ਰਹੀਆਂ ਸਨ ਕਿ ਉਹਨਾਂ ਕੋਲ ਖਾਣ ਪੀਣ ਨੂੰ ਕੁੱਛ ਨਹੀਂ ਹੈ। ਇਕ ਡੰਗ ਇਕ-ਅੱਧੀ ਰੋਟੀ ਖਾਧੀ ਹੈ ਅਤੇ ਬਾਕੀ ਦਿਨ ਪਾਣੀ ਪੀ-ਪੀ ਕੇ ਢਿੱਡ ਭਰਿਆ ਹੈ।

ਮਰਦ ਵੀ ਇਹ ਰੋਣਾ ਰੋ ਰਹੇ ਸਨ। ਉਹਨਾਂ ਦੇ ਫਿਕਰਾਂ ਭਰੇ, ਗੰਭੀਰ ਅਤੇ ਡਰੇ ਹੋਏ ਚਿਹਰੇ ਖਲਾਅ ਵਿੱਚ ਇਸ ਤਰ੍ਹਾਂ ਘੂਰ ਰਹੇ ਸਨ ਜਿਵੇਂ ਅਸਮਾਨ ਤੋਂ ਮੀਂਹ ਦੀ ਆਸ ਹੋਵੇ। ਜਿਹਨਾਂ ਲੋਕਾਂ ਦੇ ਘਰਾਂ ਵਿੱਚ ਅੰਨ ਸੱਚਮੁੱਚ ਖਤਮ ਹੋ ਗਿਆ ਸੀ ਉਹ ਬਹੁਤ ਉਦਾਸ ਸਨ।

"ਤਾਇਆ, ਹੁਣ ਕੀ ਬਣੂਗਾ?" ਜੀਤੂ ਨੇ ਗੰਭੀਰ ਅਵਾਜ਼ 'ਚ ਪੁੱਛਿਆ।

"ਮੈਂ ਕੀ ਦੱਸਾਂ।"

"ਉਸ ਵੇਲੇ ਤਾਂ ਤੂੰ ਚੌਧਰੀ ਬਣਿਆ ਹੋਇਆ ਸੀ ਹੁਣ ਕਹਿੰਦਾ ਕਿ ਕੀ ਦੱਸਾਂ।"

ਕੁੱਝ ਲੋਕਾਂ ਨੇ ਜੀਤੂ ਦਾ ਸਮਰਥਨ ਕੀਤਾ ਅਤੇ ਕੁੱਝ ਲੋਕ ਤਾਏ ਬਸੰਤੇ ਦਾ ਪੱਖ ਲੈਣ ਲੱਗੇ। ਬਹਿਸ-ਮੁਬਾਸੇ ਤੋਂ ਲੰਘ ਕੇ ਜਦੋਂ ਉਹ ਗਾਲੀ-ਗਲੋਚ ਅਤੇ ਹੱਥਾ-ਪਾਈ ਤੱਕ ਪਹੁੰਚ ਗਏ ਤਾਂ ਬਾਬਾ ਫੱਤਾ ਉਹਨਾਂ ਨੂੰ ਸਮਝਾਉਂਦਾ ਹੋਇਆ ਬੋਲਿਆ:

"ਦੇਖੋ, ਆਪਸ 'ਚ ਨਾ ਲੜੋ। ਭੁੱਖ ਨਾਲ ਅੰਤੜੀਆਂ ਪਹਿਲਾਂ ਹੀ ਕਮਜ਼ੋਰ ਹੋ ਗਈਆਂ ਹਨ। ਜ਼ਿਆਦਾ ਬੋਲੋਗੇ ਤਾਂ ਦਿਨਾਂ 'ਤੇ ਜਾ ਪਉਗੇ... ਇਕੱਠ ਵਿੱਚ ਬੜੀ ਤਾਕਤ ਹੈ।... ਹੌਂਸਲਾ ਰੱਖੋ... ਜੋ ਕੁੱਛ ਵੀ ਕਰਨਾ ਹੈ ਇਕ ਮੁੱਠ ਹੋ ਕੇ ਕਰੋ।" ਕਾਲੀ ਬਾਬੇ ਫੱਤੇ ਦੀ ਗੱਲ ਦਾ ਸਮਰਥਨ ਕਰਦਾ ਹੋਇਆ ਕਹਿਣ ਲੱਗਾ:

"ਜ਼ਿਆਦਾ ਬੋਲਣ ਨਾਲ ਭੁੱਖ ਘੱਟ ਨਹੀਂ ਹੋਊਗੀ, ਵਧੇਗੀ ਹੀ। ਤਾਏ ਬਸੰਤੇ ਨਾਲ ਕਿਉਂ ਲੜਦੇ ਹੋ। ਬਾਈਕਾਟ ਦਾ ਫੈਸਲਾ ਸਾਰਿਆਂ ਨੇ ਰੱਲ ਕੇ ਕੀਤਾ ਸੀ, ਇਕੱਲੇ ਤਾਏ ਬਸੰਤੇ ਨੇ ਨਹੀਂ ਕੀਤਾ ਸੀ।"

"ਕਾਲੀ ਤੂੰ ਦਿਨ ਕੱਟ ਸਕਦਾਂ, ਤੇਰੇ ਕੋਲ ਅੰਨ ਵੀ ਹੈ ਅਤੇ ਪੈਸੇ ਵੀ... ਪਰ ਉਹਨਾਂ ਲੋਕਾਂ ਦਾ ਕੀ ਬਣੂਗਾ ਜਿਹਨਾਂ ਦੇ ਢਿੱਡਾਂ ਦੇ ਨਾਲ ਨਾਲ ਘਰ ਵੀ ਖਾਲੀ ਹਨ।" ਸੰਤੂ ਨੇ ਕਿਹਾ।

"ਮੇਰੇ ਕੋਲ ਜਿੰਨਾ ਅੰਨ ਸੀ ਮੈਂ ਚਾਚੀ ਪ੍ਰੀਤੋ ਨੂੰ ਦੇ ਦਿੱਤਾ ਹੈ। ਜੇ ਯਕੀਨ ਨਹੀਂ ਤਾਂ ਉਹਤੋਂ ਪੁੱਛ ਲਉ।" ਕਾਲੀ ਨੇ ਉਤੇਜ਼ਿਤ ਅਵਾਜ਼ ਵਿੱਚ ਜਵਾਬ ਦਿੱਤਾ।

"ਪ੍ਰੀਤੋ ਨੂੰ ਅੰਨ ਦੇ ਦਿੱਤਾ ਤਾਂ ਕੀ ਹੋ ਗਿਆ। ਤੈਨੂੰ ਪੱਕੇ-ਪਕਾਏ ਪਕਵਾਨ ਆ ਜਾਂਦੇ ਹਨ।" ਬੰਤੂ ਨੇ ਕਿਹਾ। ਕਾਲੀ ਜਵਾਬ ਵਿੱਚ ਕੁੱਝ ਨਾ ਕਹਿ ਸਕਿਆ। ਬਾਕੀ ਲੋਕਾਂ ਨੇ ਸਿਰਫ ਉਹਦੀ ਵੱਲ ਧਿਆਨ ਨਾਲ ਦੇਖਿਆ ਅਤੇ ਆਪਣਾ ਸਾਰਾ ਦੁੱਖ-ਦਰਦ ਭੁੱਲ ਕੇ ਮੁਸਕਰਾ ਪਏ।

ਸੰਤੂ ਅਤੇ ਜੀਤੂ ਬਾਈਕਾਟ ਖਤਮ ਕਰਨ ਅਤੇ ਚੌਧਰੀਆਂ ਤੋਂ ਮਾਫੀ ਮੰਗ ਲੈਣ ਲਈ ਜ਼ੋਰ ਪਾ ਰਹੇ ਸਨ ਕਿ ਕਾਲੀ ਉੱਥੋਂ ਉੱਠ ਕੇ ਚਲਾ ਗਿਆ। ਉਹ ਥੋੜ੍ਹੀ ਦੂਰ ਹੀ ਗਿਆ ਸੀ ਕਿ ਬੰਤੂ ਵੱਲ ਝੁਕਦਾ ਹੋਇਆ ਸੰਤੂ ਬੋਲਿਆ:

"ਕੌਣ ਲਿਆ ਕੇ ਦਿੰਦਾ, ਇਹਦੇ ਲਈ ਪਕਵਾਨ?"

"ਗਿਆਨੋ...।" ਉਹਨੇ ਸੰਤੂ ਦੇ ਕੰਨ ਵਿੱਚ ਕਿਹਾ।

"ਮੈਂ ਇਹ ਤਾਂ ਸੁਣਿਆ ਸੀ ਦੋਨਾਂ ਦਾ ਆਪਸ ਵਿੱਚ ਅੱਖ-ਮਟੱਕਾ ਚੱਲ ਰਿਹਾ ਹੈ।" ਸੰਤੂ ਬੋਲਿਆ।

"ਅੱਖ-ਮਟੱਕਾ ਤਾਂ ਪੁਰਾਣੀ ਗੱਲ ਹੋ ਗਈ ਹੈ... ਪ੍ਰੀਤੋਂ ਤੋਂ ਕਦੇ ਪੁੱਛੀਂ, ਉਹ ਤੈਨੂੰ ਪੂਰੀ ਕਹਾਣੀ ਦੱਸੂਗੀ।"

ਕਾਲੀ ਚੋਅ ਥਾਣੀਂ ਹੁੰਦਾ ਹੋਇਆ ਲਾਲੂ ਭਲਵਾਨ ਦੀ ਹਵੇਲੀ ਚਲਾ ਗਿਆ। ਲੋਹੇ ਦੀਆਂ ਚਾਦਰਾਂ ਵਾਲਾ ਫਾਟਕ ਬੰਦ ਸੀ। ਕਾਲੀ ਨੇ ਹੌਲੀ ਦੇਣੀ ਉਹਦਾ ਇਕ ਪੱਟ ਖੋਲ੍ਹ ਦਿੱਤਾ। ਭਲਵਾਨ ਵਰਾਂਢੇ ਤੋਂ ਬਾਹਰ ਇਕੱਲਾ ਲੰਮਾ ਪਿਆ ਸੀ। ਕਾਲੀ ਨੂੰ ਆਪਣੀ ਵੱਲ ਆਉਂਦਾ ਦੇਖ ਕੇ ਉਹ ਉੱਠ ਪਿਆ ਅਤੇ ਉੱਚੀ ਅਵਾਜ਼ ਵਿੱਚ ਲਲਕਾਰਦਾ ਹੋਇਆ ਬੋਲਿਆ:

"ਕੌਣ ਹੈ?"

"ਮੈਂ ਹਾਂ ... ਕਾਲੀ, ਮਾਖੇ ਦਾ ਪੁੱਤ।" ਕਾਲੀ ਨੇ ਉਹਦੇ ਵੱਲ ਤੇਜ਼ ਕਦਮ ਪੁੱਟਦਿਆਂ ਕਿਹਾ। ਲਾਲੂ ਭਲਵਾਨ ਦਾ ਲਹਿਜਾ ਇਕਦਮ ਨਰਮ ਹੋ ਗਿਆ। ਕਾਲੀ ਜਦੋਂ ਉਹਦੇ ਮੰਜੇ ਕੋਲ ਪਹੁੰਚਿਆ ਤਾਂ ਲਾਲੂ ਭਲਵਾਨ ਨੇ ਪੁੱਛਿਆ:

"ਸੁਣਾ, ਕਿਵੇਂ ਆਇਆਂ?"

"ਬਹੁਤ ਜ਼ਰੂਰੀ ਕੰਮ ਆਇਆਂ।" ਕਹਿ ਕੇ ਕਾਲੀ ਰੁਕ ਗਿਆ।

ਕਾਲੀ ਨੇ ਕੁੱਝ ਪਲਾਂ ਲਈ ਕੋਈ ਜਵਾਬ ਨਾ ਦਿੱਤਾ ਤਾਂ ਭਲਵਾਨ ਦੇ ਫਿਰ ਪੁੱਛਿਆ। ਕਾਲੀ ਰੁੱਕ-ਰੁੱਕ ਕੇ ਬੋਲਿਆ:

"ਚਮ੍ਹਾਰਲੀ ਦੇ ਕਈ ਘਰਾਂ ਵਿੱਚ ਅੰਨ ਦਾ ਇਕ ਦਾਣਾ ਨਹੀਂ ਹੈ। ਕਿਸੇ ਨੇ ਅੱਧੀ ਰੋਟੀ ਖਾਧੀ ਹੈ ਅਤੇ ਕਿਸੇ ਨੇ ਚੱਪਾ; ਕੁਛ ਲੋਕਾਂ ਨੇ ਤਾਂ ਪਾਣੀ ਪੀ-ਪੀ ਕੇ ਢਿੱਡ ਭਰਿਆ।"

ਲਾਲੂ ਭਲਵਾਨ ਸੋਚ ਵਿੱਚ ਪੈ ਗਿਆ ਅਤੇ ਕੁੱਝ ਪਲਾਂ ਬਾਅਦ ਬੋਲਿਆ:

"ਤਾਂ ਫਿਰ ਮੇਰੇ ਕੋਲੋਂ ਕੀ ਚਾਹੁੰਦੇ ਹੋ?"

"ਜੇ ਤੁਸੀਂ ਦੋ ਮਨ ਅੰਨ ਦੇ ਦਿਉਂ ਤਾਂ ਸਾਡੇ ਲੋਕਾਂ ਦੇ ਦੋ-ਚਾਰ ਦਿਨ ਨਿਕਲ ਜਾਣਗੇ।"

ਲਾਲੂ ਭਲਵਾਨ ਫਿਰ ਸੋਚ ਵਿੱਚ ਪੈ ਗਿਆ ਅਤੇ ਬਹੁਤ ਉਦਾਸ ਅਵਾਜ਼ ਵਿੱਚ ਬੋਲਿਆ:

"ਕਾਲੀ ਦਾਸ, ਮੈਂ ਤੈਨੂੰ ਦੋ ਦੀ ਬਜਾਏ ਚਾਰ ਮਨ ਅਨਾਜ ਦੇ ਦਿੰਦਾ ਪਰ ਮੈਂ ਬਚਨ ਦਾ ਬੱਝਿਆ ਹੋਇਆ ਹਾਂ। ਜਦੋਂ ਤੱਕ ਬਾਈਕਾਟ ਜਾਰੀ ਹੈ ਮੈਂ ਤੈਨੂੰ ਪਾਈਆ ਅੰਨ ਨਹੀਂ ਦੇ ਸਕਦਾ। ਬਾਈਕਾਟ ਖਤਮ ਹੋ ਜਾਵੇ ਤਾਂ ਚਾਹੇ ਦਸ ਮਨ ਲੈ ਜਾਈਂ।"

ਲਾਲੂ ਭਲਵਾਨ ਦਾ ਜਵਾਬ ਸੁਣ ਕੇ ਕਾਲੀ ਚੁੱਪ ਹੋ ਗਿਆ ਅਤੇ ਕੁੱਝ ਪਲਾਂ ਬਾਅਦ ਉਹਨੂੰ ਬੰਦਗੀ ਕਰਕੇ ਚਮ੍ਹਾਰਲੀ ਵੱਲ ਵਾਪਸ ਆ ਗਿਆ। ਉਹ ਸੋਚ ਰਿਹਾ ਸੀ ਕਿ ਮੁਹੱਲੇ ਦੇ ਲੋਕਾਂ ਕੋਲ ਜੇ ਖਾਣ ਲਈ ਅਨਾਜ ਹੁੰਦਾ ਤਾਂ ਸ਼ਾਇਦ ਉਹਨਾਂ ਨੂੰ ਗਿਆਨੋ ਵੱਲੋਂ ਰੋਟੀ ਲਿਆਉਣ ਦੀ ਗੱਲ ਏਨੀ ਨਾ ਚੁੱਭਦੀ। ਜੇ ਕਿਸੇ ਨੂੰ ਪਤਾ ਵੀ ਹੁੰਦਾ ਤਾਂ ਭਰੀ ਮਹਿਫਲ ਵਿੱਚ ਇਸ ਦੀ ਚਰਚਾ ਨਾ ਕੀਤੀ ਜਾਂਦੀ। ਜੇ ਉਹਨੂੰ ਭਲਵਾਨ ਕੋਲੋਂ ਮਨ-ਦੋ-ਮਨ ਅਨਾਜ ਮਿਲ ਜਾਂਦਾ ਅਤੇ ਉਹ ਸਾਰਿਆਂ ਵਿੱਚ ਵੰਡ ਦਿੰਦਾ ਤਾਂ ਉੱਠੀ ਹੋਈ ਗੱਲ ਵੀ ਦੱਬ ਜਾਂਦੀ। ਉਹਦਾ ਮਨ ਘਿਰਨਾ ਨਾਲ ਭਰ ਗਿਆ ਅਤੇ ਉਹ ਤਾਏ ਬਸੰਤੇ ਦੇ ਸ਼ਬਦਾਂ "ਜੱਟਾਂ ਦੇ ਜੱਟ ਯਾਰ ਯਾਰ, ਚੋਰਾਂ ਦੇ ਚੋਰ ਯਾਰ" ਨੂੰ ਦੁਹਰਾਉਂਦਾ ਹੋਇਆ ਸਾਰੀ ਰਾਤ ਪਾਸੇ ਬਦਲਦਾ ਰਿਹਾ।

## 43

ਮੂੰਹ-ਹਨ੍ਹੇਰੇ ਗਿਆਨੋ ਕਾਲੀ ਨੂੰ ਰੋਟੀ ਦੇਣ ਆਈ ਪਰ ਉਹਨੇ ਉਹਨੂੰ ਰੋਟੀ ਸਮੇਤ ਵਾਪਸ ਜਾਣ ਲਈ ਕਿਹਾ। ਗਿਆਨੋ ਨੇ ਉਹਦੇ ਨਾਲ ਗੱਲ ਕਰਨੀ ਚਾਹੀ ਪਰ ਕਾਲੀ ਨੇ ਉਹਨੂੰ ਬੂਹਿਓਂ ਬਾਹਰ ਕੱਢ ਕੇ ਅੰਦਰੋਂ ਕੁੰਡੀ ਲਾ ਲਈ।

ਕਾਲੀ ਦੀ ਸਮਝ ਵਿੱਚ ਨਹੀਂ ਸੀ ਆ ਰਿਹਾ ਕਿ ਉਹ ਕੀ ਕਰੇ। ਦੁਪਹਿਰ ਤੱਕ ਉਹ ਘਰ ਵਿੱਚ ਲੰਮਾ ਪਿਆ ਰਿਹਾ। ਜਦੋਂ ਭੁੱਖ ਦਾ ਅਹਿਸਾਸ ਜ਼ੋਰ ਫੜਦਾ ਤਾਂ ਉਹ ਉੱਠ ਕੇ ਪਾਣੀ ਪੀ ਲੈਂਦਾ ਅਤੇ ਫਿਰ ਲੰਮਾ ਪੈ ਜਾਂਦਾ। ਸ਼ਾਇਦ ਉਹ ਸ਼ਾਮ ਤੱਕ ਇਸ ਤਰ੍ਹਾਂ ਹੀ ਲੰਮਾ ਪਿਆ ਰਹਿੰਦਾ ਪਰ ਉਹਨੂੰ ਨੰਦ ਸਿੰਘ ਦਾ ਸੱਦਾ ਆਉਣ 'ਤੇ ਘਰ ਤੋਂ ਬਾਹਰ ਨਿਕਲਣਾ ਪਿਆ।

ਨੰਦ ਸਿੰਘ ਦਾ ਸੁਨੇਹਾ ਮਿਲਣ 'ਤੇ ਉਹਨੂੰ ਝੱਟ ਹੀ ਪਾਦਰੀ ਦਾ ਖਿਆਲ ਆ ਗਿਆ। ਉਹ ਆਪਣੇ ਆਪ ਨੂੰ ਲਾਹਣਤਾਂ ਪਾਉਣ ਲੱਗਾ ਕਿ ਡਾਕਟਰ ਦੇ ਪਿੱਛੇ ਭੱਜਣ ਅਤੇ ਲਾਲੂ ਭਲਵਾਨ ਅੱਗੇ ਹੱਥ ਅੱਡਣ ਤੋਂ ਚੰਗਾ ਤਾਂ ਸੀ ਕਿ ਉਹ ਪਾਦਰੀ ਦੇ ਕੋਲ ਜਾਂਦਾ, ਉਹਦੇ ਕੋਲੋਂ ਮਦਦ ਮੰਗਦਾ ਅਤੇ ਸ਼ਾਇਦ ਕੁੱਝ-ਨਾ-ਕੁੱਝ ਹਾਸਲ ਕਰ ਹੀ ਲੈਂਦਾ।

ਉਹ ਇਹਨਾਂ ਹੀ ਵਿਚਾਰਾਂ ਵਿੱਚ ਮਗਨ ਨੰਦ ਸਿੰਘ ਦੀ ਦੁਕਾਨ 'ਤੇ ਪਹੁੰਚ ਗਿਆ। ਪਾਦਰੀ ਵੀ ਉੱਥੇ ਹੀ ਹਾਜ਼ਰ ਸੀ। ਕਾਲੀ ਦਾ ਉੱਤਰਿਆ ਹੋਇਆ ਚਿਹਰਾ ਦੇਖ ਕੇ ਉਹ ਨਰਮ ਅਵਾਜ਼ ਵਿੱਚ ਬੋਲਿਆ:

"ਕੀ ਹਾਲ ਹੈ ਕਾਲੀ ਦਾਸ, ਠੀਕ ਤਾਂ ਹੈ ਨਾ?"

"ਠੀਕ ਹਾਂ ਪਾਦਰੀ ਜੀ।" ਕਾਲੀ ਨੇ ਉਹਨੂੰ ਬੰਦਗੀ ਕਰਦਿਆਂ ਜੁਆਬ ਦਿੱਤਾ। ਪਾਦਰੀ ਨੇ ਉਹਦੇ ਵੱਲ ਮੂੜ੍ਹਾ ਖਿਸਕਾ ਦਿੱਤਾ ਅਤੇ ਉਹਨੂੰ ਬੈਠਣ ਦਾ ਇਸ਼ਾਰਾ ਕਰਦਾ ਬੋਲਿਆ:

"ਕਿਵੇਂ, ਚੌਧਰੀਆਂ ਨਾਲ ਕੋਈ ਫੈਸਲਾ ਹੋਇਆ ਜਾਂ ਨਹੀਂ।"

"ਅਜੇ ਤਾਂ ਕੋਈ ਨਹੀਂ ਹੋਇਆ। ਪਰ ਜੇ ਇਹ ਹੀ ਹਾਲ ਰਿਹਾ ਤਾਂ ਅੱਜ ਕੱਲ੍ਹ ਵਿੱਚ ਹੋ ਜਾਊਗਾ।"

"ਮੈਂ ਤੇਰੀ ਗੱਲ ਸਮਝਿਆ ਨਹੀਂ।" ਪਾਦਰੀ ਨੇ ਚੌਂਕ ਕੇ ਕਿਹਾ।

"ਇਹ ਹੀ ਕਿ ਕੁੱਝ ਲੋਕ ਫਾਕੇ ਕੱਟ ਰਹੇ ਹਨ ਅਤੇ ਕੁੱਝ ਅੱਧੀ ਰੋਟੀ ਖਾ ਕੇ ਗੁਜ਼ਾਰਾ ਕਰ ਰਹੇ ਹਨ। ਮੁਹੱਲੇ 'ਚ ਸ਼ਾਇਦ ਹੀ ਕੋਈ ਇਸ ਤਰ੍ਹਾਂ ਦਾ ਘਰ ਹੋਊਗਾ ਜੋ ਅੱਜਕੱਲ੍ਹ ਪੂਰੀ ਰੋਟੀ ਖਾਂਦਾ ਹੋਵੇ।"

"ਯੀਸੂ ਮਸੀਹ ਰਹਿਮ ਕਰੇ। ਆਪਣੇ ਬੰਦਿਆਂ ਦੀਆਂ ਮੁਸੀਬਤਾਂ ਦੂਰ ਕਰੇ।" ਪਾਦਰੀ ਨੇ ਛਾਤੀ ਉੱਤੇ ਕਰਾਸ ਦਾ ਨਿਸ਼ਾਨ ਬਣਾਉਂਦਿਆਂ ਕਿਹਾ ਅਤੇ ਫਿਰ ਕਾਲੀ ਵੱਲ ਝੁੱਕਦਾ ਹੋਇਆ ਬੋਲਿਆ:

"ਗਰੀਬ ਆਦਮੀ ਨੂੰ ਭੁੱਖਾ ਮਾਰਨਾ ਸਭ ਤੋਂ ਵੱਡਾ ਪਾਪ ਹੈ। ਇਸ ਤਰ੍ਹਾਂ ਦੇ ਆਦਮੀ ਨੂੰ ਸਵਰਗ ਵਿੱਚ ਕਦੇ ਵੀ ਥਾਂ ਨਹੀਂ ਮਿਲ ਸਕਦੀ... ਚੌਧਰੀਆਂ ਦੀ ਜ਼ਿਆਦਤੀ ਹੈ।" ਇਹ ਸੁਣ ਕੇ ਨੰਦ ਸਿੰਘ ਨੇ ਵੀ ਕੁੱਝ ਕਹਿਣਾ ਚਾਹਿਆ ਪਰ ਪਾਦਰੀ ਨੇ ਉਹਨੂੰ ਹੱਥ ਦੇ ਇਸ਼ਾਰੇ ਨਾਲ ਰੋਕ ਦਿੱਤਾ ਅਤੇ ਇਕ-ਇਕ ਸ਼ਬਦ ਉੱਤੇ ਜ਼ੋਰ ਦਿੰਦਿਆਂ ਬੋਲਿਆ:

"ਜੇ ਚਮਾਰ ਇਸਾਈ ਬਰਾਦਰੀ ਵਿੱਚ ਸ਼ਾਮਲ ਹੋ ਗਏ ਹੁੰਦੇ ਤਾਂ ਸਾਡਾ ਮਿਸ਼ਨ ਇਹਨਾਂ 'ਤੇ ਕਦੀ ਵੀ ਫਾਕਿਆਂ ਦੀ ਨੌਬਤ ਨਾ ਆਉਣ ਦਿੰਦਾ। ਅਸੀਂ ਬੰਦੇ ਨੂੰ ਬੰਦੇ ਦਾ ਰਾਜ਼ਕ ਨਹੀਂ ਮੰਨਦੇ। ਪਰ ਸਾਡੇ ਲਈ ਮਜ਼ਬੂਰੀ ਹੈ। ਮੈਂ ਕਿਸ ਰਿਸ਼ਤੇ ਨਾਲ ਤੁਹਾਡੇ ਮੁਹੱਲੇ ਦੀ ਮਦਦ ਕਰਾਂ।"

ਕਾਲੀ ਕੋਲ ਪਾਦਰੀ ਦੀ ਗੱਲ ਦਾ ਕੋਈ ਜਵਾਬ ਨਹੀਂ ਸੀ ਪਰ ਉਹ ਫਿਰ ਵੀ ਬੋਲਿਆ:

"ਪਾਦਰੀ ਜੀ, ਜੇ ਤੁਸੀਂ ਕੁੱਛ ਅੰਨ ਦੇ ਸਕਦੇ ਹੋ ਤਾਂ ਜ਼ਰੂਰ ਦਿਉ।"

"ਅੰਨ ਦੀਆਂ ਤਾਂ ਬੋਰੀਆਂ ਭਿਜਵਾ ਦਿਆਂ ਪਰ ਸਵਾਲ ਹੈ ਕਿਸ ਰਿਸ਼ਤੇ ਨਾਲ ... ਪਿੰਡ ਵਾਲੇ ਕਹਿਣ ਤਾਂ ਲਿਆ ਸਕਦਾ ਹਾਂ... ਉਹ ਕਹਿਣਗੇ ਨਹੀਂ।"

ਕਾਲੀ ਚੁੱਪ ਰਿਹਾ ਤਾਂ ਪਾਦਰੀ ਫਿਰ ਬੋਲਿਆ:

"ਤੇਰੀ ਗੱਲ ਹੋਰ ਹੈ, ਤੂੰ ਕਹੇਂ ਤਾਂ ਦਸ-ਵੀਹ ਸੇਰ ਅਨਾਜ ਤੈਨੂੰ ਦੇ ਸਕਦਾ ਹਾਂ।"

ਕਾਲੀ ਨੇ ਕੋਈ ਜਵਾਬ ਨਾ ਦਿੱਤਾ। ਉਹਦੇ ਮਨ ਵਿੱਚ ਵਾਰ-ਵਾਰ ਖਿਆਲ ਆ ਰਿਹਾ ਸੀ ਕਿ ਪਾਦਰੀ ਤੋਂ ਅਨਾਜ ਲੈ ਕੇ ਮੁਹੱਲੇ ਵਿੱਚ ਵੰਡ ਦੇਵੇ। ਸਾਰਿਆਂ ਦਾ ਘੱਟ-ਤੋਂ-ਘੱਟ ਇਕ ਡੰਗ ਤਾਂ ਨਿਕਲ ਜਾਊਗਾ। ਪਾਦਰੀ ਨੇ ਜਦੋਂ ਆਪਣੀ ਗੱਲ ਫਿਰ ਦੁਹਰਾਈ ਤਾਂ ਕਾਲੀ ਨੇ ਹੱਥ ਜੋੜ ਦਿੱਤੇ ਅਤੇ ਉੱਠਦਾ ਹੋਇਆ ਬੋਲਿਆ:

"ਤੁਹਾਡੀ ਮਿਹਰਬਾਨੀ ਹੈ। ਮੈਨੂੰ ਹਾਲੇ ਜ਼ਰੂਰਤ ਨਹੀਂ।"

ਕਾਲੀ ਨੰਦ ਸਿੰਘ ਦੇ ਘਰ ਤੋਂ ਨਿਕਲ ਕੇ ਚਗਾਨ ਵਿੱਚ ਆ ਗਿਆ। ਉੱਥੇ ਭੁੱਖ ਦੇ ਸਤਾਏ ਲੋਕ ਆਪਸ ਵਿੱਚ ਲੜ ਰਹੇ ਸਨ। ਕਾਲੀ ਹੌਲੀ ਦੇਣੀ ਇਕ ਪਾਸੇ ਜਾ ਬੈਠਾ। ਉਹ ਬਹੁਤ ਹੀ ਉਦਾਸ ਸੀ। ਮੁਹੱਲੇ ਦੇ ਸਾਰੇ ਲੋਕ ਬਾਬੇ ਫੱਤੇ ਅਤੇ ਤਾਏ ਬਸੰਤੇ ਨੂੰ ਘੇਰ ਕੇ ਬੈਠੇ ਸਨ ਅਤੇ ਉਹਨਾਂ ਤੋਂ ਆਪਣੀ ਸਮੱਸਿਆ ਦਾ ਹੱਲ ਚਾਹੁੰਦੇ ਸਨ।

ਤਾਇਆ ਬਸੰਤਾ ਉਹਨਾਂ ਦੇ ਵਾਰ ਵਾਰ ਪੁੱਛਣ 'ਤੇ ਰੁਆਂਸਾ ਹੋ ਕੇ ਬੋਲਿਆ:

"ਹੋਰ ਕੀ ਕੀਤਾ ਜਾ ਸਕਦਾ ਹੈ। ਮੈਂ ਅਤੇ ਚਾਚਾ ਫੱਤਾ ਜਾਂਦੇ ਹਾਂ ਅਤੇ ਚੌਧਰੀਆਂ ਦੇ ਪੈਰ ਆਪਣੇ ਸਿਰ ਉੱਤੇ ਰੱਖ ਕੇ ਮਾਫੀ ਮੰਗ ਲੈਂਦੇ ਹਾਂ।"

"ਕੁਛ ਵੀ ਕਰੋ, ਸਾਥੋਂ ਭੁੱਖ ਨਾਲ ਵਿਲਕਦੇ ਬੱਚੇ ਨਹੀਂ ਦੇਖੇ ਜਾਂਦੇ।" ਨੇੜੇ ਬੈਠੀਆਂ ਤੀਵੀਂਆਂ ਵਿੱਚੋਂ ਇਕ ਨੇ ਕਿਹਾ।

"ਜੇ ਬੁਢਾਪੇ ਵਿੱਚ ਸਾਡੀ ਨੱਕ ਵਢਾਉਣੀ ਚਾਹੁੰਦੇ ਹੋ ਤਾਂ ਤੁਹਾਡੀ ਮਰਜ਼ੀ... ਪਰ ਇਕ ਗੱਲ ਸੋਚੋ... ਜੇ ਸੋਕਾ ਪੈ ਜਾਂਦਾ... ਤਾਂ ਫਿਰ ਕੀ ਕਰਦੇ... ਪੁੱਤਰੋ ਤੁਸੀਂ ਉਹ ਦਿਨ ਨਹੀਂ ਦੇਖੇ... ਜਦੋਂ ਅਸੀਂ ਦਰੱਖਤਾਂ ਦੇ ਪੱਤੇ, ਸੁੱਕੇ ਘਾਹ ਦੀਆਂ ਜੜ੍ਹਾਂ ਅਤੇ ਅੰਬਾਂ ਦੀਆਂ ਗਿਟਕਾਂ ਖਾ ਕੇ ਦਿਨ ਕੱਟੇ ਸਨ।" ਤਾਇਆ ਬਸੰਤਾ ਚੁੱਪ ਹੋ ਗਿਆ। ਉਹਦੀ ਕਾਲੀ 'ਤੇ ਨਿਗ੍ਹਾ ਪਈ ਤਾਂ ਉਹ ਉਹਦੀ ਵੱਲ ਮੁੜਦਾ ਹੋਇਆ ਬੋਲਿਆ:

"ਕਾਲੀ ਪੁੱਤਰਾ, ਤੂੰ ਪੜ੍ਹਿਆ-ਲਿਖਿਆ ਹੈਂ, ਦੇਸ-ਪ੍ਰਦੇਸ ਘੁੰਮ ਕੇ ਆਇਆਂ, ਤੂੰ ਹੀ ਕੁੱਝ ਦੱਸ।"

ਤਾਏ ਬਸੰਤੇ ਦੀ ਗੱਲ ਸੁਣ ਕੇ ਸਾਰੇ ਲੋਕ ਗੰਭੀਰ ਹੋ ਗਏ। ਇਸ ਲਈ ਕਿਸੇ ਨੂੰ ਵੀ ਕਾਲੀ ਉੱਤੇ ਵਿਅੰਗ ਕੱਸਣ ਦਾ ਖਿਆਲ ਨਾ ਆਇਆ। ਕਾਲੀ ਦੀਆਂ ਅੱਖਾਂ ਭਿੱਜੀਆਂ ਹੋਈਆਂ ਸਨ। ਉਹ ਜ਼ਮੀਨ ਨੂੰ ਘੂਰਦਾ ਹੋਇਆ ਬਹੁਤ ਹੌਲੀ ਅਵਾਜ਼ ਵਿੱਚ ਬੋਲਿਆ:

"ਮੈਂ ਕੀ ਦੱਸ ਸਕਦਾਂ। ਮੇਰੀ ਸਮਝ 'ਚ ਕੁੱਛ ਨਹੀਂ ਆਉਂਦਾ। ਮੈਨੂੰ ਉਮੀਦ ਸੀ ਕਿ ਡਾਕਟਰ ਸਾਡੀ ਕੁੱਝ ਮਦਦ ਕਰੇਗਾ। ਉਹ ਰੋਜ਼ ਕਹਿੰਦਾ ਹੈ ਕਿ ਉਹ ਗਰੀਬਾਂ ਦੇ ਪੱਖ 'ਚ ਹੈ। ਉਹਤੋਂ ਅੰਨ ਮੰਗਿਆ ਤਾਂ ਉਹਨੇ ਜੁਆਬ ਦਿੱਤਾ ਕਿ ਉਹ ਸਾਡੇ ਹੱਕ ਵਿੱਚ ਜਲਸਾ ਕਰੂਗਾ। ਉਹ ਬਹੁਤ ਲੰਮੀਆਂ ਚੌੜੀਆਂ ਗੱਲਾਂ ਕਰਦਾ ਹੈ ਜੋ ਮੇਰੀ ਸਮਝ 'ਚ ਨਹੀਂ ਆਉਂਦੀਆਂ।" ਕਾਲੀ ਰੁੱਕ ਕੇ ਫਿਰ ਬੋਲਿਆ।

"ਮੈਂ ਲਾਲੂ ਭਲਵਾਨ ਕੋਲ ਵੀ ਜਾ ਆਇਆ ਹਾਂ। ਸੋਚਿਆ ਸੀ ਕਿ ਉਹ ਦਿਆਲੂ ਆਦਮੀ ਹੈ, ਮਨ-ਦੋ-ਮਨ ਅੰਨ ਦੇ ਦਊਗਾ ਪਰ ਉਹ ਵਚਨਬੱਧ ਹੈ। ਉਹ ਕਹਿੰਦਾ ਹੈ ਕਿ ਜਦੋਂ ਤੱਕ ਬਾਈਕਾਟ ਜਾਰੀ ਹੈ ਉਹ ਇਕ ਪਾਈਆ ਅੰਨ ਨਹੀਂ ਦੇ ਸਕਦਾ। ਬਾਈਕਾਟ ਖਤਮ ਹੋ ਜਾਵੇ ਤਾਂ ਮਨ ਅਨਾਜ ਲੈ ਜਾਇਓ।"

ਕਾਲੀ ਦੀਆਂ ਗੱਲਾਂ ਸੁਣਨ ਲਈ ਔਰਤਾਂ ਨੇੜੇ ਖਿਸਕ ਆਈਆਂ। ਮਰਦਾਂ ਉੱਤੇ ਡੂੰਘੀ ਖਾਮੋਸ਼ੀ ਛਾ ਗਈ। ਕਾਲੀ ਸਾਰਿਆਂ 'ਤੇ ਸਰਸਰੀ ਨਜ਼ਰ ਸੁੱਟਦਾ ਬੋਲਿਆ:

"ਉਸ ਤੋਂ ਬਾਅਦ ਮੈਂ ਪਾਦਰੀ ਨੂੰ ਵੀ ਮਿਲਿਆ। ਇੱਥੇ ਆਉਣ ਤੋਂ ਪਹਿਲਾਂ ਉਹਨੇ ਆਪਣੇ-ਆਪ ਹੀ ਮੈਨੂੰ ਨੰਦ ਸਿੰਘ ਦੇ ਘਰ ਸੱਦਿਆ ਸੀ। ਉਹਤੋਂ ਮਦਦ ਮੰਗੀ ਤਾਂ ਉਹ ਬਰਾਦਰੀ ਦੀਆਂ ਗੱਲਾਂ ਕਰਨ ਲੱਗਾ। ਉਹ ਕਹਿੰਦਾ ਹੈ ਕਿ ਤੁਹਾਡੀ ਕਿਸ ਰਿਸ਼ਤੇ ਨਾਲ ਮਦਦ ਕਰਾਂ।"

"ਉਹ ਤਾਂ ਚਾਹੁੰਦਾ ਹੈ ਕਿ ਅਸੀਂ ਇਸਾਈ ਬਣ ਜਾਈਏ...।" ਤਾਏ ਬਸੰਤੇ ਨੇ ਗੁੱਸੇ ਭਰੀ ਅਵਾਜ਼ ਵਿੱਚ ਕਿਹਾ। ਕਾਲੀ ਕੁਛ ਦੇਰ ਚੁੱਪ ਰਹਿ ਕੇ ਕਹਿਣ ਲੱਗਾ:

"ਮੇਰੀ ਸਮਝ 'ਚ ਤਾਂ ਕੁਛ ਨਹੀਂ ਆਉਂਦਾ। ਚੌਧਰੀ ਵੀ ਸੁਖੀ ਨਹੀਂ, ਉਹ ਵੀ ਬਹੁਤ ਤੰਗ ਹਨ। ਜੇ ਮੈਂ ਇਹ ਕਹਾਂ ਕਿ ਸਾਨੂੰ ਚੌਧਰੀਆਂ ਦੇ ਕੋਲ ਨਹੀਂ ਜਾਣਾ ਚਾਹੀਦਾ ਤਾਂ ਬਹੁਤ-ਸਾਰੇ ਲੋਕਾਂ ਨੂੰ ਮੇਰੀ ਗੱਲ ਬੁਰੀ ਲੱਗੂਗੀ। ਇਹ ਕਹਿਣ ਨੂੰ ਮੇਰਾ ਮਨ ਨਹੀਂ ਮੰਨਦਾ ਕਿ ਅਸੀਂ ਚੌਧਰੀਆਂ ਦੇ ਪੈਰ ਫੜ

ਕੇ ਮਾਫੀ ਮੰਗ ਲਈਏ। ਪਿੰਡ ਵਿੱਚ ਪਹਿਲਾਂ ਹੀ ਸਾਡੀ ਕੋਈ ਇੱਜ਼ਤ ਨਹੀਂ, ਏਦਾਂ ਕਰਨ ਨਾਲ ਸਾਰੀ ਉਮਰ ਉਹਨਾਂ ਦੀਆਂ ਗੱਲਾਂ ਸੁਣਨੀਆਂ ਪੈਣਗੀਆਂ। ਅਸੀਂ ਕਦੇ ਵੀ ਆਪਣਾ ਹੱਕ ਨਹੀਂ ਮੰਗ ਸਕਾਂਗੇ। ਲੋਕਾਂ ਨੂੰ ਫਾਕੇ ਕੱਟਦੇ ਅਤੇ ਬੱਚਿਆਂ ਨੂੰ ਭੁੱਖ ਨਾਲ ਵਿਲਕਦੇ ਦੇਖਦਾ ਹਾਂ ਤਾਂ ਜੀ ਚਾਹੁੰਦਾ ਹੈ ਕਿ ਹੁਣੇ ਜਾ ਕੇ ਮਾਫੀ ਮੰਗ ਲਈਏ...।" ਕਾਲੀ ਨੇ ਲੰਮੀ ਸਾਹ ਛੱਡੀ ਅਤੇ ਤਾਏ ਬਸੰਤੇ ਦੀਆਂ ਅੱਖਾਂ ਵਿੱਚ ਝਾਕਦਾ ਬੋਲਿਆ:

"ਤੁਸੀਂ ਸਾਰੇ ਮੇਰੇ ਘਰ ਚੱਲੋ। ਇਕ-ਇਕ ਚੀਜ਼ ਦੀ ਤਲਾਸ਼ੀ ਲੈ ਲਉ। ਜੋ ਕੁੱਛ ਮਿਲੇ ਆਪਸ 'ਚ ਵੰਡ ਕੇ ਖਾ ਲਵੋ।... ਮੇਰੇ ਕੋਲ ਪੈਸੇ ਸਨ... ਕੁੱਛ ਡਿਓਢੀ ਬਣਾਉਣ 'ਤੇ ਲੱਗ ਗਏ, ਕੁਛ ਚਾਚੀ ਦੇ ਦਵਾ-ਦਾਰੂ 'ਤੇ ਖਰਚ ਹੋ ਗਏ। ਬਾਕੀ ਚੋਰੀ ਹੋ ਗਏ ਅਤੇ ਜੋ ਬਚੇ ਸਨ ਉਹ ਚਾਚੀ ਦੇ ਮਰਨੇ 'ਤੇ ਲੱਗ ਗਏ।"

ਕਾਲੀ ਵੱਲੋਂ ਗੱਲ ਖਤਮ ਕਰਨ ਬਾਅਦ ਬਹੁਤ ਚਿਰ ਤੱਕ ਸਾਰੇ ਲੋਕ ਚੁੱਪ ਬੈਠੇ ਰਹੇ। ਔਰਤਾਂ ਵਿੱਚ ਬੈਠੀ ਮੰਗੂ ਦੀ ਮਾਂ ਹੰਝੂ ਪੂੰਝਦੀ ਬੋਲੀ:

"ਇਹਨਾਂ ਚਾਰ ਦਿਨਾਂ ਵਿੱਚ ਮੇਰਾ ਮੰਗੂ ਸੁੱਕ ਕੇ ਅੱਧਾ ਰਹਿ ਗਿਆ ਹੈ। ਅੱਵਲ ਤਾਂ ਰਾਤ ਨੂੰ ਘਰ ਆਉਂਦਾ ਹੀ ਨਹੀਂ। ਜੇ ਆਉਂਦਾ ਵੀ ਹੈ ਤਾਂ ਸਾਰੀ ਰਾਤ ਹਾਇ-ਹਾਇ ਕਰਦਾ ਹੈ।"

ਫਿਰ ਉਹ ਪ੍ਰੀਤੋ ਦੇ ਕੰਨ ਦੇ ਕੋਲ ਮੂੰਹ ਲੈ ਜਾ ਕੇ ਬੋਲੀ:

"ਮੰਗੂ ਕਹਿੰਦਾ ਸੀ ਕਿ ਅਮਰੂ ਨੂੰ ਭੇਜ ਦੇ...।"

"ਨਾ ਨਾ ...।" ਪ੍ਰੀਤੋ ਨੇ ਉਹਦੀ ਗੱਲ ਕੱਟਦਿਆਂ ਕਿਹਾ। "ਜਦੋਂ ਸਾਰਾ ਮੁਹੱਲਾ ਜਾਊਗਾ।"

ਦਿਨ ਢਲ ਗਿਆ ਤਾਂ ਲੋਕ ਉੱਠ ਖੜ੍ਹੇ ਹੋਏ। ਤੀਵੀਂਆਂ ਘਰਾਂ ਨੂੰ ਚਲੀਆਂ ਗਈਆਂ। ਉਹ ਖੂਹ ਤੋਂ ਪਾਣੀ ਭਰ ਲਿਆਈਆਂ ਤਾਂ ਮਰਦ ਨਹਾਉਣ ਲਈ ਉੱਥੇ ਪਹੁੰਚ ਗਏ। ਇੱਕਾ-ਦੁੱਕਾ ਚੌਧਰੀ ਸਿਰ ਉੱਤੇ ਪੱਠਿਆਂ ਦੀ ਭਰੀ ਲਈ ਵੱਡੇ ਰਾਹ ਉੱਤੋਂ ਦੀ ਲੰਘ ਰਿਹਾ ਸੀ। ਖੂਹ 'ਤੇ ਨਹਾਉਂਦੇ ਚਮਾਰ ਉਹਨਾਂ ਨੂੰ ਅੱਖਾਂ ਭਰ ਕੇ ਦੇਖਦੇ ਅਤੇ ਫਿਰ ਨਹਾਉਣ ਵਿੱਚ ਰੁਝ ਜਾਂਦੇ।

ਸੂਰਜ ਦੀਆਂ ਕਿਰਨਾਂ ਦਰੱਖਤਾਂ ਦੀਆਂ ਛਤਰੀਆਂ 'ਤੇ ਸਨ ਜਦੋਂ ਚੌਧਰੀ ਮੁਨਸ਼ੀ ਅਤੇ ਉਹਦੇ ਪਿੱਛੇ ਉਹਦਾ ਸਕੂਲ ਪੜ੍ਹਦਾ ਮੁੰਡਾ ਨਿਰੰਜਨ ਸਿਰ 'ਤੇ ਪੱਠਿਆਂ ਦੀਆਂ ਭਰੀਆਂ ਚੁੱਕੀ ਖੂਹ ਦੇ ਨੇੜੇ ਪਹੁੰਚੇ। ਉਹਨਾਂ ਦੇ ਪਿੱਛੇ ਬੇਲਾ ਸਿੰਘ, ਦਿਲਦਾਰ ਅਤੇ ਉਜਾਗਰ ਆ ਰਹੇ ਸਨ। ਖੂਹ ਦੇ ਬਰਾਬਰ ਆ ਕੇ ਨਿਰੰਜਨ ਨੇ ਪੱਠਿਆਂ ਦੀ ਭਰੀ ਸਿਰ ਤੋਂ ਹੇਠਾਂ ਸੁੱਟ ਦਿੱਤੀ। ਚੌਧਰੀ ਮੁਨਸ਼ੀ ਨੇ ਪਿੱਛੇ ਮੁੜ ਕੇ ਦੇਖਿਆ ਅਤੇ ਉਹਨੂੰ ਗਾਲ੍ਹ ਕੱਢ ਕੇ ਬੋਲਿਆ:

"ਸਕੂਲ ਵਿੱਚ ਕੀ ਪੜ੍ਹਦੈਂ ਕਿ ਘਰ ਦੇ ਕੰਮ-ਕਾਜ ਤੋਂ ਬਿਲਕੁਲ ਰਹਿ ਗਿਆਂ। ਦਸ ਸੇਰ ਭਾਰ ਚੁੱਕਣ 'ਤੇ ਹੀ ਇਹਦੀ ਗਰਦਨ ਟੁੱਟਣ ਲੱਗਦੀ ਹੈ।"

"ਚੌਧਰੀ, ਮੁੰਡਾ ਇਕ ਕੰਮ ਹੀ ਕਰੂਗਾ। ਜਾਂ ਪੱਠੇ ਚੁੱਕੂਗਾ ਜਾਂ ਅੱਖਰ ਉਠਾਲੂਗਾ।" ਬੇਲਾ ਸਿੰਘ ਨੇ ਵੀ ਆਪਣੀ ਭਰੀ ਸੁੱਟਦਿਆਂ ਕਿਹਾ:

"ਤਿੰਨ-ਤਿੰਨ ਫੇਰੇ ਲਾਉਣੇ ਪੈਂਦੇ ਹਨ, ਗਰਦਨ ਤਾਂ ਟੁੱਟੂਗੀ ਹੀ।"

"ਪਰ ਤੂੰ ਇਹਨਾਂ ਚਮਾਰਾਂ ਦਾ ਹਾਲ ਦੇਖ। ਆਪਣੀ ਮਾਂ ਦੇ ਖਸਮ ਫਾਕੇ ਕੱਟਣ ਡਹੇ ਆ ਪਰ ਕੰਮ 'ਤੇ ਨਹੀਂ ਆਉਂਦੇ।" ਚੌਧਰੀ ਮੁਨਸ਼ੀ ਨੇ ਖੂਹ ਵੱਲ ਦੇਖਦਿਆਂ ਕਿਹਾ ਅਤੇ ਫਿਰ ਉਨੀ ਹੀ ਉੱਚੀ ਅਵਾਜ਼ ਵਿੱਚ ਬੋਲਿਆ:

"ਉਏ ਬਸੰਤਿਆ, ਤੂੰ ਇਹ ਦੱਸ ਤੁਹਾਡਾ ਸਾਡੇ ਬਿਨਾਂ ਗੁਜ਼ਾਰਾ ਹੈਗਾ?" ਚੌਧਰੀ ਮੁਨਸ਼ੀ ਨੇ ਦੋ ਤਿੰਨ ਗਾਲ੍ਹਾਂ ਹੋਰ ਕੱਢ ਦਿੱਤੀਆਂ।

"ਚੌਧਰੀ, ਅਸੀਂ ਕਦੋਂ ਕਿਹਾ ਕਿ ਸਾਡਾ ਤੁਹਾਡੇ ਬਿਨਾਂ ਗੁਜ਼ਾਰਾ ਹੈ। ਅਸੀਂ ਤਾਂ ਸਦਾ ਇਹ ਹੀ ਕਹਿੰਦੇ ਆਏ ਹਾਂ ਕਿ ਤੁਸੀਂ ਸਾਡੇ ਮਾਲਕ ਹੋ ਅਤੇ ਅਸੀਂ ਤੁਹਾਡੇ ਕਾਮੇ। ਅਸੀਂ ਤਾਂ ਏਨੀ ਹੀ ਫਰਿਆਦ ਕੀਤੀ ਸੀ ਕਿ ਕੰਮ ਕਰਵਾ ਕੇ ਮਜ਼ਦੂਰੀ ਨਹੀਂ ਦਿਉਗੇ ਤਾਂ ਅਸੀਂ ਖਾਵਾਂਗੇ ਕਿੱਥੋਂ... ਤੁਸੀਂ ਬਾਈਕਾਟ ਕਰ ਦਿੱਤਾ।"

"ਬਸੰਤਿਆ, ਤੂੰ ਉਸ ਵੇਲੇ ਏਦਾਂ ਗੱਲਾਂ ਕਰਦਾ ਸੀ ਜਿਵੇਂ ਫੌਜ ਦਾ ਸੂਬੇਦਾਰ ਹੋਵੇਂ।"

"ਚੌਧਰੀ, ਤੂੰ ਵੀ ਤਾਂ ਕਪਤਾਨ ਬਣਿਆ ਹੋਇਆ ਸੀ।"

ਚਮਾਰ ਖੂਹ ਤੋਂ ਉੱਤਰ ਕੇ ਚੌਧਰੀਆਂ ਦੇ ਨਜ਼ਦੀਕ ਆ ਗਏ। ਚੌਧਰੀ ਮੁਨਸ਼ੀ ਅਤੇ ਬੇਲਾ ਸਿੰਘ ਆਦਿ ਵੀ ਕੁੱਝ ਅੱਗੇ ਆ ਗਏ। ਬੇਲਾ ਸਿੰਘ ਗਾਲ੍ਹਾਂ ਕੱਢਦਾ ਬੋਲਿਆ:

"ਓਏ ਕੁੱਤਿਓ ਚਮਾਰੋ, ਕੁੱਝ ਸ਼ਰਮ ਕਰੋ, ਕੁੱਝ ਫਸਲ ਹੜ੍ਹਾਂ ਨੇ ਬਰਬਾਦ ਕਰ ਦਿੱਤੀ ਹੈ ਅਤੇ ਬਾਕੀ ਗੁਡਾਈ ਨਾ ਹੋਣ ਕਾਰਨ ਸੁੱਕ ਰਹੀ ਹੈ। ਜੇ ਪ੍ਰਾਣ ਦੇਣ ਨੂੰ ਤਿਆਰ ਹੋ ਤਾਂ ਗੱਡੀ ਦੇ ਹੇਠਾਂ ਜਾ ਕੇ ਸਿਰ ਦੇ ਦਿਓ।"

"ਤੁਸੀਂ ਸਾਨੂੰ ਫਸਲ ਦੀ ਗੁਡਾਈ ਲਈ ਸੱਦਿਆ ਹੈ?" ਤਾਏ ਬਸੰਤੇ ਨੇ ਕਿਹਾ।

"ਅੱਛਾ, ਇਹ ਦੱਸੋ ਹੁਣ ਤੁਹਾਡੀ ਕੀ ਮਨਸ਼ਾ ਹੈ?"

"ਸਾਡੀ ਕੀ ਮਨਸ਼ਾ ਹੋਊਗੀ। ਮਨਸ਼ਾ ਮਾਲਕਾਂ ਦੀ ਹੁੰਦੀ ਹੈ। ਜੋ ਤੁਹਾਡੀ ਮਨਸ਼ਾ ਹੈ ਦੱਸ ਦਿਉ।"

ਤਾਏ ਬਸੰਤੇ ਦਾ ਜਵਾਬ ਸੁਣ ਕੇ ਚੌਧਰੀ ਮੁਨਸ਼ੀ ਨੇ ਨਿਰੰਜਨ ਨੂੰ ਬੰਨ ਵੱਲ ਦੌੜਾ ਦਿੱਤਾ ਕਿ ਉੱਥੋਂ ਚੌਧਰੀ ਹਰਨਾਮ ਸਿੰਘ ਨੂੰ ਸੱਦ ਕੇ ਲਿਆਵੇ। ਦਿਲਦਾਰ ਨੂੰ ਲਾਲੂ ਭਲਵਾਨ ਨੂੰ ਸੱਦਣ ਲਈ ਭੇਜ ਦਿੱਤਾ ਅਤੇ ਆਪ ਪੱਠਿਆਂ ਦੀ ਭਰੀ ਉੱਤੇ ਬੈਠ ਕੇ ਗੋਡਿਆਂ ਨੂੰ ਘੁੱਟਣ ਲੱਗਾ। ਉਹ ਲਗਾਤਾਰ ਗਾਲ੍ਹਾਂ ਕੱਢ ਰਿਹਾ ਸੀ ਅਤੇ ਆਲੇ ਦੁਆਲੇ ਖੜ੍ਹੇ ਲੋਕ ਹੱਸ ਰਹੇ ਸਨ।

ਥੋੜ੍ਹੀ ਦੇਰ ਬਾਅਦ ਪਿੰਡ ਦੇ ਸਾਰੇ ਚੌਧਰੀ ਉੱਥੇ ਇਕੱਠੇ ਹੋ ਗਏ ਅਤੇ ਇਕ ਵਾਰ ਫਿਰ ਗਾਲ੍ਹੀ-ਗਲੋਚ ਸ਼ੁਰੂ ਹੋ ਗਿਆ। ਲਾਲੂ ਭਲਵਾਨ ਚੌਧਰੀ ਹਰਨਾਮ ਸਿੰਘ ਅਤੇ ਚੌਧਰੀ ਮੁਨਸ਼ੀ ਨੂੰ ਇਕ ਪਾਸੇ ਲੈ ਗਿਆ ਅਤੇ ਧੀਮੀ ਅਵਾਜ਼ ਵਿੱਚ ਬੋਲਿਆ:

"ਇੱਥੇ ਹੀ ਫੈਸਲਾ ਕਰ ਲਵੋ। ਇਸ ਲੜਾਈ ਵਿੱਚ ਨਾ ਉਹਨਾਂ ਨੂੰ ਕੁੱਛ ਮਿਲਿਆ ਅਤੇ ਨਾ ਸਾਨੂੰ ਕੋਈ ਫਾਇਦਾ ਹੋਇਆ ਹੈ।"

"ਡੇਢ ਦਿਨ ਦੇ ਪੈਸੇ ਦੇ ਦਿਉ ਤਾਂ ਉਹ ਖੁਸ਼ ਹੋ ਜਾਣਗੇ। ਵਿਚਾਰੇ ਗਰੀਬ ਲੋਕ ਹਨ। ਕੋਈ ਪਰਾਏ ਨਹੀਂ ਆਪਣੇ ਹੀ ਚਮਾਰ ਹਨ।" ਚੌਧਰੀ ਹਰਨਾਮ ਸਿੰਘ ਨੇ ਕਿਹਾ।

"ਹਰ ਘਰ ਆਪਣੇ-ਆਪਣੇ ਚਮਾਰ ਨੂੰ ਪੈਸੇ ਦੇ ਦੇਵੇ।" ਲਾਲੂ ਭਲਵਾਨ ਦੇ ਇਸ ਸੁਝਾਅ ਦਾ ਸਾਰਿਆਂ ਨੇ ਸਮਰਥਨ ਕੀਤਾ ਅਤੇ ਚਮਾਰਾਂ ਦੇ ਕੋਲ ਆ ਕੇ ਚੌਧਰੀ ਹਰਨਾਮ ਸਿੰਘ ਨੇ ਫੈਸਲਾ ਸੁਣਾ ਦਿੱਤਾ। ਤਾਏ ਬਸੰਤੇ ਨੇ ਵਾਰੀ ਵਾਰੀ ਸਾਰੇ ਚਮਾਰਾਂ ਵੱਲ ਦੇਖਿਆ ਅਤੇ ਉਹਨਾਂ ਦੀ ਸਹਿਮਤੀ ਦੇਖ ਕੇ ਸਿਰ ਝੁਕਾ ਕੇ ਬੋਲਿਆ:

"ਅਸੀਂ ਤੁਹਾਡੇ ਦਾਸ ਹਾਂ।"

"ਫਿਰ ਕੱਲ੍ਹ ਸਵੇਰੇ ਤੋਂ ਕੰਮ ਤੇ ਆ ਜਾਉ।"

"ਕੱਲ੍ਹ ਨੂੰ ਕੀ, ਹੁਣ ਤੋਂ ਹੀ।" ਚੌਧਰੀ ਮੁਨਸ਼ੀ ਨੇ ਕਿਹਾ ਅਤੇ ਜੀਤੂ ਨੂੰ ਗਾਲ੍ਹ ਕੱਢ ਕੇ ਬੋਲਿਆ:

"ਲੈ, ਇਹ ਭਰੀ ਹਵੇਲੀ 'ਚ ਸੁੱਟ ਆ।"

ਇਹ ਖਬਰ ਹਨ੍ਹੇਰੀ ਵਿੱਚ ਉੱਡਦੀ ਧੂੜ ਵਾਂਗ ਝੱਟ ਹੀ ਸਾਰੇ ਪਿੰਡ ਵਿੱਚ ਫੈਲ ਗਈ। ਚਮ੍ਹਾਰਲੀ ਦੀਆਂ ਤੀਵੀਂਆਂ ਚੌਧਰਾਣੀਆਂ ਦੇ ਘਰਾਂ ਵੱਲ ਦੌੜ ਗਈਆਂ। ਮਰਦ ਸੌਦਾ ਲੈਣ ਲਈ ਦੁਕਾਨਾਂ 'ਤੇ ਚਲੇ ਗਏ। ਗਲੀਆਂ ਵਿੱਚ ਚਮਾਰ ਅਤੇ ਚੌਧਰੀ ਆਪਸ ਵਿੱਚ ਇਸ ਤਰ੍ਹਾਂ ਮਿਲਦੇ ਜਿਵੇਂ ਮੁੱਦਤ ਤੋਂ ਵਿਛੜੇ ਹੋਏ ਹੋਣ। ਚੌਧਰਾਣੀਆਂ ਆਪਣੀਆਂ ਚਮਾਰੀਆਂ ਨੂੰ ਦੇਖ ਕੇ ਖੁਸ਼ੀ ਵਿੱਚ ਕਹਿੰਦੀਆਂ:

"ਨੀ ਤੂੰ ਪੰਜ-ਛੇ ਦਿਨ ਨਹੀਂ ਆਈ ਤਾਂ ਮਨ ਉਦਾਸ ਹੋਣ ਲੱਗਾ ਸੀ।"

ਸ਼ਾਮ ਹੁੰਦਿਆਂ ਹੀ ਪਿੰਡ 'ਤੇ ਧੂੰਏਂ ਦੀ ਚਾਦਰ ਡੂੰਘੀ ਹੁੰਦੀ ਗਈ। ਚਮ੍ਹਾਰਲੀ ਦੇ ਹਰ ਘਰ ਵਿੱਚ ਅੱਜ ਦੋ-ਤਿੰਨ ਦਿਨਾਂ ਬਾਅਦ ਚੁੱਲ੍ਹੇ ਬਲੇ ਸਨ। ਪਿੰਡ ਵਿੱਚੋਂ ਖੁਲ੍ਹੇ ਹਾਸੇ, ਖਿਲਵਾੜ ਅਤੇ ਗਾਲ੍ਹਾਂ ਦੀਆਂ ਅਵਾਜ਼ਾਂ ਆ ਰਹੀਆਂ ਸਨ।

ਡਾਕਟਰ ਵਿਸ਼ਨਦਾਸ ਚੋਅ ਵਿੱਚ ਖੜ੍ਹਾ ਸੋਚ ਰਿਹਾ ਸੀ ਕਿ ਇਸ ਪਿੰਡ ਦੇ ਚਮਾਰਾਂ ਦੀ ਜ਼ਹਨੀਅਤ ਵੀ ਸੁਧਾਰਵਾਦੀ ਹੈ ਜੋ ਸੰਘਰਸ਼ ਕਰਨ ਦੀ ਥਾਂ ਸਮਝੌਤੇ 'ਤੇ ਉਤਾਰੂ ਹੋ ਗਏ ਹਨ।

**44**

ਚਮ੍ਹਾਰਲੀ ਦੇ ਸਾਰੇ ਮਰਦ ਕੰਮ 'ਤੇ ਚਲੇ ਗਏ ਸਨ, ਔਰਤਾਂ ਗੋਹਾ-ਕੂੜਾ ਕਰਨ ਚੌਧਰੀਆਂ ਦੀਆਂ ਹਵੇਲੀਆਂ ਵਿੱਚ ਪਹੁੰਚ ਗਈਆਂ ਸਨ। ਛੋਟੇ ਬੱਚੇ ਆਪਣੀਆਂ ਮਾਵਾਂ ਜਾਂ ਭੈਣਾ ਦੇ ਨਾਲ ਸਨ ਅਤੇ ਵੱਡੇ ਬੱਚੇ ਚਗਾਨ ਵਿੱਚ ਰੌਲਾ ਪਾਉਂਦੇ ਹੋਏ ਗੁੱਲੀ-ਡੰਡਾ ਖੇਡ ਰਹੇ ਸਨ।

ਕਾਲੀ ਡਿਓਢੀ ਦਾ ਦਰਵਾਜ਼ਾ ਬੰਦ ਕਰੀ ਮੰਜੇ 'ਤੇ ਪਿਆ ਪਾਸੇ ਬਦਲ ਰਿਹਾ ਸੀ। ਉਹਦਾ ਪੂਰਾ ਸ਼ਰੀਰ ਟੁੱਟ ਰਿਹਾ ਸੀ ਅਤੇ ਉਹਨੂੰ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਜਿਵੇਂ ਬੁਖਾਰ ਹੋਵੇ। ਪਿਛਲੇ ਇਕ ਹਫਤੇ ਵਿੱਚ ਘਟੀਆਂ ਘਟਨਾਵਾਂ ਉਹਦੇ ਦਿਮਾਗ ਉੱਪਰ ਛਾਈਆਂ ਹੋਈਆਂ ਸਨ। ਉਹਨਾਂ ਸੱਤਾਂ ਦਿਨਾਂ ਦਾ ਇਕ ਇਕ ਪੱਲ ਉਹਦੀਆਂ ਅੱਖਾਂ ਦੇ ਸਾਹਮਣੇ ਘੁੰਮ ਰਿਹਾ ਸੀ ਪਰ ਜਦੋਂ ਉਹਨੂੰ ਸੰਤੂ ਦੇ ਸ਼ਬਦ ਯਾਦ ਆਏ ਕਿ ਉਹਨੂੰ ਪੱਕੇ ਪਕਾਏ ਪਕਵਾਨ ਮਿਲ ਰਹੇ ਹਨ ਤਾਂ ਉਸ ਦਾ ਦਿਮਾਗ ਉੱਥੇ ਹੀ ਰੁਕ ਗਿਆ। ਗਿਆਨੋ ਦੇ ਪ੍ਰੇਮ ਅਤੇ ਮੋਹ ਬਾਰੇ ਸੋਚ ਕੇ ਕਦੇ ਉਹ ਡਰ ਨਾਲ ਕੰਬਣ ਲੱਗਦਾ ਅਤੇ ਕਦੇ ਏਨਾ ਖੁਸ਼ ਹੁੰਦਾ ਕਿ ਉਹਦਾ ਜੀ ਚਾਹੁੰਦਾ ਕਿ ਉਹ ਛਾਲ ਮਾਰ ਕੇ ਛੱਤ ਨੂੰ ਛੋਹ ਲਵੇ।

ਉਹ ਪਾਣੀ ਪੀ-ਪੀ ਕੇ ਭੁੱਖ ਮਿਟਾਉਣ ਦਾ ਯਤਨ ਕਰਦਾ ਰਿਹਾ ਪਰ ਜਦੋਂ ਪਾਣੀ ਢਿੱਡ ਵਿੱਚ ਘਰ-ਘਰ ਕਰਦਾ ਹੋਇਆ ਢੋਲ ਵਾਂਗੂ ਬੋਲਣ ਲੱਗਦਾ ਤਾਂ ਉਹ ਉੱਠ ਬੈਠਦਾ। ਉਹਦੇ ਘਰ ਵਿੱਚ ਆਟੇ ਦੀ ਇਕ ਚੁਟਕੀ ਵੀ ਨਹੀਂ ਸੀ। ਉਹਨੂੰ ਪਛਤਾਵਾ ਹੋਣ ਲੱਗਾ ਕਿ ਉਹਨੇ ਪ੍ਰੀਤੋ ਨੂੰ ਖਾਹ-ਮਖਾਹ ਆਪਣਾ ਸਾਰਾ ਆਟਾ ਦੇ ਦਿੱਤਾ ਪਰ ਇਹ ਸੋਚ ਕੇ ਆਪਣੇ-ਆਪ ਨੂੰ ਤਸੱਲੀ ਦੇ ਲਈ ਕਿ ਉਹ ਮੌਕਾ ਹੀ ਅਜਿਹਾ ਸੀ। ਇਹ ਯਾਦ ਕਰਕੇ ਉਹ ਹੈਰਾਨ ਰਹਿ ਗਿਆ ਕਿ ਕੱਲ੍ਹ ਸਵੇਰ ਤੋਂ ਉਹਨੇ ਕੁਛ ਨਹੀਂ ਖਾਧਾ, ਸਿਰਫ ਪਾਣੀ ਪੀ-ਪੀ ਕੇ ਢਿੱਡ ਭਰਿਆ ਹੈ। ਉਹਨੇ ਸੋਚਿਆ ਕਿ ਲਾਲੂ ਭਲਵਾਨ ਦੀ ਹਵੇਲੀ ਚਲਾ ਜਾਵੇ ਪਰ ਉਹਦਾ ਮਨ ਨਹੀਂ ਮੰਨਿਆ। ਲਾਲੂ ਭਲਵਾਨ ਨੇ ਉਹਦੇ ਨਾਲ ਕਿਹੜੀ ਨੇਕੀ ਕੀਤੀ ਹੈ। ਮੁਸ਼ਕਿਲ ਵਿੱਚ ਜਿਹੜਾ ਕੰਮ ਨਾ ਆਵੇ ਉਹ ਆਦਮੀ ਕਿਸ ਕੰਮ ਦਾ। ਜੇ ਉਹ ਬੁਲਾਊਗਾ ਤਾਂ ਸੋਚਾਂਗਾ।

ਉਹ ਪਾਸਾ ਬਦਲਦਾ ਤਾਂ ਉਹਦੇ ਸਰੀਰ ਦੇ ਕਈ ਹਿੱਸਿਆਂ ਵਿੱਚ ਟੀਸਾਂ-ਜਿਹੀਆਂ ਉਭਰਦੀਆਂ ਅਤੇ ਉਹ ਸਿੱਧਾ ਲੰਮਾ ਪੈ ਜਾਂਦਾ। ਉਹਨੂੰ ਖਿਆਲ ਆਇਆ ਕਿ ਸ਼ਾਇਦ ਬੁਖਾਰ ਨਾ ਹੋਵੇ, ਭੁੱਖ ਦੇ ਕਾਰਨ ਹੀ ਸਰੀਰ ਟੁੱਟ ਰਿਹਾ ਹੈ, ਇਹ ਸੋਚ ਕੇ ਉਹਦੀ ਭੁੱਖ ਇਕਦਮ ਚਮਕ ਪਈ। ਉਹ ਉੱਠ ਕੇ ਬੈਠ ਗਿਆ ਅਤੇ ਸੋਚਣ ਲੱਗਾ ਕਿ ਜੇ ਨੰਦ ਸਿੰਘ ਦੇ ਘਰ ਚਲਾ ਜਾਵੇ ਤਾਂ ਸ਼ਾਇਦ ਉਹ ਰੋਟੀ ਖਿਲਾ ਦੇਵੇ। ਪਰੰਤੂ ਮਨ ਵਿੱਚ ਇਹ ਵਿਚਾਰ ਆਉਂਦਿਆਂ ਹੀ ਉਹ ਉਦਾਸ ਹੋ ਗਿਆ ਕਿ ਨੰਦ ਸਿੰਘ ਕਿਉਂ ਰੋਟੀ ਖਿਲਾਊਗਾ, ਉਹ ਇਸਾਈ ਹੋਇਆ, ਉਹਦੇ ਨਾਲ ਕੀ ਰਿਸ਼ਤਾ ਹੈ। ਪਿੰਡ ਵਿੱਚ ਉਹਦਾ ਕਿਸੇ ਦੇ ਨਾਲ ਕੋਈ ਰਿਸ਼ਤਾ ਨਹੀਂ। ਇਹ ਸੋਚ ਕੇ ਉਹ ਫਿਰ ਉਦਾਸ ਹੋ ਗਿਆ। ਗਿਆਨੋ ਦੇ ਨਾਲ ਰਿਸ਼ਤਾ ਹੈ ਪਰ ਉਹਨੂੰ ਕੌਣ ਮੰਨਦਾ ਹੈ। ਉਹਨੇ ਇਕ ਡੰਗ ਰੋਟੀ ਦਿੱਤੀ ਤਾਂ ਲੋਕ ਤੁਹਮਤਾਂ ਲਾਉਣ ਲੱਗੇ।

ਕਾਲੀ ਸੋਚ-ਸੋਚ ਕੇ ਤੰਗ ਆ ਗਿਆ। ਇਹਦੇ ਨਾਲ ਭੁੱਖ ਘੱਟਣ ਦੀ ਬਜਾਏ ਵੱਧਦੀ ਗਈ। ਉਹ ਆਪਣੇ ਆਪ ਨੂੰ ਘੜੀਸਦਾ ਹੋਇਆ ਉੱਠਿਆ ਅਤੇ ਬੂਹੇ ਦੇ ਦੋਨੋਂ ਪਟ ਖੋਲ੍ਹ ਕੇ ਸਰਦਲ ਵਿੱਚ ਖੜ੍ਹ ਗਿਆ। ਤੇਜ਼ ਧੁੱਪ ਵਿੱਚ ਉਹਦੀਆਂ ਅੱਖਾਂ ਪੂਰੀ ਤਰ੍ਹਾਂ ਨਹੀਂ ਖੁਲ੍ਹ ਰਹੀਆਂ ਸਨ। ਉਹਨੇ ਗਲੀ ਵਿੱਚ ਝਾਕ ਕੇ ਦੇਖਿਆ... ਉਹ ਬਿਲਕੁਲ ਖਾਲੀ ਸੀ। ਇਹਦੇ ਇਕ ਸਿਰੇ ਤੋਂ ਨੰਦ ਸਿੰਘ ਦੇ ਚਮੜਾ ਕੁੱਟਣ ਅਤੇ ਦੂਜੇ ਸਿਰੇ ਤੋਂ ਬੱਚਿਆਂ ਦੇ ਗੁੱਲੀ-ਡੰਡਾ ਖੇਡਣ ਦੀ ਅਵਾਜ਼ ਆ ਰਹੀ ਸੀ।

ਉਹ ਸਰਦਲ ਤੋਂ ਉਤਰ ਕੇ ਗਲੀ ਵਿੱਚ ਆ ਗਿਆ। ਉਹਨੇ ਪ੍ਰੀਤੋ ਦੇ ਦਰਵਾਜ਼ੇ 'ਤੇ ਨਿਗਾਹ ਮਾਰੀ। ਬੂਹਾ ਖੁਲ੍ਹਾ ਸੀ ਪਰ ਅੰਦਰ ਕੋਈ ਨਹੀਂ ਸੀ। ਉਹਦਾ ਜੀਅ ਕੀਤਾ ਕਿ ਅੰਦਰ ਜਾ ਕੇ ਦੇਖੇ ਕਿ ਕਿਤੇ ਕੋਈ ਰੋਟੀ ਪਈ ਹੋਵੇ। ਆਪਣੇ ਇਸ ਖਿਆਲ 'ਤੇ ਉਹ ਹੱਸ ਪਿਆ। ਉਹ ਗਲੀ ਵਿੱਚੋਂ ਫਿਰ ਸਰਦਲ 'ਤੇ ਆ ਗਿਆ।

ਕੁੱਝ ਸਮੇਂ ਬਾਅਦ ਉਹਨੂੰ ਖੂਹ ਵੱਲੋਂ ਗਿਆਨੋ ਆਉਂਦੀ ਦਿਖਾਈ ਦਿੱਤੀ। ਕਾਲੀ ਨੇ ਗਲੀ ਦੇ ਦੂਸਰੇ ਪਾਸੇ ਇਕਦਮ ਨਜ਼ਰ ਮਾਰੀ ਅਤੇ ਮੁਸਕਰਾਉਂਦਾ ਹੋਇਆ ਗਿਆਨੋ ਵੱਲ ਦੇਖਣ ਲੱਗਾ। ਉਹ ਸਿਰ 'ਤੇ ਟੋਕਰਾ ਚੁੱਕੀ ਬਹੁਤ ਗੰਭੀਰ ਭਾਵ ਨਾਲ ਤੁਰ ਰਹੀ ਸੀ ਅਤੇ ਉਹਦੀ ਝੋਲੀ ਵਿੱਚ ਪਈਆਂ ਰੋਟੀਆਂ ਇਸ ਤਰ੍ਹਾਂ ਹਿਲਦੀਆਂ ਸਨ ਜਿਵੇਂ ਸਾਹ ਲੈ ਰਹੀਆਂ ਹੋਣ। ਕਾਲੀ ਬਹੁਤ ਪਿਆਰ ਅਤੇ ਦਿਲਚਸਪੀ ਨਾਲ ਉਹਦੀ ਵੱਲ ਦੇਖਦਾ

ਰਿਹਾ ਪਰ ਜਦੋਂ ਗਿਆਨੋ ਦਾ ਚਿਹਰਾ ਹੋਰ ਵੀ ਗੰਭੀਰ ਹੋ ਗਿਆ ਅਤੇ ਉਹ ਉਹਦੀ ਵੱਲ ਦੇਖੇ ਬਿਨਾਂ ਹੀ ਲੰਘਣ ਲੱਗੀ ਤਾਂ ਉਹ ਗਲੀ ਦੇ ਦੋਨੋਂ ਪਾਸੀਂ ਇਕ ਵਾਰ ਫਿਰ ਦੇਖ ਕੇ ਬਹੁਤ ਹੌਲੀ ਅਵਾਜ਼ ਵਿੱਚ ਬੋਲਿਆ:

"ਗਿਆਨੋ।"

ਗਿਆਨੋ ਨੇ ਉਹਦੀ ਵੱਲ ਅੱਖ ਤੱਕ ਚੁੱਕ ਕੇ ਨਾ ਦੇਖਿਆ ਪਰ ਇਕ ਪਲ ਲਈ ਉਹਦੇ ਪੈਰ ਰੁਕ ਗਏ। ਕਾਲੀ ਨੇ ਫਿਰ ਉਹਦਾ ਨਾਂ ਲਿਆ ਤਾਂ ਉਹ ਚੌਂਕ ਕੇ ਰੁਕ ਗਈ।

"ਬੋਲਦੀ ਕਿਉਂ ਨਹੀਂ।"

ਕਾਲੀ ਨੇ ਥੋੜ੍ਹੀ ਉੱਚੀ ਅਵਾਜ਼ ਵਿੱਚ ਕਿਹਾ। ਗਿਆਨੋ ਅੱਗੇ ਵਧਣ ਲੱਗੀ ਤਾਂ ਕਾਲੀ ਨੇ ਸਰਦਲ ਤੋਂ ਉੱਤਰ ਕੇ ਉਹਦਾ ਰਾਹ ਰੋਕ ਲਿਆ। ਉਹ ਇਕ ਪਾਸੇ ਹੱਟਦੀ ਹੋਈ ਬੋਲੀ:

"ਤੂੰ ਸਮਝਦਾ ਹੈਂ ਕਿ ਜਦੋਂ ਤੇਰਾ ਜੀ ਚਾਹੇ ਮੈਨੂੰ ਬੁਲਾ ਲਵੇਂ ਅਤੇ ਜਦੋਂ ਜੀਅ ਚਾਹੇ ਦੁਤਕਾਰ ਦੇਵੇਂ।"

ਉਹਦੀ ਇਹ ਗੱਲ ਸੁਣ ਕੇ ਕਾਲੀ ਕੁਛ ਸ਼ਰਮਿੰਦਾ-ਜਿਹਾ ਹੋ ਗਿਆ ਅਤੇ ਕੋਈ ਜਵਾਬ ਦਿੱਤੇ ਬਿਨਾਂ ਹੀ ਆਪਣੇ ਦਰਵਾਜ਼ੇ ਵੱਲ ਮੁੜ ਆਇਆ। ਗਿਆਨੋ ਦੋ ਚਾਰ ਕਦਮ ਅੱਗੇ ਵੱਧ ਕੇ ਰੁਕ ਗਈ ਅਤੇ ਫਿਰ ਉਹਦੀ ਵੱਲ ਮੁੜ ਕੇ ਝੋਲੀ ਵਿੱਚ ਪਈਆਂ ਰੋਟੀਆਂ ਉਹਦੇ ਹੱਥ ਫੜਾ ਤੇਜ਼ੀ ਨਾਲ ਅੱਗੇ ਵੱਧ ਗਈ।

ਕਾਲੀ ਸਰਦਲ ਵਿੱਚ ਖੜ੍ਹਾ ਉਹਨੂੰ ਦੇਖਦਾ ਰਿਹਾ ਅਤੇ ਜਦੋਂ ਉਹ ਆਪਣੇ ਘਰ ਵਿੱਚ ਦਾਖਲ ਹੋ ਗਈ ਤਾਂ ਅੰਦਰ ਆ ਕੇ ਮੰਜੇ ਉੱਤੇ ਬੈਠ ਗਿਆ ਅਤੇ ਰੋਟੀਆਂ ਦੀ ਤਹਿਆਂ ਖੋਲ੍ਹਣ ਲੱਗਾ। ਰੋਟੀਆਂ ਵਿੱਚ ਗੁੜ ਦੀ ਢੇਲੀ ਲਪੇਟੀ ਹੋਈ ਸੀ। ਗੁੜ ਦੇਖ ਕੇ ਉਹਦਾ ਮਨ ਲਲਚਾ ਗਿਆ ਅਤੇ ਉਹਨੇ ਉਹਨੇ ਗੁੜ ਮੂੰਹ ਵੱਲ ਵਧਾਇਆ ਪਰ ਰੁਕ ਗਿਆ। ਉਹ ਸੋਚ ਵਿੱਚ ਡੁੱਬਿਆ ਹੋਇਆ ਰੋਟੀਆਂ ਨੂੰ ਘੂਰਦਾ ਰਿਹਾ ਅਤੇ ਉਹਦੇ ਅੰਦਰ ਭੁੱਖ ਦਾ ਅਹਿਸਾਸ ਇਕਦਮ ਮਿਟ ਟਿਆ।

ਗਿਆਨੋ ਘਰ ਵਿੱਚ ਟੋਕਰਾ ਸੁੱਟ ਕੇ ਮੁੜਦੇ ਪੈਰੀਂ ਕਾਲੀ ਦੇ ਕੋਲ ਆ ਗਈ ਅਤੇ ਦਰਵਾਜ਼ੇ ਦੇ ਦੋਨੋਂ ਦਰ ਬੰਦ ਕਰਕੇ ਉਹਦੇ ਸਾਹਮਣੇ ਆ ਖੜ੍ਹੀ ਹੋਈ। ਕਾਲੀ ਉਦਾਸ-ਜਿਹਾ ਬੈਠਾ ਰਿਹਾ। ਗਿਆਨੋ ਉਹਦੇ ਹੱਥ ਵਿੱਚ ਰੋਟੀ ਦੇਖ ਕੇ ਕੁਛ ਤਲਖ ਅਵਾਜ਼ ਵਿੱਚ ਬੋਲੀ:

"ਇਹਨੂੰ ਖਾ ਲੈ।"

ਕਾਲੀ ਚੁੱਪ ਰਿਹਾ ਤਾਂ ਗਿਆਨੋ ਨੇ ਉਹਦੇ ਹੱਥ ਵਿੱਚੋਂ ਰੋਟੀ ਲੈ ਕੇ ਇਕ ਬੁਰਕੀ ਤੋੜੀ ਅਤੇ ਉਹਦੇ ਮੂੰਹ ਵਿੱਚ ਪਾਉਂਦੀ ਬੋਲੀ:

"ਅੰਨ ਨੂੰ ਨਾ ਦੁਰਕਾਰ। ਸੱਤ ਦਿਨ ਸਿਰਫ ਇਸ ਲਈ ਫਾਕੇ ਕੱਟਦੇ ਰਹੇ ਹਾਂ ਤਾਂ ਕਿ ਢਿੱਡ ਭਰ ਕੇ ਰੋਟੀ ਮਿਲ ਸਕੇ।" ਕਾਲੀ ਹੱਸ ਪਿਆ ਅਤੇ ਬੁਰਕੀ ਜਲਦੀ-ਜਲਦੀ ਚਿੱਥਣ ਲੱਗਾ। ਗਿਆਨੋ ਕੋਲ ਬੈਠ ਕੇ ਉਹਨੂੰ ਪੱਖਾ ਝੱਲਣ ਲੱਗੀ। ਕਾਲੀ ਉਹਦੀ ਵੱਲ ਮੁਸਕਰਾਉਂਦਾ ਹੋਇਆ ਬੋਲਿਆ:

"ਘੜੀ ਭਰ ਪਹਿਲਾਂ ਤਾਂ ਮੈਨੂੰ ਇਸ ਤਰ੍ਹਾਂ ਦੁਰਕਾਰ ਕੇ ਗਈ ਸੀ ਜਿਵੇਂ ਮੇਰੀ ਸ਼ਕਲ ਤੋਂ ਨਫਰਤ ਹੋਵੇ।"

ਗਿਆਨੋ ਚੁੱਪਚਾਪ ਪੱਖਾ ਝਲਦੀ ਰਹੀ ਅਤੇ ਫਿਰ ਤਿੱਖੀ ਅਵਾਜ਼ ਵਿੱਚ ਬੋਲੀ:

"ਮੈਂ ਕਦੇ ਤੈਨੂੰ ਧੱਕੇ ਨਹੀਂ ਦਿੱਤੇ, ਕੁੱਤਿਆਂ ਦੀ ਤਰ੍ਹਾਂ ਨਹੀਂ ਝਿੜਕਿਆ।"

ਕਾਲੀ ਦੇ ਮੂੰਹ ਦੀ ਬੁਰਕੀ ਗਲ ਵਿੱਚ ਹੀ ਰੁਕ ਗਈ ਅਤੇ ਉਹ ਉਹਨੂੰ ਮੁਸ਼ਕਿਲ ਨਾਲ ਥੱਲੇ ਕਰਦਾ ਹੋਇਆ ਬੋਲਿਆ:

"ਤੈਨੂੰ ਕੀ ਪਤਾ ਮੇਰਾ ਕਦੇ-ਕਦੇ ਕੀ ਹਾਲ ਹੁੰਦਾ ਹੈ। ਲੋਕ ਮੇਰੇ 'ਤੇ ਤੁਹਮਤਾਂ ਲਗਾਉਂਦੇ ਹਨ, ਮਖੌਲ ਕਰਦੇ ਹਨ... ਕੱਲ੍ਹ ਤੂੰ ਮੈਨੂੰ ਰੋਟੀ ਦੇ ਕੇ ਗਈ ਤਾਂ ਸ਼ਾਇਦ ਤੈਨੂੰ ਪ੍ਰੀਤੋ ਨੇ ਦੇਖ ਲਿਆ ਸੀ... ਜਾਂ ਸੰਤੂ ਨੇ ਦੇਖਿਆ ਸੀ... ਚਗਾਨ ਵਿੱਚ ਸਾਰਿਆਂ ਦੇ ਸਾਹਮਣੇ ਮੇਰਾ ਮੂੰਹ ਚਿੜਾ ਕੇ ਕਿਹਾ ਕਿ ਤੂੰ ਬਾਈਕਾਟ ਰੱਖਣਾ ਚਾਹੂੰਗਾ ਕਿਉਂਕਿ ਤੈਨੂੰ ਪੱਕੇ-ਪਕਾਏ ਪਕਵਾਨ ਮਿਲਦੇ ਹਨ।"

ਗਿਆਨੋ ਉਹਦੀ ਵੱਲ ਹੋਰ ਧਿਆਨ ਨਾਲ ਦੇਖਦੀ ਹੋਈ ਬੋਲੀ:

"ਤੁਹਮਤਾਂ ਦੂਜੇ ਲਾਉਂਦੇ ਹਨ ਤੇ ਤੂੰ ਗੁੱਸਾ ਮੇਰੇ 'ਤੇ ਕੱਢਦਾ ਹੈਂ...।"

ਕਾਲੀ ਉਹਨੂੰ ਸਮਝਾਉਂਦਾ ਹੋਇਆ ਬੋਲਿਆ:

"ਮੈਂ ਨਹੀਂ ਚਾਹੁੰਦਾ ਤੇਰੇ ਖਿਲਾਫ ਕੋਈ ਬੁਰੀ ਗੱਲ ਕਹੇ... ਮੈਥੋਂ ਬਰਦਾਸ਼ਤ ਨਹੀਂ ਹੁੰਦਾ।"

"ਅਤੇ ਉਹਨਾਂ ਦੇ ਸਾਹਮਣੇ ਚੁੱਪ ਰਹਿੰਦਾ ਹੈਂ ਅਤੇ ਮੇਰੇ 'ਤੇ ਰੋਅਬ ਪਾਉਂਦਾ... ਮੈਨੂੰ ਵੀ ਮੁਹੱਲੇ ਦੀਆ ਤੀਵੀਂਆ ਬਹੁਤ ਕੁਛ ਕਹਿੰਦੀਆਂ ਹਨ। ਇਹ ਰੰਡੀ ਪ੍ਰੀਤੋ ਤਾਂ ਰੋਜ਼ ਮੇਰੀ ਮਾਂ ਦੇ ਕੰਨਾਂ ਵਿੱਚ ਫੁਸਫੁਸਾਉਂਦੀ ਹੈ। ਚੌਧਰੀਆਂ ਦੇ ਮੁੰਡੇ ਬੋਲੀਆਂ ਮਾਰਦੇ ਹਨ। ਆਪਣੇ ਮੁਹੱਲੇ ਦੇ ਮੁੰਡੇ ਮੈਨੂੰ ਦੇਖ ਕੇ ਖੰਘਦੇ ਹਨ। ਮੈਨੂੰ ਵੀ ਗੁੱਸਾ ਆਉਂਦਾ ਹੈ ਪਰ ਮੈਂ ਤੇਰੇ 'ਤੇ ਨਹੀਂ ਕੱਢਦੀ। ਜੋ ਹੱਦ ਤੋਂ ਵਧੇ ਤਾਂ ਉਹਦਾ ਉੱਥੇ ਹੀ ਦਾਦਾ-ਦਾੜੀ ਇਕ ਕਰ ਦਿੰਦੀ ਹਾਂ।"

ਕਾਲੀ ਕੋਲ ਉਹਦੀਆਂ ਗੱਲਾਂ ਦਾ ਕੋਈ ਜੁਆਬ ਨਹੀਂ ਸੀ। ਉਹ ਸ਼ਰਮਿੰਦਾ ਅਤੇ ਉਦਾਸ-ਜਿਹਾ ਹੱਥ ਵਿੱਚ ਰੋਟੀ ਫੜ ਕੇ ਬੈਠਾ ਰਿਹਾ।

"ਰੋਟੀ ਤਾਂ ਖਾ ਲੈ ਜਾਂ ਹੁਣ ਇਹਦੇ ਨਾਲ ਵੀ ਨਰਾਜ਼ ਹੋ ਗਿਆ ਹੈਂ?" ਗਿਆਨੋ ਨੇ ਮੁਸਕਰਾਉਂਦਿਆਂ ਕਿਹਾ।

ਕਾਲੀ ਡੂੰਘੀ ਸੋਚ ਵਿੱਚ ਡੁੱਬਿਆ ਹੋਇਆ ਅਨਮੰਨਿਆ-ਜਿਹਾ ਰੋਟੀ ਖਾਣ ਲੱਗਾ।

ਉਹਨੇ ਰੋਟੀ ਖਾ ਲਈ ਤਾਂ ਗਿਆਨੋ ਉੱਠਦੀ ਹੋਈ ਬੋਲੀ:

"ਮੈਂ ਜਾਦੀ ਹਾਂ ਨਹੀਂ ਤਾਂ ਥੋੜ੍ਹੇ ਚਿਰ ਬਾਅਦ ਫਿਰ ਧੱਕੇ ਦੇ ਕੇ ਕੱਢੇਗਾਂ।" ਗਿਆਨੋ ਦਰਵਾਜ਼ੇ ਵੱਲ ਵਧਣ ਲੱਗੀ ਪਰ ਕਾਲੀ ਨੇ ਬਾਂਹ ਫੜ ਕੇ ਉਹਨੂੰ ਆਪਣੀ ਵੱਲ ਖਿੱਚ ਲਿਆ ਅਤੇ ਆਪਣੀਆਂ ਬਾਂਹਾਂ ਵਿੱਚ ਘੁੱਟ ਕੇ ਲੰਮੇ ਲੰਮੇ ਸਾਹ ਲੈਂਦਾ ਹੋਇਆ ਉਹਦੇ ਸਰੀਰ ਦੀ ਗਰਮੀ ਨੂੰ ਆਪਣੇ ਅੰਦਰ ਸਮਾਉਂਦਾ ਰਿਹਾ।

ਕੁੱਝ ਸਮੇਂ ਬਾਅਦ ਕਾਲੀ ਦੇ ਹੱਥ ਗਿਆਨੋ ਦੇ ਸਰੀਰ ਦੇ ਕਈ ਹਿੱਸਿਆਂ ਉੱਤੇ ਰੀਂਗਣ ਲੱਗੇ। ਉਹ ਉਹਨੂੰ ਪਿੱਛੇ ਧੱਕਦੀ ਹੋਈ ਬੋਲੀ:

"ਬਸ, ਇਸ ਹੀ ਕੰਮ ਲਈ ਤੈਨੂੰ ਮੈਂ ਚੰਗੀ ਲੱਗਦੀ ਹਾਂ।" ਕਾਲੀ ਉਹਦੇ ਵੱਲ ਵੱਧਿਆ ਤਾਂ ਗਿਆਨੋ ਇਕ ਖੂੰਜੇ ਵਿੱਚ ਜਾ ਖੜ੍ਹੀ ਹੋਈ। ਕਾਲੀ ਉਹਦੇ ਵੱਲ ਲਪਕਿਆ ਤਾਂ ਉਹ ਟੱਪ ਕੇ ਦੂਜੇ ਖੂੰਜੇ ਵਿੱਚ ਚਲੀ ਗਈ। ਉਹ ਉਸ ਤਰਫ ਵੱਧਿਆ ਤਾਂ ਗਿਆਨੋ ਉੱਥੋਂ ਵੀ ਦੌੜ ਪਈ ਪਰ ਉਹਦੀ ਗੁੱਤ ਕਾਲੀ ਦੇ ਹੱਥ ਵਿੱਚ ਆ ਗਈ। ਗਿਆਨੋ ਦੱਬੀ ਅਵਾਜ਼ ਵਿੱਚ ਹੱਸਦੀ ਹੋਈ ਆਪਣੇ-ਆਪ ਨੂੰ ਛੁਡਾਉਣ ਲੱਗੀ ਪਰ ਕਾਲੀ ਨੇ ਉਹਦਾ ਸਰੀਰ ਸਿੱਧਾ ਕਰਕੇ ਉਹਨੂੰ ਆਪਣੀ ਛਾਤੀ ਨਾਲ ਲਾ ਲਿਆ ਅਤੇ ਪੂਰੇ ਜ਼ੋਰ ਨਾਲ ਜੱਫੀ ਪਾਉਂਦਾ ਹੋਇਆ ਬੋਲਿਆ:

"ਕੀ ਤੂੰ ਆਪਣੇ-ਆਪ ਨੂੰ ਮੇਰੇ ਨਾਲੋਂ ਜ਼ਿਆਦਾ ਜ਼ੋਰ ਵਾਲੀ ਸਮਝਦੀ ਹੈਂ?"

"ਜੇ ਏਦਾਂ ਸਮਝਦੀ ਤਾਂ ਵਾਰ-ਵਾਰ ਦੁਰਕਾਰਨ 'ਤੇ ਵੀ ਤੇਰੇ ਕੋਲ ਨਾ ਆਉਂਦੀ।" ਗਿਆਨੋ ਨੇ ਹਾਰੀ ਹੋਈ ਅਵਾਜ਼ ਵਿੱਚ ਕਿਹਾ।

ਕਾਲੀ ਹੱਸਦਾ ਹੋਇਆ ਮੰਜੇ 'ਤੇ ਬੈਠ ਗਿਆ ਅਤੇ ਗਿਆਨੋ ਇਕ ਘੜਾ ਮੂਧਾ ਮਾਰ ਕੇ ਉਸ ਉੱਤੇ ਬੈਠ ਗਈ। ਕਾਲੀ ਬਹੁਤ ਪਿਆਰ ਨਾਲ ਉਹਨੂੰ ਨਿਹਾਰਦਾ ਹੋਇਆ ਬੋਲਿਆ:

"ਲੋਕਾਂ ਦੀਆਂ ਤੁਹਮਤਾਂ ਸੁਣ ਕੇ ਮੈਂ ਕਦੇ ਫੈਸਲਾ ਕਰਦਾ ਹਾਂ ਕਿ ਤੇਰੇ ਨਾਲ ਕੋਈ ਮੇਲ-ਜੋਲ ਨਹੀਂ ਰੱਖੂੰਗਾ। ਮੈਂ ਨਹੀਂ ਚਾਹੁੰਦਾ ਕਿ ਮੇਰੀ ਵਜਹ ਨਾਲ ਤੇਰੀ ਬੇਇੱਜ਼ਤੀ ਹੋਵੇ।"

"ਅਤੇ ਤੂੰ ਮੇਰੀ ਬੇਇੱਜ਼ਤੀ, ਜਦੋਂ ਮੌਕਾ ਮਿਲੇ ਕਰ ਲਵੇਂ।"

"ਮੈਂ ਤੇਰੀ ਬੇਇੱਜ਼ਤੀ ਕਦੋਂ ਕੀਤੀ ਹੈ?"

"ਹੁਣੇ ਕੀ ਕਰਨ ਲੱਗਾ ਸੀ। ਤੂੰ ਕੀ ਸਮਝਦਾਂ ਕਿ ਇਸ ਕੰਮ ਨਾਲ ਮੇਰੀ ਇੱਜ਼ਤ ਵੱਧਦੀ ਹੈ।"

ਕਾਲੀ ਅਤੇ ਗਿਆਨੋ ਗੱਲਾਂ ਵਿੱਚ ਗੁਆਚੇ ਹੋਏ ਸਨ ਕਿ ਗਲੀ ਵਿੱਚ ਲਾਠੀ ਖੜਕਣ ਅਤੇ ਖੰਘਣ ਦੀ ਅਵਾਜ਼ ਸੁਣਾਈ ਦਿੱਤੀ। ਉਹ ਦੋਨੋਂ ਚੌਂਕ ਗਏ। ਕਾਲੀ ਦੇ ਚਿਹਰੇ ਦਾ ਰੰਗ ਬਦਲਣ ਲੱਗਾ ਅਤੇ ਉਹ ਕੁੱਝ ਕਹਿਣ ਹੀ ਲੱਗਾ ਸੀ ਕਿ ਗਿਆਨੋ ਨੇ ਬੁੱਲਾਂ 'ਤੇ ਹੱਥ ਰੱਖ ਕੇ ਉਹਨੂੰ ਮਨ੍ਹਾਂ ਕਰ ਦਿੱਤਾ। ਮੰਗੂ ਚਲੇ ਗਿਆ ਤਾਂ ਕਾਲੀ ਨੇ ਸਹਿਮੀ ਹੋਈ ਅਵਾਜ਼ ਵਿੱਚ ਕਿਹਾ"

"ਮੰਗੂ ਗਿਆ।"

ਗਿਆਨੋ ਉਹਦਾ ਡਰਿਆ ਅਤੇ ਸਹਿਮਿਆ ਚਿਹਰਾ ਦੇਖ ਕੇ ਬੋਲੀ:

"ਡਰ ਗਿਆਂ...?"

"ਨਹੀਂ, ਤੂੰ ਚਾਹੇ ਤਾਂ ਮੈਂ ਦਰਵਾਜ਼ਾ ਖੋਲ੍ਹ ਕੇ ਵੀ ਤੈਨੂੰ ਇੱਥੇ ਬਿਠਾ ਸਕਦਾ ਹਾਂ।"

ਗਿਆਨੋ ਮੁਸਕਰਾਉਂਦੀ ਹੋਈ ਦਰਵਾਜ਼ੇ ਵੱਲ ਵਧੀ ਪਰ ਕਾਲੀ ਨੇ ਉਹਨੂੰ ਅਗਾਂਹ ਵੱਧ ਕੇ ਫੜ ਲਿਆ ਅਤੇ ਬਾਹਾਂ 'ਚ ਲੈ ਕੇ ਉਹਦੀਆਂ ਗੱਲਾਂ ਨੂੰ ਚੁੰਮ ਕੇ ਬੋਲਿਆ:

"ਰਾਤ ਨੂੰ ਆਈਂ।"

ਗਿਆਨੋ ਆਪਣੀਆਂ ਗੱਲਾਂ ਨੂੰ ਹੱਥ ਨਾਲ ਪੂੰਝਦੀ ਹੋਈ 'ਹਾਂ' ਕਹਿ ਕੇ ਗਲੀ ਵਿੱਚ ਚਲੀ ਗਈ। (ਚਲਦਾ -ਅਨੁਵਾਦ ਸੁਖਵੰਤ ਹੁੰਦਲ) ●

---

(ਸਫਾ 66 ਦੀ ਬਾਕੀ)

ਹਾਰਡਵੇਅਰ ਆਦਿ ਟੈੱਸਟ ਕਰਨ ਦੀ ਲਗਾਤਾਰ ਲੰਬੇਰੇ ਸਮੇਂ ਤੋਂ, ਅਮਰੀਕਾ/ਨਾਟੋ ਨੂੰ ਇਜਾਜ਼ਤ ਦੇ ਫਲਸਰੂਪ ਹੁੰਦੇ ਆ ਰਹੇ ਤਜਰਬਿਆਂ ਤੋਂ, ਕੈਨੇਡਾ ਨਿਵਾਸੀਆਂ ਦੀ ਸਿਹਤ 'ਤੇ ਕੀ ਅਸਰ ਹਨ?

ਦਹਾਕਾ ਕੁ ਪਹਿਲਾਂ, ਅਲਬਰਟਾ 'ਚ ਟੋਰੀ ਸਰਕਾਰ ਦੇ ਮੁੱਖ ਮੰਤਰੀ ਰਾਲਫ ਕਲਾਇਨ, ਬਾਵਜੂਦ ਜ਼ਮਹੂਰੀ ਜਥੇਬੰਦੀਆਂ ਅਤੇ ਟਰੇਡ ਯੂਨੀਅਨਾਂ ਦੇ ਤਿੱਖੇ ਵਿਰੋਧ ਦੇ, ਲੱਖਾਂ ਟਨ ਨਿਊਕਲੀਅਰ ਵੇਸਟ, ਅਮਰੀਕਨ ਕੰਪਨੀਆਂ ਦੀ, ਸਵੈਨ ਹਿਲਜ਼ ਇਲਾਕੇ 'ਚ ਦਫਨਾਈ ਸੀ। ਇਹ ਇਲਾਕਾ ਐਡਮੰਟਨ ਤੋਂ ਥੋੜ੍ਹਾ ਕੁ ਹੀ ਦੂਰ ਉੱਤਰ ਪੱਛਮ 'ਚ ਹੈ।

'ਸਿਟੀ ਆਫ ਗੋਲਡ' ਵਰਗੀਆਂ ਫਿਲਮਾਂ ਦੀ ਸਮੀਖਿਆ ਪਰਚੇ 'ਚ ਦੇਣੀ ਬਹੁਤ ਚੰਗੀ ਗੱਲ ਹੈ। ਮੇਰੇ ਜਿਹੇ ਪਾਠਕਾਂ ਨੂੰ ਅੱਛੀਆਂ ਫਿਲਮਾਂ ਦੇਖਣ ਦੀ ਪ੍ਰੇਰਨਾ ਮਿਲਦੀ ਹੈ। ਡੇਢ ਕੁ ਦਹਾਕਾ ਪਹਿਲਾਂ ਵਤਨ 'ਚ 'ਲੋਕ ਸਭਿਆਚਾਰਕ ਮੰਚ ਕੈਲਗਰੀ' ਵੱਲੋਂ ਤਿਆਰ ਕੀਤੀ ਦੇਖਣਯੋਗ ਫਿਲਮਾਂ ਦੀ ਇੱਕ ਸੂਚੀ ਛਾਪੀ ਗਈ ਸੀ। ਬਹੁਤ ਚੰਗਾ ਹੋਵੇ ਜੇ ਕਰ ਉਸ ਸੂਚੀ 'ਚ ਹੋਰ ਵਾਧਾ ਕਰਕੇ ਦੁਬਾਰਾ ਛਾਪੀ ਜਾਵੇ ਕਿਉਂਕਿ ਅੱਜ ਕੱਲ੍ਹ ਬਹੁਤ ਸਾਰੀਆਂ ਪੁਰਾਣੀਆਂ ਵੀਡੀਓਜ਼ ਦੀਆਂ ਸੀ ਡੀ/ਡੀ ਵੀ ਡੀ ਫੌਰਮੈਟ 'ਚ ਬਣ ਕੇ ਆ ਰਹੀਆਂ ਫਿਲਮਾਂ, ਅਛੇਰੇ ਪ੍ਰਿੰਟਸ ਵਿੱਚ ਦੇਖੀਆਂ ਜਾ ਸਕਦੀਆਂ ਹਨ – ਅਤੇ ਨਾਲ ਹੀ ਅਗਲੀ ਪੀੜ੍ਹੀ ਜੋ ਕਿ ਹੁਣ ਹੋਸ਼ ਸੰਭਾਲ ਚੁੱਕੀ ਹੈ, ਲਈ ਵੀ ਇਹ ਜਾਣਕਾਰੀ ਲਾਹੇਵੰਦ ਹੋਵੇਗੀ।

ਸਾਧੂ ਬਿਨਿੰਗ ਦੀਆਂ ਨਜ਼ਮਾਂ ਦਾ ਮੈਂ ਫੈਨ ਰਿਹਾ ਹਾਂ। ਉਸ ਦੀਆਂ ਨਜ਼ਮਾਂ 'ਉੱਚੇ ਕਿਲੇ ਦੇ ਵਸ਼ਿੰਦੇ', 'ਸੁਨਹਿਰੀ ਵਾਲਾਂ ਵਾਲੀ ਕੁੜੀ' ਆਦਿ ਮੈਨੂੰ ਜ਼ਬਾਨੀ ਵੀ ਯਾਦ ਰਹੀਆਂ ਹਨ – ਕਈ ਜਗਹ ਮਹਿਫਲਾਂ ਵਿੱਚ ਸੁਣੀਆਂ/ਸੁਣਾਈਆਂ ਵੀ। ਪਰ ਇਸ ਅੰਕ 'ਚ ਛਪੀ ਉਸ ਦੀ ਨਜ਼ਮ 'ਮੇਰਾ ਵੈਨਕੂਵਰ' ਪੜ੍ਹਕੇ ਨਿਰਾਸਤਾ ਪੱਲੇ ਪਈ। ●

**ਪੁਸਤਕ ਜਾਣਪਛਾਣ**


# ਫ਼ੈਜ਼ ਅਹਿਮਦ ਫ਼ੈਜ਼ ਦਾ ਕਾਵਿ ਸਾਗਰ

### ਸੰਪਾਦਕ: ਸੁਰਜੀਤ ਕਲਸੀ

### ਅਤੇ


# ਰੋਮਾਂਸ ਤੋਂ ਯਥਾਰਥ ਤਕ ਦੇ ਦੋ ਕਵੀ
## ਮੋਹਨ ਸਿੰਘ ਅਤੇ ਫ਼ੈਜ਼ ਅਹਿਮਦ ਫ਼ੈਜ਼

### ਲੇਖਕ: ਸੁਰਜੀਤ ਕਲਸੀ
**ਪ੍ਰਕਾਸ਼ਕ: ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ**




"ਫ਼ੈਜ਼ ਅਹਿਮਦ ਫ਼ੈਜ਼ ਦਾ ਕਾਵਿ ਸਾਗਰ" ਵਿੱਚ ਫ਼ੈਜ਼ ਦੀਆਂ ਪੰਜ ਕਿਤਾਬਾਂ - ਨਕਸ਼-ਏ-ਫਰਿਆਦੀ, ਦਸਤ-ਏ-ਸਬਾ, ਜ਼ਿੰਦਾ-ਨਾਮਾ, ਦਸਤੇ-ਤਹਿ-ਏ-ਸੰਗ, ਸ਼ਾਮ-ਏ-ਸ਼ਹਿਰ-ਏ-ਯਾਰਾ - ਦੀਆਂ ਨਜ਼ਮਾਂ ਗੁਰਮੁਖੀ ਲਿੱਪੀ ਵਿੱਚ ਛਾਪੀਆਂ ਗਈਆਂ ਹਨ। ਇਸ ਦੇ ਨਾਲ ਨਾਲ ਹਰ ਨਜ਼ਮ ਦੇ ਨਾਲ ਉਰਦੂ ਦੇ ਔਖੇ ਸ਼ਬਦਾਂ ਦੇ ਅਰਥ ਪੰਜਾਬੀ ਵਿੱਚ ਦਿੱਤੇ ਗਏ ਹਨ। ਇਸ ਕਿਤਾਬ ਨੂੰ ਸੁਰਜੀਤ ਕਲਸੀ ਨੇ ਸੰਪਾਦਿਤ ਕੀਤਾ ਹੈ ਅਤੇ ਉਰਦੂ ਤੋਂ ਗੁਰਮੁਖੀ ਵਿੱਚ ਲਿੱਪੀਅੰਤਰ ਕੀਤਾ ਹੈ ਮਹਿੰਦਰ ਸਿੰਘ ਨੇ।

ਸਾਡੇ ਵਿਚਾਰ ਵਿੱਚ ਇਸ ਕਿਤਾਬ ਦਾ ਫ਼ੈਜ਼ ਦੀ ਲਿਖਤ ਨੂੰ ਗੁਰਮੁਖੀ ਪੜ੍ਹਨ ਵਾਲੇ ਉਹਨਾਂ ਪਾਠਕਾਂ ਤੱਕ ਪਹੁੰਚਾਉਣ ਵਿੱਚ ਵੱਡਾ ਯੋਗਦਾਨ ਹੈ ਜਿਹੜੇ ਪਾਠਕ ਉਰਦੂ ਨਹੀਂ ਪੜ੍ਹ ਸਕਦੇ। ਇਸ ਦੇ ਨਾਲ ਹੀ ਕਿਤਾਬ ਵਿੱਚ ਫ਼ੈਜ਼ ਦਾ ਸੰਖੇਪ ਜੀਵਨ-ਬਿਉਰਾ ਅਤੇ ਦਸਤ-ਏ-ਸਬਾ ਦੀ ਭੂਮਿਕਾ ਵੀ ਸ਼ਾਮਲ ਕੀਤੀ ਗਈ ਹੈ। ਇਸ ਭੂਮਿਕਾ ਵਿੱਚ ਫ਼ੈਜ਼ ਨੇ ਸਾਹਿਤਕਾਰ ਦੇ ਸਮਾਜ ਨਾਲ ਰਿਸ਼ਤੇ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ।




"ਰੋਮਾਂਸ ਤੋਂ ਯਥਾਰਥ ਤਕ ਦੇ ਦੋ ਕਵੀ" ਵਿੱਚ ਸੁਰਜੀਤ ਕਲਸੀ ਨੇ ਪੰਜਾਬੀ ਦੇ ਕਵੀ ਮੋਹਨ ਸਿੰਘ ਅਤੇ ਉਰਦੂ ਦੇ ਸ਼ਾਇਰ ਫ਼ੈਜ਼ ਅਹਿਮਦ ਫ਼ੈਜ਼ ਦੀਆਂ ਲਿਖਤਾਂ ਦਾ ਤੁਲਨਾਤਮਕ ਅਧਿਐਨ ਕੀਤਾ ਹੈ। ਸੁਰਜੀਤ ਦਾ ਵਿਸ਼ਵਾਸ ਹੈ ਕਿ ਵੰਡ ਤੋਂ ਪਹਿਲਾਂ ਪੰਜਾਬ ਵਿੱਚ ਉਰਦੂ ਸਾਹਿਤ ਦਾ ਇਕ ਆਪਣਾ ਸਥਾਨ ਰਿਹਾ ਹੈ ਅਤੇ ਇਸ ਸਾਹਿਤ ਨਾਲ ਜਾਣ-ਪਛਾਣ ਸਾਡੇ ਸਾਹਿਤਕ ਅਨੁਭਵ ਨੂੰ ਅਮੀਰ ਬਣਾ ਸਕਦੀ ਹੈ। ਉਸ ਦੇ ਆਪਣੇ ਸ਼ਬਦਾਂ ਵਿੱਚ, "ਪੰਜਾਬੀ ਸਾਹਿਤ ਦੇ ਵਿਰਸੇ ਵਿੱਚ, ਖਾਸ ਤੌਰ 'ਤੇ ਪਿਛਲੀ ਪੀੜ੍ਹੀ ਲਈ ਉਰਦੂ ਸਾਹਿਤ ਦੀ ਇਕ ਨਰੋਈ ਤੇ ਵਿਸ਼ਾਲ ਪਿੱਠ-ਭੂਮੀ ਹੈ ਜਿਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਇਸ ਨੂੰ ਅਣਡਿੱਠ ਕਰਨਾ ਆਪਦੇ ਵਿਰਸੇ ਵੱਲੋਂ ਮੂੰਹ ਮੋੜਨਾ ਹੈ।"

ਸਾਡੇ ਖਿਆਲ ਵਿੱਚ ਇਹ ਦੋਵੇਂ ਕਿਤਾਬਾਂ ਫ਼ੈਜ਼ ਅਹਿਮਦ ਫ਼ੈਜ਼ ਦੀ ਸ਼ਾਇਰੀ ਨੂੰ ਸਮਝਣ ਲਈ ਵੱਡਮੁੱਲੀਆਂ ਹਨ ਅਤੇ ਇਹ ਕਿਤਾਬਾਂ ਹਰ ਪੰਜਾਬੀ ਪਾਠਕ ਦੀ ਨਿੱਜੀ ਲਾਇਬ੍ਰੇਰੀ ਦਾ ਹਿੱਸਾ ਹੋਣਾ ਚਾਹੀਦੀਆਂ ਹਨ। - ਸੁਖਵੰਤ ਹੁੰਦਲ

# ਐਵਰੀਥਿੰਗ ਵਾਜ਼ ਗੁੱਡ-ਬਾਏ:
## ਆਪਣੀ ਹੋਂਦ ਲਈ ਜੂਝਦੀ ਇੰਡੋ-ਕਨੇਡੀਅਨ ਮੁਟਿਆਰ ਦੀ ਕਹਾਣੀ

(ਲੇਖਕ: ਗੁਰਜਿੰਦਰ ਬਸਰਾਂ)

ਐਵਰੀਥਿੰਗ ਵਾਜ਼ ਗੁੱਡ-ਬਾਏ ਗੁਰਜਿੰਦਰ ਬਸਰਾਂ ਦਾ ਪਲੇਠਾ ਨਾਵਲ ਹੈ। ਇਸ ਨਾਵਲ ਨੂੰ ਮਦਰ ਟੰਗ ਪਬਲਿਸ਼ਿੰਗ ਲਿਮਿਟਡ ਨੇ ਛਾਪਿਆ ਹੈ। 256 ਸਫ਼ਿਆਂ ਦੇ ਇਸ ਨਾਵਲ ਨੂੰ 'ਸਰਚ ਫਾਰ ਗ੍ਰੇਟ ਬੀ ਸੀ ਨਾਵਲ' ਦਾ ਇਨਾਮ ਮਿਲ ਚੁੱਕਾ ਹੈ।

ਗੁਰਜਿੰਦਰ ਬਸਰਾਂ ਕਨੇਡਾ ਵਿੱਚ ਜੰਮੀ-ਪਲੀ ਹੈ। ਉਹ ਡੈਲਟਾ, ਬੀ ਸੀ ਦੀ ਵਸਨੀਕ ਹੈ। ਉਸ ਨੇ ਕ੍ਰੀਏਟਿਵ ਰਾਈਟਿੰਗ ਦੀ ਪੜ੍ਹਾਈ ਸਾਈਮਨ ਫਰੇਜ਼ਰ ਯੂਨੀਵਰਸਿਟੀ ਅਤੇ ਬੈਂਫ ਸੈਂਟਰ ਫਾਰ ਦਾ ਆਰਟਸ ਤੋਂ ਕੀਤੀ।

ਐਵਰੀਥਿੰਗ ਵਾਜ਼ ਗੁੱਡ-ਬਾਏ ਨਾਵਲ ਦੀ ਕਹਾਣੀ ਮੀਨਾ ਨਾਂ ਦੀ ਕੁੜੀ ਦੁਆਲੇ ਘੁੰਮਦੀ ਹੈ। ਉਹ ਛੇ ਭੈਣਾਂ ਵਿੱਚੋਂ ਸਭ ਤੋਂ ਛੋਟੀ ਹੈ। ਉਸ ਦੀ ਮਾਂ ਵਿਧਵਾ ਹੈ। ਉਹ ਆਪਣੀਆਂ ਧੀਆਂ ਨੂੰ ਰਵਾਇਤੀ ਪੰਜਾਬੀ ਸਭਿੱਆਚਾਰ ਅਨੁਸਾਰ ਢਲਿਆ ਵੇਖਣਾ ਚਾਹੁੰਦੀ ਹੈ ਪਰ ਮੀਨਾ ਮੁਖ-ਧਾਰਾ ਦੇ ਬੱਚਿਆਂ ਵਾਂਗ ਆਜ਼ਾਦ ਜੀਣਾ ਚਾਹੁੰਦੀ ਹੈ। ਉਸ ਦੀ ਮਾਂ ਲੋਕਾਂ ਦੇ ਤਾਨਿਆਂ ਤੋਂ ਡਰਦੀ ਧੀਆਂ 'ਤੇ ਸਖ਼ਤੀ ਵਰਤਦੀ ਹੈ। ਮੀਨਾ ਦੀਆਂ ਚਾਰ ਭੈਣਾਂ ਦਾ ਉਸਦੀ ਮਾਂ 'ਯੋਗ-ਵਰਾਂ' ਨਾਲ ਵਿਆਹ ਕਰ ਦਿੰਦੀ ਹੈ ਅਤੇ ਮੀਨਾ ਦੀ ਇੱਕ ਭੈਣ ਘਰੋਂ ਭੱਜ ਜਾਂਦੀ ਹੈ। ਮੀਨਾ ਦੋਹਾਂ ਸਭਿੱਆਚਾਰਾਂ ਨਾਲ ਜੂਝਦੀ ਆਪਣੀ ਖ਼ੁਸ਼ੀ ਦੀ ਤਲਾਸ਼ ਕਰਦੀ ਹੈ।

ਭਾਵੇਂ ਨਾਵਲ ਦੀ ਕਹਾਣੀ ਵਿੱਚ ਕੋਈ ਨਵਾਂਪਣ ਨਹੀਂ ਹੈ ਪਰ ਕਹਾਣੀ ਰਸ ਨਾਲ ਭਰਪੂਰ ਹੋਣ ਕਰਕੇ ਨਾਵਲ ਨੂੰ ਲਗਾਤਾਰ ਪੜ੍ਹਣ ਨੂੰ ਜੀਅ ਕਰਦਾ ਹੈ। ਲੇਖਕ ਛੋਟੇ-ਛੋਟੇ ਵੇਰਵੇ ਦੇ ਕੇ ਨਾਵਲ ਨੂੰ ਸਜੀਵ ਕਰ ਦਿੰਦੀ ਹੈ। ਨਾਵਲ ਦਾ ਕਥਾਨਕ ਮੈਟਰੋ-ਵੈਨਕੂਵਰ ਹੈ। ਲੇਖਕ ਨੇ ਪਾਤਰ ਉਸਾਰੀ ਕਮਾਲ ਦੀ ਕੀਤੀ ਹੈ। ਆਪਣੀਆਂ ਚੰਗਿਆਈਆਂ-ਬੁਰਿਆਈਆਂ ਨਾਲ ਪਾਤਰ ਜਿਉਂਦੇ-ਜਾਗਦੇ ਤੇ ਜਾਣੇ-ਪਹਿਚਾਣੇ ਲੱਗਦੇ ਹਨ। ਮੀਨਾ ਦਾ ਵਿਹਾਰ ਨਾਵਲ ਦੇ ਵਿਚਕਾਰਲੇ ਭਾਗ ਵਿੱਚ ਮੁੱਢਲੇ ਤੇ ਅਖੀਰਲੇ ਭਾਗ ਤੋਂ ਕੁਝ ਭਿੰਨ ਲੱਗਾ। ਆਪਣੇ ਬਚਪਨ ਦੇ ਅਤੇ ਵਿਆਹ ਤੋਂ ਬਾਅਦ ਦੇ ਦਿਨਾ ਦੌਰਾਨ ਜਿਸ ਦਲੇਰੀ ਨਾਲ ਉਹ ਲੀਅਮ ਤੇ ਕੈਲ ਨਾਂ ਦੇ ਪਾਤਰਾਂ ਨਾਲ ਵਿਚਰਦੀ ਹੈ ਉਸਤੋਂ ਉਹ ਹਠੀ ਹੋਣ ਦਾ ਪ੍ਰਭਾਵ ਦਿੰਦੀ ਹੈ। ਨਾਵਲ ਦੇ ਵਿਚਕਾਰਲੇ ਭਾਗ ਵਿਚ ਉਸਦਾ ਸੰਨੀ ਗਿੱਲ ਨਾਲ ਵਿਆਹ ਕਰਵਾਉਣ ਲਈ ਰਜ਼ਾਮੰਦ ਹੋ ਜਾਣਾ ਉਸਦੇ ਸੁਭਾਅ ਨਾਲ ਮੇਲ ਖਾਂਦਾ ਨਹੀਂ ਲੱਗਦਾ। ਕਿਸੇ ਠੋਸ ਕਾਰਨ ਦੀ ਅਣਹੋਂਦ ਕਰਕੇ ਸ਼ੱਕ ਪੈਦਾ ਹੁੰਦਾ ਹੈ ਕਿ ਲੇਖਕ ਨੇ ਕਹਾਣੀ ਨੂੰ ਅੱਗੇ ਤੋਰਨ ਲਈ ਹੀ ਮੀਨਾ ਦਾ ਸੰਨੀ ਗਿੱਲ ਨਾਲ ਵਿਆਹ ਕਰਵਾ ਦਿੱਤਾ।

ਨਾਵਲ ਵਿੱਚ ਪੰਜਾਬੀ ਸਭਿੱਆਚਾਰ ਵਿਚਲੇ ਦੋਗਲੇਪਨ ਅਤੇ ਬੁਰਿਆਈਆਂ ਦਾ ਜ਼ਿਕਰ ਲੇਖਕ ਨੇ ਬਾਖੂਬੀ ਕੀਤਾ ਹੈ। ਸਰੀ ਸ਼ਹਿਰ ਵਿੱਚ ਪੰਜਾਬੀਆਂ ਦੇ ਡੱਬੇ ਵਰਗੇ ਵੱਡੇ ਘਰਾਂ, ਆਂਟੀਆਂ ਦਾ ਬਾਰੀਆਂ ਰਾਹੀਂ ਦੂਜਿਆਂ ਦੇ ਘਰਾਂ ਅੰਦਰੀਂ ਝਾਕਣ ਵਰਗੀਆਂ ਕਈ ਗੱਲਾਂ 'ਤੇ ਉਹ ਵਿਅੰਗ ਕਰਦੀ ਹੈ। ਓਪਰੀ ਨਜ਼ਰੇਂ ਪੜ੍ਹਿਆਂ ਇਹ ਪ੍ਰਭਾਵ ਵੀ ਬਣ ਸਕਦਾ ਹੈ ਕਿ ਲੇਖਕ ਨੂੰ ਪੰਜਾਬੀ ਸਭਿੱਆਚਾਰ ਦਾ ਕੋਈ ਚੰਗਾ ਪੱਖ ਨਹੀਂ ਲੱਭਿਆ। ਪਰ ਨਾਵਲ ਦਾ ਬਿਰਤਾਂਤ ਉਤਮ-ਪੁਰਖੀ ਹੋਣ ਕਰਕੇ ਇਹ ਉਸ ਪਾਤਰ ਦੇ ਪ੍ਰਭਾਵ ਹਨ। ਮਾਮਾ ਜੀ ਪਾਤਰ ਰਾਹੀਂ ਉਹ ਇਕ ਚੰਗੇ ਪੰਜਾਬੀ ਭਰਾ ਦੇ ਕਿਰਦਾਰ ਨੂੰ ਚਿਤਰਦੀ ਹੈ, ਜਿਹੜਾ ਆਪਣੀ ਭੈਣ ਦੀ ਅੱਧੀ ਅਵਾਜ਼ 'ਤੇ ਹੀ ਹਾਜ਼ਰ ਹੋ ਜਾਂਦਾ ਹੈ।

ਲੇਖਕ ਕਾਵਿਕ ਭਾਸ਼ਾ ਵਰਤ ਕੇ ਵੱਡੇ ਅਰਥਾਂ ਵੱਲ ਸੰਕੇਤ ਕਰਦੀ ਹੈ। ਨਮੂਨੇ ਲਈ ਦੇਖੋ:

> I watched the light shift from blue to silver, the sunrise washed out by the layers of grey that stretched and collapsed all the days into one. Dark receded to the corners of my room. ( page 97).

ਇਸ ਨਾਵਲ ਰਾਹੀਂ ਲੇਖਕ ਨੇ ਕਨੇਡਾ ਵਿੱਚ ਜੰਮੀ-ਪਲੀ ਪੰਜਾਬੀਆਂ ਦੀ ਦੂਜੀ ਪੀੜ੍ਹੀ ਦਾ ਪੱਖ ਬਹੁਤ ਦਲੇਰੀ ਅਤੇ ਬਾਰੀਕੀ ਨਾਲ ਪੇਸ਼ ਕੀਤਾ ਹੈ। ਨਾਵਲ ਦੀ ਭਾਸ਼ਾ ਭਾਂਵੇਂ ਅੰਗ੍ਰੇਜ਼ੀ ਹੈ ਪਰ ਇਹ ਕਨੇਡਾ ਦੇ ਪੰਜਾਬੀਆਂ ਦੇ ਸਭਿੱਆਚਾਰ ਦੀ ਗੱਲ ਕਰਦਾ ਹੈ। ਅਸੀਂ ਇਸ ਨਾਵਲ ਨੂੰ ਜੀਅ ਆਇਆਂ ਆਖਦੇ ਹਾਂ। – ਹਰਪ੍ਰੀਤ ਸੇਖਾ

## ਪ੍ਰਤੀਕਰਮ

### ਹਰਕੰਵਲਜੀਤ ਸਾਹਿਲ

ਸੁਖਵੰਤ ਹੁੰਦਲ ਦਾ ਲੇਖ 'ਫੌਜ ਅਤੇ ਵਾਤਾਵਰਨ' ਪੜ੍ਹਕੇ, ਮੈਨੂੰ ਆਪਣੇ ਮਹਾਂ-ਅਗਿਆਨੀ ਹੋਣ ਦੇ ਅੰਦਰ ਹੀ ਅੰਦਰ ਪਲ ਰਹੇ 'ਭਰਮ' ਨੂੰ 'ਹਕੀਕਤ' 'ਚ ਬਦਲਦਿਆਂ ਦੇਖਣ ਦਾ 'ਸੁਭਾਗ' ਪ੍ਰਾਪਤ ਹੋਇਆ। "ਅੰਧੀ ਰਇਅਤ ਗਿਆਨ ਵਿਹੂਣੀ..." ਕਿੰਨਾ ਕੁਝ ਲੁਕਾ ਛਿਪਾ-ਢੱਕ-ਢਕਾ ਕੇ ਰੱਖਿਆ ਜਾਂਦਾ ਹੈ – ਅੱਜ ਵੀ 'ਰਾਜਿਆਂ-ਮਹਾਂਰਾਜਿਆਂ' ਵਲੋਂ...।

ਵਾਤਾਵਰਨ ਦਾ ਰੌਲਾ ਗੌਲਾ, ਸ਼ੋਰ-ਸ਼ਰਾਬਾ ਪਾਉਂਦਾ ਅਜੋਕਾ ਸੰਚਾਰ ਪ੍ਰਬੰਧ (ਮੁੱਖ ਧਾਰਾ) ਅਸਲ ਵਿੱਚ ਅਸਲੀਅਤ ਨੂੰ ਲੁਕਾਉਣ-ਛੁਪਾਉਣ ਦਾ ਹੀ ਵਾਵਰੋਲਾ ਪਾਉਂਦਾ ਜਾਪਦਾ ਹੈ। ਪੈਸੇ ਵਾਲਿਆਂ ਨੂੰ ਪੈਸਾ ਪਿਆਰਾ – ਵਾਤਾਵਰਨ ਨਾਲ ਕਿਸੇ ਨੂੰ ਕੀ – ਤੇ ਮਾਨਵੀ ਝੇਲਨਾਵਾਂ (ਸਫਰਿੰਗਜ਼) ਨਾਲ ਵੀ ਕਿਸੇ ਨੂੰ ਕੀ? ਸੁਖਵੰਤ ਹੁੰਦਲ ਏਨੀ ਜਾਣਕਾਰੀ ਸਭ ਦੇ ਸਾਹਮਣੇ ਲਿਆਉਣ ਲਈ ਵਧਾਈ ਦਾ ਹੱਕਦਾਰ ਹੈ।

ਇਸੇ ਲੇਖ 'ਚੋਂ ਹੋਰ ਵੀ ਕਈ ਮਹੱਤਵਪੂਰਨ ਸਵਾਲ ਨਿਕਲਦੇ ਦਿਸਦੇ ਹਨ, ਜਿਨ੍ਹਾਂ 'ਤੇ ਹੋਰ ਖੋਜ ਹੋਣੀ ਬਾਕੀ ਹੈ। ਜਿਵੇਂ ਕਿ ਇਰਾਕ ਅਫਗਾਨਿਸਤਾਨ 'ਚ ਵਰਤੇ ਗਏ ਡਿਪਲੀਟਿਡ ਯੂਰੇਨੀਅਮ ਦੇ ਮੁਹਰਲੀਆਂ ਕਤਾਰਾਂ 'ਚ ਕੰਮ ਕਰ ਰਹੇ ਫੌਜੀਆਂ, ਜਿਹੜੇ ਕਿ ਫਸਟ ਹੈਂਡ ਇਸ ਦੇ ਸੰਪਰਕ ਵਿੱਚ ਆਉਂਦੇ ਹਨ, ਉਨ੍ਹਾਂ ਅਤੇ ਉਨ੍ਹਾਂ ਦੇ ਬੱਚਿਆਂ ਦੀਆਂ ਸਿਹਤਾਂ 'ਤੇ ਕੀ ਅਸਰ ਪੈਂਦੇ ਹਨ? ਕੀ ਅਜਿਹੇ ਕੋਈ ਅੰਕੜੇ ਉਪਲਭਧ ਹਨ!!

ਇਸ ਯੂਰੇਨੀਅਮ ਰੇਡੀਏਸ਼ਨ ਦੀ 4.5 ਅਰਬ ਸਾਲ ਦੀ "ਹਾਫ ਲਾਈਫ" ਹੈ – ਤੇ ਘੇਰਾ? ਇਸ ਦੇ, ਪੰਜਾਬੀਆਂ (ਲਹਿੰਦੇ, ਚੜ੍ਹਦੇ ਦੇ) ਦੀ ਸਿਹਤ 'ਤੇ ਕੀ ਮਾੜੇ ਅਸਰ ਹਨ/ਸਨ/ਹੋਣਗੇ!!

ਕੈਨੇਡਾ ਦੀ ਸਰਕਾਰ ਨੇ ਪੱਛਮੀ ਤੱਟ ਦੇ ਸਮੁੰਦਰ ਵਿੱਚ, ਜਿਸ ਦਾ ਗਲੈੱਨ ਕਲਾਰਕ, ਨੇ ਇਕ ਵਾਰ ਵਿਰੋਧ ਕੀਤਾ ਸੀ ਤੇ ਬੀ ਸੀ ਦੇ ਮੁੱਖ ਮੰਤਰੀ ਦੀ ਜਾਬ ਹੱਥੋਂ ਗਵਾ ਲਈ ਸੀ ਅਤੇ ਧੁਰ-ਉੱਤਰੀ ਕੈਨੇਡਾ 'ਚ ਨਿਊਕਲੀਅਰ ਵਾਰ ਹੈੱਡਜ਼/ਮਿਜ਼ਾਇਲਜ਼/ਲੜਾਕੂ ਬੰਬਾਰ/ਅਤੇ ਹੋਰ ਮਿਲਟਰੀ

(ਬਾਕੀ ਸਫਾ 64 'ਤੇ)